**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969



*Jassi Gill*
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Thirteenth Year in Publication
ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 13, Issue 39, September 29, 2012 20451 N Plum Grove Rd. Palatine, IL 60074 Ph:847-359-0746, Fax:847-705-9388


## ਸੁਖਬੀਰ ਦੀ ਰਣਨੀਤੀ ਅੱਗੇ ਖਾੜਕੂ ਲੀਡਰਸ਼ਿਪ ਚੌਫਾਲ ਡਿੱਗੀ

### ਕੁਲਬੀਰ ਸਿੰਘ ਬੜਾਪਿੰਡ ਤੇ ਦਲਜੀਤ ਸਿੰਘ ਬਿੱਟੂ ਗ੍ਰਿਫਤਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਰਣਨੀਤੀ ਅੱਗੇ ਖਾੜਕੂ ਲੀਡਰਸ਼ਿਪ ਇਕ ਵਾਰ ਫਿਰ ਚੌਫਾਲ ਡਿੱਗ ਪਈ ਹੈ। ਸੁਖਬੀਰ ਦੀ ਰਣਨੀਤੀ ਹੈ ਕਿ ਖਾੜਕੂ ਆਗੂਆਂ ਨੂੰ ਕਿਸੇ ਨਾ ਕਿਸੇ ਕੇਸ ਵਿਚ ਉਲਝਾ ਕੇ ਰੱਖਿਆ ਜਾਵੇ। ਪਹਿਲਾਂ ਦਲਜੀਤ ਸਿੰਘ ਬਿੱਟੂ ਖਿਲਾਫ ਇਸੇ ਯੋਜਨਾ ਤਹਿਤ ਕੇਸ ਦਰਜ ਕੀਤੇ ਗਏ। ਪਿਛਲੇ ਕੁਝ ਸਮੇਂ ਤੋਂ ਅਖਬਾਰਾਂ ਵਿਚ ਖਾੜਕੂਆਂ ਨੂੰ ਵਿਦੇਸ਼ਾਂ ਤੋਂ ਆਉਂਦੇ ਪੈਸੇ ਦਾ ਮਾਮਲਾ ਵੀ ਉਭਾਰਿਆ ਗਿਆ ਸੀ। ਉਧਰ, ਸੁਖਬੀਰ ਦੀ ਇਸ ਰਣਨੀਤੀ ਨੂੰ ਭਾਂਪਦਿਆਂ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਨੇ ਹਾਲ ਹੀ ਵਿਚ ਜਥੇਬੰਦੀ ਦੇ ਇਜਲਾਸ ਦੌਰਾਨ ਦਲਜੀਤ ਸਿੰਘ ਬਿੱਟੂ ਦੀ ਥਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਕੁਲਬੀਰ ਸਿੰਘ ਬੜਾਪਿੰਡ ਨੂੰ ਪ੍ਰਧਾਨ ਥਾਪਿਆ ਸੀ ਪਰ ਪੁਲਿਸ ਨੇ ਇਕ ਵਾਰ ਫਿਰ ਤੁਰੰਤ ਕਾਰਵਾਈ ਕਰਦਿਆਂ ਕੁਲਬੀਰ ਸਿੰਘ ਬੜਾਪਿੰਡ ਅਤੇ ਜਥੇਬੰਦੀ ਦੇ ਸਾਬਕਾ ਪ੍ਰਧਾਨ ਦਲਜੀਤ ਸਿੰਘ ਬਿੱਟੂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਨੇ ਬੜਾਪਿੰਡ ਦੇ ਘਰੋਂ ਹਥਿਆਰ, ਬੁਲਟ ਪਰੂਫ ਜੈਕਟਾਂ, ਵਾਕੀ-ਟਾਕੀ ਸੈਟ ਅਤੇ ਹੋਰ ਇਤਰਾਜ਼ਯੋਗ ਸਮੱਗਰੀ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਦੋਹਾਂ ਖ਼ਿਲਾਫ਼ ਧਾਰਾ 121 ਏ, 120 ਬੀ ਤਹਿਤ ਕੇਸ ਦਰਜ ਕੀਤੇ ਗਏ ਹਨ। ਪੁਲਿਸ ਨੇ ਬੜਾਪਿੰਡ ਦਾ ਸਬੰਧ ਚਾਰ ਮਹੀਨੇ ਪਹਿਲਾਂ ਫੜੇ ਗਏ ਖਾਲਿਸਤਾਨ ਜ਼ਿੰਦਾਬਾਦ ਫੋਰਮ ਦੇ ਕਾਰਕੁਨਾਂ ਨਾਲ ਜੋੜਿਆ ਹੈ ਅਤੇ ਦਲਜੀਤ ਸਿੰਘ ਬਿੱਟੂ ਖਿਲਾਫ ਸ਼ਿੰਗਾਰ ਸਿਨਮਾ ਬੰਬ ਧਮਾਕੇ ਸਮੇਤ ਕਈ ਹੋਰ ਮਾਮਲਿਆਂ ਦੇ ਗਵਾਹਾਂ ਨੂੰ ਧਮਕਾਉਣ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।



ਦਲਜੀਤ ਸਿੰਘ ਬਿੱਟੂ



ਕੁਲਬੀਰ ਸਿੰਘ ਬੜਾਪਿੰਡ

ਇਸੇ ਦੌਰਾਨ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਮੁਖੀ ਅਤੇ ਸੇਵਾਮੁਕਤ ਜਸਟਿਸ ਹਰਜੀਤ ਸਿੰਘ ਬੈਂਸ ਨੇ ਦੋਹਾਂ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਬਾਰੇ ਜਾਂਚ ਕਮਿਸ਼ਨ ਬਣਾਉਣ ਦੀ ਮੰਗ ਕੀਤੀ ਹੈ। ਬੜਾਪਿੰਡ ਦੀ ਪਤਨੀ ਖੁਸ਼ਵੀਰ ਕੌਰ ਅਤੇ ਦਲਜੀਤ ਸਿੰਘ ਬਿੱਟੂ ਦੀ ਪਤਨੀ ਅੰਮ੍ਰਿਤ ਕੌਰ ਨੇ ਇਸ ਨੂੰ ਪੁਲਿਸ ਦੀ ਝੂਠੀ ਕਹਾਣੀ ਕਰਾਰ ਦਿੰਦਿਆਂ ਪਰਿਵਾਰਾਂ ਦਾ ਜਾਤੀ ਨੁਕਸਾਨ ਕਰਨ ਦੇ ਦੋਸ਼ ਲਾਏ ਹਨ।

ਪੁਲਿਸ ਨੇ ਦਾਅਵਾ ਕੀਤਾ ਹੈ ਕਿ ਕੁਲਬੀਰ ਸਿੰਘ ਬੜਾਪਿੰਡ ਪੰਜਾਬ ਵਿਚ ਖਾੜਕੂ ਸਰਗਰਮੀਆਂ ਦੀ ਯੋਜਨਾ ਬਣਾ ਰਿਹਾ ਸੀ। ਉਸ ਦੇ ਘਰ ਦੀ ਤਲਾਸ਼ੀ ਦੌਰਾਨ ਮਾਊਜ਼ਰ 30 ਬੋਰ, 6 ਰੌਂਦ, ਹਥਿਆਰ ਸਾਫ ਕਰਨ ਵਾਲਾ ਸਾਮਾਨ, ਪਲਾਸਟਿਕ ਕਵਰ ਨਾਲ ਬੰਦ ਵਾਇਰਲੈਸ ਸਕਿਉਰਿਟੀ ਕੈਮਰਾ, ਰਾਤ ਨੂੰ ਦੇਖਣ ਵਾਲੀਆਂ ਦੋ ਦੂਰਬੀਨਾਂ, ਤਿੰਨ ਲੈਪਟੌਪ, ਵੀਡੀਓ ਕੈਮਰਾ, ਡਿਜ਼ੀਟਲ ਕੈਮਰਾ, ਦੋ ਵਾਕੀ-ਟਾਕੀ ਸੈਟ, ਦੋ ਬੁਲਟ ਪਰੂਫ ਜੈਕਟਾਂ, ਰੈਡ ਲਾਈਟ, ਭੜਕਾਊ ਸਾਹਿਤ ਅਤੇ ਹੋਰ ਦਸਤਾਵੇਜ਼ ਬਰਾਮਦ ਹੋਏ ਹਨ। ਪੁਲਿਸ ਨੇ ਚਾਰ ਮਹੀਨੇ ਪਹਿਲਾਂ ਨਵਾਂ ਸ਼ਹਿਰ ਪੁਲਿਸ ਵੱਲੋਂ ਫੜੇ ਦੋ ਖਾੜਕੂਆਂ ਕੋਲੋਂ ਬਰਾਮਦ ਕੀਤੀ 2 ਕਿਲੋ 700 ਗ੍ਰਾਮ ਆਰ.ਡੀ.ਐਕਸ. ਦਾ ਸਬੰਧ ਬੜਾਪਿੰਡ ਨਾਲ ਜੋੜਿਆ ਹੈ। ਯਾਦ ਰਹੇ ਕਿ ਪੁਲਿਸ ਨੇ ਮਈ 2012 ਵਿਚ ਖਾਲਿਸਤਾਨ ਜ਼ਿੰਦਾਬਾਦ ਫੋਰਮ ਦੇ ਖਾੜਕੂਆਂ ਨੂੰ ਫੜਿਆ ਸੀ। ਇਨ੍ਹਾਂ ਦੀ ਪਛਾਣ ਸੰਦੀਪ ਸਿੰਘ ਵਾਸੀ ਸੈਫਾਬਾਦ ਅਤੇ ਸੁਖਵਿੰਦਰ ਸਿੰਘ ਵਾਸੀ

(ਬਾਕੀ ਸਫਾ 6 'ਤੇ)

## ਪੰਜਾਬ 'ਚ ਨਵੀਂ ਸਿਆਸੀ ਸਫ਼ਬੰਦੀ

**ਚੰਡੀਗੜ੍ਹ (ਬਿਊਰੋ):** ਪਿਛਲੇ ਸਮੇਂ ਦੌਰਾਨ ਵਾਪਰੀਆਂ ਕੁਝ ਘਟਨਾਵਾਂ ਨੇ ਪੰਜਾਬ ਦੀ ਸਿਆਸਤ ਵਿਚ ਨਵੀਂ ਚਰਚਾ ਛੇੜੀ ਹੈ। ਸ਼੍ਰੋਮਣੀ ਅਕਾਲੀ ਦਲ ਪਿਛਲੇ ਕਾਫੀ ਸਮੇਂ ਤੋਂ ਐਨ.ਡੀ.ਏ. ਦਾ ਭਾਈਵਾਲ ਹੈ ਪਰ ਸੂਬੇ 'ਚ ਭਾਜਪਾ ਤੇ ਅਕਾਲੀ ਦਲ ਵਿਚਾਲੇ ਦੂਰੀਆਂ ਵਧ ਰਹੀਆਂ ਹਨ। ਇਸ ਦੇ ਨਾਲ ਹੀ ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਪ੍ਰਤੀ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਨਰਮ ਸੁਰ, ਸੁਖਬੀਰ ਬਾਦਲ ਵੱਲੋਂ ਸਮਾਜਵਾਦੀ ਪਾਰਟੀ ਦੇ ਆਗੂ ਮੁਲਾਇਮ ਸਿੰਘ ਯਾਦਵ ਨਾਲ ਮੁਲਾਕਾਤ, ਕਮਿਊਨਿਸਟ ਆਗੂ ਹਰਕਿਸ਼ਨ ਸਿੰਘ ਸੁਰਜੀਤ ਦੇ ਬਰਸੀ ਸਮਾਗਮ 'ਚ ਮਨਪ੍ਰੀਤ ਬਾਦਲ ਦੀ ਗੈਰਹਾਜ਼ਰੀ ਤੇ ਸੁਖਬੀਰ ਬਾਦਲ ਵੱਲੋਂ ਸ਼ਿਰਕਤ ਕਰਨਾ ਆਦਿ ਅਜਿਹੇ ਪੱਖ ਹਨ ਜਿਸ ਨੂੰ ਲੈ ਕੇ ਸਿਆਸੀ ਮਾਹਰ ਕਈ ਸਿੱਟੇ ਕੱਢ ਰਹੇ ਹਨ।

ਅਸਲ 'ਚ ਕਮਿਊਨਿਸਟ ਆਗੂ ਹਰਕਿਸ਼ਨ ਸਿੰਘ ਸੁਰਜੀਤ ਦੀ ਚੌਥੀ ਬਰਸੀ ਮੌਕੇ ਪੀਪਲਜ਼ ਪਾਰਟੀ ਦੇ ਵੱਡੇ ਆਗੂਆਂ ਦੀ ਗੈਰਹਾਜ਼ਰੀ ਨੇ ਸਭ ਨੂੰ ਹੈਰਾਨ ਕੀਤਾ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਇਸ ਸਮਾਗਮ 'ਚ ਸ਼ਿਰਕਤ ਕਰਨ ਨਾਲ ਚਰਚਾ ਹੋਰ ਭਖ ਗਈ। ਜ਼ਿਕਰਯੋਗ ਹੈ ਕਿ ਪਿੰਡ ਬੁੰਡਾਲਾ ਵਿਚ ਸੁਰਜੀਤ ਦੀ ਚੌਥੀ ਬਰਸੀ ਮੌਕੇ ਪੀਪਲਜ਼ ਪਾਰਟੀ ਦੇ ਡਾ. ਨਵਜੋਤ ਸਿੰਘ ਦਾਹੀਆ ਤੋਂ ਵੱਡਾ ਹੋਰ ਕੋਈ ਵੀ ਆਗੂ ਨਹੀਂ ਪੁੱਜਿਆ ਤੇ ਉਸ ਨੂੰ ਵੀ ਬੋਲਣ ਦਾ ਸਮਾਂ ਨਾ ਦਿੱਤਾ ਗਿਆ। ਇਸ ਘਟਨਾ ਨੇ ਸਾਂਝੇ ਮੋਰਚੇ ਦੇ ਸਿਆਸੀ ਭਵਿੱਖ 'ਤੇ ਸਵਾਲੀਆ ਚਿੰਨ੍ਹ ਲਾਇਆ ਹੈ।

ਉਂਜ, ਬਰਸੀ ਸਮਾਗਮ ਵਿਚ ਪੰਜਾਬ ਦੇ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਸ਼ਾਮਲ ਹੋਣ ਬਾਰੇ ਕਮਿਊਨਿਸਟ ਆਗੂ ਇਹ ਕਹਿ ਕੇ ਪੱਲਾ ਛੁਡਾ ਰਹੇ ਸਨ ਕਿ ਕਾਮਰੇਡ ਸੁਰਜੀਤ ਦੇ ਦੇਹਾਂਤ ਉਪਰੰਤ ਹੋਏ ਸਮਾਗਮ ਵਿਚ ਵੱਡੇ ਬਾਦਲ ਵੀ ਪੁੱਜੇ ਸਨ ਤੇ ਇਹੋ ਜਿਹੇ ਸਮਾਗਮਾਂ 'ਤੇ ਜਿਹੜਾ ਮਰਜ਼ੀ ਹਾਜ਼ਰੀ ਲਵਾ ਸਕਦਾ ਹੈ। ਇਸ ਬਾਰੇ ਸੀ.ਪੀ.ਆਈ. (ਐਮ.) ਦੇ ਸੂਬਾ ਸਕੱਤਰ ਚਰਨ ਸਿੰਘ ਵਿਰਦੀ ਨੇ ਖਾਮੋਸ਼ ਰਹਿਣਾ ਹੀ ਬਿਹਤਰ ਸਮਝਿਆ। ਉਧਰ, ਸੀ.ਪੀ.ਆਈ. ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਡਾ. ਜੁਗਿੰਦਰ ਦਿਆਲ ਨੇ ਕਿਹਾ ਕਿ ਇਹ ਹੋ ਸਕਦਾ ਹੈ ਕਿ ਮਨਪ੍ਰੀਤ ਦੀ ਸੁਖਬੀਰ ਬਾਦਲ ਨਾਲ ਰਾਜਸੀ ਟੱਕਰ ਹੈ ਜਿਸ ਕਾਰਨ ਮਨਪ੍ਰੀਤ ਨਾ ਆਇਆ ਹੋਵੇ। ਰਾਜਨੀਤਕ ਹਲਕਿਆਂ ਦਾ ਕਹਿਣਾ ਹੈ ਕਿ ਬਲਵੰਤ ਸਿੰਘ ਰਾਮੂਵਾਲੀਆ ਦੇ ਕਾਮਰੇਡ ਸੁਰਜੀਤ ਨਾਲ ਰਹੇ ਸਬੰਧਾਂ ਕਾਰਨ ਹੀ ਉਹ ਸੁਖਬੀਰ ਬਾਦਲ ਨੂੰ ਇਥੇ ਲੈ ਕੇ ਆਏ।



ਮੁਲਾਇਮ ਸਿੰਘ ਯਾਦਵ



ਸੁਖਬੀਰ ਸਿੰਘ ਬਾਦਲ

ਸ. ਸੁਖਬੀਰ ਬਾਦਲ ਨੇ ਆਪਣੇ ਭਾਸ਼ਣ ਵਿਚ ਰਾਜਨੀਤਕ ਤੌਰ 'ਤੇ ਕਿਸੇ ਵੀ ਕਿਸਮ ਦਾ ਇਸ਼ਾਰਾ ਭਾਵੇਂ ਨਹੀਂ ਕੀਤਾ ਪਰ ਮੁਲਾਇਮ ਸਿੰਘ ਯਾਦਵ ਨਾਲ ਹੋਈ ਗੱਲਬਾਤ ਉਪਰੰਤ ਇਸ ਫੇਰੀ ਨੂੰ ਸੰਭਾਵੀ ਤੀਜੇ ਬਦਲ ਦੇ ਰੂਪ ਵਿਚ ਵੀ ਦੇਖਿਆ

(ਬਾਕੀ ਸਫਾ 6 'ਤੇ)


**REAL ESTATE & HOME LOANS**



ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
- Low Interest Rate
- 3.5% Down Payment
- Free Credit Report
- Free Pre–Approval

ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate MBA • SFR • CDPE
Century 21 M&M and Associates
209.918.6464
ahundal@c21mm.com
605 Standiford Ave, Ste D • Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Follow us on:
Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਨਾਪਾ ਦੇ ਖਾਤੇ ਅਖਬਾਰਾਂ ਵਿਚ ਨਸ਼ਰ ਕੀਤੇ ਜਾਣ-ਬੈਂਸ

**ਸੈਕਰਾਮੈਂਟੋ (ਬਿਊਰੋ):** ਬਜ਼ੁਰਗ ਅਕਾਲੀ ਆਗੂ ਅਤੇ ਬਿਜਨਸਮੈਨ ਸ. ਦੀਦਾਰ ਸਿੰਘ ਬੈਂਸ ਨੇ ਨਾਰਥ ਅਮੈਰਿਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਉਸ ਬਿਆਨ ਦਾ ਗੰਭੀਰ ਨੋਟਿਸ ਲਿਆ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਸ. ਬੈਂਸ ਇਹ ਦੱਸਣ ਕਿ ਉਨ੍ਹਾਂ ਨਾਪਾ ਨੂੰ ਕਿੰਨੇ ਪੈਸੇ ਦਿੱਤੇ ਹਨ? ਉਨ੍ਹਾਂ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਪਹਿਲਾਂ ਨਾਪਾ ਦੇ ਅਖੌਤੀ ਆਗੂ ਜਦੋਂ ਤੋਂ ਇਹ ਜਥੇਬੰਦੀ ਬਣੀ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਇਸ ਦੇ ਬੈਂਕ ਖਾਤੇ ਅਖਬਾਰਾਂ ਵਿਚ ਪ੍ਰਕਾਸ਼ਿਤ ਕਰਨ। ਇਹ ਆਪਣੇ ਆਪ ਪਤਾ ਲਗ ਜਾਵੇਗਾ ਕਿ ਕਿਸ ਨੇ ਕਿੰਨੇ ਡਾਲਰ ਦਿਤੇ ਹਨ? ਨਾਲ ਹੀ ਇਸ ਦੇ ਅਕਾਊਂਟ ਆਡਿਟ ਵੀ ਕਰਵਾਉਣ। ਸ. ਬੈਂਸ ਨੇ ਆਖਿਆ ਕਿ ਨਾਪਾ ਦੀ ਪਹਿਲੀ ਕਾਨਫਰੰਸ, ਜੋ ਸੰਨੀਵੇਲ ਵਿਚ ਹੋਈ ਸੀ, ਲਈ ਉਨ੍ਹਾਂ ਹਜ਼ਾਰਾਂ ਡਾਲਰ ਦਿੱਤੇ ਸਨ। ਜਦੋਂ ਅਕਾਊਂਟ ਆਡਿਟ ਹੋਣਗੇ ਤਾਂ ਮੇਰਾ ਨਾਂ ਆਪਣੇ ਆਪ ਸਭ ਤੋਂ ਉਪਰ ਆ ਜਾਵੇਗਾ।



*ਦੀਦਾਰ ਸਿੰਘ ਬੈਂਸ*

ਨਾਪਾ ਆਗੂਆਂ ਵਲੋਂ ਇਕ ਅਖਬਾਰ ਵਿਸ਼ੇਸ਼ ਵਿਚ ਛਪਵਾਏ ਗਏ ਬਿਆਨ ਵਿਚ ਕੀਤੇ ਗਏ ਇਸ ਦਾਅਵੇ ਦਾ ਵੀ ਖੰਡਨ ਕੀਤਾ ਕਿ ਉਹ (ਬੈਂਸ) ਆਪਣੇ ਬਿਆਨ ਤੋਂ ਮੁੱਕਰ ਰਹੇ ਹਨ। ਉਨ੍ਹਾਂ ਆਖਿਆ ਕਿ ਮੈਨੂੰ ਨਾਪਾ ਦੇ ਕਿਸੇ ਵੀ ਵਿਅਕਤੀ ਨੂੰ ਕੋਈ ਸਪਸ਼ਟੀਕਰਨ ਦੇਣ ਦੀ ਲੋੜ ਨਹੀਂ। ਜੇ ਲੋੜ ਪਈ ਤਾਂ ਸਬੂਤ ਅਦਾਲਤ ਵਿਚ ਪੇਸ਼ ਕੀਤੇ ਜਾਣਗੇ। ਉਨ੍ਹਾਂ ਆਖਿਆ ਕਿ ਹੁਣ ਤੱਕ ਮੈਂ ਨਾਪਾ ਨਾਲ ਸਿਰਫ ਭਾਈਚਾਰਕ ਹਿਤਾਂ ਕਰਕੇ ਜੁੜਿਆ ਰਿਹਾ ਸਾਂ ਪਰ ਉਦੋਂ ਮੈਂ ਤੌਬਾ ਕਰ ਲਈ ਜਦੋਂ ਮੈਨੂੰ ਇਹ ਪਤਾ ਲੱਗਾ ਕਿ ਓਕ ਕਰੀਕ ਕਾਂਡ ਦੇ ਸ਼ਹੀਦਾਂ ਨੂੰ ਸਮਰਪਿਤ ਸੈਕਰਾਮੈਂਟੋ ਵਿਚ ਹੋਈ ਰੈਲੀ ਲਈ ਲੋਕਾਂ ਤੋਂ ਪੈਸੇ ਇਕੱਠੇ ਕੀਤੇ ਗਏ ਹਨ।

ਸ. ਬੈਂਸ ਨੇ ਆਪਣੀ ਗੱਲ ਜਾਰੀ ਰੱਖਦਿਆਂ ਆਖਿਆ ਕਿ ਸੈਕਰਾਮੈਂਟੋ ਸਦਭਾਵਨਾ ਰੈਲੀ ਲਈ ਸੈਨ ਫਰਾਂਸਿਸਕੋ ਵਿਚ ਹੋਈ ਇਕ ਮੀਟਿੰਗ ਦੌਰਾਨ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਨਾਪਾ ਆਗੂ ਸਮਾਗਮ ਲਈ ਡਾਲਰ ਇਕੱਠੇ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਇਸ ਦਾ ਸਖਤ ਵਿਰੋਧ ਕੀਤਾ ਸੀ। ਉਨ੍ਹਾਂ ਦੇ ਵਿਰੋਧ ਪਿਛੋਂ ਨਾਪਾ ਆਗੂ ਇਸ ਗੱਲ ਲਈ ਸਹਿਮਤ ਹੋ ਗਏ ਸਨ ਕਿ ਪੈਸੇ ਇਕੱਠੇ ਨਹੀਂ ਕੀਤੇ ਜਾਣਗੇ ਪਰ ਫਿਰ ਵੀ ਨਾਪਾ ਆਗੂਆਂ ਨੇ ਪੈਸੇ ਇਕੱਠੇ ਕੀਤੇ ਅਤੇ ਜਿਹੜੇ ਅਖਬਾਰੀ ਇਸ਼ਤਿਹਾਰਾਂ ਰਾਹੀਂ ਪੈਸੇ ਇਕੱਠੇ ਕੀਤੇ ਗਏ, ਉਨ੍ਹਾਂ ਵਿਚ ਮੇਰੀ ਫੋਟੋ ਵੀ ਲਾਈ ਗਈ। ਇਸ ਦਾ ਸਾਫ ਮਤਲਬ ਹੈ ਕਿ ਮੈਂ ਵੀ ਪੈਸੇ ਇਕੱਠੇ ਕਰਨ ਵਾਲੇ ਟੋਲੇ ਵਿਚ ਸ਼ਾਮਲ ਹਾਂ। ਇਸੇ ਗੱਲ ਨੂੰ ਸਪਸ਼ਟ ਕਰਨ ਲਈ ਹੀ ਮੈਂ ਅਖਬਾਰਾਂ ਨੂੰ ਇਹ ਸਪਸ਼ਟੀਕਰਨ ਦਿੱਤਾ ਸੀ ਕਿ ਮੇਰਾ ਨਾਪਾ ਨਾਲ ਕੋਈ ਸਬੰਧ ਨਹੀਂ।

ਬਜ਼ੁਰਗ ਆਗੂ ਨੇ ਆਖਿਆ ਕਿ ਸੈਕਰਾਮੈਂਟੋ ਸਦਭਾਵਨਾ ਰੈਲੀ ਦੌਰਾਨ ਉਦੋਂ ਉਨ੍ਹਾਂ ਨੂੰ ਹੈਰਾਨੀ ਹੋਈ ਜਦੋਂ ਕੁਝ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਤੋਂ ਇਸ ਰੈਲੀ ਲਈ ਪੈਸੇ ਇਕੱਠੇ ਕੀਤੇ ਗਏ ਸਨ। ਉਨ੍ਹਾਂ ਇਸ ਗੱਲ 'ਤੇ ਵੀ ਦੁੱਖ ਪ੍ਰਗਟਾਇਆ ਕਿ ਰੈਲੀ ਦੌਰਾਨ ਨਾਪਾ ਪ੍ਰਬੰਧਕਾਂ ਵਲੋਂ ਕੁਝ ਲੋਕਾਂ ਨਾਲ ਦੁਰਵਿਹਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਨਾਕਸ ਪ੍ਰਬੰਧਾਂ ਕਰਕੇ ਕੁਝ ਉਚ ਸ਼ਖਸੀਅਤਾਂ ਨੂੰ ਬੋਲਣ ਦਾ ਸਮਾਂ ਵੀ ਨਾ ਮਿਲ ਸਕਿਆ। ਉਨ੍ਹਾਂ ਮੰਗ ਕੀਤੀ ਕਿ ਨਾਪਾ ਆਗੂ ਭਾਰਤ ਵਿਚ ਚੱਲਦੇ ਆਪਣੇ ਨਿਜੀ ਕੇਸਾਂ ਬਾਰੇ ਵੀ ਲੋਕਾਂ ਨੂੰ ਦੱਸਣ ਤਾਂ ਜੋ ਭਾਈਚਾਰਾ ਉਨ੍ਹਾਂ ਉਪਰ ਯਕੀਨ ਕਰ ਸਕੇ।

ਸ. ਬੈਂਸ ਨੇ ਇਹ ਗੱਲ ਮੁੜ ਸਪਸ਼ਟ ਕੀਤੀ ਕਿ ਸੈਕਰਾਮੈਂਟੋ ਦੀ ਸਦਭਾਵਨਾ ਰੈਲੀ ਦੌਰਾਨ ਜਿਨ੍ਹਾਂ ਦੋ ਬਿਲਾਂ ਉਤੇ ਗਵਰਨਰ ਨੇ ਦਸਤਖਤ ਕੀਤੇ ਸਨ, ਉਨ੍ਹਾਂ ਨਾਲ ਨਾਪਾ ਦਾ ਕੋਈ ਵਾਹ-ਵਾਸਤਾ ਨਹੀਂ ਹੈ ਅਤੇ ਨਾ ਹੀ ਨਾਪਾ ਆਗੂ ਇਨ੍ਹਾਂ ਬਿਲਾਂ ਸਬੰਧੀ ਹੋਈਆਂ ਮੀਟਿੰਗਾਂ ਵਿਚ ਕਦੇ ਸ਼ਰੀਕ ਹੋਏ ਹਨ। ਉਨ੍ਹਾਂ ਇਹ ਗੱਲ ਦੋਹਰਾਈ ਕਿ ਦੋ ਹਫਤੇ ਪਹਿਲਾਂ ਉਨ੍ਹਾਂ ਦੇ ਨਾਂ ਉਤੇ ਅਖਬਾਰਾਂ ਵਿਚ ਜੋ ਬਿਆਨ ਛਪਿਆ ਸੀ, ਉਹ ਉਸ 'ਤੇ ਕਾਇਮ ਹਨ।

## ਲਹੌਰੀਆ ਦਾ ਮੁਕੱਦਮਾ ਛੇ ਮਹੀਨਿਆਂ 'ਚ ਨਿਬੇੜਨ ਦਾ ਹੁਕਮ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਮਹੇਸ਼ ਗਰੋਵਰ ਨੇ ਬਿਨਾਂ ਕਿਸੇ ਪੈਰੋਲ ਤੋਂ ਪਿਛਲੇ 15 ਸਾਲ 8 ਮਹੀਨਿਆਂ ਤੋਂ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਖਾੜਕੂ ਦਇਆ ਸਿੰਘ ਲਹੌਰੀਆ ਵਿਰੁੱਧ ਲੁਧਿਆਣਾ ਦੀ ਸਪੈਸ਼ਲ ਅਦਾਲਤ ਵਿਚ ਚੱਲ ਰਹੇ ਕਤਲ ਦੇ ਮੁਕੱਦਮੇ ਦੀ ਸੁਣਵਾਈ ਛੇ ਮਹੀਨਿਆਂ ਵਿਚ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਲਾਹੌਰੀਆ ਨੂੰ 3 ਅਗਸਤ, 1995 ਨੂੰ ਅਮਰੀਕਾ ਦੇ ਮੈਨਸੋਟਾ ਹਵਾਈ ਅੱਡੇ ਤੋ ਉਸ ਦੀ ਪਤਨੀ ਸਮੇਤ ਉਦੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਜਦੋਂ ਉਹ ਕੈਨੇਡਾ ਦੇਸ਼ ਜਾਣ ਦੀ ਤਿਆਰੀ ਵਿਚ ਸੀ। ਉਸ ਨੂੰ 16 ਜਨਵਰੀ 1997 ਨੂੰ ਭਾਰਤ ਨੂੰ ਸੌਂਪਿਆ ਗਿਆ ਸੀ। ਪਟੀਸ਼ਨਰ ਨੇ ਦਲੀਲ ਦਿੱਤੀ ਸੀ ਕਿ ਵੀਡੀਓ ਕਾਨਫ਼ਰੰਸ ਵਿਚ ਨੁਕਸ ਹੋਣ ਦਾ ਬਹਾਨਾ ਲਾ ਕੇ ਉਸ ਦੇ ਮੁਕੱਦਮੇ ਦੀ ਸੁਣਵਾਈ ਜਾਣਬੁੱਝ ਕੇ ਲਮਕਾਈ ਜਾ ਰਹੀ ਹੈ।

## ਸਿੱਖ ਚਿੰਤਕ ਅਜਮੇਰ ਸਿੰਘ ਨਾਲ ਪੰਜਾਬੀ ਰੇਡੀਓ ਯੂਐਸਏ ਤੋਂ ਵਾਰਤਾ 27 ਨੂੰ

**ਸੈਨ ਹੋਜ਼ੇ (ਬਿਊਰੋ):** ਉਘੇ ਸਿੱਖ ਚਿੰਤਕ ਸ. ਅਜਮੇਰ ਸਿੰਘ ਪੰਜਾਬੀ ਰੇਡੀਓ ਯੂਐਸਏ ਉਪਰ 27 ਸਤੰਬਰ ਵੀਰਵਾਰ ਸ਼ਾਮ ਨੂੰ 8.15 ਵਜੇ ਸਰੋਤਿਆਂ ਦੇ ਰੂਬਰੂ ਹੋਣਗੇ। ਰੇਡੀਓ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਗੱਲਬਾਤ ਦਾ ਮੁੱਖ ਮੁੱਦਾ ਗ਼ਦਰ ਪਾਰਟੀ ਬਾਰੇ ਲਿਖੀਆਂ ਗਈਆਂ ਲਿਖਤਾਂ ਨੇ ਕਿਸ ਤਰ੍ਹਾਂ ਸੱਚਾਈ ਨੂੰ ਨਜ਼ਰਅੰਦਾਜ਼ ਕੀਤਾ ਅਤੇ ਕਿਸ ਤਰ੍ਹਾਂ ਗ਼ਦਰੀ ਬਾਬਿਆਂ ਦੀ ਸਿੱਖੀ ਵਿਰਾਸਤ ਬਾਰੇ ਗਲਤ ਪ੍ਰਚਾਰ ਕੀਤਾ ਗਿਆ।



ਸਰੋਤੇ ਪੰਜਾਬੀ ਰੇਡੀਓ ਯੂਐਸਏ ਉਪਰ ਫੋਨ 408-272-5200 'ਤੇ ਕਾਲ ਕਰਕੇ ਇਸ ਪ੍ਰੋਗਰਾਮ ਵਿਚ ਹਿੱਸਾ ਲੈ ਸਕਦੇ ਹਨ।

## ਸੈਨ ਹੋਜ਼ੇ ਗੁਰੂ ਘਰ 'ਚ ਕਿਸੇ ਨਾਲ ਕੁੱਟਮਾਰ ਦੀ ਖਬਰ ਨਿਰਾਧਾਰ-ਭਾਈ ਢਿੱਲੋਂ

**ਸੈਨ ਹੋਜ਼ੇ:** ਗੁਰਦੁਆਰਾ ਸੈਨ ਹੋਜ਼ੇ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਇਥੇ ਜਾਰੀ ਇੱਕ ਬਿਆਨ ਵਿਚ ਕਿਹਾ ਹੈ ਕਿ ਇਸ ਗੁਰੂ ਘਰ ਵਿਚ ਕੁਲਵੰਤ ਸਿੰਘ ਨਾਮੀ ਕਿਸੇ ਵਿਅਕਤੀ ਨਾਲ ਕੁੱਟਮਾਰ ਦੀ ਕੋਈ ਘਟਨਾ ਨਹੀਂ ਹੋਈ ਅਤੇ ਬੇ-ਏਰੀਆ ਤੋਂ ਛਪਦੇ ਇਕ ਪੰਜਾਬੀ ਅਖਬਾਰ ਵਿਚ ਇਸ ਸਬੰਧੀ ਛਪੀ ਖਬਰ ਨਿਰਾਧਾਰ ਹੈ। ਇਸ ਅਖਬਾਰ ਵਿਸ਼ੇਸ਼ ਨੇ ਘਟਨਾ ਦੀ ਪੁਸ਼ਟੀ ਕਰਨ ਲਈ ਗੁਰਦੁਆਰਾ ਪ੍ਰਬੰਧਕਾਂ ਨਾਲ ਸੰਪਰਕ ਵੀ ਨਹੀਂ ਕੀਤਾ।



*ਭੁਪਿੰਦਰ ਸਿੰਘ ਢਿੱਲੋਂ*

ਭਾਈ ਢਿਲੋਂ ਨੇ ਬਿਆਨ ਵਿਚ ਆਖਿਆ ਹੈ ਕਿ ਅਸਲੀਅਤ ਤਾਂ ਇਹ ਹੈ ਕਿ ਕੁਲਵੰਤ ਸਿੰਘ ਨਾਂ ਦਾ ਇਹ ਵਿਅਕਤੀ ਫੇਸ ਬੁੱਕ 'ਤੇ ਸੈਨ ਹੋਜ਼ੇ ਗੁਰੂ ਘਰ, ਪ੍ਰਬੰਧਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਖਿਲਾਫ ਲੰਬੇ ਸਮੇਂ ਤੋਂ ਝੂਠੇ ਦੋਸ਼ ਲਾ ਰਿਹਾ ਹੈ ਅਤੇ ਬਹੁਤ ਹੀ ਘਟੀਆ ਦਰਜੇ ਦੀਆਂ ਲਿਖਤਾਂ ਲਿਖ ਰਿਹਾ ਹੈ। ਗੁਰੂ ਘਰ ਦੇ ਸਟੇਜ ਸਕੱਤਰ ਸ. ਪ੍ਰੀਤਮ ਸਿੰਘ ਗਰੇਵਾਲ ਨੇ ਕੁਲਵੰਤ ਸਿੰਘ ਨੂੰ ਬੁਲਾ ਕੇ ਪੁਛਿਆ ਸੀ ਕਿ ਉਸ (ਗਰੇਵਾਲ) ਦੇ ਪਿਤਾ ਬਾਰੇ ਫੇਸ ਬੁੱਕ 'ਤੇ ਉਸ ਨੇ ਘਟੀਆ ਸ਼ਬਦਾਵਲੀ ਕਿਉਂ ਲਿਖੀ ਹੈ? ਤਾਂ ਕੁਲਵੰਤ ਸਿੰਘ ਨੇ ਸੰਗਤ ਦੀ ਹਾਜ਼ਰੀ ਵਿਚ ਮੰਨਿਆ ਕਿ ਅੱਗੋਂ ਤੋਂ ਉਹ ਇਸ ਤਰ੍ਹਾਂ ਦੀ ਕੋਈ ਲਿਖਤ ਨਹੀਂ ਲਿਖੇਗਾ ਅਤੇ ਫੇਸ ਬੁੱਕ 'ਤੇ ਜੋ ਵੀ ਹੋਰ ਪੋਸਟਾਂ ਪਾਈਆਂ ਹਨ, ਉਹ ਵੀ ਤੁਰੰਤ ਕੱਢ ਦੇਵੇਗਾ। ਇਸ ਤੋਂ ਬਾਅਦ ਕੁਲਵੰਤ ਸਿੰਘ ਨੇ ਪੁਲਿਸ ਨੂੰ ਫੋਨ ਕੀਤਾ ਅਤੇ ਪੁਲਿਸ ਦੇ ਆਉਣ ਤੋਂ ਪਹਿਲਾਂ (ਪੁਲਿਸ ਦੇ ਦੱਸਣ ਮੁਤਾਬਕ) ਹਸਪਤਾਲ ਚਲਾ ਗਿਆ। ਪੁਲਿਸ ਗੁਰਦੁਆਰਾ ਸਾਹਿਬ ਆਪਣੀ ਪੁੱਛ ਪੜਤਾਲ ਕਰਕੇ ਵਾਪਸ ਚਲੀ ਗਈ। ਬਿਆਨ ਵਿਚ ਭਾਈ ਢਿੱਲੋਂ ਨੇ ਕਿਹਾ ਹੈ ਕਿ ਸਿਰਫ ਏਨੀ ਗੱਲ ਹੀ ਹੋਈ ਹੈ ਪਰ ਸਬੰਧਤ ਅਖਬਾਰ ਨੇ ਇਹ ਖਬਰ ਛਾਪ ਦਿੱਤੀ ਕਿ ਕੁਲਵੰਤ ਸਿੰਘ ਨਾਲ ਕੁੱਟਮਾਰ ਹੋਈ ਹੈ। ਇਹ ਖਬਰ ਸੱਚਾਈ ਤੋਂ ਕੋਹਾਂ ਦੂਰ ਹੈ। ਉਨ੍ਹਾਂ ਸਵਾਲ ਕੀਤਾ ਕਿ ਇਹ ਕਿਹੋ ਜਿਹੀ ਪੱਤਰਕਾਰੀ ਹੈ? ਭਾਈ ਢਿੱਲੋਂ ਨੇ ਸੰਗਤ ਨੂੰ ਬੇਨਤੀ ਕੀਤੀ ਕਿ ਅਜਿਹੀਆਂ ਗੁੰਮਰਾਹਕੁਨ ਖਬਰਾਂ ਪ੍ਰਤੀ ਸੁਚੇਤ ਰਿਹਾ ਜਾਵੇ।

ਗੁਰਦੁਆਰਾ ਸਕੱਤਰ ਨੇ ਆਖਿਆ ਕਿ ਪ੍ਰਬੰਧਕ ਸੇਵਾਦਾਰ ਗੁਰੂ ਘਰ ਅੰਦਰ ਸ਼ਾਂਤਮਈ ਮਾਹੌਲ ਬਰਕਰਾਰ ਰੱਖਣ ਦਾ ਪੂਰਾ ਯਤਨ ਕਰਦੇ ਆ ਰਹੇ ਹਨ ਅਤੇ ਕਰਦੇ ਰਹਿਣਗੇ। ਜੇ ਕੋਈ ਮੈਂਬਰ ਗੁਰੂ ਘਰ ਦਾ ਨੁਕਸਾਨ ਕਰਨ ਦੀ ਕੋਸ਼ਿਸ਼ ਕਰੇਗਾ ਜਾਂ ਸ਼ਾਂਤਮਈ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਸ ਨਾਲ ਹਰ ਸੰਭਵ ਕਾਨੂੰਨੀ ਤਰੀਕੇ ਨਾਲ ਨਿਪਟਿਆ ਜਾਵੇਗਾ। ਹਰ ਐਤਵਾਰ 5 ਹਜ਼ਾਰ ਤੋਂ ਵੱਧ ਸੰਗਤ ਗੁਰੂ ਗ੍ਰੰਥ ਸਾਹਿਬ ਨੂੰ ਸੀਸ ਨਿਵਾਉਂਦੀ ਹੈ ਅਤੇ ਕੀਰਤਨ/ਕਥਾ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰਦੀ ਹੈ। ਕਿਸੇ ਵੀ ਸੰਗਤ ਮੈਂਬਰ ਨੂੰ ਗੁਰੂ ਘਰ ਦਾ ਸ਼ਾਂਤਮਈ ਮਾਹੌਲ ਖਰਾਬ ਕਰਨ ਦਾ ਕੋਈ ਹੱਕ ਨਹੀਂ।

ਭਾਈ ਢਿੱਲੋਂ ਨੇ ਸੰਗਤ ਨੂੰ ਬੇਨਤੀ ਕੀਤੀ ਕਿ ਜਿਨ੍ਹਾਂ ਪਾਸ ਹੈਲਥ ਇੰਸ਼ੋਰੈਂਸ ਨਹੀਂ ਹੈ, ਐਤਵਾਰ 30 ਸਤੰਬਰ ਨੂੰ ਗੁਰੂ ਘਰ ਵਿਖੇ ਫਲੂ ਦੇ ਫਰੀ ਟੀਕੇ ਲਗਵਾ ਸਕਦੇ ਹਨ।







Alltech ENTERPRISE®

# Solar Electric LED Lighting Energy Solutions

## Be a partner of Green Energy

## ਆਪਣੇ ਘਰ ਜਾਂ ਬਿਜਨਸ ’ਤੇ ਸੋਲਰ ਸਿਸਟਮ ਲੁਆਓ, ਪੈਸੇ ਬਚਾਓ

**We install high quality Solar System with 80% power guaranty for 30 years.**

ਸੋਲਰ ਸਿਸਟਮ ਲਾਉਣ ਦਾ ਖਰਚਾ ਇਸ ਵੇਲੇ ਬਹੁਤ ਹੀ ਘੱਟ ਹੈ। ਸੋਲਰ ਸਿਸਟਮ ਖਰੀਦਣ ਅਤੇ ਬਿਜਲੀ ਦੇ ਵੱਡੇ ਵੱਡੇ ਬਿਲਾਂ ਤੋਂ ਬਚਣ ਦਾ ਇਹ ਸੁਨਹਿਰੀ ਮੌਕਾ ਹੈ।

ਤੁਸੀਂ ਆਪਣੀ ਸਾਲਾਨਾ ਇਨਕਮ ਟੈਕਸ ਰਿਟਰਨ ਭਰਨ ਵੇਲੇ ਅਦਾ ਕੀਤੀ ਕੁਲ ਕੀਮਤ ਦੇ 30% ਦਾ ਕਰੈਡਿਟ ਲੈ ਸਕਦੇ ਹੋ

**We sell and install Grid-tied complete solar systems including drawings, permit, provide all the paper work and commissioning.**



Low interest financing available for commercial properties.
Term 20 years. Minimum $50,000.00

**Alltech Enterprise presents: Energy Solutions for your businesses.**

We sell led lighting for gas station canopy, area and parking lot, building lighting and for cooler/freezer door lighting.





ਅਸੀਂ ਗੈਸ ਸਟੇਸ਼ਨ ਕੈਨੋਪੀ, ਏਰੀਆ ਅਤੇ ਪਾਰਕਿੰਗ ਲਾਟ, ਬਿਲਡਿੰਗ ਦੁਆਲੇ ਲਾਈਟਾਂ ਤੋਂ ਇਲਾਵਾ ਕੂਲਰ/ਫਰੀਜ਼ਰ ਲਈ LED ਲਾਈਟਾਂ ਵੀ ਵੇਚਦੇ ਹਾਂ

We sell best brand of America. Beta LED, GE and LED Power.



**Case LED** lighting fixture replaces 85-watt fluorescent lamps saves average $90.00 per door per year.

**ECM fan motors**: By changing fan motors (cooler & freezer) with two speed EC motors by using fan control you can save significant energy and then money. **Example**: For 15 door walk-in cooler when you replace 8 (1/20 HP) fan motors with ECM, install fan control and install **ASH control** for doors, saves up to **$4200.00** per year.

*We are Trade Professional Alliance of PG&E and reducing your bill at no cost in PG&E territory. And provide no fee, no interest On-Bill Financing from PG&E.*

**For More Info., Call Toll Free (855) 292-2800**

ਹੋਰ ਜਾਣਕਾਰੀ ਲਈ ਟੌਲ ਫਰੀ ਕਾਲ ਕਰੋ:

**ਬਲਜਿੰਦਰ ਕੈਲੇ (855) 292-2800**

# ਸਿੱਧਾ ਵਿਦੇਸ਼ੀ ਨਿਵੇਸ਼ ਕਿਸਾਨਾਂ ਲਈ ਲਾਹੇਵੰਦ: ਜੌਹਲ

**ਚੰਡੀਗੜ੍ਹ:** ਭਾਰਤ 'ਚ ਮਲਟੀ ਬਰਾਂਡ ਪਰਚੂਨ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੇ ਹੋ ਰਹੇ ਵਿਰੋਧ 'ਤੇ ਅਫਸੋਸ ਪ੍ਰਗਟ ਕਰਦੇ ਹੋਏ ਪੰਜਾਬ ਦੇ ਖੇਤੀਬਾੜੀ ਅਰਥਸ਼ਾਸਤਰੀ ਐਸ.ਐਸ. ਜੌਹਲ ਨੇ ਨਿਵੇਸ਼ ਦਾ ਸਮਰਥਨ ਕੀਤਾ ਹੈ ਜਦੋਂਕਿ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਨੇ ਪੂਰੇ ਦੇਸ਼ ਵਿਚ ਇਸ ਮੁੱਦੇ 'ਤੇ ਹੋ ਰਹੀ ਸਿਆਸਤ ਦਾ ਵਿਰੋਧ ਕਰਦਿਆਂ ਸਿੱਧੇ ਵਿਦੇਸ਼ੀ ਨਿਵੇਸ਼ 'ਤੇ ਬਹਿਸ ਕਰਵਾਉਣ ਦਾ ਸੁਝਾਅ ਦਿੱਤਾ ਹੈ।

ਸ. ਜੌਹਲ ਨੇ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਪਰਚੂਨ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਨਾਲ ਪੰਜਾਬ ਦੇ ਕਿਸਾਨਾਂ ਨੂੰ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਕਈ ਵਾਰ ਕਿਸਾਨ ਛੇਤੀ ਖਰਾਬ ਹੋਣ ਵਾਲੀਆਂ ਸਬਜ਼ੀਆਂ ਨੂੰ ਸਸਤੇ ਭਾਅ 'ਚ ਵੇਚ ਦਿੰਦੇ ਹਨ ਪਰ ਦੇਸ਼ ਵਿਚ ਮਲਟੀ ਬਰਾਂਡ ਸਟੋਰ ਖੁੱਲ੍ਹਣ ਨਾਲ ਕਿਸਾਨਾਂ ਨੂੰ ਵਾਜਬ ਭਾਅ ਮਿਲ ਸਕੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਦੇਸ਼ੀ ਸਟੋਰ ਮਾਲਕਾਂ ਵੱਲੋਂ ਦੇਸ਼ ਵਿਚ ਬੁਨਿਆਦੀ ਢਾਂਚੇ ਨੂੰ ਵਿਕਸਤ ਕੀਤਾ ਜਾਵੇਗਾ ਜਿਸ ਨਾਲ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਦੇਸ਼ ਵਿਚ ਨਵੀਂ ਤਕਨੀਕ ਆਵੇਗੀ ਤੇ ਖੇਤੀਬਾੜੀ ਦਾ ਵੀ ਵਿਕਾਸ ਹੋਵੇਗਾ। ਇਨ੍ਹਾਂ ਸਾਰੀਆਂ ਸਰਗਰਮੀਆਂ ਨਾਲ ਗਾਹਕਾਂ ਨੂੰ ਵੀ ਫਾਇਦਾ ਪਹੁੰਚੇਗਾ।

ਸ. ਜੌਹਲ ਨੇ ਕਿਹਾ ਕਿ ਇਹ ਸੋਚ ਗਲਤ ਹੈ ਕਿ ਇਨ੍ਹਾਂ ਮਲਟੀ ਬਰਾਂਡ ਸਟੋਰਾਂ ਕਾਰਨ ਛੋਟੇ ਕਾਰੋਬਾਰੀ ਜਾਂ ਕਰਿਆਨੇ ਦਾ ਬਿਜ਼ਨਸ ਕਰਨ ਵਾਲੇ ਛੋਟੇ ਦੁਕਾਨਦਾਰ ਤਬਾਹ ਹੋ ਜਾਣਗੇ। ਉਨ੍ਹਾਂ ਕਿਹਾ ਕਿ ਸਿੱਧੇ ਵਿਦੇਸ਼ੀ ਨਿਵੇਸ਼ ਨਾਲ ਦੇਸ਼ ਵਿਚ ਮੁਕਾਬਲੇ ਦੀ ਭਾਵਨਾ ਭਾਵੇਂ ਵਧੇਗੀ ਪਰ ਗਾਹਕਾਂ ਨੂੰ ਚੰਗੇ ਉਤਪਾਦ ਵੀ ਮੁਹੱਈਆ ਹੋ ਸਕਣਗੇ। ਇਨ੍ਹਾਂ ਵਿਦੇਸ਼ੀ ਸਟੋਰਾਂ ਨਾਲ ਭਾਰਤੀ ਕਰੰਸੀ ਦੀ ਕੌਮਾਂਤਰੀ ਮਾਰਕੀਟ ਵਿਚ ਕੀਮਤ ਵਧੇਗੀ ਤੇ ਵਿਦੇਸ਼ੀ ਪੂੰਜੀ ਵੀ ਭਾਰਤ ਵਿਚ ਆਵੇਗੀ। ਇਸ ਨਾਲ ਸਿੱਕੇ ਦੀ ਪਸਾਰ ਦਰ ਵੀ ਘਟੇਗੀ। ਉਨ੍ਹਾਂ ਕਿਹਾ ਕਿ ਜਿਵੇਂ ਵਿਦੇਸ਼ੀ ਕਾਰਾਂ ਵਿਚ ਭਾਰਤ ਵਿਚ ਆਉਣ ਨਾਲ ਭਾਰਤੀ ਕਾਰਾਂ ਦੀ ਕੁਆਲਿਟੀ 'ਚ ਸੁਧਾਰ ਹੋਇਆ ਹੈ। ਇਸੇ ਤਰ੍ਹਾਂ ਪਰਚੂਨ ਖੇਤਰ ਵਿਚ ਵਿਦੇਸ਼ੀ ਵਸਤਾਂ ਦੀ ਆਮਦ ਨਾਲ ਭਾਰਤੀ ਵਸਤਾਂ ਦਾ ਮਿਆਰ ਵੀ ਉੱਚਾ ਹੋਵੇਗਾ।


ਮਨਪ੍ਰੀਤ ਬਾਦਲ ਵੱਲੋਂ ਸਿੱਧੇ ਨਿਵੇਸ਼ 'ਤੇ ਸਿਆਸਤ ਨਾ ਕਰਨ ਦੀ ਸਲਾਹ


ਇਸੇ ਦੌਰਾਨ ਪੀ.ਪੀ.ਪੀ. ਆਗੂ ਮਨਪ੍ਰੀਤ ਸਿੰਘ ਬਾਦਲ ਨੇ ਪ੍ਰਚੂਨ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਖ਼ਿਲਾਫ਼ ਕੋਈ ਟਿੱਪਣੀ ਨਹੀਂ ਕੀਤੀ ਪਰ ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਸਿਆਸਤ ਨਹੀਂ ਕੀਤੀ ਜਾਣੀ ਚਾਹੀਦੀ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਉਹ ਵਿਦੇਸ਼ੀ ਨਿਵੇਸ਼ ਦੇ ਮੁੱਦੇ 'ਤੇ ਐਨ.ਡੀ.ਏ. ਦਾ ਸਾਥ ਦੇਣਗੇ। ਇਸ ਬਾਰੇ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਨੂੰ ਇਸ ਮੁੱਦੇ 'ਤੇ ਸਿਆਸਤ ਛੱਡ ਕੇ ਪੰਜਾਬ ਦੇ ਹਿੱਤਾਂ ਬਾਰੇ ਸੋਚਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸਨਅਤੀ ਵਿਕਾਸ ਨਹੀਂ ਹੋ ਸਕਿਆ ਹੈ ਤੇ ਆਈਟੀ ਖੇਤਰ ਵਿਚ ਪੰਜਾਬ ਪਛੜਿਆ ਹੋਇਆ ਹੈ। ਅਜਿਹੀ ਹਾਲਤ ਵਿਚ ਪੰਜਾਬ ਨੂੰ ਸਿੱਧੇ ਵਿਦੇਸ਼ੀ ਨਿਵੇਸ਼ ਦਾ ਵਿਰੋਧ ਨਹੀਂ ਕਰਨਾ ਚਾਹੀਦਾ ਕਿਉਂਕਿ ਚੀਨ ਵਰਗੇ ਦੇਸ਼ ਨੇ ਵਿਦੇਸ਼ੀ ਨਿਵੇਸ਼ ਨੂੰ ਇਜਾਜ਼ਤ ਦੇ ਕੇ ਖੂਬ ਤਰੱਕੀ ਕੀਤੀ ਹੈ ਅਤੇ ਪੰਜਾਬ ਅਤੇ ਭਾਰਤ ਨੂੰ ਇਸ ਰੁਝਾਨ ਤੋਂ ਸਬਕ ਸਿੱਖਣਾ ਚਾਹੀਦਾ ਹੈ।

# ਸੈਕਰਾਮੈਂਟੋ ਵਿਚ ਕਿੰਗਜ਼ ਕਲੱਬ ਦਾ ਤੀਜਾ ਕਬੱਡੀ ਕੱਪ 30 ਨੂੰ

**ਸੈਕਰਾਮੈਂਟੋ (ਬਿਊਰੋ):** ਕਿੰਗਜ਼ ਸਪੋਰਟਸ ਕਲੱਬ, ਸੈਕਰਾਮੈਂਟੋ ਵਲੋਂ ਆਪਣਾ ਤੀਜਾ ਵਿਸ਼ਵ ਕਬੱਡੀ ਕੱਪ 30 ਸਤੰਬਰ ਐਤਵਾਰ ਨੂੰ ਸਥਾਨਕ ਗੁਰਦੁਆਰਾ ਬਰਾਡਸ਼ਾਹ ਦੇ ਖੇਡ ਮੈਦਾਨਾਂ ਵਿਚ ਕਰਵਾਇਆ ਜਾ ਰਿਹਾ ਹੈ ਜਿਸ ਦੀਆਂ ਤਿਆਰੀਆਂ ਕਰੀਬ ਕਰੀਬ ਮੁਕੰਮਲ ਹੋ ਚੁਕੀਆਂ ਹਨ।

ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਇਕ ਬੁਲਾਰੇ ਸੀਤਲ ਸਿੰਘ ਨਿੱਜਰ ਨੇ ਦੱਸਿਆ ਕਿ ਖੇਡ ਮੇਲਾ ਸਨਿਚਰਵਰ ਤੋਂ ਹੀ ਅਰੰਭ ਹੋ ਜਾਵੇਗਾ ਅਤੇ ਪਹਿਲੇ ਦਿਨ ਬਾਸਕਿਟਬਾਲ ਦੇ ਮੈਚ ਸਵੇਰੇ 10 ਵਜੇ ਤੋਂ ਸ਼ਾਮੀਂ 5 ਵਜੇ ਤੱਕ ਚੱਲਣਗੇ ਜਿਨ੍ਹਾਂ ਵਿਚ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਦੀਆਂ ਟੀਮਾਂ ਹਿੱਸਾ ਲੈਣਗੀਆ। 30 ਸਤੰਬਰ ਐਤਵਾਰ ਨੂੰ ਕਬੱਡੀ ਦੇ ਫਸਵੇਂ ਮੈਚ ਹੋਣਗੇ ਜਿਨ੍ਹਾਂ ਵਿਚ ਵੱਖ ਵੱਖ ਦੇਸ਼ਾਂ ਅਤੇ ਸ਼ਹਿਰਾਂ ਤੋਂ ਨਾਮਵਰ ਕਬੱਡੀ ਖਿਡਾਰੀ ਹਿੱਸਾ ਲੈਣਗੇ। ਇਨ੍ਹਾਂ ਖਿਡਾਰੀਆਂ ਵਿਚ ਲੱਭੀ, ਤਾਊ, ਹੈਪੀ ਰੁੜਕਾ, ਕਿੰਦਾ ਬਿਹਾਰੀਪੁਰੀਆ, ਸੰਦੀਪ ਗੁਰਦਾਸਪੁਰੀਆ, ਸੰਦੀਪ ਯੂ ਕੇ, ਜੌਨੀ, ਮੌਲਾ, ਦੁੱਲਾ, ਮੀਕ, ਗੋਰੀ, ਸ਼ੀਪੂ, ਅਰਸੀ, ਆਸੂਸ, ਡਾਂਟੇ, ਸੁੱਖੀ ਸਰਾਵਾਂ ਤੇ ਸੇਵਕ ਸਰਾਵਾਂ ਦੇ ਨਾਂ ਜ਼ਿਕਰਯੋਗ ਹਨ। ਸੁੱਖੀ ਤੇ ਸੇਵਕ ਵਿਸ਼ੇਸ਼ ਤੌਰ 'ਤੇ ਇੰਡੀਆ ਤੋਂ ਪਹੁੰਚ ਰਹੇ ਹਨ।

ਸ. ਨਿੱਜਰ ਨੇ ਇਹ ਵੀ ਦਸਿਆ ਕਿ ਛੋਟੇ ਬੱਚਿਆਂ ਦੀਆਂ ਖੇਡਾਂ ਦਾ ਵੀ ਖਾਸ ਪ੍ਰਬੰਧ ਹੋਵੇਗਾ। ਪ੍ਰਬੰਧਕਾਂ ਨੇ ਸਕਿਉਰਿਟੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਹੈ। ਪ੍ਰਾਈਵੇਟ ਸਕਿਉਰਿਟੀ ਤੋਂ ਇਲਾਵਾ ਸ਼ੈਰਿਫ ਮਹਿਕਮੇ ਦੇ ਅਫਸਰ ਵੀ ਮੌਜੂਦ ਹੋਣਗੇ। ਮੇਲਾ ਪੂਰੀ ਤਰ੍ਹਾਂ ਪਰਿਵਾਰਕ ਹੋਵੇਗਾ। ਬੀਬੀਆਂ, ਬੱਚਿਆਂ ਤੇ ਬਜ਼ੁਰਗਾਂ ਲਈ ਖਾਸ ਸਹੂਲਤਾਂ ਹੋਣਗੀਆਂ। ਚਾਹ-ਪਾਣੀ ਅਤੇ ਲੰਗਰ ਅਤੁੱਟ ਚੱਲੇਗਾ। ਕਾਰਾਂ ਪਾਰਕ ਕਰਨ ਲਈ ਐਂਟਰੀ ਗੁਰੂ ਘਰ ਦੇ ਮੁੱਖ ਗੇਟ ਤੋਂ ਹੀ ਹੋਵੇਗੀ ਅਤੇ ਸਕਿਉਰਿਟੀ ਵਾਲੇ ਪੂਰੇ ਇੰਤਜ਼ਾਮ ਨਾਲ ਕਾਰਾਂ ਪਾਰਕ ਕਰਵਾਉਣਗੇ। ਉਨ੍ਹਾਂ ਕਲੱਬ ਦੇ ਸਮੂਹ ਪ੍ਰਬੰਧਕਾਂ ਵਲੋਂ ਖੇਡ ਪ੍ਰੇਮੀਆਂ ਨੂੰ ਬੇਨਤੀ ਕੀਤੀ ਕਿ ਇਸ ਮੇਲੇ ਵਿਚ ਜ਼ਰੂਰ ਪਹੁੰਚਣ।

# ਅਮਰੀਕਾ ਵਿਚ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਰੋਧ

**ਸਟਾਕਟਨ (ਬਿਊਰੋ):** ਗੁਰਦੁਆਰਾ ਸਟਾਕਟਨ ਦੀ ਪ੍ਰਬੰਧਕ ਕਮੇਟੀ ਅਤੇ ਇਸ ਇਲਾਕੇ ਦੇ ਕਈ ਹੋਰ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਤੇ ਪੰਥਕ ਜਥੇਬੰਦੀਆਂ ਨੇ ਹਾਲ ਹੀ ਵਿਚ ਬਣਾਈ ਗਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮਰੀਕਾ ਦਾ ਸਖਤ ਨੋਟਿਸ ਲੈਂਦਿਆਂ ਕਿਹਾ ਹੈ ਕਿ ਇਸ ਦਾ ਮਨੋਰਥ ਅਕਾਲੀ ਦਲ ਬਾਦਲ ਅਤੇ ਇਸ ਦੇ ਹਮਾਇਤੀਆਂ ਵਲੋਂ ਅਮਰੀਕਾ ਦੇ ਗੁਰੂ ਘਰਾਂ ਅਤੇ ਉਥੋਂ ਦੀਆਂ ਗੋਲਕਾਂ ਉਤੇ ਕਬਜ਼ੇ ਤੋਂ ਬਿਨਾ ਕੁਝ ਵੀ ਨਹੀਂ ਹੈ।

ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਪੰਥਕ ਆਗੂਆਂ ਦੀ ਮੀਟਿੰਗ ਤੋਂ ਬਾਅਦ ਜਾਰੀ ਇਕ ਬਿਆਨ ਵਿਚ ਇਹ ਕਮੇਟੀ ਬਣਾਉਣ ਵਾਲੇ ਲੋਕਾਂ ਨੂੰ ਪੁੱਛਿਆ ਗਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਜੋ ਗੁਰੂ ਘਰਾਂ ਦੀ ਸਾਂਭ ਸੰਭਾਲ ਲਈ ਬਣਾਈ ਗਈ ਹੈ, ਕੀ ਉਹ ਧਰਮ ਪ੍ਰਚਾਰ ਅਤੇ ਗੁਰੂ ਘਰਾਂ ਦਾ ਪ੍ਰਬੰਧ ਸਹੀ ਤਰੀਕੇ ਨਾਲ ਚਲਾ ਰਹੀ ਹੈ? ਜੇ ਅਜਿਹਾ ਹੈ ਤਾਂ ਉਸ ਦੀ ਤਰਜ਼ 'ਤੇ ਇਥੇ ਵੀ ਕਮੇਟੀ ਬਣਾਈ ਜਾ ਸਕਦੀ ਹੈ ਅਤੇ ਅਸੀਂ ਵੀ ਉਨ੍ਹਾਂ ਦਾ ਸਾਥ ਦੇਵਾਂਗੇ ਪਰ ਇਹ ਗੱਲ ਦੁਨੀਆਂ ਭਰ ਵਿਚ ਵਸਦੇ ਸਿੱਖ ਭਲੀਭਾਂਤ ਜਾਣਦੇ ਹਨ ਕਿ ਭਾਰਤ ਵਿਚ ਬਣੀ ਸ਼੍ਰੋਮਣੀ ਕਮੇਟੀ ਬਾਦਲਾਂ ਦੇ ਘਰ ਭਰਨ ਤੱਕ ਹੀ ਸੀਮਤ ਹੈ ਅਤੇ ਉਨ੍ਹਾਂ ਦਾ ਬਣਾਇਆ ਕਮੇਟੀ ਦਾ ਪ੍ਰਧਾਨ ਅਵਤਾਰ ਸਿੰਘ ਮੱਕੜ ਸਿੱਖ ਕੌਮ ਦੀਆਂ ਜੜ੍ਹਾਂ ਵਿਚ ਬਾਦਲਾਂ ਨਾਲ ਮਿਲ ਕੇ ਤੇਲ ਦੇ ਰਿਹਾ ਹੈ।

ਬਿਆਨ ਵਿਚ ਇਹ ਦੋਸ਼ ਲਾਇਆ ਗਿਆ ਹੈ ਕਿ ਅਮਰੀਕਾ ਵਿਚ ਬਣਾਈ ਗਈ ਸ਼੍ਰੋਮਣੀ ਕਮੇਟੀ ਬਾਹਰ ਬੈਠੇ ਸਿੱਖਾਂ ਦੀ ਆਵਾਜ਼ ਬੰਦ ਕਰਨ ਅਤੇ ਇਹ ਸਿੱਧ ਕਰਨ ਕਿ ਇਹੋ ਸਿੱਖਾਂ ਦੀ ਸਹੀ ਨੁਮਾਇੰਦਗੀ ਕਰਦੀ ਹੈ, ਦੇ ਮਨੋਰਥ ਨੂੰ ਲੈ ਕੇ ਹੀ ਬਣਾਈ ਗਈ ਹੈ। ਇਸ ਦਾ ਮਕਸਦ ਗੁਰੂ ਘਰਾਂ ਦਾ ਪੈਸਾ ਬਾਦਲਾਂ ਦੇ ਦਬਦਬੇ ਵਾਲੀ ਪਾਰਟੀ ਨੂੰ ਭੇਜਣ ਤੋਂ ਵੱਧ ਕੁਝ ਨਹੀਂ।

ਮੀਟਿੰਗ ਵਿਚ ਇਹ ਵੀ ਫੈਸਲਾ ਕੀਤਾ ਗਿਆ ਕਿ ਅਕਾਲੀ ਦਲ ਬਾਦਲ ਦਾ ਕੋਈ ਨੁਮਾਇੰਦਾ ਜਾਂ ਬਾਦਲ ਸਰਕਾਰ ਦਾ ਕੋਈ ਮੰਤਰੀ ਅਮਰੀਕਾ ਆਉਂਦਾ ਹੈ ਤਾਂ ਉਸ ਦਾ ਡਟ ਕੇ ਵਿਰੋਧ ਕੀਤਾ ਜਾਏਗਾ। ਮੀਟਿੰਗ ਵਿਚ ਅਕਾਲੀ ਦਲ ਬਾਦਲ ਦੇ ਹਮਾਇਤੀਆਂ ਨੂੰ ਵੀ ਅਪੀਲ ਕੀਤੀ ਗਈ ਕਿ ਉਹ ਆਪਣੇ ਨਿਜੀ ਸਵਾਰਥਾਂ ਤੋਂ ਉਪਰ ਉਠ ਕੇ ਪੰਥਕ ਭਲੇ ਲਈ ਖੜ੍ਹੇ ਹੋਣ। ਮੀਟਿੰਗ ਵਿਚ ਦੁਨੀਆਂ ਭਰ ਵਿਚ ਵਸਦੇ ਸਿੱਖਾਂ ਨੂੰ ਗੁਰਦੁਆਰਾ ਸਟਾਕਟਨ ਦੀ ਸਥਾਪਨਾ ਦੇ ਮਨਾਏ ਜਾ ਰਹੇ ਸੌ ਸਾਲਾ ਦਿਹਾੜੇ ਵਿਚ ਸ਼ਾਮਲ ਹੋਣ ਦੀ ਵੀ ਅਪੀਲ ਕੀਤੀ ਗਈ। ਇਹ ਸਥਾਪਨਾ ਦਿਹਾੜਾ 13 ਅਤੇ 14 ਅਕਤੂਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਸਮੇਂ ਗੁਰਦੁਆਰਾ ਸਾਹਿਬ ਵਿਚ ਗਦਰੀ ਬਾਬਿਆਂ ਦੀ ਯਾਦ ਵਿਚ ਇਕ ਸ਼ਾਨਦਾਰ ਮਿਊਜ਼ੀਅਮ ਵੀ ਬਣਾਇਆ ਗਿਆ ਹੈ। ਸੰਗਤਾਂ ਨੂੰ ਅਪੀਲ ਕੀਤੀ ਗਈ ਕਿ ਜਿਸ ਕਿਸੇ ਪਰਿਵਾਰ ਜਾਂ ਵਿਅਕਤੀ ਪਾਸ ਕੋਈ ਇਤਿਹਾਸਕ ਦਸਤਾਵੇਜ਼ ਹੋਵੇ, ਉਹ ਗੁਰਦੁਆਰਾ ਸਟਾਕਟਨ ਪੁਜਦਾ ਕਰਨ ਦੀ ਖੇਚਲ ਕਰਨ।

ਬਿਆਨ ਅਨੁਸਾਰ ਇਸ ਮੀਟਿੰਗ ਵਿਚ ਗੁਰਦੁਆਰਾ ਸਟਾਕਟਨ ਦੇ ਪ੍ਰਬੰਧਕਾਂ ਤੋਂ ਇਲਾਵਾ ਭਾਈ ਸਰਵਣ ਸਿੰਘ (ਗੁਰਦੁਆਰਾ ਮਨਟੀਕਾ), ਭਾਈ ਬਲਜਿੰਦਰ ਸਿੰਘ (ਗੁਰਦੁਆਰਾ ਟਰੇਸੀ), ਭਾਈ ਜਸਵੀਰ ਸਿੰਘ ਸੋਹਲ (ਗੁਰਦੁਆਰਾ ਲੋਡਾਈ) ਅਤੇ ਵੱਖ ਵੱਖ ਜਥੇਬੰਦੀਆਂ ਦੇ ਦੋ ਦਰਜਨ ਤੋਂ ਵੱਧ ਨੁਮਾਇੰਦੇ ਹਾਜ਼ਰ ਸਨ। ਮੀਟਿੰਗ ਦੀ ਪ੍ਰਧਾਨਗੀ ਗੁਰਦੁਆਰਾ ਪ੍ਰਧਾਨ ਸ. ਹਰਨੇਕ ਸਿੰਘ ਅਟਵਾਲ ਨੇ ਕੀਤੀ।

# ਐਫ.ਬੀ.ਆਈ. ਸਿੱਖਾਂ ਉਤੇ ਨਸਲੀ ਹਮਲਿਆਂ ਦੀ ਜਾਂਚ ਕਰੇਗੀ

**ਵਾਸ਼ਿੰਗਟਨ:** ਅਮਰੀਕਾ ਵਿਚ ਸਿੱਖਾਂ 'ਤੇ ਹੋ ਰਹੇ ਨਸਲੀ ਹਮਲਿਆਂ ਦੀ ਜਾਂਚ ਐਫ.ਬੀ.ਆਈ. ਵੱਲੋਂ ਕੀਤੀ ਜਾਵੇਗੀ। ਇਸ ਬਾਰੇ ਐਫ.ਬੀ.ਆਈ. ਦੇ ਸੁਤੰਤਰ ਸਲਾਹਕਾਰ ਬੋਰਡ ਨੂੰ ਇਹ ਜਾਂਚ ਕਰਨ ਲਈ ਕਿਹਾ ਜਾ ਰਿਹਾ ਹੈ। ਨਿਆਂ ਵਿਭਾਗ ਵੱਲੋਂ ਇਹ ਕਦਮ ਅਜਿਹੇ ਸਮੇਂ ਚੁੱਕਿਆ ਜਾ ਰਿਹਾ ਹੈ ਜਦੋਂ ਅਮਰੀਕਾ ਦੇ ਸੰਸਦ ਮੈਂਬਰਾਂ, ਮਨੁੱਖੀ ਅਧਿਕਾਰ ਸੰਗਠਨਾਂ ਤੇ ਸਿੱਖ ਜਥੇਬੰਦੀਆਂ ਨੇ ਇਸ ਬਾਰੇ ਅਟਾਰਨੀ ਜਨਰਲ ਨੂੰ ਪੱਤਰ ਭੇਜਿਆ ਹੈ।

ਇਸ ਹਫ਼ਤੇ 81 ਸੰਸਦ ਮੈਂਬਰਾਂ ਨੇ ਤਜਵੀਜ਼ ਪੇਸ਼ ਕਰਕੇ ਸਿੱਖਾਂ ਖ਼ਿਲਾਫ਼ ਹੋਣ ਵਾਲੇ ਅਪਰਾਧਾਂ ਨੂੰ ਨਸਲੀ ਅਪਰਾਧ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ ਹੈ। ਉਪ ਅਟਾਰਨੀ ਜਨਰਲ ਜੇਮਸ ਐਮ ਕੋਲ ਨੇ ਕਿਹਾ ਕਿ ਉਹ ਐਫ.ਬੀ.ਆਈ. ਦੇ ਸਲਾਹਕਾਰ ਨੀਤੀ ਬੋਰਡ ਨੂੰ ਇਸ ਗੱਲ ਦੀ ਜਾਂਚ ਕਰਨ ਲਈ ਕਹਿਣਗੇ ਕਿ ਨਸਲੀ ਅਪਰਾਧਾਂ ਦੀ ਸ਼੍ਰੇਣੀ ਵਿਚ ਸਿੱਖਾਂ ਖ਼ਿਲਾਫ਼ ਹੋ ਰਹੇ ਅਪਰਾਧਾਂ ਨੂੰ ਸ਼ਾਮਲ ਕਰ ਲਿਆ ਜਾਵੇ।

ਉਧਰ, ਅਮਰੀਕਾ ਦੇ ਵਿਸਕਾਨਸਿਨ ਗੁਰਦੁਆਰੇ ਵਿਚ ਲੰਘੇ ਮਹੀਨੇ ਹੋਏ ਨਸਲੀ ਹਮਲੇ ਦੌਰਾਨ ਮਾਰੀ ਗਈ ਬੀਬੀ ਪਰਮਜੀਤ ਕੌਰ ਦੇ ਪੁੱਤਰ ਨੇ ਐਫ.ਬੀ.ਆਈ. ਨੂੰ ਅਪੀਲ ਕੀਤੀ ਹੈ ਕਿ ਮੁਲਕ ਵਿਚ ਹੋ ਰਹੀ ਸਿੱਖ ਵਿਰੋਧੀ ਹਿੰਸਾ ਨੂੰ ਨਫਰਤੀ ਜੁਰਮਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ। ਹਰਪ੍ਰੀਤ ਸਿੰਘ ਸੈਣੀ ਨੇ ਇਹ ਮੰਗ ਅਮਰੀਕੀ ਕਾਂਗਰਸ ਦੀ ਕਮੇਟੀ ਅੱਗੇ ਸੁਣਵਾਈ ਦੌਰਾਨ ਰੱਖੀ। ਮੁਲਕ ਦੇ ਵੱਡੀ ਗਿਣਤੀ ਸੰਸਦ ਮੈਂਬਰ ਪਹਿਲਾਂ ਹੀ ਇਹ ਮੰਗ ਜ਼ੋਰਦਾਰ ਢੰਗ ਨਾਲ ਕਰ ਚੁੱਕੇ ਹਨ।

ਹਰਪ੍ਰੀਤ ਦੀ ਮਾਤਾ ਪਰਮਜੀਤ ਕੌਰ ਉਨ੍ਹਾਂ ਛੇ ਸਿੱਖ ਸ਼ਰਧਾਲੂਆਂ ਵਿਚ ਸ਼ਾਮਲ ਸੀ ਜੋ ਗੁਰਦੁਆਰੇ ਵਿਚ ਪੰਜ ਅਗਸਤ ਨੂੰ ਇਕ ਗੋਰੇ ਜਨੂੰਨੀ ਵੱਲੋਂ ਕੀਤੇ ਗਏ ਹਮਲੇ ਵਿਚ ਮਾਰੇ ਗਏ ਸਨ। ਓਕ ਕਰੀਕ ਦੀ ਘਟਨਾ ਤੋਂ ਬਾਅਦ ਸਿੱਖਾਂ ਖਿਲਾਫ ਹਿੰਸਾ ਨੂੰ ਨਫਰਤੀ ਜੁਰਮਾਂ ਦੀ ਸੂਚੀ ਤੇ ਅੰਕੜਿਆਂ ਵਿਚ ਸ਼ਾਮਲ ਕਰਨ ਦੀ ਮੰਗ ਜ਼ੋਰ ਫੜ ਗਈ ਹੈ। ਵੱਡੀ ਗਿਣਤੀ ਕਾਨੂੰਨਸਾਜ਼ਾਂ ਨੇ ਇਸ ਮੰਗ ਦੀ ਹਮਾਇਤ ਕੀਤੀ ਹੈ।

ਫੈਡਰਲ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਇਸ ਮਾਮਲੇ 'ਤੇ ਗੌਰ ਕਰ ਰਹੇ ਹਨ ਤੇ ਇਸ ਬਾਰੇ ਅਕਤੂਬਰ ਅੱਧ ਤਕ ਫੈਸਲਾ ਕਰ ਲਿਆ ਜਾਵੇਗਾ। ਹਰਪ੍ਰੀਤ ਸੈਣੀ ਨੇ ਕਿਹਾ ਕਿ ਪੰਜ ਅਗਸਤ ਦਾ ਦਿਨ ਅਮਰੀਕੀ ਸਿੱਖਾਂ ਲਈ ਹੀ ਨਹੀਂ ਸਾਰੇ ਅਮਰੀਕੀਆਂ ਲਈ ਮੰਦਭਾਗਾ ਸੀ। ਆਪਣੀ ਜਜ਼ਬਾਤੀ ਗਵਾਹੀ ਵਿਚ ਉਸ ਨੇ ਦਲੀਲ ਦਿੱਤੀ ਕਿ ਓਕ ਕਰੀਕ ਦੀ ਘਟਨਾ ਕੋਈ ਕੱਲੀ-ਕਾਰੀ ਘਟਨਾ ਨਹੀਂ ਹੈ। ਉਸ ਨੇ ਜ਼ੋਰ ਦੇ ਕੇ ਕਿਹਾ ਕਿ ਜੇ ਹੁਣੇ ਹੀ ਇਸ ਖ਼ਿਲਾਫ਼ ਕੁਝ ਨਾ ਕੀਤਾ ਗਿਆ ਤਾਂ ਅਜਿਹੀ ਘਟਨਾ ਮੁੜ ਵਾਪਰ ਸਕਦੀ ਹੈ।

*To Advertise with Punjab Times*
**Call: 847-359-0746**
**www.punjabtimesusa.com**



# ਬਹੁਤ ਬੁਰੇ ਫਸੇ ਸੀਨੀਅਰ ਕਾਂਗਰਸੀ ਆਗੂ ਅਵਤਾਰ ਹੈਨਰੀ

**ਜਲੰਧਰ:** ਬਰਤਾਨਵੀ ਨਾਗਰਿਕਤਾ ਦੇ ਮਾਮਲੇ ਕਾਰਨ ਵਿਵਾਦਾਂ ਵਿਚ ਘਿਰੇ ਕਾਂਗਰਸ ਦੇ ਸੀਨੀਅਰ ਆਗੂ ਅਵਤਾਰ ਹੈਨਰੀ ਨੂੰ ਹੋਰ ਵੀ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪੰਜਾਬ ਦੇ ਵੱਡੇ ਟਰਾਂਸਪੋਰਟਰਾਂ 'ਚ ਗਿਣੇ ਜਾਂਦੇ ਹੈਨਰੀ ਆਪਣੇ ਇਸ ਕਾਰੋਬਾਰ ਦੇ ਨਾਲ-ਨਾਲ ਸਿਆਸਤ ਵਿਚ ਵੀ ਵੱਡੇ ਅਹੁਦਿਆਂ 'ਤੇ ਵਿਚਰੇ ਹਨ। ਉਨ੍ਹਾਂ ਦੇ ਪੁੱਤਰ ਗੁਰਜੀਤ ਸਿੰਘ ਸੰਘੇੜਾ ਨੇ ਕਿਹਾ ਕਿ ਉਸ ਦੇ ਪਿਤਾ ਨੇ ਹਿੰਦੂ ਮੈਰਿਜ ਐਕਟ ਦੀ ਉਲੰਘਣਾ ਕੀਤੀ ਹੈ ਕਿਉਂਕਿ ਉਨ੍ਹਾਂ ਨੇ ਉਸ ਦੀ ਮਾਂ ਸੁਰਿੰਦਰ ਕੌਰ ਨੂੰ ਬਿਨਾਂ ਤਲਾਕ ਦਿੱਤਿਆਂ ਹਰਿੰਦਰ ਕੌਰ ਨਾਲ ਵਿਆਹ ਕਰਵਾ ਲਿਆ ਸੀ।

ਕੇਂਦਰੀ ਗ੍ਰਹਿ ਮੰਤਰਾਲੇ (ਵਿਦੇਸ਼ੀ ਸ਼ਾਖਾ) ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਵਤਾਰ ਹੈਨਰੀ ਬਰਤਾਨਵੀ ਨਾਗਰਿਕ ਹਨ। ਤੱਥਾਂ ਨੂੰ ਛੁਪਾ ਕੇ ਉਨ੍ਹਾਂ ਭਾਰਤੀ ਪਾਸਪੋਰਟ ਲੈ ਲਿਆ ਜਦੋਂਕਿ ਉਹ ਇਥੋਂ ਦੇ ਨਾਗਰਿਕ ਹੀ ਨਹੀਂ ਹਨ। ਹੈਨਰੀ ਦੀ ਪਹਿਲੀ ਪਤਨੀ ਤੋਂ ਪੈਦਾ ਹੋਏ ਪੁੱਤਰ ਗੁਰਜੀਤ ਸਿੰਘ ਸੰਘੇੜਾ ਨੇ ਦੱਸਿਆ ਕਿ ਹੈਨਰੀ ਤੇ ਸੁਰਿੰਦਰ ਕੌਰ ਦਾ ਵਿਆਹ 1964 ਵਿਚ ਹੋਇਆ ਸੀ ਪਰ ਉਸ ਦਾ ਪਿਤਾ (ਹੈਨਰੀ) ਉਸ ਨੂੰ ਇੰਗਲੈਂਡ ਤੋਂ

### ਹਿੰਦੂ ਮੈਰਿਜ ਐਕਟ ਦੀ ਉਲੰਘਣਾ ਦਾ ਦੋਸ਼



1969 ਵਿਚ ਜਬਰੀ ਵਾਪਸ ਭਾਰਤ ਲੈ ਆਇਆ ਸੀ ਤੇ ਇਥੇ ਉਸਨੂੰ ਪਿੰਡ ਬਿਲਗਾ ਵਿਖੇ ਉਸ ਦੀ ਦਾਦੀ ਬਖਸ਼ੀਸ਼ ਕੌਰ ਕੋਲ ਰੱਖਿਆ ਗਿਆ।

ਸੁਰਿੰਦਰ ਕੌਰ ਤੋਂ ਉਸ ਦਾ ਪੁੱਤਰ ਵਿਛੋੜੇ ਜਾਣ 'ਤੇ ਉਹ ਸਦਮੇ ਵਿਚ ਚਲੀ ਗਈ ਤੇ ਬਿਮਾਰ ਰਹਿਣ ਲੱਗੀ। ਉਸ ਦੇ ਸਹੁਰੇ ਪਰਿਵਾਰ ਨੇ ਅਵਤਾਰ ਹੈਨਰੀ ਨੂੰ ਇਹ ਸਮਝਾਉਣ ਦਾ ਯਤਨ ਕੀਤਾ ਕਿ ਉਹ ਸੁਰਿੰਦਰ ਕੌਰ ਨੂੰ ਮੁੜ ਅਪਣਾ ਲਵੇ ਪਰ ਉਹ ਨਹੀਂ ਮੰਨੇ।

ਗੁਰਜੀਤ ਨੇ ਦੱਸਿਆ ਕਿ ਭਾਰਤ ਵਿਚ ਜਦੋਂ ਉਹ ਪੜ੍ਹਨ ਲੱਗ ਪਿਆ ਤਾਂ ਉਸ ਦੀ ਮਾਂ ਇੰਗਲੈਂਡ ਤੋਂ ਉਚੇਚਾ ਉਸ ਨੂੰ ਮਿਲਣ ਵਾਸਤੇ ਆਉਂਦੀ ਸੀ। 1999 ਵਿਚ ਉਸ ਨੇ ਉਸਨੂੰ ਆਪਣੇ ਕੋਲ ਬਰਤਾਨੀਆ ਵੀ ਸੱਦਿਆ ਸੀ ਜਿੱਥੇ ਉਹ ਦੋਵੇਂ ਮਾਂ ਪੁੱਤ ਇਕੱਠੇ ਰਹਿਣ ਲੱਗ ਪਏ ਸਨ। ਉਸ ਦੀ ਮਾਂ ਉਸ ਨੂੰ ਅਕਸਰ ਕਹਿੰਦੀ ਸੀ ਕਿ ਉਹ ਉਸ ਨੂੰ ਇਨਸਾਫ ਲੈ ਕੇ ਦੇਵੇ। ਗੁਰਜੀਤ ਦੀ ਮਾਂ ਦੀ ਇਸੇ ਸਾਲ ਜੁਲਾਈ ਮਹੀਨੇ ਵਿਚ ਮੌਤ ਹੋ ਚੁੱਕੀ ਹੈ।

ਉਧਰ ਸ੍ਰੀ ਹੈਨਰੀ ਨੇ ਦੱਸਿਆ ਕਿ ਉਹ ਜਲਦੀ ਹੀ ਗ੍ਰਹਿ ਮੰਤਰਾਲੇ ਵੱਲੋਂ ਉਸ ਦੇ ਬਰਤਾਨਵੀ ਨਾਗਰਿਕ ਹੋਣ ਦੇ ਕੀਤੇ ਫੈਸਲੇ ਵਿਰੁੱਧ ਅਪੀਲ ਕਰਨਗੇ। ਮੰਤਰਾਲੇ ਨੇ ਅਪੀਲ ਕਰਨ ਲਈ 30 ਦਿਨ ਦਾ ਸਮਾਂ ਦਿੱਤਾ ਹੋਇਆ ਹੈ। ਸ੍ਰੀ ਹੈਨਰੀ ਨੇ ਕਿਹਾ ਕਿ ਉਨ੍ਹਾਂ ਗੁਰਜੀਤ ਨੂੰ ਵਧੀਆ ਕਾਨਵੈਂਟ ਸਕੂਲ ਵਿਚ ਪੜ੍ਹਾ ਕੇ ਉੱਚੀ ਤਾਲੀਮ ਦਿਵਾਈ ਸੀ ਤੇ ਉਸ ਦੇ ਵਿਆਹ ਸਮੇਂ ਉਸ ਵੇਲੇ ਦੇ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਚੇਚੇ ਤੌਰ 'ਤੇ ਸ਼ਾਮਲ ਹੋਣ ਲਈ ਆਏ ਸਨ। ਵਿਆਹ ਤੋਂ ਬਾਅਦ ਗੁਰਜੀਤ ਤੇ ਉਸ ਦੀ ਪਤਨੀ ਨੂੰ ਉਨ੍ਹਾਂ ਨੇ ਇੰਗਲੈਂਡ ਘੁੰਮਣ ਲਈ ਭੇਜਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਜਦੋਂ ਉਹ 1969 ਵਿਚ ਵਾਪਸ ਪੰਜਾਬ ਆ ਗਏ ਸਨ ਤਾਂ ਉਨ੍ਹਾਂ ਨੇ ਕਦੇ ਵੀ ਬਰਤਾਨਵੀ ਪਾਸਪੋਰਟ 'ਤੇ ਸਫ਼ਰ ਨਹੀਂ ਕੀਤਾ ਤੇ ਨਾ ਹੀ ਉਸ ਨੂੰ ਨਵਿਆਉਣ ਲਈ ਅਰਜ਼ੀ ਦਿੱਤੀ ਸੀ। ਟਰਾਂਸਪੋਰਟ ਦੇ ਕਾਰੋਬਾਰ ਤੋਂ ਸਿਆਸਤ ਵਿਚ ਆਏ ਹੈਨਰੀ ਨੇ ਕਿਹਾ ਕਿ ਗੁਰਜੀਤ ਦਾ ਜਨਮ ਇੰਗਲੈਂਡ ਵਿਚ ਹੋਇਆ ਸੀ ਤੇ ਉਹ ਉਥੋਂ ਦਾ ਹੀ ਨਾਗਰਿਕ ਹੈ ਪਰ 1999 ਵਿਚ ਉਸ ਨੇ ਭਾਰਤੀ ਪਾਸਪੋਰਟ 'ਤੇ ਸਫਰ ਕੀਤਾ ਸੀ। ਉਨ੍ਹਾਂ ਦਾਅਵਾ ਕੀਤਾ ਕਿ 1969 ਵਿਚ ਜਦੋਂ ਉਹ ਇੰਗਲੈਂਡ ਤੋਂ ਵਾਪਸ ਭਾਰਤ ਆ ਗਏ ਸਨ ਤਾਂ ਉਨ੍ਹਾਂ ਨੇ ਆਪਣਾ ਅਸਲੀ ਬਰਤਾਨੀਆ ਪਾਸਪੋਰਟ ਇੰਗਲੈਂਡ ਵਾਪਸ ਕਰ ਦਿੱਤਾ ਸੀ।

ਉਨ੍ਹਾਂ ਕਿਹਾ ਕਿ ਉਹ ਪੰਜਾਬ ਵਿਚ ਜੰਮੇ-ਪਲੇ ਹਨ ਤੇ ਆਖਰੀ ਸਾਹਾਂ ਤੱਕ ਭਾਰਤੀ ਨਾਗਰਿਕ ਹੀ ਰਹਿਣਗੇ। ਉਧਰ ਗੁਰਜੀਤ ਸਿੰਘ ਸੰਘੇੜਾ ਨੇ ਮੰਨਿਆ ਕਿ ਉਹ ਬਰਤਾਨਵੀ ਨਾਗਰਿਕ ਹੈ ਤੇ ਉਸ ਦੇ ਪਰਿਵਾਰ ਦੇ ਮੈਂਬਰ ਵੀ ਬਰਤਾਨਵੀ ਨਾਗਰਿਕ ਹਨ। ਉਨ੍ਹਾਂ ਕੋਲ ਮਿਆਦ ਰਹਿੰਦਾ ਵੀਜ਼ਾ ਹੈ। ਬਰਤਾਨਵੀ ਨਾਗਰਿਕ ਹੋਣ ਦੇ ਬਾਵਜੂਦ ਇੱਥੇ ਟਰਾਂਸਪੋਰਟ ਦੇ ਕੀਤੇ ਜਾ ਰਹੇ ਕਾਰੋਬਾਰ ਬਾਰੇ ਸ੍ਰੀ ਸੰਘੇੜਾ ਨੇ ਦੱਸਿਆ ਕਿ ਇਹ ਕਾਰੋਬਾਰ ਉਸ ਦੇ ਸਹੁਰਾ ਪਰਿਵਾਰ ਦਾ ਹੈ।

## ਕਸਾਬ ਦੀ ਰਹਿਮ ਲਈ ਅਪੀਲ ਰੱਦ

**ਮੁੰਬਈ:** 26/11 ਮੁੰਬਈ ਹਮਲਿਆਂ ਦੇ ਦੋਸ਼ੀ ਅਜਮਲ ਕਸਾਬ ਵੱਲੋਂ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਕੀਤੀ ਰਹਿਮ ਲਈ ਅਪੀਲ ਮਹਾਰਾਸ਼ਟਰ ਦੇ ਗ੍ਰਹਿ ਮੰਤਰਾਲੇ ਨੇ ਨਾਮਨਜ਼ੂਰ ਕਰ ਦਿੱਤੀ ਹੈ ਜੋ ਅੱਗੇ ਮੁੱਖ ਮੰਤਰੀ ਦਫਤਰ ਭੇਜੀ ਗਈ ਹੈ। ਉਹ ਇਸ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਭੇਜ ਸਕਦੇ ਹਨ।

## ਟੈਕਸੀ ਡਰਾਈਵਰ ਤੋਂ ਬਣਿਆ ਵਜ਼ੀਰ

**ਜਲੰਧਰ:** ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਅਵਤਾਰ ਹੈਨਰੀ ਨੇ 1969 ਵਿਚ ਭਾਰਤ ਆਉਣ ਤੋਂ ਪਹਿਲਾਂ ਇੰਗਲੈਂਡ ਵਿਚ ਆਪਣੀ ਜ਼ਿੰਦਗੀ ਟੈਕਸੀ ਡਰਾਈਵਰ ਵਜੋਂ ਸ਼ੁਰੂ ਕੀਤੀ ਸੀ। ਭਾਰਤ ਆਉਣ ਸਮੇਂ ਉਨ੍ਹਾਂ ਕੋਲ ਬਹੁਤ ਥੋੜ੍ਹੇ ਪੈਸੇ ਸਨ। ਹੁਣ ਉਨ੍ਹਾਂ ਦੀਆਂ ਦੋ ਵੱਡੀਆਂ ਟਰਾਂਸਪੋਰਟ ਕੰਪਨੀਆਂ ਤੇ ਚੱਲ ਤੇ ਅਚੱਲ ਜਾਇਦਾਦ ਸੈਂਕੜੇ ਕਰੋੜਾਂ ਦੀ ਹੈ। ਇਸ ਬਾਰੇ ਉਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੇ ਇਹ ਸਖਤ ਮਿਹਨਤ ਕਰਕੇ ਬਣਾਈ ਹੈ।

ਜਲੰਧਰ ਦੇ ਉੱਤਰੀ ਵਿਧਾਨ ਸਭਾ ਹਲਕੇ ਤੋਂ ਛੇ ਵਾਰ ਚੋਣ ਲੜ ਚੁੱਕੇ ਅਵਤਾਰ ਹੈਨਰੀ ਇਸ ਹਲਕੇ ਤੋਂ ਤਿੰਨ ਵਾਰ ਜੇਤੂ ਰਹੇ ਸਨ ਤੇ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਉਹ ਲਗਾਤਾਰ ਹਾਰ ਗਏ ਸਨ। 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਨ੍ਹਾਂ ਵੱਲੋਂ ਦਿੱਤੇ ਗਏ ਹਲਫੀਆ ਬਿਆਨਾਂ ਅਨੁਸਾਰ ਉਨ੍ਹਾਂ ਦੀ ਜਾਇਦਾਦ 6 ਕਰੋੜ ਦੀ ਸੀ ਜੋ 2012 ਦੀਆਂ ਚੋਣਾਂ ਦੌਰਾਨ 16 ਕਰੋੜ ਦੀ ਹੋ ਗਈ ਸੀ।

ਪਿੰਡ ਬਿਲਗਾ ਦੇ ਰਹਿਣ ਵਾਲੇ ਅਵਤਾਰ ਸਿੰਘ ਦਾ ਉਪ ਨਾਂ ਹੈਨਰੀ ਇੰਗਲੈਂਡ ਵਿਚ ਹੀ ਪਿਆ। ਉਨ੍ਹਾਂ ਨੇ ਉੱਥੇ ਲੋਹਾ ਭੱਠੀ ਵਿਚ ਕੰਮ ਕਰਨ ਤੋਂ ਇਲਾਵਾ ਟੈਕਸੀ ਚਾਲਕ ਵਜੋਂ ਆਪਣਾ ਕਾਰੋਬਾਰ ਸ਼ੁਰੂ ਕੀਤਾ ਸੀ। ਭਾਰਤ ਆਉਣ ਤੋਂ ਬਾਅਦ ਉਹ ਕਰਤਾਰ ਟਰਾਂਸਪੋਰਟ ਕੰਪਨੀ ਵਿਚ ਬਤੌਰ ਇੰਸਪੈਕਟਰ ਕੰਮ ਕਰਨ ਲੱਗ ਪਏ ਸਨ। ਕਰਤਾਰ ਕੰਪਨੀ ਦਾ ਮਾਲਕ ਉਦੋਂ ਕਰਤਾਰ ਸਿੰਘ ਜੌਹਲ ਸੀ ਜੋ ਹੈਨਰੀ ਦੇ ਵੱਡੇ ਭਰਾ ਲਖਬੀਰ ਸਿੰਘ ਦਾ ਨੇੜਲਾ ਦੋਸਤ ਸੀ। ਹੈਨਰੀ ਕਰਤਾਰ ਬੱਸ ਕੰਪਨੀ ਵਿਚ ਹੀ ਮੈਨੇਜਰ ਲੱਗ ਗਏ। ਜਦੋਂ ਇਹ ਕੰਪਨੀ ਘਾਟੇ ਵਿਚ ਚਲੀ ਗਈ ਤਾਂ ਇਸ ਕੰਪਨੀ ਨੂੰ ਹੈਨਰੀ ਨੇ ਹੀ ਖਰੀਦ ਲਿਆ।

## ਰਾਜਾ ਸਾਹਿਬ ਨਾਭ ਕੰਵਲ ਦੀ ਬਰਸੀ 'ਤੇ ਸਮਾਗਮ 7 ਨੂੰ

**ਪਿਟਸਬਰਗ, ਕੈਲੀਫੋਰਨੀਆ (ਬਿਊਰੋ):** ਰਾਜਾ ਸਾਹਿਬ ਨਾਭ ਕੰਵਲ ਦੀ ਬਰਸੀ ਸਥਾਨਕ ਗੁਰਦੁਆਰਾ ਰਵਿਦਾਸ ਟੈਂਪਲ ਵਿਖੇ ਆਉਂਦੀ 5, 6 ਤੇ 7 ਅਕਤੂਬਰ ਨੂੰ ਉਨ੍ਹਾਂ ਦੇ ਸ਼ਰਧਾਲੂਆਂ ਵਲੋਂ ਮਨਾਈ ਜਾਏਗੀ। ਇਸ ਸਬੰਧੀ ਅਖੰਡ ਪਾਠ ਦਾ ਅਰੰਭ 5 ਅਕਤੂਬਰ ਨੂੰ ਹੋਵੇਗਾ ਅਤੇ ਭੋਗ 7 ਅਕਤੂਬਰ ਨੂੰ ਪਵੇਗਾ। ਉਪਰੰਤ ਪੰਥ ਪ੍ਰਸਿਧ ਰਾਗੀ-ਢਾਡੀ ਜਥੇ ਰਾਜਾ ਸਾਹਿਬ ਦੇ ਜੀਵਨ 'ਤੇ ਚਾਨਣਾ ਪਾਉਣਗੇ ਅਤੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਸੰਨ 1862 ਵਿਚ ਦੋਆਬੇ ਦੀ ਧਰਤੀ ਦੇ ਪਿੰਡ ਬੱਲੋਵਾਲ ਵਿਚ ਮਾਤਾ ਸਾਹਿਬ ਦੇਵੀ ਦੀ ਕੁੱਖੋਂ ਜਨਮੇ ਰਾਜਾ ਸਾਹਿਬ ਨਾਭ ਕੰਵਲ ਬਚਪਨ ਤੋਂ ਹੀ ਸੰਤ ਸੁਭਾਅ ਦੇ ਸਨ। ਪਿੰਡ ਝਿੰਗੜੀ ਦੇ ਬਾਬਾ ਜਵਾਹਰ ਸਿੰਘ ਨੂੰ ਮਿਲੇ ਤਾਂ ਉਨ੍ਹਾਂ ਦੇ ਮੁਰੀਦ ਹੋ ਗਏ। 1906 ਵਿਚ ਉਨ੍ਹਾਂ ਪਿੰਡ ਝਿੰਗੜੀ ਵਿਚ ਗੁਰਦੁਆਰਾ ਦੁੱਖ ਨਿਵਾਰਨ ਦੀ ਉਸਾਰੀ ਕਰਵਾਈ। ਇਸ ਤੋਂ ਇਲਾਵਾ ਪਿੰਡ ਗੋਸਲਾਂ, ਸੁਜੋਂ, ਮੰਨਣਹਾਣਾ ਵਿਚ ਉਨ੍ਹਾਂ ਗੁਰੂ ਘਰਾਂ ਦੀ ਉਸਾਰੀ ਕਰਵਾਈ। ਉਨ੍ਹਾਂ ਹਜ਼ਾਰਾਂ ਪ੍ਰਣੀਆਂ ਨੂੰ ਗੁਰੂ ਦੇ ਲੜ ਲਾਇਆ।


Law Offices of Gill & Heridis

Immigration Services
■Family Petitions
■Marriage Petitions
■Fiance Visas
■Vawa Petitions
■Consular Processing
■Worker Visas

■9th Circuit Appeals
■BIA Appeals
■Removal Defense
■Asylum

Personal Injury
■Auto Collision




Bhupinder Gill, Esq.
Attorney at Law
(Admitted in CA)

Call for initial consultation
Attorney Bhupinder Gill, Esq.
Attorney George Heridis, Esq.

(408) 940-6065, (408) 736-5203
Email: gill@ghfirm.com Web: www.ghfirm.com
830 Stewart Drive, Suite#231, Sunnyvale, CA 94085

Buy or Sell House, Liquor Store, Gas Station etc.
In Bay Area & Central Valley
* For Quick Short Sale
* Home Loans & SBA Loans
* Refinance @ Zero Cost
* Free Loan Approval Letter



Raj Singh
MA, Med.
(Retd. Principal)
Realtor/Notary
CA DRE#01776459
Mortgage Specialist
NMLS#361690

SMS or Call @
510-452-7370
www.singhraj.bayeastweb.com
Fax: 510-490-9703
MISSIONPEAK BROKERS, INC.
46560 Fremont Blvd., Suite#111, Fremont, CA 94538

KAUR eye institute
Putting Patient Care First



Dr. Harrup Kaur, MD, FACS
Eye Surgeon
CATARACT SPECIALIST, San Jose, CA
• Top 10% of eye surgeons in the U.S.
• Trained at the prestigious Mayo Clinc
• Board Certified: American Board of Ophthalmology
• Fellow, American College of Surgeons
ਆਪਣੀਆਂ ਅੱਖਾਂ ਦੀ ਸਰਜਰੀ ਦੀ ਜ਼ਿੰਮੇਵਾਰੀ ਡਾ. ਹਰਿਰੂਪ ਕੌਰ 'ਤੇ ਛੱਡੋ
Cataract surgery continues to evolve. Trust your eyes to a surgeon who has been trained in and uses the most advanced surgical techniques.
Dr. Kaur has been successfully helping patients see without glasses for the past 8 years.
MICRO-INCISION SURGERY • NO STITCHES • PREMIUM LENSES
We accept all major health insurances, including Medicare.
CALL TODAY TO SCHEDULE YOUR SURGERY CONSULTATION
888-940-3940 • 408-940-3940
Kaur Eye Institute • 555 Knowles Dr., Suite 117 • Los Gatos, CA 95032
www.KaurEye.com

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੁਖਬੀਰ ਦੀ ਰਣਨੀਤੀ ਅੱਗੇ ਖਾੜਕੂ ਲੀਡਰਸ਼ਿਪ ਚੌਫਾਲ ਡਿੱਗੀ

ਰੋਹਣਨੌਂ ਦੱਸੀ ਗਈ ਸੀ ਅਤੇ ਕਿਹਾ ਗਿਆ ਸੀ ਕਿ ਇਨ੍ਹਾਂ ਦੇ ਸਬੰਧ ਗੁਰਨੇਕ ਸਿੰਘ ਉਰਫ ਨਿੱਕਾ ਅਤੇ ਕੁਲਬੀਰ ਸਿੰਘ ਬੜਾਪਿੰਡ ਨਾਲ ਸਨ। ਪੁਲਿਸ ਅਨੁਸਾਰ ਸੰਦੀਪ ਸਿੰਘ ਪਾਕਿਸਤਾਨ ਵੀ ਗਿਆ ਸੀ।

ਪੁਲਿਸ ਵੱਲੋਂ 22 ਸਤੰਬਰ ਨੂੰ ਫੜੇ ਗਏ ਸੁਰਿੰਦਰ ਸਿੰਘ ਦਾ ਸਬੰਧ ਵੀ ਕੁਲਬੀਰ ਸਿੰਘ ਬੜਾਪਿੰਡ ਨਾਲ ਜੋੜਿਆ ਗਿਆ ਹੈ। ਪੁਲਿਸ ਦਾ ਦਾਅਵਾ ਹੈ ਕਿ ਉਸ ਕੋਲੋਂ 315 ਬੋਰ ਦਾ ਦੇਸੀ ਪਿਸਤੌਲ ਬਰਾਮਦ ਹੋਇਆ। ਸੁਰਿੰਦਰ ਸਿੰਘ ਪਹਿਲਾਂ ਕੁਲਬੀਰ ਸਿੰਘ ਬੜਾਪਿੰਡ ਦਾ ਨਿੱਜੀ ਅੰਗ-ਰੱਖਿਅਕ ਸੀ। ਪੁਲਿਸ ਮੁਤਾਬਕ ਉਹ ਪਾਕਿਸਤਾਨ ਤੋਂ ਟਰੇਨਿੰਗ ਲੈ ਕੇ ਆਇਆ ਹੈ। ਪੁਲਿਸ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਕੁਲਬੀਰ ਸਿੰਘ ਬੜਾਪਿੰਡ ਫੇਸਬੁੱਕ ਅਤੇ ਇੰਟਰਨੈਟ ਰਾਹੀਂ ਖਾਲਿਸਤਾਨੀਆਂ ਨਾਲ ਸੰਪਰਕ ਵਿਚ ਸੀ ਅਤੇ ਉਸ ਨੂੰ ਵਿਦੇਸ਼ਾਂ ਤੋਂ ਫੰਡ ਆਉਂਦਾ ਸੀ ਜਿਸ ਬਾਰੇ ਜਾਂਚ ਚੱਲ ਰਹੀ ਹੈ।

ਜਸਟਿਸ ਅਜੀਤ ਸਿੰਘ ਨੇ ਕਿਹਾ ਕਿ ਦੋਹਾਂ ਆਗੂਆਂ ਦੀ ਗ੍ਰਿਫਤਾਰੀ ਗੈਰ-ਕਾਨੂੰਨੀ ਤੇ ਗੈਰ-ਵਿਧਾਨਕ ਹੈ। ਇਨ੍ਹਾਂ ਆਗੂਆਂ ਨੂੰ ਸਿਆਸੀ ਬਦਲਾਖੋਰੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਵਿੱਚ ਫੈਲੇ ਭ੍ਰਿਸ਼ਟਾਚਾਰ ਦੇ ਕੱਚੇ ਚਿੱਠੇ ਫਰੋਲਣੇ ਸ਼ੁਰੂ ਕਰ ਦਿੱਤੇ ਸਨ।

ਕੁਲਬੀਰ ਸਿੰਘ ਬੜਾਪਿੰਡ ਦੀ ਪਤਨੀ ਖੁਸ਼ਵੀਰ ਕੌਰ ਤੇ ਦਲਜੀਤ ਸਿੰਘ ਬਿੱਟੂ ਦੀ ਪਤਨੀ ਅੰਮ੍ਰਿਤ ਕੌਰ ਨੇ ਪੁਲਿਸ ਦੀ ਕਹਾਣੀ ਨੂੰ ਮਨਘੜਤ ਕਰਾਰ ਦਿੰਦਿਆਂ ਸਰਕਾਰ 'ਤੇ ਦੋਹਾਂ ਪਰਿਵਾਰਾਂ ਦਾ ਜਾਤੀ ਨੁਕਸਾਨ ਕਰਨ ਦੇ ਦੋਸ਼ ਲਗਾਏ ਹਨ। ਉਨ੍ਹਾਂ ਕਿਹਾ ਕਿ ਪੁਲਿਸ ਨੇ ਬੜਾਪਿੰਡ ਤੇ ਬਿੱਟੂ ਦਾ ਜੀਵਨ ਨਰਕ ਬਣਾ ਦਿੱਤਾ ਹੈ ਤੇ ਇਸ ਲਈ ਹਾਕਮ ਪਾਰਟੀ ਦੋਸ਼ੀ ਹੈ। ਪੁਲਿਸ ਨੂੰ ਤਲਾਸ਼ੀ ਦੌਰਾਨ ਕੁੱਝ ਵੀ ਇਤਰਾਜ਼ਯੋਗ ਵਸਤੂ ਹੱਥ ਨਹੀਂ ਲੱਗੀ, ਪਰ ਮਾਮਲੇ ਸੰਗੀਨ ਦੋਸ਼ਾਂ ਦੇ ਦਰਜ ਕਰ ਦਿੱਤੇ ਗਏ ਹਨ। ਅੰਮ੍ਰਿਤ ਕੌਰ ਨੇ ਕਿਹਾ ਕਿ ਉਸ ਦਾ ਪਤੀ 2009 ਤੋਂ ਮਈ 2012 ਤੱਕ ਜੇਲ੍ਹ ਵਿਚ ਰਿਹਾ ਹੈ ਅਤੇ ਚਾਰ ਮਹੀਨਿਆਂ ਦੇ ਸਮੇਂ ਦੌਰਾਨ ਉਹ ਘਰੋਂ ਕਿਤੇ ਬਾਹਰ ਨਹੀਂ ਗਿਆ, ਫਿਰ ਗੈਰ-ਕਾਨੂੰਨੀ ਗਤੀਵਿਧੀ ਕਿਵੇਂ ਹੋ ਗਈ।

## ਕੀ ਹੈ ਇਤਰਾਜ਼ਯੋਗ ਸਾਹਿਤ?

ਪੁਲਿਸ ਵੱਲੋਂ ਬੜਾਪਿੰਡ ਕੋਲੋਂ ਜਿਹੜੀਆਂ ਕਿਤਾਬਾਂ, ਮੈਗਜ਼ੀਨ ਤੇ ਕੈਲੰਡਰ ਬਰਾਮਦ ਕੀਤੇ ਗਏ ਸਨ, ਉਹ ਸਾਰੇ ਮਾਰਕੀਟ 'ਚ ਆਮ ਹੀ ਮਿਲ ਰਹੇ ਹਨ। ਬੜਾਪਿੰਡ ਦੇ ਖੂਹ ਤੋਂ ਬਰਾਮਦ ਕੀਤੀਆਂ ਕਿਤਾਬਾਂ ਵਿਚ 'ਹੂ ਕਿਲਡ ਕਰਕਰੇ' ਨਾਂ ਦੀ ਕਿਤਾਬ ਸ਼ਾਮਲ ਹੈ ਤੇ ਇਹ ਕਿਤਾਬ ਮਹਾਰਾਸ਼ਟਰਾ ਪੁਲੀਸ ਦੇ ਆਈ.ਜੀ. ਐਸ.ਐਮ. ਨੁਸਰਿਫ਼ ਨੇ ਲਿਖੀ ਹੈ। ਕਿਤਾਬਾਂ ਵਿਚ 'ਜੂਨ 1984' ਦੇ ਸ਼ਹੀਦਾਂ ਦੀ ਡਾਇਰੈਕਟਰੀ ਵੀ ਸ਼ਾਮਲ ਹੈ। ਇਸ ਡਾਇਰੈਕਟਰੀ ਵਿਚ ਉਨ੍ਹਾਂ ਸਿੱਖ ਮੁੰਡਿਆਂ ਦੀਆਂ ਤਸਵੀਰਾਂ ਹਨ ਜਿਹੜੇ ਸਾਕਾ ਨੀਲਾ ਤਾਰਾ ਦੌਰਾਨ ਫੌਜ ਹੱਥੋਂ ਮਾਰੇ ਗਏ ਸਨ। ਇਹ ਡਾਇਰੈਕਟਰੀ ਦਲ ਖਾਲਸਾ ਨੇ ਛਾਪੀ ਪੁਲਿਸ ਵੱਲੋਂ ਬੜਾਪਿੰਡ ਕੋਲੋਂ ਜਿਹੜੀਆਂ ਕਿਤਾਬਾਂ, ਮੈਗਜ਼ੀਨ ਤੇ ਕੈਲੰਡਰ ਬਰਾਮਦ ਕੀਤੇ ਗਏ ਸਨ, ਉਹ ਸਾਰੇ ਮਾਰਕੀਟ 'ਚ ਆਮ ਹੀ ਮਿਲ ਰਹੇ ਹਨ। ਬੜਾਪਿੰਡ ਦੇ ਖੂਹ ਤੋਂ ਬਰਾਮਦ ਕੀਤੀਆਂ ਕਿਤਾਬਾਂ ਵਿਚ 'ਹੂ ਕਿਲਡ ਕਰਕਰੇ' ਨਾਂ ਦੀ ਕਿਤਾਬ ਸ਼ਾਮਲ ਹੈ ਤੇ ਇਹ ਕਿਤਾਬ ਮਹਾਰਾਸ਼ਟਰਾ ਪੁਲੀਸ ਦੇ ਆਈ.ਜੀ. ਐਸ.ਐਮ. ਨੁਸਰਿਫ਼ ਨੇ ਲਿਖੀ ਹੈ। ਕਿਤਾਬਾਂ ਵਿਚ 'ਜੂਨ 1984' ਦੇ ਸ਼ਹੀਦਾਂ ਦੀ ਡਾਇਰੈਕਟਰੀ ਵੀ ਸ਼ਾਮਲ ਹੈ। ਇਸ ਡਾਇਰੈਕਟਰੀ ਵਿਚ ਉਨ੍ਹਾਂ ਸਿੱਖ ਮੁੰਡਿਆਂ ਦੀਆਂ ਤਸਵੀਰਾਂ ਹਨ ਜਿਹੜੇ ਸਾਕਾ ਨੀਲਾ ਤਾਰਾ ਦੌਰਾਨ ਫੌਜ ਹੱਥੋਂ ਮਾਰੇ ਗਏ ਸਨ। ਇਹ ਡਾਇਰੈਕਟਰੀ ਦਲ ਖਾਲਸਾ ਨੇ ਛਾਪੀ ਹੈ ਜਿਹੜੀ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਨੇ ਅਕਾਲ ਤਖ਼ਤ ਸਾਹਿਬ ਤੋਂ ਸਾਕਾ ਨੀਲਾ ਤਾਰਾ ਦੀ ਵਰ੍ਹੇਗੰਢ ਦੌਰਾਨ ਜਾਰੀ ਕੀਤੀ ਸੀ। ਫੜੇ ਲਿਟਰੇਚਰ ਦੀ ਸੂਚੀ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਕੈਲੰਡਰ ਵੀ ਸ਼ਾਮਲ ਹੈ। ਇਸੇ ਤਰ੍ਹਾਂ 'ਖਾਲਿਸਤਾਨ ਦੀ ਗੂੰਜ', 'ਸ਼ਹੀਦ ਭਾਈ ਸਤਪਾਲ ਸਿੰਘ ਢਿਲੋਂ" ਤੇ ਸੰਤ ਭਿੰਡਰਾਂਵਾਲਿਆਂ ਦੀਆਂ ਹੋਰ ਕਿਤਾਬਾਂ ਸ਼ਾਮਲ ਹਨ। ਚਾਰ ਸੀ.ਡੀਜ਼ ਵੀ ਬਰਾਮਦ ਕੀਤੀਆਂ ਹਨ ਜਿਨ੍ਹਾਂ ਦਾ ਟਾਈਟਲ 'ਪੁਲੀਸ ਐਨਕਾਊਂਟਰ' ਹੈ।

# ਦਰਜ ਕੇਸਾਂ ਬਾਰੇ ਸਪਸ਼ਟ ਕੀਤਾ ਜਾਵੇ: ਦਲ ਖਾਲਸਾ

**ਅੰਮ੍ਰਿਤਸਰ (ਬਿਊਰੋ):** ਦਲ ਖਾਲਸਾ ਦੇ ਮੁਖੀ ਹਰਚਰਨਜੀਤ ਸਿੰਘ ਧਾਮੀ, ਜਨਰਲ ਸਕੱਤਰ ਡਾ. ਮਨਜਿੰਦਰ ਸਿੰਘ ਜੰਡੀ, ਬੁਲਾਰੇ ਕੰਵਰਪਾਲ ਸਿੰਘ ਅਤੇ ਖਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਭਾਈ ਮੋਹਕਮ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂਆਂ ਦਲਜੀਤ ਸਿੰਘ ਤੇ ਕੁਲਬੀਰ ਸਿੰਘ ਬੜਾ ਪਿੰਡ ਉਤੇ ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਐਕਟ 1967 ਅਧੀਨ ਕੇਸ ਦਰਜ ਕਰਨ ਬਾਰੇ ਸੂਬੇ ਦੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸਥਿਤੀ ਸਪਸ਼ੱਟ ਕਰਨ ਲਈ ਕਿਹਾ ਹੈ।

ਇਨ੍ਹਾਂ ਆਗੂਆਂ ਨੇ ਮੰਗ ਕੀਤੀ ਕਿ ਇਨ੍ਹਾਂ ਇਲਜ਼ਾਮਾਂ ਦੀ ਨਿਰਪੱਖ ਜਾਂਚ ਕਰਵਾਈ ਜਾਵੇ। ਦੋਵੇਂ ਆਗੂਆਂ ਦਾ ਅਤੀਤ ਖਾੜਕੂਵਾਦ ਨਾਲ ਜੁੜਿਆ ਰਿਹਾ ਹੈ ਪਰ ਮੌਜੂਦਾ ਦੌਰ ਵਿਚ ਉਨ੍ਹਾਂ ਦੀਆਂ ਸਰਗਰਮੀਆਂ ਨਾ ਤਾਂ ਗ਼ੈਰ-ਕਾਨੂੰਨੀ ਹਨ ਤੇ ਨਾ ਹੀ ਸ਼ਾਂਤੀ ਤੇ ਸਥਿਰਤਾ ਨੂੰ ਢਾਹ ਲਾਉਣ ਵਾਲੀਆਂ ਹਨ।

ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਦੀ ਚੁੱਪ 'ਤੇ ਵੀ ਹੈਰਾਨੀ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਦੋਹਾਂ ਆਗੂਆਂ ਘਰੋਂ ਜਿਸ ਇਤਰਾਜ਼ਯੋਗ ਬਰਾਮਦ ਹੋਈ ਛਪੀ ਸਮੱਗਰੀ ਦੀ ਦੁਹਾਈ ਪੁਲਿਸ ਪਾ ਰਹੀ ਹੈ ਇਹ ਉਹੀ ਸਾਹਿਤ ਹੈ ਜੋ ਭਾਰਤ ਤੇ ਪੰਜਾਬ ਸਰਕਾਰ ਦੀਆਂ ਵੱਖ-ਵੱਖ ਏਜੰਸੀਆਂ ਦੇ ਨਿਯਮਾਂ ਅਨੁਸਾਰ ਪ੍ਰਵਾਨ ਹੈ।

# ਪੰਜਾਬ ਵਿਚ ਨਵੀਂ ਸਿਆਸੀ ਸਫ਼ਬੰਦੀ

ਜਾ ਰਿਹਾ ਹੈ। ਸ. ਸੁਖਬੀਰ ਬਾਦਲ ਦੀ ਹਾਜ਼ਰੀ ਵਿਚ ਪੀਪਲਜ਼ ਪਾਰਟੀ ਦਾ ਖੂੰਜੇ ਲੱਗਣਾ ਤੇ ਪੀਪਲਜ਼ ਪਾਰਟੀ ਵੱਲੋਂ ਸੁਖਬੀਰ ਦੇ ਆਉਣ ਕਾਰਨ ਸੋਗ ਸਮਾਗਮਾਂ ਤੋਂ ਪਾਸਾ ਵੱਟਣਾ ਸਾਂਝੇ ਮੋਰਚੇ ਦੀ ਸਾਂਝ ਲਈ ਸਵਾਲ ਖੜ੍ਹੇ ਕਰ ਗਿਆ ਹੈ।

ਸ. ਸੁਖਬੀਰ ਬਾਦਲ ਨੇ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਮੁਲਾਇਮ ਸਿੰਘ ਯਾਦਵ ਨਾਲ ਮੁਲਾਕਾਤ ਬਾਰੇ ਸਪਸ਼ਟ ਕੀਤਾ ਕਿ ਅਕਾਲੀ ਦਲ ਐਨ.ਡੀ.ਏ. ਦਾ ਹਿੱਸਾ ਹੈ ਤੇ ਰਹੇਗਾ। ਉਨ੍ਹਾਂ ਦਾਅਵਾ ਕੀਤਾ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਦੇਸ਼ ਵਿਚ ਐਨ.ਡੀ.ਏ. ਦੀ ਸਰਕਾਰ ਬਣੇਗੀ।

ਦਿੱਲੀ 'ਚ ਬਾਦਲ ਦੀ ਮੁਲਾਇਮ ਸਿੰਘ ਯਾਦਵ ਨਾਲ ਹੋਈ ਮੁਲਾਕਾਤ ਨੂੰ ਸਿਆਸੀ ਹਲਕਿਆਂ ਵਿਚ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ। ਦੋਵਾਂ ਆਗੂਆਂ ਦੀ ਮੁਲਾਕਾਤ ਨੂੰ ਤੀਜੇ ਮੋਰਚੇ ਦੀ ਕੀਤੀ ਜਾਣ ਵਾਲੀ ਵਿਉਂਤਬੰਦੀ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ।

ਇਸ ਬਾਰੇ ਸੁਖਬੀਰ ਦਾ ਕਹਿਣਾ ਹੈ ਕਿ ਇਹ ਮੁਲਾਕਾਤ ਤਾਂ ਸਿਰਫ ਪਰਿਵਾਰਕ ਸੀ। ਇਸ ਦੌਰਾਨ ਤੀਜੇ ਮੋਰਚੇ ਦੀ ਕੋਈ ਵੀ ਗੱਲ ਨਹੀਂ ਹੋਈ। ਉਨ੍ਹਾਂ ਨਾਲ ਹੀ ਕਿਹਾ ਕਿ ਸ੍ਰੀ ਯਾਦਵ ਨਾਲ ਮੁਲਾਕਾਤ ਦਾ ਇਹ ਬਿਲਕੁਲ ਵੀ ਮਤਲਬ ਨਹੀਂ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੀਜੇ ਮੋਰਚੇ ਵਿਚ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਹੀ ਦਿੱਲੀ 'ਚ ਬਾਦਲ ਦੀ ਯਾਦਵ ਨਾਲ ਮੁਲਾਕਾਤ ਕਰਵਾਈ ਸੀ। ਰਾਮੂਵਾਲੀਆ ਕਾਮਰੇਡ ਸੁਰਜੀਤ ਦੇ ਕਾਫੀ ਨੇੜੇ ਸਨ ਤੇ ਉਨ੍ਹਾਂ ਨੇ ਹੀ ਸ੍ਰੀ ਯਾਦਵ ਨੂੰ ਕਹਿ ਕੇ ਰਾਮੂਵਾਲੀਆ ਨੂੰ ਰਾਜ ਸਭਾ ਦਾ ਮੈਂਬਰ ਬਣਾਇਆ ਸੀ।

ਪੰਜਾਬ ਵਿਚ ਆਮ ਕਰਕੇ ਕਾਂਗਰਸ ਵੱਲੋਂ ਚੋਣਾਂ ਦੌਰਾਨ ਖੱਬੇ ਪੱਖੀਆਂ ਨਾਲ ਸਮਝੌਤੇ ਨੂੰ ਤਰਜੀਹ ਦਿੱਤੀ ਜਾਂਦੀ ਰਹੀ ਹੈ ਪਰ 2007 ਤੇ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਖੱਬੇ ਪੱਖੀ ਪਾਰਟੀਆਂ ਤੋਂ ਮੂੰਹ ਮੋੜ ਲਿਆ ਸੀ। ਕਾਂਗਰਸ ਅੰਦਰ ਇਕ ਧੜਾ ਵੀ ਇਹ ਕਹਿ ਰਿਹਾ ਹੈ ਕਿ ਜੇਕਰ ਪਿਛਲੀ ਹੋਈ ਚੋਣ ਵਿਚ ਕਾਮਰੇਡਾਂ ਨਾਲ ਚੋਣ ਸਮਝੌਤਾ ਕਰ ਲਿਆ ਹੁੰਦਾ ਤਾਂ ਰਾਜ ਅੰਦਰ ਸਰਕਾਰ ਕਾਂਗਰਸ ਦੀ ਹੋਣੀ ਸੀ। ਬਰਸੀ ਸਮਾਗਮ ਵਿਚ ਕਾਂਗਰਸ ਦੀ ਗੈਰਹਾਜ਼ਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਹਾਜ਼ਰ ਹੋਣ ਨਾਲ ਪੰਜਾਬ ਦੀ ਰਾਜਨੀਤੀ ਵਿਚ ਇਕ ਨਵੀਂ ਹਲਚਲ ਦੇ ਸੰਕੇਤ ਵੀ ਮਿਲੇ ਹਨ।

ਪੰਜਾਬ ਵਿਚ ਖੱਬੇ ਪੱਖੀਆਂ ਤੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦਾ ਤੀਜਾ ਫਰੰਟ ਬਣਿਆ ਹੋਇਆ ਹੈ। ਪਿਛਲੇ ਦਿਨਾਂ ਤੋਂ ਸ. ਮਨਪ੍ਰੀਤ ਸਿੰਘ ਬਾਦਲ ਦੇ ਕਾਂਗਰਸ ਪ੍ਰਤੀ ਹਮਦਰਦੀ ਵਾਲੇ ਵਤੀਰੇ ਦੀ ਚਰਚਾ ਹੈ ਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤਾਂ ਖੁੱਲ੍ਹੇਆਮ ਮਨਪ੍ਰੀਤ ਸਿੰਘ ਬਾਦਲ ਦੇ ਕਾਂਗਰਸ ਵੱਲ ਵਧਦੇ ਕਦਮਾਂ ਦੀ ਸਰਾਹਨਾ ਵੀ ਕਰ ਚੁੱਕੇ ਹਨ।

ਸ. ਸੁਖਬੀਰ ਸਿੰਘ ਬਾਦਲ ਦਾ ਖੱਬੇ ਪੱਖੀ ਆਗੂਆਂ ਨਾਲ ਮੇਲ ਤੇ ਸ. ਮਨਪ੍ਰੀਤ ਸਿੰਘ ਦਾ ਕਾਂਗਰਸ ਪ੍ਰਤੀ ਨਰਮ ਹੋਇਆ ਵਤੀਰਾ ਤੀਜੇ ਮੋਰਚੇ ਅੰਦਰ ਨਵੀਂ ਸਫ਼ਬੰਦੀ ਨੂੰ ਜਨਮ ਦੇ ਸਕਦਾ ਹੈ। ਕੌਮੀ ਪੱਧਰ 'ਤੇ ਸ. ਸੁਖਬੀਰ ਸਿੰਘ ਬਾਦਲ ਦੀ ਸਮਾਜਵਾਦੀ ਪਾਰਟੀ ਦੇ ਆਗੂ ਮੁਲਾਇਮ ਸਿੰਘ ਯਾਦਵ ਨਾਲ ਮੁਲਾਕਾਤ ਨੇ ਪਹਿਲਾਂ ਹੀ ਸੰਕੇਤ ਦਿੱਤਾ ਹੈ ਕਿ ਉਹ ਇਕੋ ਸਮੇਂ ਦੋਵੇਂ ਹੱਥ ਲੱਡੂ ਲੈ ਕੇ ਚਲਣ ਦੇ ਯਤਨ ਵਿਚ ਹਨ। ਕੇਂਦਰ ਪੱਧਰ 'ਤੇ ਕੋਈ ਤਬਦੀਲੀ ਹੁੰਦੀ ਹੈ ਜਾਂ ਨਹੀਂ ਪਰ ਪੰਜਾਬ ਦੀ ਰਾਜਨੀਤੀ ਲਈ ਇਹ ਸਮਾਗਮ ਜ਼ਰੂਰ ਹਲਚਲ ਦੇ ਸੰਕੇਤ ਦੇ ਗਿਆ ਹੈ।

# ਦਿਆ ਸਿੰਘ ਲਾਹੌਰੀਆ ਅਦਾਲਤ 'ਚ ਪੇਸ਼

**ਖੰਨਾ:** ਖੰਨਾ ਦੀ ਗੁਰੂ ਅਮਰਦਾਸ ਮਾਰਕੀਟ ਵਿਚ ਬੈਂਕ ਆਫ਼ ਇੰਡੀਆ ਵਿਚ 5 ਮਈ, 1987 ਨੂੰ ਹੋਈ ਬੈਂਕ ਡਕੈਤੀ ਮਾਮਲੇ ਦੇ ਮੁੱਖ ਮੁਲਜ਼ਮ ਦਿਆ ਸਿੰਘ ਲਾਹੌਰੀਆ ਨੂੰ ਖੰਨਾ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ।

ਇਸ ਕੇਸ ਦੀ ਅਗਲੀ ਸੁਣਵਾਈ ਲਈ 4 ਅਕਤੂਬਰ ਨੂੰ ਹੋਣੀ ਹੈ। ਦਿਆ ਸਿੰਘ ਲਾਹੌਰੀਆ ਉਤੇ ਆਪਣੇ 4 ਹੋਰ ਸਾਥੀਆਂ ਨਾਲ ਮਿਲ ਕੇ ਖੰਨਾ ਦੇ ਬੈਂਕ ਆਫ਼ ਇੰਡੀਆ ਵਿਚ ਡਕੈਤੀ ਮਾਰਨ ਦਾ ਦੋਸ਼ ਹੈ।

# ਸਿੱਧੇ ਵਿਦੇਸ਼ੀ ਨਿਵੇਸ਼ ਦੇ ਮਾਮਲੇ 'ਤੇ ਅਕਾਲੀ ਦਲ ਕਸੂਤਾ ਫਸਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪ੍ਰਚੂਨ ਖੇਤਰ ਵਿਚ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ ਦੇ ਮਾਮਲੇ 'ਤੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ (ਬ) ਕਸੂਤਾ ਫਸ ਗਿਆ ਹੈ। ਉਸ ਵੱਲੋਂ ਭਾਈਵਾਲੀ ਦਾ ਧਰਮ ਨਿਭਾਉਣ ਲਈ ਕਿਸਾਨਾਂ ਨਾਲ ਬੇਵਫਾਈ ਕੀਤੀ ਜਾ ਰਹੀ ਹੈ। ਅਸਲ 'ਚ ਵਪਾਰੀਆਂ ਦੀ ਨੁਮਾਇੰਦਾ ਧਿਰ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਭਾਈਵਾਲੀ ਕਾਰਨ ਸ਼੍ਰੋਮਣੀ ਅਕਾਲੀ ਦਲ ਦੀ ਹਾਲਤ 'ਸੱਪ ਦੇ ਮੂੰਹ ਵਿਚ ਕਿਰਲੀ ਵਾਲੀ' ਹੈ। ਸੱਤਾਧਾਰੀ ਪੱਖੀ ਕਿਸਾਨ ਯੂਨੀਅਨ ਲੱਖੋਵਾਲ ਸਣੇ ਬਹੁਤੀਆਂ ਧਿਰਾਂ ਪ੍ਰਚੂਨ ਖੇਤਰ ਵਿਚ ਸਿੱਧੇ ਪੂੰਜੀ ਨਿਵੇਸ਼ ਨੂੰ ਕਿਸਾਨੀ ਲਈ ਲਾਹੇਵੰਦ ਮੰਨ ਰਹੀਆਂ ਹਨ ਪਰ ਭਾਈਵਾਲੀ ਦਾ ਧਰਮ ਨਿਭਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦਾ ਵਿਰੋਧ ਕਰ ਰਿਹਾ ਹੈ। ਉਧਰ, ਕਾਂਗਰਸ ਨੇ ਪੰਜਾਬ ਦੀ ਅਕਾਲੀ ਦਲ ਸਰਕਾਰ ਨੂੰ ਸਲਾਹ ਦਿੱਤੀ ਹੈ ਕਿ ਉਹ ਆਪਣੀ ਭਾਈਵਾਲ ਭਾਜਪਾ ਨਾਲ ਗੱਠਜੋੜ ਧਰਮ ਨਿਭਾਉਣ ਦੀ ਥਾਂ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਲੈ ਕੇ ਸੂਬੇ ਦੇ ਕਿਸਾਨਾਂ ਬਾਰੇ ਸੋਚੇ ਅਤੇ ਫਿਕਰ ਕਰੇ। ਸਾਬਕਾ ਖੇਤੀ ਸਕੱਤਰ ਐਮ.ਐਸ. ਗਿੱਲ ਦਾ ਕਹਿਣਾ ਹੈ ਕਿ ਰਾਜ ਸਰਕਾਰ ਦਾ ਸਭ ਤੋਂ ਵੱਡਾ ਫਿਕਰ ਤੇ ਫਰਜ਼ ਤਾਂ ਦੁੱਖਾਂ ਵਿਚ ਫਸੀ ਕਿਸਾਨੀ ਨੂੰ ਸਿੱਧੇ ਵਿਦੇਸ਼ੀ ਨਿਵੇਸ਼ ਰਾਹੀਂ ਕਣਕ-ਝੋਨੇ ਦੇ ਫਸਲੀ ਚੱਕਰ ਵਿਚੋਂ ਕੱਢ ਕੇ ਉਨ੍ਹਾਂ ਦੀ ਹੋਣੀ ਬਦਲਣਾ ਸੀ ਪਰ ਉਹ ਭਾਜਪਾ ਦੀ ਪੈੜ ਵਿਚ ਪੈਰ ਧਰ ਰਹੀ ਹੈ।

ਉਂਜ, ਸੁਖਬੀਰ ਬਾਦਲ ਦਾ ਆਪਣਾ ਮੰਨਣਾ ਹੈ ਕਿ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਗਿਆ ਦੇਣ ਨਾਲ ਪੰਜਾਬ ਦੀ ਖੇਤੀ ਆਰਥਿਕਤਾ ਨੂੰ ਹੁਲਾਰਾ ਮਿਲੇਗਾ। ਇਸੇ ਲਈ ਨਵੰਬਰ 2011 ਵਿਚ ਕੇਂਦਰ ਸਰਕਾਰ ਵੱਲੋਂ ਜਦੋਂ ਬਹੁ-ਬਰਾਂਡ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਪ੍ਰਵਾਨਗੀ ਦੇਣ ਦੇ ਐਲਾਨ ਦਾ ਸੁਖਬੀਰ ਬਾਦਲ ਨੇ ਸਵਾਗਤ ਕੀਤਾ ਸੀ।

ਅਸਲ ਵਿਚ ਕੇਂਦਰ ਸਰਕਾਰ ਨੇ ਪ੍ਰਚੂਨ ਖੇਤਰ ਵਿਚ ਸਿੱਧੇ ਪੂੰਜੀ ਨਿਵੇਸ਼ ਨੂੰ ਹਰੀ ਝੰਡੀ ਦੇਣ ਦੇ ਨਾਲ ਹੀ ਸੂਬਿਆਂ ਨੂੰ ਇਹ ਫ਼ੈਸਲਾ ਲਾਗੂ ਕਰਨ ਜਾਂ ਨਾ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ। ਕੇਂਦਰ ਦੇ ਇਸ ਸਿਆਸੀ ਪੈਂਤੜੇ ਨਾਲ ਕਈ ਖੇਤਰੀ ਪਾਰਟੀਆਂ ਲਈ ਧਰਮ ਸੰਕਟ ਖੜ੍ਹਾ ਹੋ ਗਿਆ ਹੈ। ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਵੀ ਕੁਝ ਅਜਿਹੀ ਹੀ ਬਣ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪੰਜਾਬ 'ਚ ਕਾਰਪੋਰੇਟ ਜਗਤ ਸਮੇਤ ਵਿਦੇਸ਼ੀ ਪੂੰਜੀ ਨਿਵੇਸ਼ ਦੇ ਸਰਗਰਮ ਹਮਾਇਤੀ ਹਨ। ਵਪਾਰੀਆਂ ਦੀ ਨੁਮਾਇੰਦਾ ਧਿਰ ਭਾਜਪਾ ਪੂੰਜੀ ਨਿਵੇਸ਼ ਦੀ ਖੁੱਲ੍ਹ ਦਾ ਡਟਵਾਂ ਵਿਰੋਧ ਕਰ ਰਹੀ ਹੈ। ਇਸੇ ਸਿਆਸੀ ਮਜਬੂਰੀ ਕਾਰਨ ਅਕਾਲੀ ਦਲ ਵੀ ਦਬਵੀਂ ਸੁਰ 'ਚ ਕਹਿ ਰਿਹਾ ਹੈ ਕਿ ਉਹ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਦੇ ਫੈਸਲੇ ਦੀ ਹਮਾਇਤ ਹੀ ਕਰੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ

ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ

ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਲਈ ਸਰਗਰਮੀ ਤੇਜ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸੁਪਰੀਮ ਕੋਰਟ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਇਸੇ ਵਰ੍ਹੇ 31 ਦਸੰਬਰ ਤੋਂ ਪਹਿਲਾਂ ਕਰਵਾਉਣ ਦੇ ਕੀਤੇ ਆਦੇਸ਼ਾਂ ਤੋਂ ਬਾਅਦ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਇਹ ਚੋਣਾਂ ਲੜਨ ਲਈ ਕਮਰਕੱਸੇ ਕਰ ਲਏ ਹਨ। ਦੋਵਾਂ ਮੁੱਖ ਵਿਰੋਧੀ ਧਿਰਾਂ ਅਕਾਲੀ ਦਲ ਦਿੱਲੀ ਤੇ ਸ਼੍ਰੋਮਣੀ ਅਕਾਲੀ ਦਲ ਨੇ ਰਣਨੀਤੀ ਉਲੀਕਣੀ ਸ਼ੁਰੂ ਕਰ ਦਿੱਤੀ ਹੈ।

ਦਿੱਲੀ ਸਿੱਖ ਗੁਰਦੁਆਰਾ ਐਕਟ 1970 ਦੇ ਤਹਿਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹਰ ਚਾਰ ਵਰ੍ਹਿਆਂ ਬਾਅਦ ਹੁੰਦੀਆਂ ਹਨ ਤੇ 46 ਉਮੀਦਵਾਰਾਂ ਦੀ ਚੋਣ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਪੰਜ ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ ਤੇ ਕੁੱਲ 51 ਮੈਂਬਰੀ ਸਦਨ ਬਣਦਾ ਹੈ। ਮੌਜੂਦਾ ਸਦਨ ਵਿਚ ਦਿੱਲੀ ਅਕਾਲੀ ਦਲ ਦੇ 27 ਮੈਂਬਰ ਹਨ ਜਦੋਂਕਿ ਮੁੱਖ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ ਦੇ 12 ਤੇ ਸ਼੍ਰੋਮਣੀ ਅਕਾਲੀ ਦਲ ਪੰਥਕ ਦੇ ਛੇ ਤੇ ਇਕ ਆਜ਼ਾਦ ਉਮੀਦਵਾਰ ਹੈ। ਇਸ ਵੇਲੇ ਦਿੱਲੀ ਵਿਚ ਤਿੰਨ ਲੱਖ ਤੋਂ ਵਧੇਰੇ ਸਿੱਖ ਵੋਟਰ ਹਨ।

ਦਿੱਲੀ ਕਮੇਟੀ ‘ਤੇ ਕਾਬਜ਼ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦਾ ਕਹਿਣਾ ਹੈ ਕਿ ਅਦਾਲਤ ਵੱਲੋਂ ਕੀਤੇ ਗਏ ਆਦੇਸ਼ਾਂ ਤੋਂ ਬਾਅਦ ਜਿਵੇਂ ਹੀ ਦਿੱਲੀ ਸਰਕਾਰ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਦੀ ਤਾਰੀਖ਼ ਦਾ ਐਲਾਨ ਕੀਤਾ ਜਾਵੇਗਾ, ਉਸੇ ਵੇਲੇ ਉਨ੍ਹਾਂ ਦੀ ਜਥੇਬੰਦੀ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦੇਵੇਗੀ। ਉਨ੍ਹਾਂ ਦੱਸਿਆ ਕਿ ਦਿੱਲੀ ਅਕਾਲੀ ਦਲ ਵੱਲੋਂ ਤਾਂ ਮਾਰਚ ਮਹੀਨੇ ਤੋਂ ਹੀ ਤਿਆਰੀ ਕੀਤੀ ਹੋਈ ਹੈ। ਜਥੇਬੰਦੀ ਨੇ ਚੋਣ ਲੜਨ ਦੇ ਇਛੁੱਕ 40 ਉਮੀਦਵਾਰਾਂ ਦੀ ਚੋਣ ਕੀਤੀ ਹੋਈ ਹੈ ਤੇ ਬਾਕੀ 5-6 ਉਮੀਦਵਾਰਾਂ ਦੀ ਚੋਣ ਹੀ ਬਾਕੀ ਹੈ ਤੇ ਸਿਰਫ ਐਲਾਨ ਕਰਨਾ ਹੀ ਬਾਕੀ ਹੈ।



ਪਰਮਜੀਤ ਸਿੰਘ ਸਰਨਾ

ਆਪਣੀ ਪਾਰਟੀ ਦੇ ਏਜੰਡੇ ਬਾਰੇ ਉਨ੍ਹਾਂ ਦੱਸਿਆ ਕਿ ਉਹ ਲੋਕਾਂ ਸਾਹਮਣੇ ਮੌਜੂਦਾ ਕਾਰਜਕਾਲ ਵਿਚ ਕੀਤੇ ਗਏ ਕੰਮ ਰੱਖਣਗੇ। ਭਵਿੱਖ ਦੀ ਯੋਜਨਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਪੰਜਾਬ ਵਿਚ ਵੀ ਪਤਿਤਪੁਣੇ ਤੇ ਨਸ਼ਿਆਂ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਕੰਮ ਕਰਨਗੇ। ਦਿੱਲੀ ਵਿਚ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਚੱਲ ਰਹੀ ਉਸਾਰੀ ਦੇ ਕੰਮ ਮੁਕੰਮਲ ਕਰਵਾਏ ਜਾਣਗੇ ਤੇ ਵਿਦਿਅਕ ਅਦਾਰਿਆਂ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਯਤਨ ਕਰਨਗੇ।

ਦੂਜੇ ਪਾਸੇ ਮੁੱਖ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ ਨੇ ਵੀ ਚੋਣਾਂ ਲਈ ਤਿਆਰੀਆਂ ਆਰੰਭ ਦਿੱਤੀਆਂ ਹਨ। ਜਥੇਬੰਦੀ ਦੇ ਸਕੱਤਰ ਡਾ. ਦਲਬੀਰ ਸਿੰਘ ਚੀਮਾ ਨੇ ਦੱਸਿਆ ਕਿ ਪਾਰਟੀ ਦੀ ਦਿੱਲੀ ਇਕਾਈ ਪਹਿਲਾਂ ਹੀ ਸਰਗਰਮ ਹੈ ਤੇ ਉਸ ਨੇ ਚੋਣਾਂ ਦੀ ਤਿਆਰੀ ਆਰੰਭ ਦਿੱਤੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਦਿੱਲੀ ਦੇ ਸਿੱਖ ਸਰਨਾ ਭਰਾਵਾਂ ਦੇ ਨਿਜ਼ਾਮ ਤੋਂ ਤੰਗ ਆ ਚੁੱਕੇ ਹਨ ਤੇ ਇਸ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਜਿੱਤ ਪ੍ਰਾਪਤ ਹੋਵੇਗੀ। ਉਨ੍ਹਾਂ ਆਖਿਆ ਕਿ ਪੰਜਾਬ ਵਿਚ ਪ੍ਰਾਪਤ ਹੋਈਆਂ ਜਿੱਤਾਂ ਵਾਂਗ ਦਿੱਲੀ ਵਿਚ ਵੀ ਵੱਡੀ ਜਿੱਤ ਪ੍ਰਾਪਤ ਹੋਵੇਗੀ। ਉਨ੍ਹਾਂ ਦਿੱਲੀ ਵਿਚ ਕਿਸੇ ਸਿੱਖ ਗੁੱਟ ਨਾਲ ਗੱਠਜੋੜ ਦੀ ਸੰਭਾਵਨਾ ਬਾਰੇ ਕੁਝ ਵੀ ਕਹਿਣ ਤੋਂ ਗੁਰੇਜ਼ ਕੀਤਾ। ਉਨ੍ਹਾਂ ਸਰਨਾ ਭਰਾਵਾਂ ‘ਤੇ ਕਾਂਗਰਸ ਨਾਲ ਮਿਲੇ ਹੋਣ ਦਾ ਦੋਸ਼ ਲਾਇਆ।


## Mortgage Underwater?



Doesn’t mean you have to drown!
Finally…. A Solution!

IF YOU …Owe more than your house is worth and want to keep your home

ਤੁਹਾਡੇ ਸਿਰ ਮਕਾਨ ਦਾ $417,000 ਜਾਂ ਵਧ ਦਾ ਕਰਜ਼ਾ ਹੈ, ਆਪਣਾ ਕਰੈਡਿਟ ਬਚਾਉਣਾ ਚਾਹੁੰਦੇ ਹੋ, ਕਰਜਾ ਕਾਫੀ ਘੱਟ ਕਰਨਾ ਚਾਹੁੰਦੇ ਹੋ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਇਹ ਸ਼ਾਰਟ ਸੇਲ ਜਾਂ ਲੋਨ ਮੋਡੀਫਿਕੇਸ਼ਨ ਨਹੀਂ ਹੈ

Permanently reduce your loan amount and create positive equity!
You don’t have to walk away from your investment, I can help you!

ਇਸ ਸੇਵਾ ਲਈ ਮੈਂ ਕੋਈ ਫੀਸ ਨਹੀਂ ਚਾਰਜ ਕਰਦੀ

ਅੱਜ ਹੀ ਕਾਲ ਕਰੋ, ਬਲਵਿੰਦਰ (ਪੌਪੀ) ਜੌਹਲ

**Call us Today: 925-400-8096**

I pay $500 - $1,000 for every referral that closes successfully.


# ਸੁਪਰੀਮ ਕੋਰਟ ਵੱਲੋਂ ’84 ਦੇ ਪੀੜਤਾਂ ਨੂੰ ਫਲੈਟ ਦੇਣ ਦੀ ਹਦਾਇਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਆਪਣੇ ਇਕ ਅਹਿਮ ਫ਼ੈਸਲੇ ਵਿਚ ਕਿਹਾ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਬੇਘਰ ਹੋਏ ਪੀੜਤਾਂ ਨੂੰ ਮਕਾਨ ਮੁਹੱਈਆ ਕਰਵਾਉਣੇ ਦੇਸ਼ ਤੇ ਸਰਕਾਰ ਦੀ ਜ਼ਿੰਮੇਵਾਰੀ ਹੈ। ਇਹ ਹੁਕਮ ਸੁਪਰੀਮ ਕੋਰਟ ਦੇ ਜਸਟਿਸ ਆਫ਼ਤਾਬ ਆਲਮ ਤੇ ਜਸਟਿਸ ਰੰਜਨਾ ਦੇਸਾਈ ਦੇ ਬੈਂਚ ਨੇ ਸੁਣਾਏ। ਅਦਾਲਤ ਨੇ ਇਹ ਟਿੱਪਣੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ 10 ਜੁਲਾਈ, 2012 ਦੇ ਹੁਕਮਾਂ ਦੇ ਖ਼ਿਲਾਫ਼ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਕੀਤੀ।

ਹਾਈ ਕੋਰਟ ਨੇ ਆਪਣੇ ਹੁਕਮਾਂ ਵਿੱਚ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਤੇ ਪੁਲਿਸ ਕਮਿਸ਼ਨਰ ਨੂੰ ਹਦਾਇਤ ਦਿੱਤੀ ਸੀ ਕਿ ਉਹ ਦੰਗਾ ਪੀੜਤਾਂ ਲਈ ਬਣਾਏ ਗਏ ਫਲੈਟਾਂ ਉਤੋਂ ਨਾਜਾਇਜ਼ ਕਬਜ਼ੇ ਖ਼ਾਲੀ ਕਰਵਾਉਣ ਤੇ ਇਹ ਫਲੈਟ ਅਸਲ ਲੋੜਵੰਦਾਂ ਦੇ ਹਵਾਲੇ ਕਰਨ। ਪਟੀਸ਼ਨਰਾਂ ਵੱਲੋਂ ਪੇਸ਼ ਵਕੀਲਾਂ ਜਸਪਾਲ ਸਿੰਘ ਤੇ ਸਤਿੰਦਰ ਸਿੰਘ ਗੁਲਾਟੀ ਨੇ ਦਲੀਲ ਦਿੱਤੀ ਕਿ ਹਾਈ ਕੋਰਟ ਦੇ ਹਾਲੀਆ ਹੁਕਮ, ਇਸ ਵੱਲੋਂ 13 ਦਸੰਬਰ, 2011 ਨੂੰ ਜਾਰੀ ਹੁਕਮਾਂ ਦੇ ਖ਼ਿਲਾਫ਼ ਹਨ। ਹਾਈ ਕੋਰਟ ਨੇ ਲੁਧਿਆਣਾ ਸਿੱਖ ਮਾਈਗਰਾਂਟਸ ਵੈਲਫੇਅਰ ਬੋਰਡ ਬਾਰੇ ਆਪਣੇ 2011 ਦੇ ਹੁਕਮਾਂ ਵਿਚ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਸੀ ਕਿ ਉਹ ਪਹਿਲਾਂ ਅਸਲੀ ਤੇ ਵਾਜਬ ਪੀੜਤਾਂ ਦਾ ਪਤਾ ਲਾਉਣ ਜਿਨ੍ਹਾਂ ਨੂੰ ਲਾਲ ਕਾਰਡ ਜਾਰੀ ਕੀਤੇ ਗਏ ਹਨ।

ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਹਦਾਇਤ ਦਿੱਤੀ ਕਿ ਉਹ ਇਸ ਬਾਰੇ 10 ਦਿਨਾਂ ਵਿਚ 'ਹਾਂਪੱਖੀ ਕਦਮ’ ਚੁੱਕੇ। ਪੰਜਾਬ ਸਰਕਾਰ ਵੱਲੋਂ ਪੇਸ਼ ਵਕੀਲ ਕੁਲਦੀਪ ਸਿੰਘ ਨੇ ਕਿਹਾ ਕਿ ਸੂਬਾਈ ਸਰਕਾਰ ਇਸ ਬਾਰੇ ਹਫਤੇ ਵਿਚ ਫੈਸਲਾ ਲਵੇਗੀ। ਇਸ ਉਤੇ ਅਦਾਲਤ ਨੇ ਕਿਹਾ ਕਿ ਫੈਸਲਾ ਲੈ ਲਿਆ ਹੈ ਤੇ ਇਸ ਨੂੰ ਇਕ ਹਫਤੇ ਵਿਚ ਲਾਗੂ ਕਰੋ। ਇਹ ਸਿਰਫ ਕਾਨੂੰਨੀ ਜ਼ਿੰਮੇਵਾਰੀ ਨਹੀਂ ਹੈ ਸਗੋਂ ਨੈਤਿਕ ਤੇ ਇਖ਼ਲਾਕੀ ਤੌਰ ’ਤੇ ਵੀ ਜ਼ਿੰਮੇਵਾਰ ਹੋ ਕਿ ਦੰਗਾ ਪੀੜਤਾਂ ਨੂੰ ਫਲੈਟਾਂ ਵਿਚੋਂ ਕੱਢਿਆ ਨਾ ਜਾਵੇ। ਹਾਈ ਕੋਰਟ ਨੇ ਪੰਜਾਬ ਦੇ ਪ੍ਰਿੰਸੀਪਲ ਸਕੱਤਰ, ਗ੍ਰਹਿ ਮਾਮਲਿਆਂ ਤੇ ਨਿਆਂ ਵਿਭਾਗ ਨੂੰ ਇਹ ਫੈਸਲਾ ਕਰਨ ਲਈ ਤਿੰਨ ਮਹੀਨੇ ਦੀ ਮੋਹਲਤ ਦਿੱਤੀ ਹੈ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਨੂੰ ਫਲੈਟ ਦੇਣ ਲਈ ਗਮਾਡਾ ਨੇ ਇਨ੍ਹਾਂ ਦੀਆਂ ਕੀਮਤਾਂ ਵਿਚ ਆਪਣਾ ਲਾਭ ਵੀ ਰੱਖਿਆ ਹੈ।


*To Advertise with Punjab Times*
***Call: 847-359-0746***
*www.punjabtimesusa.com*



## Short Sale Specialist

***We Can Sell Your Home in Short Sale at No Cost to You***



**For Buying & Selling Residential Property And For Loans**

*Call: Sohanpreet ‘Sam’ Chahal*

**@916-612-5773**

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

## Golden State Realty

Sacramento Office: 8695 Territorial Way, Elk Grove CA 95624
**Tel: 916-612-5773 Fax: 916-689-5707**



## Yarra, Kharazi & Associates

**Phone: (888) 97YARRA (92772)**

## Bankruptcy & Criminal Law

Offices in Bakersfield, Fresno and Merced
Bring this ad in and receive a free consultation

ਬੈਂਕਰਪਸੀ ਅਤੇ ਫੌਜਦਾਰੀ ਕਾਨੂੰਨ



ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਤੁਹਾਡੇ ਭਰੋਸੇਮੰਦ ਵਕੀਲ ਜਿਨ੍ਹਾਂ ਦੀ ਮੁਹਾਰਤ ’ਤੇ ਤੁਸੀਂ ਯਕੀਨ ਕਰ ਸਕਦੇ ਹੋ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

**ਫੋਨ: 1-888-979-2772**

Email: Info@rwyarra.com

# ਖ਼ਾਲਸਤਾਨੀਆਂ ਖ਼ਿਲਾਫ਼ ਬੋਲ ਕੇ ਕਸੂਤਾ ਫਸੇ ਜੋਹਨ ਬੇਅਰਡ

**ਟੋਰਾਂਟੋ:** ਭਾਰਤ ਫੇਰੀ ਦੌਰਾਨ ਆਪਣੀ ਬਿਆਨਬਾਜ਼ੀ ਕਾਰਨ ਕਸੂਤੇ ਫਸੇ ਕੈਨੇਡਿਆਈ ਵਿਦੇਸ਼ ਮੰਤਰੀ ਜੋਹਨ ਬੇਅਰਡ ਨੂੰ ਹੁਣ ਆਪਣਾ ਸਪਸ਼ਟੀਕਰਨ ਦੇਣਾ ਪੈ ਗਿਆ ਹੈ ਕਿ ਉਨ੍ਹਾਂ ਦਾ ਮੰਤਵ ਸਿੱਖ ਵਿਰੋਧੀ ਟਿੱਪਣੀ ਕਰਨਾ ਨਹੀਂ ਰਿਹਾ ਬਲਕਿ ਬਿਆਨ ਨੂੰ ਸਹੀ ਢੰਗ ਨਾਲ ਨਹੀਂ ਲਿਆ ਗਿਆ। ਬੇਅਰਡ ਵੱਲੋਂ ਭਾਰਤੀ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨਾਲ ਮਿਲਣੀ ਮੌਕੇ ਕੈਨੇਡਾ ਵਿਚ ਖਾਲਸਤਾਨੀ ਪੱਖੀਆਂ ਬਾਰੇ ਦਿੱਤੇ ਬਿਆਨ ਤੋਂ ਕੈਨੇਡਾ ਵਿਚ ਵਸਦੇ ਖਾਲਸਤਾਨੀ ਸਮਰਥਕ ਕਾਫੀ ਗੁੱਸੇ ਵਿਚ ਹਨ।

ਸ੍ਰੀ ਕ੍ਰਿਸ਼ਨਾ ਨੇ ਬੇਅਰਡ ਨੂੰ ਕਿਹਾ ਸੀ ਕਿ ਕੈਨੇਡਾ ਵਿਚ ਖਾਲਸਤਾਨੀ ਲਹਿਰ ਅਜੇ ਵੀ ਚੱਲ ਰਹੀ ਹੈ ਤੇ ਉਨ੍ਹਾਂ ਦੇ ਮੰਤਰੀ ਇਨ੍ਹਾਂ ਦੇ ਸਮਾਗਮਾਂ ਵਿਚ ਸ਼ਮੂਲੀਅਤ ਵੀ ਕਰਦੇ ਹਨ। ਇਸ 'ਤੇ ਸ੍ਰੀ ਬੇਅਰਡ ਨੇ ਕ੍ਰਿਸ਼ਨਾ ਨੂੰ ਯਕੀਨ ਦਿਵਾਇਆ ਸੀ ਕਿ ਉਹ ਕਾਨੂੰਨ ਵਿਚ ਰਹਿ ਕੇ ਵੱਖਵਾਦੀਆਂ ਵਿਰੁੱਧ ਜ਼ਰੂਰ ਕਾਰਵਾਈ ਕਰਨਗੇ ਤੇ ਉਨ੍ਹਾਂ ਦੇ ਇਸ ਬਿਆਨ ਕਾਰਨ ਕੈਨੇਡਾ ਦੀਆਂ ਸਿੱਖ ਜਥੇਬੰਦੀਆਂ ਤੇ ਸਿੱਖ ਭਾਈਚਾਰੇ ਵਿਚ ਰੋਸ ਪੈਦਾ ਹੋ ਗਿਆ ਸੀ।

ਮੀਡੀਆ ਨੂੰ ਜਾਰੀ ਕੀਤੇ ਖੁੱਲ੍ਹੇ ਖ਼ਤ ਵਿਚ ਮੰਤਰੀ ਨੇ ਸਪਸ਼ਟ ਕੀਤਾ ਕਿ ਉਹ ਕੈਨੇਡਾ ਦੇ ਕਿਸੇ ਭਾਈਚਾਰੇ ਦੇ ਖ਼ਿਲਾਫ਼ ਨਹੀਂ ਸਗੋਂ ਦੁਨੀਆਂ ਪੱਧਰ 'ਤੇ ਫੈਲੇ ਅਤਿਵਾਦ ਦੀ ਗੱਲ ਕਰ ਰਹੇ ਸਨ। ਉਨ੍ਹਾਂ ਦੀ ਸਰਕਾਰ ਨੇ ਕੈਨੇਡਾ ਵਿਚ ਭਾਰਤੀ ਵਿਰਾਸਤ ਨੂੰ ਉਭਾਰਨ ਵਾਸਤੇ ਕਾਫੀ ਕਦਮ ਚੁੱਕੇ ਹਨ। ਉਨ੍ਹਾਂ ਪਿਛਲੇ 100 ਵਰ੍ਹਿਆਂ ਵਿਚ ਸਿੱਖਾਂ ਦੀ ਘਾਲਣਾ ਦੀ ਸ਼ਲਾਘਾ ਕਰਦਿਆਂ ਕਿਹਾ ਹੈ ਕਿ ਇਨ੍ਹਾਂ ਨੇ ਦੇਸ਼ ਦੇ ਹਰ ਖੇਤਰ ਵਿਚ ਭਰਪੂਰ ਯੋਗਦਾਨ ਪਾਇਆ ਹੈ। ਫੌਜ ਤੋਂ ਸਿਆਸਤ ਤੱਕ ਸਿੱਖ ਸੇਵਾਵਾਂ ਨਿਭਾਅ ਰਹੇ ਹਨ।

ਅੱਜ ਸਿੱਖ ਦੇਸ਼ ਦੀ ਪਾਰਲੀਮੈਂਟ ਦੀ ਸ਼ਾਨ ਤੇ ਸਰਮਾਇਆ ਹਨ। ਭਾਰਤ ਦੌਰੇ ਵੇਲੇ ਦੋਹਾਂ ਮੁਲਕਾਂ ਨੇ ਕੌਮਾਂਤਰੀ ਅਤਿਵਾਦ ਖ਼ਿਲਾਫ਼ ਇੱਕਮੁੱਠ ਹੋ ਕੇ ਲੜਾਈ ਕਰਨ ਦਾ ਤਹੱਈਆ ਕੀਤਾ ਹੈ ਪਰ ਉਨ੍ਹਾਂ ਦੀ ਟਿੱਪਣੀ ਨੂੰ ਗਲਤ ਸੰਦਰਭ ਵਿਚ ਲਿਆ ਗਿਆ ਹੈ ਤੇ ਉਹ ਇਸ ਤੋਂ ਉੱਠੇ ਵਾਵੇਲੇ ਨੂੰ ਠੰਢਾ ਕਰਨ ਲਈ ਇਹ ਸਪਸ਼ਟ ਕਰ ਦੇਣਾ ਚਾਹੁੰਦੇ ਹਨ ਕਿ ਉਨ੍ਹਾਂ ਨਾ ਕਿਸੇ ਭਾਈਚਾਰੇ ਤੇ ਨਾ ਹੀ ਕੈਨੇਡਿਆਈ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਹੈ। ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਦੇ ਐਮ ਪੀ ਪਰਮ ਗਿੱਲ ਨੇ ਕਿਹਾ ਹੈ ਕਿ ਕੁਝ ਲੋਕ ਇਸ ਮਾਮਲੇ ਨੂੰ ਖਾਹਮਖਾਹ ਤੂਲ ਦੇ ਰਹੇ ਹਨ।

ਇੰਨਾ ਸੰਵੇਦਨਸ਼ੀਲ ਨਹੀਂ ਹੋਣਾ ਚਾਹੀਦਾ ਤੇ ਠਰ੍ਹੰਮੇ ਤੋਂ ਕੰਮ ਲੈਣਾ ਚਾਹੀਦਾ ਹੈ। ਉਧਰ ਸਿੱਖਸ ਫਾਰ ਜਸਟਿਸ ਦੇ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ ਮੁਤਾਬਕ ਸਿੱਖਾਂ ਨੂੰ ਕੌਮਾਂਤਰੀ ਮੰਚ 'ਤੇ ਅਤਿਵਾਦੀ ਕਹਿਣ ਮਗਰੋਂ ਮੰਤਰੀ ਨੇ ਹੁਣ ਸਪਸ਼ਟੀਕਰਨ ਭੇਜ ਕੇ ਸਿੱਖਾਂ ਨੂੰ ਪਤਿਆਉਣ ਦੀ ਕੋਸ਼ਿਸ਼ ਕੀਤੀ ਹੈ। ਇਸੇ ਤਰ੍ਹਾਂ ਐਨਡੀਪੀ ਐਮਪੀਪੀ ਜਗਮੀਤ ਸਿੰਘ ਨੇ ਇਸ ਘਟਨਾ ਨੂੰ ਸਿੱਖਾਂ ਦੇ ਅਕਸ ਨੂੰ ਢਾਹ ਲਾਉਣ ਵਾਲੀ ਕਾਰਵਾਈ ਗਰਦਾਨਿਆ ਹੈ।

ਕੈਨੇਡਾ ਪਰਤਦਿਆਂ ਹੀ ਸੁਰ ਬਦਲੀ



## ਗੈਰਕਾਨੂੰਨੀ ਪਰਵਾਸੀਆਂ ਨੂੰ ਹੁਣ ਵਿਸ਼ੇਸ਼ ਕੰਪਨੀ ਕਾਬੂ ਕਰੇਗੀ

**ਲੰਡਨ:** ਬਰਤਾਨਵੀ ਸਰਕਾਰ ਨੇ ਦੇਸ਼ ਵਿਚ ਰਹਿ ਰਹੇ ਹਜ਼ਾਰਾਂ ਗੈਰਕਾਨੂੰਨੀ ਪਰਵਾਸੀਆਂ ਦੀ ਪੈੜ ਨੱਪਣ ਦਾ ਕੰਮ ਇਕ ਵਿਸ਼ੇਸ਼ ਕੰਪਨੀ ਨੂੰ ਸੌਂਪਿਆ ਹੈ ਤੇ ਇਸ ਦੇ ਇਵਜ਼ ਵਿਚ ਇਸ ਕੰਪਨੀ ਨੂੰ ਚਾਰ ਕਰੋੜ ਪੌਂਡ ਦੀ ਭਾਰੀ ਰਕਮ ਦਿੱਤੀ ਜਾਵੇਗੀ। ਮੁਲਕ ਦੀ ਬਾਰਡਰ ਏਜੰਸੀ ਨੇ ਪਿੱਛੇ ਜਿਹੇ ਇਸ ਬਾਰੇ ਠੇਕਾ ਕੈਪਿਟਾ ਨਾਮੀ ਕੰਪਨੀ ਨੂੰ ਸੌਂਪਿਆ ਹੈ ਜਿਹੜੇ ਦੇਸ਼ ਵਿਚ ਲਾਪਤਾ ਕਰੀਬ 1.70 ਲੱਖ ਵਿਦੇਸ਼ੀਆਂ ਦਾ ਪਤਾ ਲਾਉਣ ਦਾ ਕੰਮ ਕਰੇਗੀ। ਕੰਪਨੀ ਨੂੰ ਇਸ ਬਾਰੇ ਅਦਾਇਗੀ ਉਸ ਵੱਲੋਂ ਫੜੇ ਜਾਣ ਵਾਲੇ ਲੋਕਾਂ ਦੇ ਆਧਾਰ 'ਤੇ ਕੀਤੀ ਜਾਵੇਗੀ। ਗੈਰ ਕਾਨੂੰਨੀ ਇਮੀਗਰਾਂਟਾਂ ਦਾ ਪਤਾ ਲਾ ਕੇ ਕੰਪਨੀ ਉਨ੍ਹਾਂ ਦੇ ਮਾਮਲੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਸੌਂਪੇਗੀ ਜਿਹੜੇ ਅਜਿਹੇ ਲੋਕਾਂ ਨੂੰ ਦੇਸ਼ ਤੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰਨਗੇ। ਇਹ ਰਿਪੋਰਟ ਰੋਜ਼ਨਾਮਾ 'ਡੇਲੀ ਮੇਲ' ਨੇ ਛਾਪੀ ਹੈ। ਬਾਰਡਰ ਏਜੰਸੀ ਦੇ ਮੁਖੀ ਰੌਬੀ ਵਾਈਟਮੈਨ ਨੇ ਇਹ ਸਮਝੌਤਾ ਕੀਤੇ ਜਾਣ ਬਾਰੇ ਬੀਤੇ ਦਿਨ ਇਥੇ ਗ੍ਰਹਿ ਮਾਮਲਿਆਂ ਬਾਰੇ ਕਮੇਟੀ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਨੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਪਹਿਲਾਂ ਤਜਰਬੇ ਦੇ ਆਧਾਰ ਉਤੇ ਇਹ ਕੰਮ ਇਕ ਹੋਰ ਕੰਪਨੀ ਸਰਕੋ ਨੂੰ ਸੌਂਪਿਆ ਗਿਆ ਸੀ। ਇਸ ਕੰਪਨੀ ਨੇ ਅਜਿਹੇ ਜਿਹੜੇ ਲੋਕਾਂ ਨਾਲ ਸੰਪਰਕ ਕੀਤਾ ਉਨ੍ਹਾਂ ਵਿਚ 20 ਫੀਸਦੀ ਦੇਸ਼ ਛੱਡ ਕੇ ਚਲੇ ਗਏ।

# ਆਰਥਿਕ ਮੰਦੀ ਨੇ ਬਦਲਿਆ ਕੈਨੇਡਾ ਦਾ ਰਹਿਣ ਸਹਿਣ

**ਟਰਾਂਟੋ:** ਆਰਥਿਕ ਮੰਦੀ ਨੇ ਕੈਨੇਡਾ ਦੇ ਰਹਿਣ ਸਹਿਣ ਨੂੰ ਕਾਫੀ ਪ੍ਰਭਾਵਿਤ ਕੀਤਾ ਹੈ। ਪਿਛਲੇ ਪੰਜ ਸਾਲਾਂ 'ਚ ਮੁਲਕ ਦਾ ਪਰਿਵਾਰਕ ਮੁਹਾਂਦਰਾ ਕਾਫੀ ਬਦਲ ਚੁੱਕਾ ਹੈ। ਅਜਿਹੇ ਪਰਿਵਾਰਾਂ ਦੀ ਗਿਣਤੀ ਵਧੀ ਹੈ ਜਿਨ੍ਹਾਂ ਵਿਚ ਇਕੱਲੇ ਮਾਪੇ, ਕਾਨੂੰਨੀ ਸਾਥੀ, ਸਮਲਿੰਗੀ ਜੋੜੇ ਜਾਂ ਬਜ਼ੁਰਗਾਂ ਨਾਲ ਛੋਟੇ ਬੱਚੇ ਰਹਿੰਦੇ ਹਨ। ਦੇਸ਼ ਦੀ ਮਰਦਮਸ਼ੁਮਾਰੀ ਰਿਪੋਰਟ ਮੁਤਾਬਕ ਮੁਲਕ ਵਿਚ ਇਕਹਿਰੇ ਮਾਪਿਆਂ ਦੀ ਗਿਣਤੀ ਪਿਛਲੇ ਪੰਜ ਸਾਲਾਂ ਵਿਚ ਕਾਫੀ ਵਧੀ ਹੈ ਤੇ ਬੱਚੇ ਪਾਲਣ ਤੇ ਘਰ ਚਲਾਉਣ ਦੇ ਮਾਮਲੇ ਵਿਚ ਮਾਵਾਂ ਦੇ ਮੁਕਾਬਲੇ ਪਿਓ ਜ਼ਿਆਦਾ ਜ਼ਿੰਮੇਵਾਰੀ ਨਿਭਾਅ ਰਹੇ ਹਨ। ਰਿਪੋਰਟ ਦੇ ਇਹ ਤੱਥ ਮੁੱਖ ਤੌਰ 'ਤੇ ਕੈਨੇਡੀਅਨ ਪਰਿਵਾਰਾਂ ਦੇ ਹਾਲਾਤ 'ਤੇ ਕੇਂਦਰਤ ਹੈ।

ਰਿਪੋਰਟ ਮੁਤਾਬਕ ਇਕਹਿਰੇ ਮਾਪੇ ਕੁੱਲ ਮਿਲਾ ਕੇ ਪੰਜ ਸਾਲਾਂ ਵਿਚ ਅੱਠ ਫੀਸਦੀ ਵਧੇ ਹਨ। ਇਕ ਹੋਰ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਬਹੁਤੇ ਨੌਜਵਾਨ ਵੱਖ ਹੋਣ ਦੀ ਬਜਾਏ ਆਪਣੇ ਮਾਪਿਆਂ ਨਾਲ ਰਹਿਣ ਲੱਗੇ ਹਨ। ਇਹ ਸਭ ਕੁਝ ਆਰਥਿਕ ਮੰਦੇ ਕਾਰਨ ਵਾਪਰਿਆ ਸਮਝਿਆ ਜਾ ਰਿਹਾ ਹੈ ਜਿਸ ਕਾਰਨ ਵੱਖਰੀਆਂ ਰਿਹਾਇਸ਼ਾਂ ਮੱਧ ਵਰਗ ਦੇ ਵੱਸ ਦੀ ਗੱਲ ਨਹੀਂ ਰਹੀਆਂ। ਬਹੁਤੇ ਪਰਿਵਾਰ ਅਪਾਰਟਮੈਂਟਾਂ ਵਿਚ ਰਹਿਣ ਲੱਗੇ ਹਨ। ਇਸੇ ਕਾਰਨ ਬਹੁਮੰਜ਼ਲਾ ਰਿਹਾਇਸ਼ੀ ਇਮਾਰਤਾਂ ਦੀ ਉਸਾਰੀ ਤੇ ਵਿਕਰੀ ਵਿਚ ਵਾਧਾ ਦਰਜ ਕੀਤਾ ਗਿਆ ਹੈ।

ਅਜਿਹੇ ਹਾਲਤ ਵਿਚ ਇਕ ਮਕਾਨ ਵਿਚ ਕਈ ਮੈਂਬਰਾਂ ਦਾ ਇਕੋ ਥਾਂ ਰਹਿਣਾ ਕਿਫਾਇਤੀ ਸਾਬਤ ਹੋ ਰਿਹਾ ਹੈ। ਅੰਕੜਿਆਂ ਮੁਤਾਬਕ ਪਰਿਵਾਰਾਂ ਵਿਚ ਮੈਂਬਰਾਂ ਦੀ ਗਿਣਤੀ ਘਟੀ ਹੈ ਤੇ ਪਰਿਵਾਰ ਛੋਟੇ ਹੋ ਰਹੇ ਹਨ। ਬਹੁਤੇ ਜੋੜੇ ਔਲਾਦ ਨਹੀਂ ਚਾਹੁੰਦੇ ਤੇ ਤਲਾਕਾਂ ਵਿਚ ਵਾਧਾ ਹੋਇਆ ਹੈ। ਇਸ ਮਰਦਮਸ਼ੁਮਾਰੀ ਵਿਚ ਪਹਿਲੀ ਵਾਰ ਮਤਰੇਏ ਰਿਸ਼ਤਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਮੁਲਕ ਵਿਚ 464,335 ਮਤਰੇਏ ਪਰਿਵਾਰ ਹਨ ਤੇ 10 ਵਿਚੋਂ ਇਕ ਬੱਚਾ ਮਤਰੇਆ ਹੈ। ਕੈਨੇਡਾ ਵਿਚ 13,320,650 ਨਿੱਜੀ ਘਰ ਹਨ। ਪੰਜਾਬੀਆਂ ਦੇ ਗੜ੍ਹ ਬਰੈਂਪਟਨ ਸ਼ਹਿਰ ਵਿਚ ਸੰਯੁਕਤ ਪਰਿਵਾਰਾਂ ਵਾਲੇ ਘਰ ਕੁੱਲ ਆਬਾਦੀ ਦਾ 11 ਫੀਸਦੀ ਹਨ ਜੋ ਆਂਢ-ਗੁਆਂਢ ਨਾਲੋਂ ਵੱਧ ਹੈ।

# ਅਮਰੀਕੀ ਅਦਾਲਤ ਵੱਲੋਂ ਕਾਂਗਰਸ ਦੀ ਅਰਜ਼ੀ ਰੱਦ

**ਨਿਊ ਯਾਰਕ:** ਨਿਊ ਯਾਰਕ ਸਾਊਦਰਨ ਡਿਸਟ੍ਰਿਕਟ ਕੋਰਟ ਦੇ ਜੱਜ ਰਾਬਰਟ ਸਵੀਟ ਨੇ ਇਕ ਅਹਿਮ ਫੈਸਲਾ ਸੁਣਾਉਂਦਿਆਂ ਕਿਹਾ ਹੈ ਕਿ 1984 ਸਿੱਖ ਨਸਲਕੁਸ਼ੀ ਕੇਸ ਵਿਚ ਭਾਰਤ ਦੀ ਕਾਂਗਰਸ ਪਾਰਟੀ ਨੂੰ ਸੰਮਨਾਂ ਦੀ ਤਾਮੀਲ ਹੇਗ ਸਰਵਿਸ ਕਨਵੈਨਸ਼ਨ ਰਾਹੀਂ ਸਹੀ ਤਰੀਕੇ ਨਾਲ ਕੀਤੀ ਗਈ ਸੀ। ਇਸ ਬਾਰੇ ਸਿੱਖ ਨਸਲਕੁਸ਼ੀ ਕੇਸ ਨੂੰ ਖਾਰਜ ਕਰਨ ਲਈ ਕਾਂਗਰਸ (ਆਈ) ਵੱਲੋਂ ਦਾਇਰ ਅਰਜ਼ੀ ਨੂੰ ਰੱਦ ਕਰਦਿਆਂ ਅਦਾਲਤ ਨੇ ਕਿਹਾ ਕਿ ਇਸਤਗਾਸਾ ਧਿਰ ਵੱਲੋਂ ਪੇਸ਼ ਕੀਤੇ ਗਏ ਸਬੂਤ ਇਹ ਸਾਬਤ ਕਰਦੇ ਹਨ ਕਿ ਸੰਮਨਾਂ ਦੀ ਤਾਮੀਲ ਹੇਗ ਕਨਵੈਨਸ਼ਨ ਅਨੁਸਾਰ ਸਹੀ ਤਰੀਕੇ ਨਾਲ ਕੀਤੀ ਗਈ ਸੀ।

ਜ਼ਿਕਰਯੋਗ ਹੈ ਕਿ ਨਵੰਬਰ 1984 ਦੌਰਾਨ ਸਿਖਾਂ 'ਤੇ ਹਮਲੇ ਕਰਵਾਉਣ ਦੀ ਸਾਜਸ਼ ਰਚਨ, ਸ਼ਹਿ ਦੇਣ ਤੇ ਦੋਸ਼ੀਆਂ ਨੂੰ ਪਨਾਹ ਦੇਣ ਦੇ ਦੋਸ਼ਾਂ ਤਹਿਤ ਕਾਂਗਰਸ (ਆਈ) ਖਿਲਾਫ ਸਿਖਸ ਫਾਰ ਜਸਟਿਸ ਵੱਲੋਂ ਮੁਕੱਦਮਾ ਦਾਇਰ ਕਰਨ ਤੋਂ ਬਾਅਦ ਕਾਂਗਰਸ ਪਾਰਟੀ ਲਗਾਤਾਰ ਤਾਮੀਲ ਦੀ ਪ੍ਰਕ੍ਰਿਆ ਤੇ ਅਮਰੀਕੀ ਅਦਾਲਤ ਦੇ ਅਧਿਕਾਰ ਖੇਤਰ ਨੂੰ ਚੁਣੌਤੀ ਦਿੰਦੀ ਆ ਰਹੀ ਹੈ। ਹੇਗ ਸਰਵਿਸ ਕਨਵੈਨਸ਼ਨ ਰਾਹੀਂ ਸੰਮਨਾਂ ਦੀ ਤਾਮੀਲ ਕਰਨ ਲਈ ਸਿਖਸ ਫਾਰ ਜਸਟਿਸ ਵੱਲੋਂ ਚੁਕੇ ਗਏ ਕਦਮਾਂ ਦਾ ਜ਼ਿਕਰ ਕਰਦਿਆਂ ਜੱਜ ਸਵੀਟ ਨੇ ਆਪਣੇ 82 ਸਫਿਆਂ ਦੇ ਫੈਸਲੇ ਵਿਚ ਕਿਹਾ ਹੈ ਕਿ

## ਸਿੱਖ ਨਸਲਕੁਸ਼ੀ ਦਾ ਮਾਮਲਾ

ਇਸਤਗਾਸਾ ਧਿਰ ਨੇ ਹੇਗ ਕਨਵੈਨਸ਼ਨ ਦੀ ਪ੍ਰਕ੍ਰਿਆ ਦੀ ਪੂਰੀ ਪਾਲਣਾ ਕੀਤੀ ਹੈ ਜਦਕਿ ਕੇਂਦਰੀ ਅਥਾਰਟੀ ਇਸ ਦੀ ਪਾਲਣਾ ਵਿਚ ਨਾਕਾਮ ਰਹੀ ਹੈ।

ਇਸ ਤੋਂ ਇਲਾਵਾ ਇੰਡੀਅਨ ਨੈਸ਼ਨਲ ਕਾਂਗਰਸ ਇਸ ਮੁਕੱਦਮੇ ਬਾਰੇ ਪੂਰੀ ਤਰ੍ਹਾਂ ਵਾਕਫ ਸੀ। ਜੱਜ ਨੇ ਕਿਹਾ ਕਿ ਇਨ੍ਹਾਂ ਹਾਲਾਤ ਦੇ ਮੱਦੇਨਜ਼ਰ ਆਈ ਐਨ ਸੀ ਨੂੰ ਹੇਗ ਕਨਵੈਨਸ਼ਨ ਦੇ ਅਨੁਸਾਰ ਸੰਮਨ ਤਾਮੀਲ ਕਰਵਾਏ ਗਏ ਸੀ ਤੇ ਇਹ ਪ੍ਰਕ੍ਰਿਆ ਜਾਇਜ਼ ਹੈ। ਸਿੱਖ ਨਸਲਕੁਸ਼ੀ ਕੇਸ ਦੀ ਸੁਣਵਾਈ ਨੂੰ ਚੁਣੌਤੀ ਦੇਣ ਵਾਲੇ ਕਾਂਗਰਸ (ਆਈ) ਦੇ ਦਾਅਵੇ 'ਤੇ ਫੈਸਲਾ ਸੁਣਾਉਂਦਿਆਂ ਜੱਜ ਸਵੀਟ ਨੇ ਕਿਹਾ ਕਿ ਇਸਤਗਾਸਾ ਧਿਰ ਨੇ ਕਾਂਗਰਸ (ਆਈ) 'ਤੇ ਅਮਰੀਕੀ ਅਦਾਲਤ ਦੇ ਨਿੱਜੀ ਅਧਿਕਾਰ ਬਾਰੇ ਨਹੀਂ ਕਿਹਾ ਹੈ ਹਾਲਾਂਕਿ ਜੱਜ ਸਵੀਟ ਨੇ ਨਿਆਂਇਕ ਖੋਜ ਲਈ ਇਸਤਗਾਸਾ ਧਿਰ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਹੈ ਕਿ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ (ਆਈ ਐਨ ਓ ਸੀ) ਤੇ ਇੰਡੀਅਨ ਨੈਸ਼ਨਲ ਕਾਂਗਰਸ (ਆਈ ਐਨ ਸੀ) ਵਿਚਕਾਰ ਸੰਬੰਧਾਂ ਦਾ ਪਤਾ ਲਾਇਆ ਜਾਵੇ।

ਨਿਆਂਇਕ ਪੜਤਾਲ ਦੀ ਮਨਜ਼ੂਰੀ ਦਿੰਦਿਆਂ ਜੱਜ ਸਵੀਟ ਨੇ ਕਿਹਾ ਕਿ ਇਸਤਗਾਸਾ ਧਿਰ ਦੇ ਦੋਸ਼ ਇਹ ਦਰਸਾਉਂਦੇ ਹਨ ਕਿ ਆਈ ਐਨ ਸੀ ਤੇ ਆਈ ਐਨ ਓ ਸੀ ਵਿਚਕਾਰ ਸਬੰਧ ਹਨ ਤੇ ਇਸ ਦੀ ਉਚਿਤਤਾ ਲਈ ਨਿਆਂਇਕ ਖੋਜ ਦੀ ਲੋੜ ਹੈ ਜੋ ਕਾਂਗਰਸ ਪਾਰਟੀ 'ਤੇ ਅਦਾਲਤ ਦੇ ਨਿੱਜੀ ਅਧਿਕਾਰ ਖੇਤਰ ਦਾ ਪਤਾ ਲਗਾਉਣ ਲਈ ਜ਼ਰੂਰੀ ਹੈ। ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਸਿੱਖ ਨਸਲਕੁਸ਼ੀ ਬਾਰੇ ਕੇਸ ਦਾਇਰ ਕਰਨ ਤੋਂ ਬਾਅਦ ਨਵੰਬਰ 1984 ਦੇ ਸੈਂਕੜੇ ਪੀੜਤਾਂ, ਗਵਾਹਾਂ ਨੇ ਉਨ੍ਹਾਂ ਤੱਕ ਪਹੁੰਚ ਕੀਤੀ ਹੈ ਜੋ ਕਾਂਗਰਸ ਦੇ ਖਿਲਾਫ ਚੱਲ ਰਹੇ ਕੇਸ ਵਿਚ ਧਿਰ ਬਣਨਾ ਚਾਹੁੰਦੇ ਹਨ।

ਸਿਖਸ ਫਾਰ ਜਸਟਿਸ ਅਮਰੀਕੀ ਅਦਾਲਤ ਵਿਚ ਇਕ ਅਰਜ਼ੀ ਦਾਇਰ ਕਰਕੇ ਹੋਰ ਇਸਤਗਾਸਾ ਲੋਕਾਂ ਨੂੰ ਸ਼ਾਮਲ ਕਰਨ ਦੀ ਮੰਗ ਕਰੇਗੀ ਤੇ ਇਸ ਨਸਲਕੁਸ਼ੀ ਕੇਸ ਵਿਚ 'ਕਲਾਸ ਸਰਟੀਫਿਕੇਸ਼ਨ' ਜਾਰੀ ਕਰਨ ਲਈ ਕਹੇਗੀ। ਇਸ ਕਲਾਸ ਵਿਚ ਪਰਵਾਸੀ ਤੇ ਗੈਰ ਪਰਵਾਸੀ ਸਿੱਖ ਮਰਦ, ਔਰਤਾਂ ਤੇ ਬੱਚੇ ਸ਼ਾਮਲ ਹੋਣਗੇ ਜਿਹੜੇ ਨਵੰਬਰ 1984 ਦੇ ਹਮਲਿਆਂ ਤੋਂ ਬਚੇ ਸਨ ਤੇ ਜਿਹੜੇ ਲੋਕ ਮਾਰੇ ਗਏ ਸਨ ਉਨ੍ਹਾਂ ਦੇ ਕਾਨੂੰਨੀ ਵਾਰਸ ਤੇ ਦਾਅਵੇਦਾਰ ਇਸ ਵਿਚ ਸ਼ਾਮਲ ਹੋਣਗੇ। ਅਟਾਰਨੀ ਪੰਨੂ ਨੇ ਅੱਗੇ ਕਿਹਾ ਕਿ ਇਸ ਕਲਾਸ ਵਿਚ ਉਹ ਸਿੱਖ ਵੀ ਸ਼ਾਮਲ ਹੋਣਗੇ ਜਿਨ੍ਹਾਂ ਦੇ ਘਰ, ਵਪਾਰ, ਗੁਰਦੁਆਰੇ ਤੇ ਨਿੱਜੀ ਜਾਇਦਾਦ ਤਬਾਹ ਕਰ ਦਿੱਤੀ ਗਈ ਸੀ।

## ਕ੍ਰਿਸ਼ਨਾ ਦੇ ਅਮਰੀਕਾ ਦੌਰੇ ਦਾ ਹੋਵੇਗਾ ਵਿਰੋਧ

**ਕੈਲੀਫੋਰਨੀਆ:** ਸਿਖਸ ਫਾਰ ਜਸਟਿਸ ਨੇ ਐਲਾਨ ਕੀਤਾ ਕਿ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਦੇਸ਼ ਮੰਤਰੀ ਐਸ ਐਮ ਕ੍ਰਿਸ਼ਨਾ ਨੂੰ ਅਮਰੀਕਾ ਵਿਚ ਦਾਖਲ ਹੋਣ ਦੀ ਇਜਾਜ਼ਤ ਦੇਣ ਲਈ ਉਹ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਕੋਲ ਸ਼ਿਕਾਇਤ ਦਰਜ ਕਰਵਾਉਣਗੇ। ਇਹ ਜਾਣਦੇ ਹੋਏ ਕਿ ਨਵੰਬਰ 1984 ਦੌਰਾਨ ਸਿਖਾਂ 'ਤੇ ਹਮਲੇ ਕਰਵਾਉਣ ਵਿਚ ਕਾਂਗਰਸ (ਆਈ) ਦੇ ਆਗੂਆਂ ਦੀ ਮੋਹਰੀ ਭੂਮਿਕਾ ਰਹੀ ਹੈ, ਫਿਰ ਵੀ ਉਨ੍ਹਾਂ ਨੇ ਅਜਿਹਾ ਕੀਤਾ।

ਅਮਰੀਕਾ ਵਿਚ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਐਸ ਐਮ ਕ੍ਰਿਸ਼ਨਾ ਦਾ ਅਮਰੀਕਾ ਵਿਚ ਦਾਖਲਾ ਤੇ ਮੌਜੂਦਗੀ ਆਈ ਐਨ ਏ ਦੀਆਂ ਧਾਰਾਵਾਂ 212 (ਏ) (3) (ਈ) (2) ਤੇ (3) ਤੇ 1998 ਤੇ ਕੌਮਾਂਤਰੀ ਧਾਰਮਿਕ ਆਜ਼ਾਦੀ ਬਾਰੇ ਕਾਨੂੰਨ ਦੀ ਧਾਰਾ 604 ਦੀ ਉਲੰਘਣਾ ਹੋਵੇਗੀ ਜੋ ਹਰ ਉਸ ਸ਼ਖਸ ਦੀ ਅਮਰੀਕਾ ਵਿਚ ਦਾਖਲੇ 'ਤੇ ਪਾਬੰਦੀ ਲਾਉਂਦਾ ਹੈ ਜੋ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਸੰਗਠਨ ਦਾ ਮੈਂਬਰ ਹੋਵੇ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

Homeopathic natural medicines supply



Gurdip Singh Sandhu

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**



**Healthcare/Medical Programs**

**Study @ Home and Get Certified.**
**Overseas degrees given credit**
**Specially designed for working people.**
**Make your dreams come true**
**Onetime Investment, Lifelong Reward**

ਘਰ ਬੈਠ ਕੇ ਪੜ੍ਹਾਈ ਕਰੋ ਤੇ ਸਰਟੀਫਿਕੇਟ ਹਾਸਲ ਕਰੋ। ਹੋਰ ਦੇਸ਼ਾਂ ਤੋਂ ਕੀਤੀ ਡਿਗਰੀ ਲਈ ਕਰੈਡਿਟ ਮਿਲੇਗਾ। ਇਹ ਪ੍ਰੋਗਰਾਮ ਖਾਸ ਕਰਕੇ ਕੰਮ ਕਰਦੇ ਲੋਕਾਂ ਲਈ ਹੈ। ਆਪਣੇ ਸੁਪਨੇ ਸੱਚੇ ਕਰੋ। ਇਕ ਵਾਰ ਦਾ ਖਰਚਾ, ਉਮਰ ਭਰ ਦਾ ਲਾਭ।

**ਹੋਰ ਜਾਣਕਾਰੀ ਲਈ ਸੰਪਰਕ ਕਰੋ: 206-575-7961**

**www.royalcollegeusa.com**

# ਹਿਲੇਰੀ ਵੱਲੋਂ ਪਾਕਿਸਤਾਨ ਨੂੰ ਜ਼ਿੰਮੇਵਾਰੀਆਂ ਨਿਭਾਉਣ ਦੀ ਨਸੀਹਤ

**ਵਾਸ਼ਿੰਗਟਨ:** ਅਮਰੀਕਾ ਦੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਕਿਹਾ ਕਿ ਅਮਰੀਕਾ ਪਾਕਿਸਤਾਨ ਦੀ ਪ੍ਰਭੂਸੱਤਾ ਨੂੰ ਮਾਣ ਦਿੰਦਾ ਹੈ ਪਰ ਉਸ ਨੂੰ ਵੀ ਇਹ ਭੁੱਲਣਾ ਨਹੀਂ ਚਾਹੀਦਾ ਕਿ ਪ੍ਰਭੂਸੱਤਾ ਵਾਲੇ ਹਰ ਮੁਲਕ ਦੀਆਂ ਕੁਝ ਜ਼ਿੰਮੇਵਾਰੀਆਂ ਬਣਦੀਆਂ ਹਨ ਜਿਨ੍ਹਾਂ 'ਚ ਗੁਆਂਢੀ ਮੁਲਕਾਂ ਤੇ ਕੌਮਾਂਤਰੀ ਭਾਈਚਾਰੇ ਦੀ ਰੱਖਿਆ ਕਰਨਾ ਵੀ ਸ਼ਾਮਲ ਹੈ। ਇਹ ਪ੍ਰਗਟਾਵਾ ਉਨ੍ਹਾਂ ਆਪਣੀ ਪਾਕਿਸਤਾਨੀ ਹਮਰੁਤਬਾ ਹਿਨਾ ਰੱਬਾਨੀ ਖਾਰ ਨਾਲ ਸਾਂਝੀ ਪ੍ਰੈਸ ਕਾਨਫਰੰਸ ਮੌਕੇ ਕੀਤਾ।

ਬੀਬੀ ਕਲਿੰਟਨ ਨੇ ਪਾਕਿਸਤਾਨ ਨੂੰ ਚੇਤੇ ਕਰਵਾਇਆ ਕਿ ਪ੍ਰਭੂਸੱਤਾ ਸੰਪੰਨ ਮੁਲਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਨਾਗਰਿਕਾਂ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰੇ, ਆਪਣੇ ਇਲਾਕੇ 'ਚ ਅਜਿਹੇ ਖ਼ਤਰੇ ਨਾ ਪੈਦਾ ਹੋਣ ਦੇਵੇ ਜੋ ਹੋਰ ਮੁਲਕਾਂ ਨੂੰ ਨੁਕਸਾਨ ਪਹੁੰਚਾਉਣ। ਉਨ੍ਹਾਂ ਦੀ ਇਹ ਟਿੱਪਣੀ ਪਾਕਿਸਤਾਨ ਦੀ ਵਿਦੇਸ਼ ਮੰਤਰੀ ਬੀਬੀ ਖਾਰ ਦੇ ਉਸ ਬਿਆਨ ਦਾ ਪ੍ਰਤੀਕਰਮ ਸੀ ਜਿਸ 'ਚ ਉਨ੍ਹਾਂ ਕਿਹਾ ਸੀ ਕਿ ਅਮਰੀਕਾ ਪਾਕਿਸਤਾਨ 'ਤੇ ਡਰੋਨ ਹਮਲੇ ਬੰਦ ਕਰੇ ਕਿਉਂਕਿ ਇਹ ਉਸ ਦੀ ਪ੍ਰਭੂਸੱਤਾ 'ਤੇ ਹਮਲਾ ਹੈ। ਪਾਕਿਸਤਾਨ ਵੱਲੋਂ ਵਾਰ-ਵਾਰ ਡਰੋਨ ਹਮਲੇ ਬੰਦ ਕਰਨ ਬਾਰੇ ਕਹਿਣ ਦੇ ਬਾਵਜੂਦ ਅਮਰੀਕਾ ਵੱਲੋਂ ਮੁਲਕ ਦੇ ਕਬਾਇਲੀ ਖੇਤਰਾਂ 'ਚ ਅਤਿਵਾਦੀਆਂ ਖ਼ਿਲਾਫ਼ ਡਰੋਨ ਹਮਲੇ ਜਾਰੀ ਹਨ।

## Matrimonials

### ਵਰ ਦੀ ਲੋੜ ਹੈ

ਇੰਡੀਆ ਵਿਚ ਰਜਿਸਟਰਡ ਨਰਸ ਜੱਟ ਸਿੱਖ ਲੜਕੀ, ਉਮਰ 28 ਸਾਲ, ਕੱਦ 5',7" ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਲੜਕੀ ਦੇ ਮਾਤਾ-ਪਿਤਾ ਅਤੇ ਭੈਣ-ਭਰਾ ਅਮਰੀਕਾ ਵਿਚ ਸੈਟਲ ਹਨ। ਸੰਪਰਕ ਕਰੋ: 630-656-0536

Well settled Saini Sikh parents seek stricktly Gursikh match for US Citizen innocently divorced daughter, 28, 5'-6", M Ed., school teacher. Email biodata @ bsinghmdus@yahoo.com

Suitable match wanted for US born Jatt sikh girl, 35year, 5'-6", working as financial manager with a reputed company in Chicago area. Family well settled in US. E-mail bio @ mgs2808@yahoo.com

### ਕੰਨਿਆ ਦੀ ਲੋੜ ਹੈ

ਇੰਡੀਆ ਰਹਿੰਦੇ ਗੁਰਸਿੱਖ ਜੱਟ ਲੜਕੇ, 28, 5'-7" ਐਮ ਬੀ ਏ (ਯੂ ਕੇ ਯੂਨੀਵਰਸਿਟੀ) ਲਈ ਅਮਰੀਕਾ/ਕੈਨੇਡਾ ਜਾਂ ਇੰਡੀਆ ਰਹਿੰਦੀ ਗੁਰਸਿੱਖ (ਜਾਂ ਵਿਆਹ ਤੋਂ ਪਹਿਲਾਂ ਅੰਮ੍ਰਿਤ ਛਕਣ ਲਈ ਤਿਆਰ ਹੋਵੇ) ਸੋਹਣੀ-ਸੁਨੱਖੀ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਸੰਪਰਕ ਕਰੋ: 98152-37747 ਜਾਂ 414-745-1676 ਜਾਂ ਈਮੇਲ ਕਰੋ:jeeta1970singh@yahoo.com

Sikh parents seek match for handsome US educated son, MBA, MS, BS, Engineering, 28/5'-11''. Employed with a highly reputed company. Email: photo/bio: sps1083@gmail.com

Wanted suitable match for US citizen Jatt Sikh boy, 21, 6'. Only those should contact who can arrange US citizen match for boy's brother 24, 6' living in India. Contact: 408-694-8554

US citizen or green card holder girl sought for US green card holder Rajput boy 29, 5'-11". Call: 318-348-7448 or 661-229-6823 (Cell)

*To Advertise with Punjab Times*
***Call: 847-359-0746***


# HELP WANTED

**We need a couple for managing & housekeeping a small motel in Tulare county (CA). Must be able to speak English. Good salary, free accommodation.**

ਟੂਲੇਅਰ ਕਾਊਂਟੀ, ਕੈਲੀਫੋਰਨੀਆ ਵਿਚ ਇਕ ਛੋਟੀ ਮੋਟਲ ਸੰਭਾਲਣ ਵਾਸਤੇ ਇਕ ਜੋੜੇ ਦੀ ਲੋੜ ਹੈ ਜੋ ਅੰਗਰੇਜ਼ੀ ਬੋਲਣੀ ਜਾਣਦਾ ਹੋਵੇ। ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼।

*ਸੰਪਰਕ ਕਰੋ: ਅਮਰੀਕ ਭੰਡਾਲ*

**ਫੋਨ: 559-380-8888**



# SUPER TRAVEL

**847-676-9090, 773-465-5566**

*E-mail: supertravel2003@yahoo.com*

***Lowest Fares With Excellent Service***

***AMERICAN AIR, CONTINENTAL AIR***



***JET AIRWAYS DELTA, AIR INDIA, KLM, LUFTHANSA.***

***For Emergency Call anytime at 847-673-3825***

*EARLY BIRD SALE!!!!*

**India $545**
**London $250**



# MRP TRAVEL

*Lowest International and Domestic Fares*

A·R·C **FLY ANY AIRLINE OF YOUR CHOICE** IATA

***Providing the lowest Air-fare, Cruise and Travel Packages to Asia, Africa, Europe, the Middle East and North America***

**408-929-8005**

**E-mail:mrptravel@gmail.com**
**2123 Port Way, San Jose, CA 95133**

***CST: 2097308-40***

*Passport & Visa services also available*



Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES

***India Vacation tour package also available.***



# Triple Transport Inc.

**5938 S. 13th St., Milwaukee, WI 53221**
**Ph: 414-282-2363, Fax: 414-282-2370**

## ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ

ਮਿਲਵਾਕੀ, ਵਿਸਕਾਨਸਿਨ ਦੀ ਇਕ ਇੰਟਰਮੋਡਲ ਕੰਪਨੀ ਨੂੰ ਅਨੁਭਵੀ ਸੀ ਡੀ ਐਲ ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ



ਚੰਗੀ ਤਨਖਾਹ, ਰੋਜ਼ਾਨਾ ਘਰ ਆ ਸਕਦੇ ਹੋ

**WI, MN, Upper MI, IL, Intermodal Freight**

*ਸੰਪਰਕ ਕਰੋ: ਬੇਅੰਤ ਸਿੰਘ ਬੋਪਾਰਾਏ*

**ਫੋਨ 414-349-3449**



# Prince's Barber Shop

**37477 Fremont Blvd, suite C, Fremont, CA 94536**

***Men & Children's Hair Cut***

*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



**Business hours:**
**Mon thru Friday 9am to 8pm**
**Sat- Sunday- 8am to 8pm**
**(Tuesday 9am to 4pm)**



***Cell: (510)-677-9942***
***Shop: (510)-505-9605***



FARMERS INSURANCE GROUP Symbol of Superior Service

# FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



# ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ

Radio Chann Pardesi ਰੇਡੀਓ ਚੰਨ ਪ੍ਰਦੇਸੀ

ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ

ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ

tunein market iPhone

ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ

**RADIO CHANN PARDESI**


ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ

ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579

https://www.facebook.com/ChannPardesiRadio Email : info@channpardesi.com

www.channpardesi.com

# ਡਰਾਮੇ ਵਾਲਾ ਬਾਬਾ



**ਭਾਅਜੀ ਗੁਰਸ਼ਰਨ ਜਿਨ੍ਹਾਂ ਦੀ ਪਹਿਲੀ ਬਰਸੀ 28 ਸਤੰਬਰ ਨੂੰ ਹੈ, ਪੰਜਾਬ ਦੀ ਉਹ ਸ਼ਖਸੀਅਤ ਸਨ ਜਿਨ੍ਹਾਂ ਨੇ ਪੰਜਾਬੀ ਨਾਟਕ ਨੂੰ ਹੀ ਪਿੰਡ-ਪਿੰਡ ਨਹੀਂ ਪਹੁੰਚਾਇਆ ਸਗੋਂ ਉਨ੍ਹਾਂ ਲਤਾੜੇ ਜਾ ਰਹੇ ਲੋਕਾਂ ਨੂੰ ਉਠ ਖੜ੍ਹਨ ਲਈ ਵੀ ਪ੍ਰੇਰਿਆ। ਉਹ ਆਪਣੇ ਵੇਲਿਆਂ ਦੇ ਸਮਾਜਕ, ਆਰਥਿਕ, ਸਿਆਸੀ ਅਤੇ ਸਭਿਆਚਾਰਕ ਸੰਕਟਾਂ ਨੂੰ ਅੱਗਿਓਂ ਹੋ ਕੇ ਟੱਕਰੇ ਅਤੇ ਲੋਕਾਂ ਨੂੰ ਇਨ੍ਹਾਂ ਬਾਰੇ ਚੇਤੰਨ ਕੀਤਾ। ਇੰਗਲੈਂਡ ਵੱਸਦੇ ਲੇਖਕ ਸੁਖਦੇਵ ਸਿੱਧੂ ਦਾ ਲੇਖ 'ਡਰਾਮੇ ਵਾਲਾ ਬਾਬਾ' ਅਸੀਂ ਆਪਣੇ ਪਾਠਕਾਂ ਲਈ ਰਤਾ ਕੁ ਸੰਖੇਪ ਕਰ ਕੇ ਛਾਪ ਰਹੇ ਹਾਂ। ਇਸ ਲੇਖ ਵਿਚ ਲੇਖਕ ਨੇ ਨੇੜਿਓਂ ਦੇਖੀ ਇਸ ਸ਼ਖਸੀਅਤ ਬਾਰੇ ਬੜੀਆਂ ਬਾਰੀਕ ਗੱਲਾਂ ਕੀਤੀਆਂ ਹਨ। -ਸੰਪਾਦਕ**

ਗੁਰਸ਼ਰਨ ਸਿੰਘ ਦਾ ਸਾਡੇ ਵਿਚ ਨਾ ਹੋਣ ਦਾ ਯਕੀਨ ਨਹੀਂ ਆ ਰਿਹਾ। ਇਨ੍ਹਾਂ ਬਜ਼ੁਰਗੀ 'ਚ ਪੈਰ ਧਰਨ ਦੀ ਗੱਲ ਪਹਿਲੀ ਵਲੈਤ ਫੇਰੀ ਵੇਲੇ ਕਹੀ ਸੀ, 83 'ਚ। ਅਠਾਈ ਸਾਲ ਪਹਿਲਾਂ, 54 ਸਾਲ ਦੀ ਉਮਰੇ। ਪੰਜਾਬ ਦੇ ਬਹੁਤ ਥੋੜ੍ਹੇ ਲੋਕ ਨੇ ਜਿਨ੍ਹਾਂ ਨੂੰ ਪੰਜਾਬੀਆਂ ਇੰਨਾ ਮਾਣ ਸਤਿਕਾਰ ਦਿੱਤਾ ਹੋਵੇ। ਗੁਰਸ਼ਰਨ ਸਿੰਘ ਹੋਰਾਂ ਪਹਿਲਾਂ ਇਹ ਮਾਣ ਸਤਿਕਾਰ ਬੜੀ ਮਿਹਨਤ ਤੇ ਦਿਆਨਤਦਾਰੀ ਨਾਲ ਕਮਾਇਆ; ਫਿਰ ਪੂਰੀ ਤਨ ਦੇਹੀ ਨਾਲ ਨਿਭਾਇਆ; ਸਿਰੇ ਚੜ੍ਹਾਇਆ। ਬੜੇ ਮੁਲਕਾਂ 'ਚ ਇਹ ਪਾਪੂਲਰ ਹੋਏ। ਹੁਣ ਇਨ੍ਹਾਂ ਦੀਆਂ ਅਸਥੀਆਂ ਹੁਸੈਨੀਵਾਲੇ ਲੈ ਕੇ ਜਾਂਦਿਆਂ ਰਾਹ 'ਚ ਲੋਕਾਂ



**■ ਸੁਖਦੇਵ ਸਿੱਧੂ**

ਦੇ ਮਿਲੇ ਪਿਆਰ-ਸਤਿਕਾਰ ਨੂੰ ਦੇਖ ਕੇ ਭਾਬੀ ਜੀ ਬਹੁਤ ਰੋਏ, ਕਹਿੰਦੇ: ਮੈਨੂੰ ਪਤਾ ਨਹੀਂ ਸੀ ਕਿ ਗੁਰਸ਼ਰਨ ਇੰਨੇ ਮਹਾਨ ਬਣ ਗਏ ਸਨ। ਇੰਨਾ 'ਕੱਠ ਤਾਂ ਬਹੁਤ ਵੱਡੇ ਬੰਦਿਆਂ ਦਾ ਵੀ ਨਹੀਂ ਹੁੰਦਾ। ਪਾਸ਼ ਗੁਰਸ਼ਰਨ ਭਾਅਜੀ ਦੀਆਂ ਗੱਲਾਂ ਕਰਦਾ ਕਹਿੰਦਾ ਹੁੰਦਾ ਸੀ: ਭਾਅਜੀ ਪੰਜਾਬ ਦਾ ਫ਼ਿਨੋਮਨਾ ਨੇ। ਇੱਦਾਂ ਕਦੇ-ਕਦੇ ਹੀ ਹੁੰਦਾ ਹੈ। ਇਹ ਆਪਣੇ ਪਿੱਛੇ ਬੜਾ ਕੁਝ ਛੱਡ ਗਏ ਨੇ। ਨਾਟ-ਕਰਮੀਆਂ ਦੀਆਂ ਡਾਰਾਂ। ਅਮੀਰ ਵਿਰਾਸਤ ਦੀ ਪੈੜ। ਸਾਹਿਤਕ ਖ਼ਜ਼ਾਨਾ, ਜਿਹਦੀ ਨਿਰਖ-ਪਰਖ ਹੁੰਦੀ ਰਹੇਗੀ।

ਉਨ੍ਹਾਂ ਨਾਲ ਬਹੁਤ ਵਿਸ਼ੇਸ਼ਣੀ ਜੁੜੇ ਪਰ ਲੰਮੇ ਸਮੇਂ ਲਈ ਨਿਭੇ ਮੰਨਾ ਸਿੰਘ ਤੇ ਜਾਂ ਭਾਅਜੀ ਗੁਰਸ਼ਰਨ ਸਿੰਘ। ਇਸ ਹਿਸਾਬ ਨਾਲ ਇਹ ਜਗਤ ਭਾਅਜੀ ਹੋ ਗਏ; ਇਨ੍ਹਾਂ ਦੇ ਆਪਣੇ ਹਾਣੀ, ਧੀਆਂ, ਦੋਹਤੀ ਦੇ ਹਾਣੀ ਤੇ ਓਦੂੰ ਅਗਲੀ ਪੀੜ੍ਹੀ ਵਾਲ਼ੇ ਵੀ ਇਨ੍ਹਾਂ ਨੂੰ ਭਾਅਜੀ ਹੀ ਸੱਦਦੇ ਰਹੇ। ਇਨ੍ਹਾਂ ਦੀ ਆਪਣੀ ਰੀਝ ਵੀ ਕੁਝ ਹੋਰ ਬਣਨ-ਅਖਵਾਉਣ ਦੀ ਹੋਣੀ ਐ। ਹੋਰ ਕਿਤੇ ਇਨ੍ਹਾਂ ਕਿਹਾ ਸੀ: ਏਅਅ ਮੈਨੂੰ ਸਿਰਫ਼ ਨਾਟਕਕਾਰ ਹੀ ਸਮਝਦੇ ਨੇ, ਕਮਿਉਨਿਸਟ ਨਾਟਕਕਾਰ ਨਹੀਂ ਸਮਝਿਆ ਏਅਨ੍ਹਾਂ ਨੇ ਹਾਲੀ ਤਕ। ਅਪਣਿਆਂ 'ਤੇ ਗਿਲੇ ਦੀ ਭਾਅ ਮਾਰਦੀ ਇਸ ਗੱਲ ਚੋਂ ਸੱਚਾਈ ਵੀ ਝਲਕਦੀ ਹੈ।

ਉਹ ਪੰਦਰਾਂ ਸਾਲ ਦੀ ਛੋਟੀ ਉਮਰੇ ਹੀ ਕਮਿਉਨਿਸਟ ਪਾਰਟੀ ਦੇ ਕਾਰਡ ਹੋਲਡਰ ਬਣ ਗਏ ਸੀ। ਘਰੋਂ ਮਿਲ਼ਦੇ ਜੇਬ ਖ਼ਰਚ ਤੋਂ ਪੈਸੇ ਜੋੜ-ਬਚਾ ਕੇ ਪਾਰਟੀ ਨੂੰ ਦਿਆ ਕਰਦੇ ਸੀ। ਖਾਂਦੇ-ਪੀਂਦੇ ਘਰ ਦੇ ਮੁੰਡੇ ਨੂੰ ਸਭ ਸੁੱਖ ਸਹੂਲਤਾਂ ਮਿਲਦੀਆਂ ਸੀ। ਸਭ ਤੋਂ ਛੋਟਾ ਹੋਣ ਕਰ ਕੇ, ਲਾਡ ਪਿਆਰ ਵੀ। ਮਨ ਤਾਂ ਹੋਰ ਪਾਸੇ ਲੱਗਣਾ ਚਾਹੀਦਾ ਸੀ ਪਰ ਇਹ ਗਰੀਬ ਗੁਰਬਿਆਂ ਵੱਲ ਖਿੱਚੇ ਗਏ। ਇਸ ਮੋੜ ਦਾ ਕਾਰਨ ਭਾਅਜੀ ਆਪਣੇ ਸਕੂਲ ਦੇ ਹਮਜਮਾਤੀ ਮੁੰਡੇ ਨੂੰ ਮੰਨਦੇ ਸੀ। ਕੋਈ ਬਹੁਤ ਜ਼ਹੀਨ ਪਰ ਗ਼ਰੀਬ ਜਮਾਂਦਾਰਾਂ ਦਾ ਮੁੰਡਾ ਇਸ ਕਰ ਕੇ ਪੜ੍ਹਨੋਂ ਹਟ ਗਿਆ ਕਿ ਉਹਦੇ ਮਾਂ-ਬਾਪ ਕੋਲ਼ ਉਹਨੂੰ ਪੜ੍ਹਾਉਣ ਦੀ ਹਿੰਮਤ ਨਹੀਂ ਸੀ ਤੇ ਉਸੇ ਬੁਧਵੇ ਨਾਲ ਅਗਲੀ ਵਾਰੀ ਮੇਲ਼ ਉਦੋਂ ਹੋਇਆ, ਜਦ ਓਹੀ ਜ਼ਹੀਨ ਮੁੰਡਾ ਸਫ਼ਾਈ ਸੇਵਕਾਂ ਵਾਲ਼ੇ ਕੱਪੜੇ ਪਾਈ ਕਿਤੇ ਝਾੜੂ ਫੇਰ ਰਿਹਾ ਸੀ। ਇਹ ਬੁਧਵੇ ਨੂੰ ਅਣਜਾਣ ਸੁਆਲ ਪੁੱਛ ਬੈਠੇ ਕਿ ਉਹ ਸਕੂਲ ਆਉਣੋਂ ਕਿਉਂ ਹਟ ਗਿਆ। ਇਸੇ ਮੁੰਡੇ ਦੇ ਜੁਆਬ ਨੇ ਇਨ੍ਹਾਂ ਨੂੰ ਝੰਜੋੜ ਦਿੱਤਾ। ਜ਼ਿੰਦਗੀ ਪ੍ਰਤੀ ਰਵੱਈਆ ਹੀ ਬਦਲ ਦਿੱਤਾ। ਵਿਚਾਰਧਾਰਾ ਦਾ ਬਹੁਤਾ ਸਿਲਾ ਉਹ ਅਪਣੇ ਭਰਾਤਾ ਡਾਕਟਰ ਇੰਦਰਜੀਤ ਸਿੰਘ ਤੇ ਪ੍ਰੀਤਲੜੀ ਵਾਲ਼ੇ ਗੁਰਬਖ਼ਸ਼ ਸਿੰਘ ਦੇ ਵੇਲਿਆਂ ਨੂੰ ਵੀ ਦਿੰਦੇ ਸੀ।

ਤਿੰਨ ਹੋਰ ਗੱਲਾਂ ਭਾਅਜੀ ਨੇ ਕਈ ਵਾਰ ਸੁਣਾਈਆਂ; ਇਕ ਤਾਂ ਜਦੋਂ ਇਹ ਕਾਲ਼ੇ ਸੰਘਿਆਂ ਨਾਟਕ ਕਰਨ ਗਏ, ਡਰਾਮੇ ਦੀ ਸਹੀ ਜਗ੍ਹਾ ਦੇਖ ਪਰਖ ਰਹੇ ਸੀ, ਤਾਂ ਲਾਗੇ ਬੈਠੇ ਕਿਸੇ ਬਜ਼ੁਰਗ ਨੇ ਆਪਣੇ ਚਿੱਤੋਂ ਸੱਚੀ ਗੱਲ ਕਹੀ: ਸਰਦਾਰਾ ਕਰਨਾ ਤਾਂ ਕੰਜਰਖਾਨਾ ਈ ਆਂ, ਜਿੱਥੇ ਮਰਜ਼ੀ ਕਰ ਲੈ। ਖੈਰ ਨਾਟਕ ਹੋਏ। ਲੋਕਾਂ ਪਸੰਦ ਕੀਤੇ। ਇਨ੍ਹਾਂ ਦੇ ਨਾਟਕ ਦੇਖ ਕੇ ਉਹੀ ਬੰਦਾ ਫਿਰ ਭਾਅਜੀ ਕੋਲ ਆ ਕੇ ਕਹਿੰਦਾ: ਸਰਦਾਰ ਜੀ ਮੈਂ ਤਾਂ ਹੋਰ ਹੀ ਗੱਲ ਸਮਝੀ ਬੈਠਾ ਸੀ, ਤੁਸੀ ਤਾਂ ਕਮਾਲ ਦੀਆਂ ਗੱਲਾਂ ਕੀਤੀਆਂ। ਦੂਜੀ, ਜਦੋਂ ਇਨ੍ਹਾਂ ਨੂੰ ਆਪਣੇ ਕਿਸੇ ਖਾਸ ਕੀਤੇ ਕਰਾਏ 'ਤੇ ਮਾਣ ਹੋਣ ਦੀ ਗੱਲ ਪੁੱਛਦਾ ਤਾਂ ਇਹ ਕਹਿੰਦੇ: ਏਅਅ, ਬਈ ਮੈਂ ਨਾਟਕ ਨੂੰ ਪਿੰਡਾਂ ਤੀਕ ਲੈ ਕੇ ਗਿਆਂ ਹਾਂ, ਹੁਣ ਪੰਜਾਬ 'ਚ ਕਈ ਨਾਟ ਟੋਲੀਆਂ ਨੇ, ਆਪਣਾ ਆਪਣਾ ਕੰਮ ਕਰਦੇ ਨੇ। ਸਸਤੀ ਕੀਮਤ 'ਤੇ ਉੱਚ ਪਾਏ ਦੀਆਂ ਕਿਤਾਬਾਂ ਛਾਪੀਆਂ ਨੇ। ਅਖ਼ੀਰ 'ਤੇ ਕਹਿੰਦੇ ਮੈਨੂੰ ਅਪਣੀਆਂ ਧੀਆਂ 'ਤੇ ਮਾਣ ਹੈ, ਤੇ ਕੇਵਲ ਧਾਲੀਵਾਲ 'ਤੇ। ਕੇਵਲ ਲਈ ਏਦੂੰ ਵੱਡਾ ਮਾਣ-ਸਨਮਾਣ ਕੋਈ ਨਹੀਂ ਹੋ ਸਕਣਾ। ਤੀਜੀ ਗੱਲ ਕਰਦਿਆਂ ਇਹ ਵੱਧ ਭਾਵੁਕ ਹੋ ਜਾਇਆ ਕਰਦੇ ਸੀ, ਕਿ ਜਦ 47 'ਚ ਇਸੇ ਅੰਮ੍ਰਿਤਸਰ 'ਚ ਸਿੱਖਾਂ ਨੇ ਮੁਸਲਮਾਨਾਂ ਔਰਤਾਂ ਨੂੰ ਕਟੜਾ ਜੈਮਲ ਸਿੰਘ ਤੋਂ ਨਗਨ ਕਰ ਕੇ ਜਲੂਸ ਕੱਢਿਆ ਸੀ। ਕਿਹੜੇ ਸੁਆਬ ਦੀ ਆਸ ਨਾਲ ਇਹ ਔਰਤਾਂ ਹੀ ਹੇਠੀ ਕਰ ਰਹੇ ਸੀ, ਇਨ੍ਹਾਂ ਦਾ ਰੱਬ ਜਾਣੇ। ਉਸ ਵੇਲੇ ਦੇ ਮਸ਼ਹੂਰ ਨੇਤਾ ਵੀ ਜਲੂਸ ਦੇ ਨਾਲ਼-ਨਾਲ਼ ਘੋੜਿਆਂ 'ਤੇ ਜਾ ਰਹੇ ਸੀ। ਇਨ੍ਹਾਂ ਦੀ ਹਮਸ਼ੀਰਾਂ ਨੇ ਅੱਗੇ ਹੋ ਕੇ ਕਿਹਾ ਸੀ: ਬੰਦ ਕਰੋ ਇਹ ਸਭ ਕੁਝ, ਨਹੀਂ ਤਾਂ ਮੈਂ ਵੀ ਆਪਣੇ ਕੱਪੜੇ ਉਤਾਰ ਕੇ ਇਨ੍ਹਾਂ ਨਾਲ਼ ਹੋ ਤੁਰਾਂਗੀ। ਤੇ ਉਹ ਜਲੂਸ ਰੁਕ ਗਿਆ ਸੀ। ਇਹ ਆਪ ਵੀ ਨਾਲ ਸੀ।



ਇਕ ਵਾਰੀ ਭਾਬੀ ਜੀ ਕਹਿੰਦੇ, ਮੈਂ ਬੜਾ ਸੋਹਣਾ ਕੁੜਤਾ ਇਨ੍ਹਾਂ ਲਈ ਲਿਆਂਦਾ ਤੇ ਇਹ ਨਾਟਕ 'ਚ ਵਰਤਣ ਲਈ ਲੈ ਗਏ। ਓਥੇ ਰੋਲ ਕਰਦਿਆਂ ਕੁੜਤੇ ਨੂੰ ਲਾਲ ਰੰਗ (ਲਹੂ) ਲਾ ਲਿਆਏ। ਭਾਬੀ ਜੀ ਖਪੇ। ਰੋਣਹਾਕੇ, ਪਰੇਸ਼ਾਨ, ਨਾਰਾਜ਼ ਹੋਏ। ਭਾਅਜੀ ਕਹਿੰਦੇ: ਤੂੰ ਇਕ ਕੁੜਤੇ ਨੂੰ ਰੋਈ ਜਾਨੀ ਐ, ਮੈਂ ਤਾਂ ਸਾਰੀ ਜ਼ਿੰਦਗੀ ਏਧਰ ਲਾਈ ਹੋਈ ਹੈ। ਓਸ ਤੋਂ ਬਾਅਦ ਭਾਬੀ ਜੀ ਨੇ ਸਮਝ ਲਿਆ ਤੇ ਮੋਢੇ ਨਾਲ਼ ਮੋਢਾ ਲਾ ਕੇ ਤੁਰ ਪਏ। ਭਾਬੀ ਜੀ ਅਕਸਰ ਕਹਿੰਦੇ: ਤੁਹਾਡੇ ਭਾਅਜੀ ਸੋਸ਼ਲ ਨਹੀਂ ਹੋ ਸਕਦੇ, ਇਨ੍ਹਾਂ ਨੂੰ ਗੱਲ ਹੀ ਸਿਆਸਤ ਜਾਂ ਬਰਾਬਰੀ ਦੀ ਆਉਂਦੀ ਹੈ; ਜਾਂ ਸਾਹਿਤ ਦੀ। ਭਾਅਜੀ ਨੇ ਸੀ.ਪੀ.ਆਈ. 'ਚੋ ਸਿੱਧਾ ਛੜੱਪਾ ਨਕਸਲਬਾੜੀ 'ਚ ਜਾ ਮਾਰਿਆ। ਬਹੁਤੇ ਸੀ.ਪੀ.ਐੱਮ. 'ਚੋਂ ਆਏ ਸੀ। ਵਜ੍ਹਾ ਸੀ.ਪੀ.ਆਈ. ਦੀ ਕਾਂਗਰਸ ਨਾਲ਼ ਨੇੜਤਾ ਸੀ। ਅੰਬਰਸਰ ਦਾ ਕੋਈ ਬਦਨਾਮ ਲੀਡਰ ਕਾਮਰੇਡਾਂ ਨਾਲ ਸਟੇਜਾਂ ਸਾਂਝੀਆਂ ਕਰੇ, ਇਨ੍ਹਾਂ ਤੋਂ ਜਰ ਨਾ ਹੋਇਆ ਤੇ ਉੱਠ ਕੇ ਬਾਹਰ ਆ ਗਏ। ਫਿਰ 1975 'ਚ ਐਮਰਜੈਂਸੀ ਲੱਗ ਗਈ ਤੇ ਸਰਕਾਰ ਨੇ ਇਨ੍ਹਾਂ ਦੀ ਨੌਕਰੀ ਖੋਹ ਲਈ ਤੇ ਫੜ ਕੇ ਜੇਲ 'ਚ ਬੰਦ ਕਰ ਦਿੱਤਾ; ਇਹ 45 ਦਿਨ ਜੇਲ੍ਹ 'ਚ ਰਹੇ। ਨਾਲ ਹੀ ਗੁਰਚਰਨ ਸਿੰਘ ਟੌਹੜਾ ਵੀ ਸੀ। ਟੌਹੜਾ ਭਾਅਜੀ ਨੂੰ ਕਹਿੰਦਾ: ਜਿੰਨਾ ਚਿਰ ਸਾਡੇ ਕੋਲ ਦਰਬਾਰ ਸਾਹਿਬ ਹੈ, ਕਾਮਰੇਡ ਭੁੱਲ ਜਾਣ ਕਿ ਪੰਜਾਬ 'ਚ ਰਾਜ ਕਰ ਲੈਣਗੇ।

ਇੰਗਲੈਂਡ ਦੇ ਪਹਿਲੇ ਗੇੜੇ ਵੇਲੇ ਆਏ ਭਾਅਜੀ ਕਹਿੰਦੇ: ਜੇ ਕਿਧਰੇ ਲਾਗੇ ਹੈ ਤਾਂ, ਤੁਸੀਂ ਸਾਨੂੰ ਕੇਂਬ੍ਰਿਜ ਦਿਖਾਓ। ਭਾਅਜੀ ਦੇ ਕੇਂਬ੍ਰਿਜ ਕੁਨੈਕਸ਼ਨ ਦਾ ਸਾਨੂੰ ਕੋਈ ਗਿਆਨ ਨਹੀਂ ਸੀ। ਅਸੀਂ ਸੋਚਦੇ ਸਾਂ ਕਿ ਇਹਦੀ ਇੰਟਰਨੈਸ਼ਨਲ ਸ਼ਹਿਰ ਵਜੋਂ ਭੱਲ ਕਰ ਕੇ ਦੇਖਣਾ ਚਾਹੁੰਦੇ ਹੋਣਗੇ। ਅਸੀਂ ਚਾਰ-ਪੰਜ ਗੱਡੀਆਂ ਭਰ ਕੇ ਓਥੇ ਚਲੇ ਗਏ, ਤਾਂ ਭਾਅਜੀ ਹੋਰਾਂ ਦੱਸਿਆ: ਮੇਰੇ ਪਿਤਾ ਜੀ ਇਥੇ ਪੜ੍ਹਨ ਆਏ ਸੀ। ਭਾਅਜੀ ਦੀ ਸਾਰੀ ਟੀਮ ਨਾਲ ਸੀ; ਭਾਬੀ ਜੀ, ਵੱਡੀ ਧੀ, ਕੇਵਲ ਤੇ ਹੋਰ ਵੀ। ਬਾਕੀ ਸਾਰੇ ਬੋਟਿੰਗ ਕਰਦੇ ਰਹੇ ਤੇ ਭਾਅਜੀ ਲਾਗਲੇ ਕਾਲਜ ਦੇਖਣ ਲੱਗ ਪਏ। ਫਿਰ ਬੈਠਿਆਂ-ਬੈਠਿਆਂ 'ਸਮਤਾ' ਲਈ ਲੇਖ ਲਿਖ ਲਿਆ ਸੀ।

ਪਹਿਲੀ ਫੇਰੀ ਸਮੇਂ, ਭਾਅਜੀ ਬਹੁਤਾ ਸਮਾਂ ਸਾਡੇ ਕੋਲ਼ ਰਹੇ ਸੀ। ਬਹੁਤ ਸਾਰੇ ਸ਼ਹਿਰੀਂ ਅਸੀਂ ਭਾਅਜੀ ਨੂੰ ਲੈ ਜਾਂਦੇ ਤੇ ਪ੍ਰੋਗਰਾਮ ਕਰਵਾ ਕੇ ਵਾਪਿਸ ਲੈ ਆਉਂਦੇ। ਮੇਰੀ ਧੀ ਲਗਾਤਾਰ ਇਨ੍ਹਾਂ ਦੇ ਡਰਾਮੇ ਦੇਖ-ਦੇਖ ਇਕ ਦਿਨ 'ਕੱਲੀ ਬੈਠੀ ਨਾਟਕ 'ਟੋਏ' ਵਿਚਲੇ ਡਾਇਲਾਗ ਬੋਲੇ: ਮੈਂ ਟੋਏ 'ਚ ਡਿੱਗ ਪਈ ਆਂ, ਮੈਨੂੰ ਕੋਈ ਟੋਏ 'ਚੋਂ ਬਾਹਰ ਕੱਢੋ; ਮੈਂ ਟੋਏ 'ਚ ਡਿੱਗ ਪਈ ਆਂ, ਮੈਨੂੰ ਕੋਈ ਟੋਏ 'ਚੋਂ ਬਾਹਰ ਕੱਢੋ। ਜਸਬੀਰ ਤੇ ਇਹ ਨਜ਼ਾਰਾ ਦੇਖ ਕੇ ਲੋਟ ਪੋਟ ਹੋਈ ਜਾਵੇ। ਅਗਲੇ ਦਿਨ ਮੈਂ ਕਿਹਾ: ਭਾਅਜੀ ਅਗਲੀ ਵਾਰੀ ਤੁਹਾਨੂੰ ਗੁੱਗੀ ਨੂੰ ਨਾਲ ਲਿਆਉਣ ਦੀ ਲੋੜ ਨਹੀਂ, ਇਕ ਐਕਟਰ ਇਥੋਂ ਤਿਆਰ ਹੋ ਗਈ ਹੈ। ਭਾਅਜੀ ਮੁਸਕ੍ਰਾਏ ਤੇ ਭਾਬੀ ਜੀ ਬਹੁਤ ਹੱਸੇ।

ਪਹਿਲੀ ਵਾਰੀ ਆਏ ਤਾਂ ਭਾਅਜੀ ਨੇ ਹਰਪਾਲ ਬਰਾੜ ਨੂੰ ਕਹਿਣਾ: ਮੇਰੇ ਸਿਰ 'ਤੇ ਪੱਗ ਹੈ, ਖ਼ਾਲਿਸਤਾਨ ਵਾਲੀ ਗੱਲ ਮੈਨੂੰ ਹੀ ਕਰਨ ਦਿਓ। ਆਪਣੇ ਭਾਵੁਕ ਅੰਦਾਜ਼ ਵਿਚ ਪੰਜਾਬ 'ਚ ਸਰਕਾਰੀ ਤੇ ਖ਼ਾਲਿਸਤਾਨੀ ਦਹਿਸ਼ਤਗਰਦੀ ਦੀ ਗੱਲ ਕਰਦੇ, ਉਲਾਰ ਹੋ ਜਾਂਦੇ। ਬਾਬੇ ਨਾਨਕ ਦੀ ਕਿਛੁ ਸੁਣੀਏ, ਕਿਛੁ ਕਹੀਏ ਵਾਲੀ ਬਾਤ 'ਤੇ ਜ਼ੋਰ ਦਿੰਦੇ। ਆਮ ਲੋਕਾਂ ਦੀ ਤੰਗੀ ਦੀ ਗੱਲ ਕਰਦੇ। ਬਹੁਤੀ ਵਾਰ ਮਿੱਥੇ ਸਮੇਂ ਤੋਂ ਵੱਧ ਸਮਾਂ ਲੈ ਜਾਂਦੇ।

ਭਾਅਜੀ ਨੂੰ ਭਾਬੀ ਜੀ ਤੇ ਇਨ੍ਹਾਂ ਦੀਆਂ ਧੀਆਂ ਦਾ ਵੱਡਾ ਆਸਰਾ ਸੀ। ਇਨ੍ਹਾਂ ਕਰਕੇ ਇੰਨਾ ਕੰਮ ਕਰ ਸਕੇ ਸੀ। ਜਦੋਂ ਡਰਾਮਿਆਂ 'ਚ ਔਰਤਾਂ ਦੇ ਪਾਰਟ ਮਰਦ ਹੀ ਕਰਿਆ ਕਰਦੇ ਸੀ, ਇਨ੍ਹਾਂ ਭਾਬੀ ਜੀ ਨੂੰ ਨਾਲ ਤੋਰਿਆ। ਫਿਰ ਦੋਹਾਂ ਧੀਆਂ ਨੂੰ ਵੀ। ਜਦੋਂ ਇਹ ਖ਼ੁਸ਼ ਹੁੰਦੇ, ਇਨ੍ਹਾਂ ਦੇ ਐਕਟਰ ਕਦੇ-ਕਦੇ ਇਨ੍ਹਾਂ ਨੂੰ ਛੇੜ ਵੀ ਲੈਂਦੇ: ਭਾਅਜੀ ਜੇ ਤੁਹਾਡੇ ਦੋ ਪੁੱਤਰ ਵੀ ਹੁੰਦੇ, ਸਾਡਾ ਨੰਬਰ ਤਾਂ ਕੱਟਿਆ ਜਾਣਾ ਸੀ ਫਿਰ। ਇਹ ਸਿਰਫ ਮੁਸਕਰਾ ਦਿੰਦੇ। ਧੀਆਂ ਮੰਨਦੀਆਂ ਨੇ ਕਿ ਖ਼ੂਨ ਦੇ ਰਿਸ਼ਤੇ ਤੋਂ ਅਸੀਂ ਭਾਵੇਂ ਦੋਵੇਂ ਭੈਣਾਂ ਹਾਂ, ਪਰ ਭਾਅਜੀ ਆਪਣਾ ਪਰਿਵਾਰ ਬਹੁਤ ਵੱਡਾ ਕਰ ਗਏ ਨੇ। ਭਾਅਜੀ ਦੀ ਦੋਹਤੀ, ਨਦੀਆ ਨੂੰ ਆਪਣੇ ਨਾਨੇ ਦੀ ਅਹਿਮੀਅਤ ਦਾ ਹੁਣ ਵਧੇਰੇ ਪਤਾ ਲੱਗਾ ਹੈ, ਓਹ ਕਹਿੰਦੀ ਹੈ: ਬੜੇ ਲੋਕਾਂ ਦੀਆਂ ਉਨ੍ਹਾਂ ਨਾਲ ਫੋਟੋਆਂ ਨੇ, ਪਰ ਮੇਰੀਆਂ ਨਹੀਂ।

ਮੈਂ 84 'ਚ ਪੰਜਾਬ ਗਿਆ ਤਾਂ ਭਾਅਜੀ ਹੋਰਾਂ ਨੂੰ ਮਿਲਣ ਅੰਮ੍ਰਿਤਸਰ ਗਏ। ਮੈਂ ਜਗੀਰ ਜੋਸਣ ਨੂੰ ਨਾਲ ਲੈ ਗਿਆ। ਇਹਨੇ ਆਪਣੀ ਕਵਿਤਾਵਾਂ ਦੀ ਕਿਤਾਬ ਛਪਾਉਣੀ ਸੀ। ਮੈਂ ਕਿਹਾ, ਤੈਨੂੰ ਭਾਅਜੀ ਹੋਰਾਂ ਨਾਲ ਮਿਲਾ ਲਿਆਉਨਾਂ। ਉਹ ਔਖੇ ਡਾਢੇ ਦਿਨ ਸੀ। ਹਰਿਮੰਦਰ ਸਾਹਿਬ 'ਤੇ ਹਮਲਾ ਹੋ ਚੁੱਕਿਆ ਸੀ, ਇੰਦਰਾ ਗਾਂਧੀ ਦਾ ਕਤਲ ਹੋ ਚੁੱਕਾ ਸੀ ਤੇ ਦਿੱਲੀ ਤੇ ਹੋਰ ਸ਼ਹਿਰਾਂ 'ਚ ਸਿੱਖਾਂ ਦਾ ਘਾਣ ਬੱਚਾ ਘਾਣ। ਜਦੋਂ ਤਾਈਂ ਅਸੀਂ ਪਹੁੰਚੇ, ਭਾਅਜੀ ਹੋਰੀਂ ਨਾਟਕਾਂ ਦੀਆਂ ਰਿਹਰਸਲਾਂ 'ਚ ਰੁੱਝਣ ਵਾਲੇ ਸੀ। ਕੇਵਲ ਦੀ ਜ਼ਿੰਮੇਵਾਰੀ ਲਾ ਕੇ ਕਹਿੰਦੇ: ਅੱਜ ਏਅਅਨਾਂ ਗੱਲਾਂ 'ਤੇ ਧਿਆਨ ਦੇ ਕੇ ਰਿਹਸਰਲ ਕਰਵਾਓ। ਮੈਂ ਕਿਹਾ: ਤੁਸੀਂ ਰਿਹਰਸਲ ਕਰੋ, ਅਸੀਂ ਬਾਹਰ ਫਿਰ ਤੁਰ ਆਉਂਨੇ ਆਂ। ਅਸੀਂ ਓਨਾ ਚਿਰ ਜਗੀਰ ਦੇ ਜਾਣੂੰਆਂ-ਰਿਸ਼ਤੇਦਾਰਾਂ ਦੇ ਚਲੇ ਗਏ। ਓਥੇ ਗਏ, ਤਾਂ ਉਹ ਬਹੁਤ ਗਰਮ ਸਿੱਖ ਸਿਆਸਤ ਦੀਆਂ ਗੱਲਾਂ ਕਰਨ। ਭਿੰਡਰਾਂਵਾਲ਼ੇ ਦੀਆਂ, ਮੁੰਡਿਆਂ ਦੀ ਬਹਾਦਰੀ ਦੀਆਂ। ਸਾਨੂੰ ਬਹੁਤ ਛੇਤੀ ਪਤਾ ਲੱਗ ਗਿਆ ਕਿ ਅਸੀਂ ਗ਼ਲਤ ਥਾਂ 'ਤੇ ਆ ਗਏ ਆਂ। ਅਸੀਂ ਛੇਤੀ ਭਾਅਜੀ ਵੱਲ ਮੋੜੇ ਪਾ ਲਏ।

ਮੈਨੂੰ ਯਾਦ ਹੈ ਕਿ ਦੂਜੀ ਵਾਰੀ ਭਾਅਜੀ 'ਕੱਲੇ ਆਏ, ਕਨੇਡੇ ਤੋਂ ਹੋ ਕੇ। ਸ਼ਾਇਦ ਨੱਬੇ ਦੇ ਏੜ ਗੇੜ ਦੀ ਗੱਲ ਹੈ। ਵਲੈਤ ਤਿੰਨ ਚਾਰ ਕੁ ਦਿਨਾਂ ਦਾ ਸਟੇਅ ਸੀ। ਇਹ ਮੇਰੇ ਕੋਲ ਹੀ ਰਹੇ। ਇਕ ਹੀ ਛੋਟੀ ਜਿਹੀ ਮੀਟਿੰਗ ਹੀ ਹੋ ਸਕਦੀ ਤੇ ਓਹ ਅਸੀਂ ਹੀ ਕੀਤੀ। ਉਦੋਂ ਅਕਾਲ ਤਖ਼ਤ ਢਹਿ ਕੇ ਬਣ ਚੁੱਕਾ ਸੀ। ਭਾਅਜੀ ਭਾਵੁਕ ਹੋ ਕੇ ਬੋਲੇ: ਇਹ ਕੋਈ ਲੜਾਈ ਕਰਨ ਦੀ ਜਗ੍ਹਾ ਸੀ। ਜੇ ਇਨ੍ਹਾਂ ਲੜਾਈ ਕਰਨੀ ਸੀ, ਕਿਤੇ ਹੋਰ ਜਾ ਕੇ ਕਰ ਲੈਂਦੇ। ਕਹਿੰਦੇ: ਮੇਰਾ ਅੰਮ੍ਰਿਤਸਰ ਨਾਲ ਬੜਾ ਮੋਹ ਏ, ਸਰਕਾਰ ਨੂੰ ਵੀ ਕੋਈ ਹੋਰ ਤਰੀਕਾ ਅਪਨਾਣਾ ਚਾਹੀਦਾ ਸੀ।

ਭਾਈ ਮੰਨਾ ਸਿੰਘ ਸੀਰੀਅਲ ਦੀ ਚੜ੍ਹਤ ਇੰਨੀ ਹੋਈ ਕਿ ਟੀ.ਵੀ. ਵਾ਼ਲਾ ਸਵਿਤੋਜ (ਦੁਰਗਾ ਦੱਤ) ਆਪਣੀ ਪ੍ਰਾਪਤੀ ਇਸ ਸੀਰੀਅਲ ਨੂੰ ਹੀ ਮੰਨਣ ਲੱਗ ਪਿਆ। ਕਹਿੰਦਾ: ਭਾਈ ਮੰਨਾ ਸਿਓਂ ਦੀਆਂ ਗੱਲਾਂ ਘਰ-ਘਰ ਹੁੰਦੀਆਂ, ਕਵਿਤਾ ਇਹਦੇ ਮੋਹਰੇ ਕੀ ਹੁੰਦੀ ਆ। ਲੋਕ ਇਸ ਕਰ ਕੇ ਮੈਨੂੰ ਯਾਦ ਰੱਖਣਗੇ, ਮੈਂ ਇਹ ਸੀਰੀਅਲ ਬਣਾਇਆ ਨਾ ਕਿ ਮੈਂ ਸਵਿਤੋਜ ਕਵੀ ਵੀ ਸੀ। ਨਾ਼ਲੇ ਸ਼ੂਟਿੰਗ ਦੌਰਾਨ ਹੋਈਆਂ ਹਾਸੇ ਠੱਠੇ ਦੀਆਂ ਗੱਲਾਂ ਦੱਸਦਾ। ਭਾਅਜੀ ਇਸ ਕਰੈਕਟਰ ਨੂੰ ਪਹਿਲਾਂ ਵੀ ਖੇਲਦੇ ਰਹੇ ਸੀ ਪਰ ਟੀ.ਵੀ. ਸੀਰੀਅਲਾਂ ਨੇ ਭਾਅਜੀ ਨੂੰ ਗੁਰਸ਼ਰਨ ਸਿੰਘ ਤੋਂ ਭਾਈ ਮੰਨਾ ਸਿੰਘ ਬਣਾ ਦਿੱਤਾ ਸੀ। ਕਈ ਬੀਬੀਆਂ, ਨਾਟਕ ਕਰਨ ਗਏ ਭਾਅਜੀ ਨੂੰ ਬਾਬਾ ਸਮਝ ਕੇ ਦੁਆਨੀ-ਚੁਆਨੀ ਮੱਥਾ ਵੀ ਟੇਕ ਦਿੰਦੀਆਂ ਸੀ।

ਭਾਅਜੀ ਦੇ ਨਾਟਕਾਂ ਨੂੰ ਦੇਖ ਕੇ ਦਲੀਪ ਕੁਮਾਰ, ਬਲਰਾਜ ਸਾਹਨੀ, ਮਨਮੋਹਨ ਕ੍ਰਿਸ਼ਨ ਵਰਗੇ ਬੰਬਈਆਂ ਫ਼ਿਲਮੀ ਜੱਗ ਦੇ ਮਹਾਂਰਥੀ ਜ਼ਰੂਰ ਕਿਸੇ ਵਜਾਹ ਕਰ ਕੇ ਹੀ ਇਨ੍ਹਾਂ ਦੀ ਕਲਾ ਦੀ ਸਿਫ਼ਤ ਕਰਦੇ ਹੋਣਗੇ। ਬਲਰਾਜ ਸਾਹਨੀ ਨਾਲ ਨੇੜਤਾ ਦੀ ਮਾਣ ਮਰਿਯਾਦਾ ਹਿੱਤ ਇਨ੍ਹਾਂ ਇੱਕ-ਦੋ ਪੰਜਾਬੀ ਫ਼ਿਲਮਾਂ 'ਚ ਵੀ ਕੰਮ ਕੀਤਾ ਸੀ ਪਰ ਮੁੱਖ ਟੇਕ ਪਿੰਡਾਂ 'ਚ ਨਾਟਕ ਕਰਨ 'ਤੇ ਹੀ ਰਹੀ। ਇਨ੍ਹਾਂ ਬਹੁਤ ਦੇਰ ਪਹਿਲਾਂ ਜਾਣ ਲਿਆ ਸੀ ਕਿ ਇਨ੍ਹਾਂ ਦਾ ਥੀਏਟਰ ਸ਼ਹਿਰੀ ਦਰਸ਼ਕਾਂ ਲਈ ਨਹੀਂ ਹੈ। ਪਿੰਡ ਦੇ ਲੋਕਾਂ ਦਾ ਮਨੋਰੰਜਨ ਵੀ ਹੋ ਜਾਂਦਾ। ਸੁਨੇਹਾ ਵੀ ਪਹੁੰਚ ਜਾਂਦਾ। ਨਾ਼ਲੇ ਭਾਅਜੀ ਖ਼ੁਸ਼ ਨਾ਼ਲੇ ਦਰਸ਼ਕ।

ਤੀਜੀ ਵਾਰ ਆਏ ਤਾਂ ਉਦੋਂ ਤੀਕ ਦੋਵੇਂ ਮਜ਼ਦੂਰ ਸਭਾਵਾਂ ਵੀ 'ਕੱਠੀਆਂ ਹੋ ਗਈਆਂ ਸੀ। ਵਲੈਤ ਦੇ ਸਾਰੇ ਪ੍ਰੋਗਰਾਮ ਬਹੁਤ ਕਾਮਯਾਬ ਰਹੇ। ਜਿਸ ਦਿਨ ਤੁਰਨਾ ਸੀ, ਭਾਅਜੀ ਤਲਖ਼ੀ 'ਚ ਹੱਥ ਉਪਰ ਕਰ ਕੇ ਬੋਲੇ: ਏਅਅ ਜਿਹੜੇ ਖਰੜੇ ਨੇ ਨਾ ਇਹ ਪਹਿਲਾਂ ਸੂਟਕੇਸ 'ਚ ਇਹੀ ਪੈਕ ਹੋਣਗੇ, ਬਾਕੀ ਸਮਾਨ ਜਗ੍ਹਾ ਹੋਈ ਤਾਂ ਹੀ ਜਾਏਗਾ।

ਸਭ ਤੋਂ ਪਹਿਲਾਂ ਭਾਅਜੀ ਦੇ ਦਰਸ਼ਨ 1974-75 'ਚ ਕੀਤੇ ਹੋਣੇ ਨੇ। ਇਨ੍ਹਾਂ ਸਾਡੇ ਨਕੋਦਰ ਕਾਲਜ ਆਪਣੇ ਨਾਟਕ ਖੇਡੇ ਸੀ-ਇਹ ਲਹੂ ਕਿਸਦਾ ਹੈ ਤੇ ਕਿਵ ਕੂੜੇ ਤੁਟਿ ਪਾਲਿ। ਉਦੋਂ ਭਾਅਜੀ ਹੋਰਾਂ ਨਾਲ ਜਤਿੰਦਰ ਕੌਰ ਅਰੋੜਾ ਹੋਰੀਂ ਤੇ ਹੋਰ ਸੀਨੀਅਰ ਆਰਟਿਸਟ ਕੰਮ ਕਰਿਆ ਕਰਦੇ ਸੀ। ਕਾਲਜ ਆਉਣ ਤੋਂ ਪਹਿਲਾਂ ਮੈਂ ਰਾਮ ਲੀਲਾ ਵਰਗੀ ਨਾਟ ਮੰਡਲੀ 'ਚ ਆਪ ਰੋਲ ਕਰਦਾ ਰਿਹਾ ਸਾਂ। ਨਾਟਕ ਦੇਖ ਕੇ ਮੈਨੂੰ ਲੱਗਿਆ, ਕਲਾ ਤਾਂ ਇੱਦਾਂ ਦੀ ਹੁੰਦੀ ਹੈ। ਮੈਂ ਐਵੇਂ ਸਮਾਂ ਬਰਬਾਦ ਕਰਦਾ ਰਿਹਾ ਸੀ। ਇਹ ਪੰਜਾਬ 'ਚ ਨਕਸਲਬਾੜੀ ਚੜ੍ਹਤ ਦੇ ਦਿਨਾਂ ਦੀਆਂ ਗੱਲਾਂ ਨੇ। ਅਗਲੀ ਵਾਰ ਆਏ, ਤਾਂ ਅਸੀਂ ਕਾਲਜ ਦੇ ਸੀਨੀਅਰ ਵਿਦਿਆਰਥੀ ਹੋ ਗਏ ਸਾਂ। ਪ੍ਰਬੰਧ 'ਚ ਸਾਡਾ ਹੱਥ ਸੀ। ਭਾਅਜੀ ਨਾ਼ਲ ਮੇ਼ਲ-ਮਿਲਾਪ ਹੋਇਆ। ਸੰਗ-ਸੰਗਾਅ 'ਚ ਕੁਝ ਗੱਲਾਂ ਬਾਤਾਂ ਵੀ ਹੋਈਆਂ। ਫਿਰ ਇਨ੍ਹਾਂ ਪਰਚੇ ਕੱਢੇ। ਮੈਂ ਕਵਿਤਾਵਾਂ ਭੇਜੀਆਂ, ਇਨ੍ਹਾਂ ਛਾਪੀਆ। ਤਰਜਮੇ ਛਾਪੇ। ਨੇੜ ਵਧਿਆ। ਵਲੈਤ ਆ ਜਾਣ 'ਤੇ ਰਾਬਤਾ ਵਧਿਆ। ਭਾਅਜੀ ਦੇ ਆਖੇ ਮੈਂ ਲੋਕ ਸੱਥ ਸੰਪਾਦਿਤ ਕੀਤੀ, ਇਨ੍ਹਾਂ ਆਪ ਰੀਝ ਨਾ਼ਲ ਛਾਪੀ। 'ਸਮਤਾ' ਲਈ ਮੈਨੂੰ ਹੋਰ ਲਿਖਣ ਲਈ ਉਕਸਾਇਆ।

ਮੇਰੀਆਂ ਧੀਆਂ ਨਿੱਕੀਆਂ ਹੁੰਦੀਆਂ ਹੀ ਮੇਰੇ ਬਾਪ ਨੂੰ ਦੇਖ ਕੇ, ਹਰ ਪੱਗ ਵਾ਼ਲੇ ਸਿਆਣੇ ਬੰਦੇ ਨੂੰ ਬਾਬਾ ਹੀ ਕਹਿੰਦੀਆ ਆਈਆਂ ਨੇ। ਭਾਅਜੀ ਨੂੰ ਵੀ ਇਨ੍ਹਾਂ ਬਾਬਾ ਮੰਨ ਲਿਆ। ਡਰਾਮੇ ਵਾ਼ਲਾ ਬਾਬਾ। ਅਜੇ ਵੀ ਘਰ ਜਦੋਂ ਗੱਲ ਚੱਲੇ ਤਾਂ ਇਹ ਡਰਾਮੇ ਵਾਲੇ ਬਾਬਾ ਹੀ ਆਖ ਕੇ ਸਿਆਣ ਕਰਾਉਂਦੀਆਂ ਨੇ। ਅਖ਼ੀਰਲੀ ਗੇੜੀ ਵੇਲੇ ਭਾਬੀ ਜੀ ਪੁੱਛਦੇ: ਨਿੱਕੀਆਂ ਦੇ ਕੀ ਹਾਲ ਨੇ। ਮੈਂ ਕਿਹਾ ਜੀ ਹੁਣ ਨਿੱਕੀਆਂ ਨਹੀਂ ਰਹੀਆਂ। ਮੇਰੇ ਮੂੰਹੋਂ ਕਾਹ਼ਲੀ ਨਾ਼ਲ ਗੱਲ ਫੜ ਕੇ ਫ਼ਿਕਰ 'ਚ ਭਾਬੀ ਜੀ ਕਹਿੰਦੇ: ਕੀ ਹੋ ਗਿਆ ਉਨ੍ਹਾਂ ਨੂੰ? ਮੈਂ ਠਰ੍ਹੰਮੇ ਨਾ਼ਲ ਕਿਹਾ: ਹੁਣ ਵੱਡੀਆਂ ਹੋ ਗਈਆਂ ਨੇ।

ਪੰਜਾਬ ਜਦੋਂ ਵੀ ਜਾਣਾ, ਤਾਂ ਭਾਅਜੀ ਹੋਰਾਂ ਨੂੰ ਤਾਂ ਮਿ਼ਲ ਹੋ ਜਾਣਾ; ਇਨ੍ਹਾਂ ਨਾਟਕ ਕਰਦਿਆਂ ਲਾਗੇ ਬੰਨ੍ਹੇ ਆਏ ਹੋਣਾ। ਮੈਂ ਓਥੇ ਮਿ਼ਲ ਲੈਣਾ। ਗੱਲਾਂਬਾਤਾਂ ਹੋ ਜਾਣੀਆਂ। ਬਹੁਤੀ ਵਾਰੀ ਭਾਬੀ ਜੀ ਨੂੰ ਮਿਲਣਾ ਰਹਿ ਜਾਂਦਾ ਰਿਹਾ। ਮੇਰੀ ਕਿਤਾਬ 'ਮੇਰੇ ਆਪਣੇ' ਛਪੀ, ਤਾਂ ਮੈਂ ਚੰਡੀਗੜ੍ਹ ਜਾਣਾ ਸੀ। ਮੇਰੇ ਮਕਸਦ ਦੋ ਸੀ। ਭਾਅਜੀ-ਭਾਬੀ ਜੀ ਨੂੰ ਮਿਲਣਾ ਤੇ ਕਿਤਾਬ ਲੈਣੀ। ਨਾ਼ਲੇ ਮੁੰਝ ਬਗੜ

*(ਬਾਕੀ ਅਗਲੇ ਸਫੇ 'ਤੇ)*

# ਡਰਾਮੇ ਵਾਲਾ ਬਾਬਾ

ਨਾਲ਼ੇ ਦੇਵੀ ਦੇ ਦਰਸ਼ਨ। ਐਤਕੀਂ ਮੈਂ ਧਾਰ ਕੇ ਗਿਆ ਸੀ ਕਿ ਭਾਬੀ ਜੀ ਨੂੰ ਵੀ ਜ਼ਰੂਰ ਮਿਲਣਾ ਹੀ ਮਿਲਣਾ ਹੈ। ਪਹੁੰਚ ਕੇ ਮੈਂ ਆਪਣਾ ਮਨਸ਼ਾ ਦੱਸਿਆ ਤਾਂ ਭਾਬੀ ਜੀ ਕਹਿੰਦੇ: ਆਓ ਆਓ, ਤੁਹਾਡੇ ਭਾਅਜੀ ਹੁਣ ਘਰ ਹੀ ਹੁੰਦੇ ਨੇ, ਜਦ ਮਰਜ਼ੀ ਆ ਜਾਓ। ਮੈਂ ਚੰਡੀਗੜ੍ਹ ਪਹੁੰਚ ਕੇ ਫਿਰ ਦੱਸਿਆ। ਭਾਬੀ ਜੀ ਨੇ ਕਿਹਾ: ਭਾਵੇਂ ਅੱਜ ਹੀ ਆ ਜਾਓ। ਭਾਅਜੀ ਨੂੰ ਉਨ੍ਹਾਂ ਦੇ ਸ਼ਗਰਿਦਾਂ ਇਸ਼ਨਾਨ ਕਰਾ ਕੇ, ਕੱਪੜੇ ਪੁਆ ਕੇ ਮੰਜੇ ਤੇ ਬਿਠਾ ਦਿੱਤਾ ਸੀ, ਸਰ੍ਹਾਣੇ ਦੀ ਢੋਅ ਨਾਲ। ਮੈਂ ਸਾਹਬ-ਸਲਾਮ ਕੀਤੀ। ਭਾਅਜੀ ਹਮੇਸ਼ਾਂ ਵਾਂਗ ਤਪਾਕ ਨਾਲ਼ ਮਿਲੇ। ਬਹੁਤ ਖੁਸ਼ ਹੋਏ। ਥੋੜੀਆਂ ਰਾਜ਼ੀ ਖ਼ੁਸ਼ੀ ਦੀਆਂ ਗੱਲਾਂ ਤੋਂ ਬਾਅਦ, ਇਨ੍ਹਾਂ ਸਿੱਧੀਆਂ ਮਜ਼ਦੂਰ ਸਭਾ ਦੇ ਕੰਮ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਸੰਗੀਆਂ ਸਾਥੀਆਂ ਦੀਆਂ। ਭਾਬੀ ਜੀ ਕਹਿੰਦੇ: ਇਹ ਹੁਣ ਸਾਰੀਆਂ ਗੱਲਾਂ ਪੁੱਛਣਗੇ। ਫਿਰ ਕਹਿੰਦੇ: ਅਸੀਂ ਵੀ ਕੋਈ ਘਰ ਪਰਿਵਾਰ ਦੀ ਗੱਲ ਕਰਨੀ ਹੁੰਦੀ ਹੈ! ਭਾਅਜੀ ਮੁਸਕਰਾਏ। ਮੈਂ ਭਾਅਜੀ ਹੋਰਾਂ ਨੂੰ ਕਿਤਾਬ ਦਿੱਤੀ, ਤਾਂ ਬੜੇ ਖ਼ੁਸ਼ ਹੋਏ। ਕਹਿੰਦੇ: ਮੈਂ ਏਅਅਸ ਕਿਤਾਬ 'ਤੇ ਪ੍ਰੋਗਰਾਮ ਕਰਨਾਂ ਚਾਅਨਾਂ; ਏਅਅ ਜੋ ਸੋਲਾਂ ਸਤਾਰਾਂ ਚੈਪਟਰ ਨੇ, ਇਨ੍ਹਾਂ 'ਤੇ ਤੁਹਾਨੂੰ ਸੁਆਲ ਪੁੱਛੇ ਜਾਣਗੇ। ਹੋਰ 'ਲੋਗ' ਕਿਤਾਬ ਬਾਰੇ ਆਪਣੇ ਵਿਚਾਰ ਦੱਸਣਗੇ। ਮੈਂ ਸਮੇਂ ਦੀ ਘਾਟ ਦੀ ਦੁਹਾਈ ਪਾਈ। ਇਹ ਸਹਿਜ 'ਚ ਸੱਜਾ ਹੱਥ ਹਿਲਾਉਂਦਿਆਂ ਕਹਿੰਦੇ: ਅਗਲੀ ਵਾਰੀ ਆਓ, ਤਾਂ ਮੈਨੂੰ ਜਲਦੀ ਪਤਾ ਦੇਣਾ। ਮੈਂ ਆਪੇ ਪ੍ਰਬੰਧ ਕਰ ਲਵਾਂਗਾ, ਸਾਅਡੇ ਕੋਲ ਅਜੇਅਅਹਾ ਬੰਦੋਬਸਤ ਹੈ ਵੇ। ਭਾਬੀ ਜੀ ਨੇ ਮੈਨੂੰ ਫ਼ੋਟੋ ਲੈਂਦਿਆਂ ਦੇਖ ਲਿਆ ਸੀ। ਭਾਅਜੀ ਦੇ ਕੁੜਤੇ ਦੇ ਬਟਨ ਪੂਰੇ ਨਹੀਂ ਸਨ ਲੱਗੇ ਹੋਏ; ਕੋਲ਼ ਆ ਕੇ ਬਟਨ ਬੰਦ ਕੀਤੇ। ਮੈਂ ਹੋਰ ਫ਼ੋਟੋ ਖਿੱਚੀਆਂ। ਅਜੇ ਦੋ ਕੁ ਮਹੀਨੇ ਪਹਿਲਾਂ ਵੀ ਮੈਂ ਟੈਲੀਫ਼ੋਨ 'ਤੇ ਗੱਲ ਕੀਤੀ ਸੀ ਪਰ ਬਾਤ ਪੂਰੀ ਨਹੀਂ ਸੀ ਹੋਈ। ਮੈਨੂੰ ਲੱਗਿਆ ਕਿ ਕੰਨਾਂ ਤੋਂ ਸੁਣਨਾ ਹੋਰ ਘੱਟ ਗਿਆ ਸੀ।

ਭਾਅਜੀ ਹੋਰਾਂ ਤਾਂ ਆਪਣਾ ਜੀਵਨ ਬਹੁਤ ਸਾਦਾ ਕੀਤਾ ਹੋਇਆ ਸੀ। ਖਾਣ-ਪੀਣ ਵੀ। ਵਲੈਤ 'ਚ ਅਕਸਰ ਪ੍ਰੋਗਰਾਮਾਂ ਤੋਂ ਬਾਅਦ ਬੀਅਰ ਜਾਂ ਸ਼ਰਾਬ ਵੀ ਵਰਤੀ-ਵਰਤਾਈ ਜਾਂਦੀ ਹੈ। ਮੈਂ ਦੇਖਿਆ ਭਾਅਜੀ ਇਸ ਤੋਂ ਪਰੇਸ਼ਾਨ ਹੁੰਦੇ ਸੀ। ਬਾਕੀ ਦੇ ਕਈ ਕਲਾਕਾਰ ਇਨ੍ਹਾਂ ਤੋਂ ਡਰਦੇ ਵੀ ਸੀ ਤੇ ਘੁੱਟ ਘੁੱਟ ਲਾਉਣਾ ਵੀ ਚਾਹੁੰਦੇ ਹੁੰਦੇ ਸੀ। ਲੁਕ ਲੁਕ ਕੇ ਹੀ ਪੀ ਸਕਦੇ ਸੀ। ਪੀ ਲੈਂਦੇ, ਝਕਦੇ ਝਕਦੇ।

ਕਾਲ਼ੇ ਦਿਨਾਂ ਦੀ ਗੱਲ ਕਰਦਿਆਂ ਭਾਅਜੀ ਕਿਤੇ ਕਹਿੰਦੇ ਨੇ: ਗੱਲ ਇਹ ਸੀ ਕਿ ਫ਼ੈਸਲਾ ਕੀਤਾ ਅਸੀਂ ਮਨ ਦੇ ਵਿਚ, ਜਿੱਥੇ ਹੋਰ ਇੰਨੇ ਬੰਦੇ ਪਏ ਮਰਦੇ ਨੇ ਰੋਜ਼, ਅਸੀਂ ਵੀ ਮਰ ਜਾਂਗੇ; ਪਰ ਕੰਮ 'ਤੇ ਕਰਨਾ ਹੀ ਹੈ ਅਸੀਂ। ਭਾਬੀ ਜੀ ਹੱਸਦਿਆਂ ਨਾਲ ਆਪਣੀ ਗੱਲ ਵੀ ਜੋੜ ਦਿੰਦੇ: ਇਸੇ ਕਰ ਕੇ ਮੈਂ ਵੀ ਇਨ੍ਹਾਂ ਦੇ ਨਾਲ਼ ਹੀ ਜਾਂਦੀ ਸੀ, ਬਈ ਜੇ ਮਰੀਏ ਤੇ ਇਕੱਠੇ ਮਰੀਏ। ਪੰਜਾਬ ਦੇ ਕਾਲੇ ਦਿਨਾਂ 'ਚ ਜਾਨ ਜੋਖ਼ਮ 'ਚ ਪਾ ਕੇ ਵੀ ਨਾਟਕ ਖੇਡੇ-ਕਈ ਵਾਰੀ ਦਿਨ 'ਚ ਤਿੰਨ ਤਿੰਨ ਚਾਰ ਚਾਰ ਵੀ। ਲੋਕਾਂ ਦੇ ਹਮੈਤੀ ਭਾਅਜੀ ਘਰ ਤਾਂ ਬਹਿ ਨਹੀਂ ਸੀ ਸਕਦੇ। ਪੰਜਾਬ 'ਚ ਜਿਹੋ ਜਿਹੇ ਹਾਲਤ ਉਸ ਵੇਲੇ ਸੀ, ਓਹ ਘਰ ਆ ਕੇ ਕਿਸੇ ਨੂੰ ਵੀ ਤਾਂ ਮਾਰ ਸਕਦੇ ਸੀ-ਮਨ ਮਰਜ਼ੀ ਨਾਲ, ਚੁਣ ਚੁਣ ਕੇ। ਦਹਿਸ਼ਤਗ਼ਰਦੀ ਸਿਖਰ 'ਤੇ ਵੀ ਸੀ, ਘਾਤਕ ਵੀ। ਉਨ੍ਹਾਂ ਸੇਵੇਵਾਲੇ ਦਾ ਕਾਰਾ ਕੀਤਾ ਸੀ, ਹੋਰ ਕਈ ਚੋਟੀ ਦੇ ਕਾਮਰੇਡ ਮਾਰੇ ਸੀ।

ਸਾਡਾ ਇਹ ਬਾਬਾ ਬੜਾ ਦਬੰਗ ਸੀ। ਸਾਰੀ ਉਮਰ ਬਿਨਾਂ ਕਿਸੇ ਡਰ ਡੁੱਕਰ ਦੇ, ਦਬੱਲ ਕੇ ਬੋਲਿਆ ਤੇ ਉਹ ਵੀ ਪੰਚਮ ਸੁਰ 'ਚ। ਸਮੇਂ ਦੀਆਂ ਸਰਕਾਰਾਂ ਦੇ ਖ਼ਿਲਾਫ਼ ਵੀ, ਅਨਿਆਂ ਦੇ ਵਿਰੁੱਧ ਵੀ, ਗ਼ਰੀਬਾਂ ਦੀ ਬਿਹਤਰੀ ਲਈ ਵੀ, ਔਰਤਾਂ ਦੇ ਹੱਕ ਚ ਵੀ, ਇਨਕਲਾਬ ਲਈ ਤੇ ਹੋਰ ਮਸਲਿਆਂ ਤੇ ਵੀ। ਹੱਕ ਸੱਚ ਲਈ, ਭਲੇ ਲਈ, ਇਨਕਲਾਬ ਲਈ ਤੇ ਇੱਛਤ ਯਥਾਰਤ ਦੀ ਪਰਾਪਤੀ ਲਈ ਵੀ। ਵੱਡੀ ਸਰਕਾਰੀ ਨੌਕਰੀ ਕਰਦੇ ਹੋਏ ਵੀ, ਐਮਰਜੰਸੀ ਲੱਗੀ ਵੇਲੇ ਵੀ, ਖ਼ਾਲਿਸਤਾਨੀ ਦਹਿਸ਼ਤਗਰਦੀ ਵੇਲੇ ਵੀ ਤੇ ਸਾਂਵੇਂ ਸਮਿਆਂ 'ਚ ਵੀ। ਤੇ ਬਾਬਾ ਬੋਲੀ ਗਿਆ, ਨਾ ਜਰਕਿਆ, ਨਾ ਲਿਫਿਆ-ਆਖ਼ਰੀ ਸਾਹਾਂ ਤੱਕ।

## ਸਰਕਾਰ ਨੂੰ ਨਾ ਲੱਭੇ ਸਹਾਇਤਾ ਰਾਸ਼ੀ ਲੈਣ ਲਈ ਮਜ਼ਦੂਰ

**ਚੰਡੀਗੜ੍ਹ:** ਪੰਜਾਬ ਦੇ ਕਿਰਤ ਵਿਭਾਗ ਵੱਲੋਂ ਕਾਇਮ ਕੀਤੇ ਗਏ 'ਵੈਲਫੇਅਰ ਫੰਡ' ਵਿਚ ਹੁਣ ਤੱਕ 300 ਕਰੋੜ ਰੁਪਏ ਇਕੱਠੇ ਹੋ ਚੁੱਕੇ ਹਨ ਪਰ ਵਿਭਾਗ ਵੱਲੋਂ ਹੁਣ ਤੱਕ ਇਸ ਰਾਸ਼ੀ ਦਾ ਇਕ ਹਿੱਸਾ ਵੀ ਨਹੀਂ ਵੰਡਿਆ ਜਾ ਸਕਿਆ। ਵਿਭਾਗ ਵੱਲੋਂ ਇਸ ਦਾ ਕਾਰਨ ਭਲਾਈ ਫੰਡ ਹਾਸਲ ਕਰਨ ਵਾਲੇ ਉਸਾਰੀ ਮਜ਼ਦੂਰਾਂ ਦੀ ਘਾਟ ਦੱਸਿਆ ਜਾ ਰਿਹਾ ਹੈ। ਮਜ਼ਦੂਰਾਂ ਦੀ ਭਲਾਈ ਲਈ ਸੰਸਦ ਵੱਲੋਂ ਬਣਾਏ ਕਾਨੂੰਨ ਤਹਿਤ ਕਾਇਮ ਕੀਤੇ ਇਸ ਫੰਡ 'ਚੋਂ ਉਸਾਰੀ ਮਜ਼ਦੂਰਾਂ ਦੇ ਬੱਚਿਆਂ ਦੇ ਵਿਆਹਾਂ, ਸਿਹਤ ਸਹੂਲਤਾਂ, ਪੜਖ਼ਾਈ ਲਈ ਖਰਚ ਕਰਨ ਦੀ ਵਿਵਸਥਾ ਹੈ।

ਰਾਜ ਸਰਕਾਰ ਵੱਲੋਂ ਇਹ ਫੰਡ ਸਾਲ 2009 ਵਿਚ ਕਾਇਮ ਕੀਤਾ ਗਿਆ ਸੀ। ਮਜ਼ਦੂਰਾਂ ਵਿਚ ਜਾਗਰੂਕਤਾ ਦੀ ਘਾਟ ਤੇ ਸਰਕਾਰ ਦੀਆਂ ਸਖ਼ਤ ਸ਼ਰਤਾਂ ਕਾਰਨ ਫੰਡ ਸਰਕਾਰੀ ਖ਼ਜ਼ਾਨੇ 'ਚ ਹੀ ਜਮਖ਼ਾ ਪਿਆ ਹੈ। ਕਿਰਤ ਵਿਭਾਗ ਦੇ ਅਧਿਕਾਰੀਆਂ ਦਾ ਤਰਕ ਹੈ ਕਿ ਉਸਾਰੀ ਦੇ ਕੰਮਾਂ ਨਾਲ ਜੁੜੇ ਮਜ਼ਦੂਰਾਂ 'ਚ ਵੱਡੀ ਗਿਣਤੀ ਗੈਰ ਪੰਜਾਬੀ ਮਜ਼ਦੂਰਾਂ ਦੀ ਹੋਣ ਕਾਰਨ ਫੰਡ ਹਾਸਲ ਕਰਨ ਵਾਲਿਆਂ ਦੀ ਕਮੀ ਦਰਜ ਕੀਤੀ ਗਈ ਹੈ।

ਵਿਭਾਗ ਨੇ ਪਿਛਲੇ ਢਾਈ ਤਿੰਨ ਸਾਲਾਂ ਦੇ ਸਮੇਂ ਦੌਰਾਨ ਇਸ ਕਾਨੂੰਨ ਤਹਿਤ 50 ਹਜ਼ਾਰ ਦੇ ਕਰੀਬ ਮਜ਼ਦੂਰਾਂ ਦੀ ਰਜਿਸਟਰੇਸ਼ਨ ਕੀਤੀ ਸੀ ਤਾਂ ਜੋ ਮਜ਼ਦੂਰਾਂ ਨੂੰ ਫੰਡ 'ਚੋਂ ਸਹੂਲਤਾਂ ਦਿੱਤੀਆਂ ਜਾ ਸਕਣ। ਇਨ੍ਹਾਂ 'ਚੋਂ ਜ਼ਿਆਦਾਤਰ ਮਜ਼ਦੂਰਾਂ ਵੱਲੋਂ ਰਜਿਸਟਰੇਸ਼ਨ ਨੂੰ ਨਾ ਨਵਿਆਉਣ ਕਾਰਨ ਉਹ ਫੰਡ ਹਾਸਲ ਨਹੀਂ ਕਰ ਸਕੇ। ਕਿਰਤ ਕਮਿਸ਼ਨਰ ਪ੍ਰਭਜੋਤ ਸਿੰਘ ਮੰਡ ਦਾ ਕਹਿਣਾ ਹੈ ਕਿ ਉਸਾਰੀ ਦੇ ਕੰਮਾਂ 'ਚ ਜ਼ਿਆਦਾਤਰ ਪਰਵਾਸੀ ਮਜ਼ਦੂਰ ਹੋਣ ਕਾਰਨ ਭਲਾਈ ਫੰਡ ਹਾਸਲ ਕਰਨ ਵਾਲੇ ਮਜ਼ਦੂਰਾਂ ਦੀ ਕਮੀ ਹੈ। ਵਿਭਾਗ ਨੇ ਹੁਣ ਮੁੜ ਪੰਜਾਬੀ ਮਜ਼ਦੂਰਾਂ ਦੀ ਰਜਿਸਟਰੇਸ਼ਨ ਕਰਨ ਦਾ ਕੰਮ ਆਰੰਭ ਕੀਤਾ ਹੈ। ਪਿਛਲੇ ਦਿਨਾਂ ਦੌਰਾਨ ਸੰਗਰੂਰ ਜ਼ਿਲ੍ਹੇ ਅੰਦਰ ਪੈਪਸੀ ਦੀ ਫੈਕਟਰੀ 'ਚ ਕੈਂਪ ਲਾ ਕੇ ਪੰਜਾਬੀ ਉਸਾਰੀ ਮਜ਼ਦੂਰਾਂ ਦੀ ਰਜਿਸਟਰੇਸ਼ਨ ਕੀਤੀ ਗਈ ਸੀ।

## ਕਬੱਡੀ ਫੈਡਰੇਸ਼ਨ ਵਲੋਂ ਵਿਸ਼ਵ ਕਬੱਡੀ ਕੱਪ ਮੇਲੇ ਨੂੰ ਨਸ਼ਾ ਮੁਕਤ ਰੱਖਣ ਦੀ ਅਪੀਲ

**ਸੈਨ ਹੋਜ਼ੇ (ਬਿਊਰੋ):** ਸੀਨੀਅਰ ਅਕਾਲੀ ਆਗੂ ਅਤੇ ਹਲਕਾ ਕੋਟਕਪੂਰਾ ਤੋਂ ਵਿਧਾਇਕ ਮਨਤਾਰ ਸਿੰਘ ਬਰਾੜ ਨੇ ਇਥੇ ਯੂ ਐਸ ਏ ਕਬੱਡੀ ਫੈਡਰੇਸ਼ਨ ਦੇ ਆਗੂਆਂ ਜਸਵਿੰਦਰ ਸਿੰਘ ਸੋਹਲ, ਰਛਪਾਲ ਸਿੰਘ ਸਿੱਧੂ ਅਤੇ ਹੈਪੀ ਸਿੱਧੂ ਨਾਲ ਕਬੱਡੀ ਕੱਪ ਵਿਚ ਅਮਰੀਕਾ ਦੇ ਕਬੱਡੀ ਖਿਡਾਰੀਆਂ ਦੀ ਸ਼ਮੂਲੀਅਤ ਬਾਰੇ ਵੀ ਖੁੱਲ੍ਹ ਕੇ ਵਿਚਾਰ ਹੋਈ। ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਸੱਜੀ ਬਾਂਹ ਸਮਝੇ ਜਾਂਦੇ ਮਨਤਾਰ ਸਿੰਘ ਬਰਾੜ ਨੇ ਜਸਵਿੰਦਰ ਸਿੰਘ ਸੋਹਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੋਹਲ ਭਰਾ ਅਮਰੀਕਾ ਦੇ ਜੰਮਪਲ ਬੱਚਿਆਂ ਨੂੰ ਕਬੱਡੀ ਦੀ ਟਰੇਨਿੰਗ ਦੇ ਕੇ ਉਨ੍ਹਾਂ ਵਿਚ ਕਬੱਡੀ ਬਾਰੇ ਰੁਚੀ ਪੈਦਾ ਕਰ ਰਹੇ ਹਨ।



*ਮਨਤਾਰ ਸਿੰਘ ਬਰਾੜ ਨਾਲ ਕਬੱਡੀ ਫੈਡਰੇਸ਼ਨ ਦੇ ਅਹੁਦੇਦਾਰ*

ਇੱਕ ਵਿਸ਼ੇਸ਼ ਮੁਲਾਕਾਤ ਦੌਰਾਨ ਪੰਜਾਬ ਸਰਕਾਰ ਵੱਲੋਂ ਹਰ ਸਾਲ ਕਰਵਾਏ ਜਾਂਦੇ 'ਵਰਲਡ ਕਬੱਡੀ' ਕੱਪ ਬਾਰੇ ਵਿਚਾਰਾਂ ਕੀਤੀਆਂ ਅਤੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਪੰਜਾਬ ਵਿਚ ਨਸ਼ਿਆਂ ਵਿਰੁਧ ਉਚੇਚੀ ਮੁਹਿੰਮ ਚਲਾਈ ਜਾਏ ਅਤੇ ਵਿਸ਼ਵ ਕਬੱਡੀ ਕੱਪ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਇਆ ਜਾਵੇ।

ਇਸ ਸਮੇਂ ਜਸਵਿੰਦਰ ਸਿੰਘ ਸੋਹਲ ਨੇ ਕਿਹਾ ਕਿ ਅਸੀਂ ਸੈਨ ਹੋਜ਼ੇ ਵਿਚ ਜੋ ਵਿਸ਼ਾਲ ਵਿਸਾਖੀ ਮੇਲਾ ਅਤੇ ਕਬੱਡੀ ਟੂਰਨਾਮੈਂਟ ਕਰਵਾਇਆ ਸੀ, ਉਹ ਮੁਕੰਮਲ ਤੌਰ 'ਤੇ ਨਸ਼ਾ ਮੁਕਤ ਸੀ। ਇਸੇ ਤਰ੍ਹਾਂ ਪੰਜਾਬ ਸਰਕਾਰ ਵੀ ਪੰਜਾਬ ਵਿਚ ਹੋਣ ਵਾਲੇ ਹਰ ਕਬੱਡੀ ਟੂਰਨਾਮੈਂਟ ਨੂੰ ਨਸ਼ਾ ਮੁਕਤ ਕਰਵਾਉਣਾ ਯਕੀਨੀ ਬਣਾਏ। ਇਸ ਸਮੇਂ ਪੰਜਾਬ ਸਰਕਾਰ ਵੱਲੋਂ ਕਰਵਾਈ ਜਾਣ ਵਾਲੇ

## ਮਕਬੂਜ਼ਾ ਕਸ਼ਮੀਰ 'ਚ ਚੀਨੀ ਫ਼ੌਜ ਮੌਜੂਦ

**ਨਵੀਂ ਦਿੱਲੀ:** ਫ਼ੌਜ ਮੁਖੀ ਜਨਰਲ ਬਿਕਰਮ ਸਿੰਘ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਦੇ ਕਬਜ਼ੇ ਵਾਲੇ ਮਕਬੂਜ਼ਾ ਕਸ਼ਮੀਰ ਵਿਚ ਚੀਨੀ ਫ਼ੌਜ ਦੇ ਜਵਾਨ ਮੌਜੂਦ ਹਨ ਜੋ ਉਥੇ ਚੱਲ ਰਹੇ ਆਪਣੇ ਰੇਲਵੇ ਤੇ ਸੜਕੀ ਪ੍ਰਾਜੈਕਟਾਂ ਦੀ ਸੁਰੱਖਿਆ ਕਰ ਰਹੇ ਹਨ। ਭਾਰਤ ਨੇ ਇਸ ਬਾਰੇ ਚੀਨ ਨੂੰ ਜਾਣੂ ਕਰਵਾਇਆ ਹੈ।


**Yarra, Kharazi & Associates**

Phone: (888) 97YARRA (92772)

Immigration
Family Law
Personal Injury



ਇਮੀਗ੍ਰੇਸ਼ਨ, ਫੈਮਿਲੀ ਲਾਅ ਅਤੇ ਪਰਸਨਲ ਇੰਜਰੀ ਦੇ ਕੇਸਾਂ ਵਿਚ ਤੁਹਾਡੇ ਭਰੋਸੇਯੋਗ ਵਕੀਲ

Trust your matter to a specialist

ਅਸੀਂ ਇਸ ਖੇਤਰ ਦੇ ਮਾਹਿਰ ਹਾਂ ਅਤੇ ਤੁਹਾਡਾ ਕੇਸ ਸਹੀ ਢੰਗ ਨਾਲ ਲੜਨਾ ਸਾਡੀ ਜ਼ਿੰਮੇਵਾਰੀ ਤੇ ਸਾਡੀ ਸਿਰਦਰਦੀ ਹੋਵੇਗੀ

Offices in Bakersfield, Fresno and Merced.

Bring this ad in and receive a free consultation

ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

**ਯੱਰਾ, ਖਰਾਜ਼ੀ ਐਂਡ ਐਸੋਸੀਏਟਸ**

ਫੋਨ: 1-888-979-2772

Email: Info@rwyarra.com




**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

**National Truck Driving School**

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

1816 Main Ave., Secramento CA, 95838

# ਡੇਰਾ ਪ੍ਰੇਮੀਆਂ ਨੂੰ 3-3 ਸਾਲ ਕੈਦ ਦੀ ਸਜ਼ਾ



**ਮੋਗਾ:** ਜ਼ਿਲ੍ਹਾ ਤੇ ਸੈਸ਼ਨ ਜੱਜ ਕਰਮਜੀਤ ਸਿੰਘ ਕੰਗ ਦੀ ਅਦਾਲਤ ਨੇ ਤਕਰੀਬਨ ਢਾਈ ਸਾਲ ਪਹਿਲਾਂ ਕਰੋੜਾਂ ਰੁਪਏ ਦੀ ਸਰਕਾਰੀ ਮਸ਼ੀਨਰੀ ਬਰਬਾਦ ਕਰਨ ਦੇ ਮਾਮਲੇ ਵਿਚ 34 ਡੇਰਾ ਪ੍ਰੇਮੀਆਂ ਨੂੰ 3-3 ਸਾਲ ਦੀ ਕੈਦ ਤੇ 5-5 ਹਜ਼ਾਰ ਜੁਰਮਾਨਾ ਅਦਾ ਕਰਨ ਦਾ ਹੁਕਮ ਸੁਣਾਇਆ ਹੈ। ਦੋਸ਼ੀਆਂ ਵੱਲੋਂ ਜੁਰਮਾਨਾ ਜਮ੍ਹਾਂ ਕਰਵਾਉਣ 'ਤੇ ਅਦਾਲਤ ਨੇ ਉਨ੍ਹਾਂ ਦੀ ਜ਼ਮਾਨਤ ਪ੍ਰਵਾਨ ਕਰ ਲਈ ਤੇ ਹਾਈ ਕੋਰਟ ਵਿਚ ਅਪੀਲ ਦਾਇਰ ਕਰਨ ਲਈ 30 ਦਿਨ ਦਾ ਸਮਾਂ ਦਿੱਤਾ ਹੈ।

ਜ਼ਿਲ੍ਹਾ ਅਟਾਰਨੀ ਇਕਬਾਲ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ 36 ਮੁਲਜ਼ਮਾਂ ਖ਼ਿਲਾਫ਼ ਚਲਾਨ ਦਿੱਤਾ ਗਿਆ ਸੀ। ਇਕ ਮੁਲਜ਼ਮ ਦੀ ਕੇਸ ਦੀ ਸੁਣਵਾਈ ਦੌਰਾਨ ਮੌਤ ਹੋ ਗਈ ਸੀ ਤੇ ਇਕ ਹੋਰ ਵਿਅਕਤੀ ਆਗਿਆ ਰਾਮ ਨੂੰ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਸੀ। ਬਾਕੀ 34 ਡੇਰਾ ਪ੍ਰੇਮੀਆਂ ਨੂੰ ਅਦਾਲਤ ਵੱਲੋਂ ਇਸ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ।

ਜ਼ਿਕਰਯੋਗ ਹੈ ਕਿ ਪੁਲਿਸ ਨੇ ਇਸ ਕੇਸ ਦੀ ਸੁਣਵਾਈ ਦੌਰਾਨ 26 ਗਵਾਹਾਂ ਦੀ ਸੂਚੀ ਅਦਾਲਤ ਨੂੰ ਦਿੱਤੀ ਸੀ ਜਿਨ੍ਹਾਂ ਵਿਚੋਂ 16 ਨੇ ਅਦਾਲਤ ਵਿਚ ਗਵਾਹੀ ਦਿੱਤੀ। ਇਹ ਕੇਸ ਸਬ ਇੰਸਪੈਕਟਰ ਕਿੱਕਰ ਸਿੰਘ ਦੀ ਸ਼ਿਕਾਇਤ 'ਤੇ ਥਾਣਾ ਸਿਟੀ ਵਿਚ ਦਰਜ ਕੀਤਾ ਗਿਆ ਸੀ। ਪੁਲਿਸ ਨੇ ਜਾਂਚ ਵਿਚ ਜਗੀਰ ਸਿੰਘ ਨਾਂ ਦੇ ਵਿਅਕਤੀ ਨੂੰ ਮੁੱਖ ਮੁਲਜ਼ਮ ਦੱਸਦਿਆਂ ਦੋਸ਼ ਲਾਇਆ ਸੀ ਕਿ ਉਹ ਘਟਨਾ ਵਾਲੇ ਦਿਨ ਹਥਿਆਰਾਂ ਸਮੇਤ ਭੀੜ ਦੀ ਅਗਵਾਈ ਕਰ ਰਿਹਾ ਸੀ। ਜ਼ਿਕਰਯੋਗ ਹੈ ਕਿ ਸੀ.ਬੀ.ਆਈ. ਵੱਲੋਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਖ਼ਿਲਾਫ਼ ਕਾਰਵਾਈ ਕੀਤੇ ਜਾਣ 'ਤੇ ਭੜਕੇ ਡੇਰਾ ਪ੍ਰੇਮੀਆਂ ਨੇ 27 ਫਰਵਰੀ, 2010 ਨੂੰ ਬੱਸ ਅੱਡੇ 'ਤੇ ਖੜ੍ਹੀਆਂ ਪੰਜਾਬ ਰੋਡਵੇਜ਼ ਦੀਆਂ 13 ਤੇ ਪੀ.ਆਰ.ਟੀ.ਸੀ. ਦੀਆਂ ਛੇ ਬੱਸਾਂ ਸਮੇਤ ਰੇਲਵੇ ਸਟੇਸ਼ਨ 'ਤੇ ਖੜ੍ਹੀ ਸਤਲੁਜ ਐਕਸਪ੍ਰੈਸ ਦੇ ਡੱਬੇ ਨੂੰ ਵੀ ਅੱਗ ਲਾ ਦਿੱਤੀ ਸੀ। ਇਨ੍ਹਾਂ ਨੇ ਰੇਲਵੇ ਸਟੇਸ਼ਨ 'ਤੇ ਖੜ੍ਹੀ ਸਤਲੁਜ ਐਕਸਪ੍ਰੈਸ ਨੂੰ ਵੀ ਅੱਗ ਲਾ ਦਿੱਤੀ ਸੀ ਤੇ ਡਿਪਟੀ ਕਮਿਸ਼ਨਰ ਦਫ਼ਤਰ ਦੇ ਸ਼ੀਸ਼ੇ ਤੋੜ ਦਿੱਤੇ ਸਨ।

ਸਿਟੀ ਪੁਲਿਸ ਨੇ ਔਰਤਾਂ ਸਮੇਤ 56 ਡੇਰਾ ਪ੍ਰੇਮੀਆਂ ਖ਼ਿਲਾਫ਼ ਸਰਕਾਰੀ ਜਾਇਦਾਦ ਬਰਬਾਦ ਕਰਨ ਦੀਆਂ ਧਰਾਵਾਂ ਤਹਿਤ ਕੇਸ ਦਰਜ ਕਰਕੇ ਮੌਕੇ 'ਤੇ ਹੀ 36 ਡੇਰਾ ਪ੍ਰੇਮੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਬਾਅਦ ਵਿਚ 10 ਔਰਤਾਂ ਨੂੰ ਪੁਲਿਸ ਨੇ ਛੱਡ ਦਿੱਤਾ ਸੀ। ਕੇਸ ਦੀ ਜਾਂਚ ਦੌਰਾਨ ਪੁਲਿਸ ਨੇ ਕੁਝ ਪ੍ਰੇਮੀਆਂ ਨੂੰ ਬੇਗੁਨਾਹ ਕਰਾਰ ਦੇ ਦਿੱਤਾ ਸੀ। ਜੱਜ ਕਰਮਜੀਤ ਸਿੰਘ ਕੰਗ ਨੇ ਸੁਣਵਾਈ ਤੋਂ ਬਾਅਦ 34 ਡੇਰਾ ਪ੍ਰੇਮੀਆਂ ਨੂੰ ਸਰਕਾਰੀ ਜਾਇਦਾਦ ਬਰਬਾਦ ਕਰਨ ਦੀਆਂ ਧਰਾਵਾਂ ਤਹਿਤ ਦੋਸ਼ੀ ਮੰਨਿਆ ਹੈ।

# ਜੇਲ੍ਹ ਸੁਪਰਡੈਂਟ ਜਾਖੜ ਖ਼ਿਲਾਫ਼ ਮਾਣਹਾਨੀ ਦਾ ਕੇਸ ਖਤਮ

**ਚੰਡੀਗੜ੍ਹ:** ਪਟਿਆਲਾ ਕੇਂਦਰੀ ਜੇਲ੍ਹ ਦੇ ਸੁਪਰਡੈਂਟ ਐਲ.ਐਸ. ਜਾਖੜ 'ਤੇ ਮਾਣਹਾਨੀ ਦੀ ਕਾਰਵਾਈ ਨਹੀਂ ਹੋਵੇਗੀ। ਉਨ੍ਹਾਂ ਦੀ ਬਿਨਾਂ ਸ਼ਰਤ ਮੁਆਫ਼ੀ ਸਵੀਕਾਰ ਕਰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਉਨ੍ਹਾਂ ਵਿਰੁੱਧ ਅਦਾਲਤੀ ਮਾਣਹਾਨੀ ਦੀ ਕਾਰਵਾਈ ਬੰਦ ਕਰ ਦਿੱਤੀ। ਜਾਖੜ ਵਿਰੁੱਧ ਅਦਾਲਤੀ ਮਾਣਹਾਨੀ ਦੀ ਕਾਰਵਾਈ ਉਨ੍ਹਾਂ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੇ ਵਾਰੰਟਾਂ ਨੂੰ ਲਾਗੂ ਨਾ ਕਰਨ ਲਈ ਕੀਤੀ ਗਈ ਸੀ।

ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਡਵੀਜ਼ਨ ਬੈਂਚ ਅੱਗੇ ਜਾਖੜ ਨੇ ਦਾਅਵਾ ਕੀਤਾ ਸੀ ਕਿ ਉਸ ਨੇ 'ਹਰਬੰਸ ਸਿੰਘ ਬਨਾਮ ਯੂ.ਪੀ. ਸਰਕਾਰ' ਮਾਮਲੇ ਵਿਚ ਸੁਪਰੀਮ ਕੋਰਟ ਦੇ ਫੈਸਲੇ ਮੁਤਾਬਕ ਕਾਰਵਾਈ ਕੀਤੀ ਸੀ। ਇਸ ਫੈਸਲੇ 'ਚ ਕਿਹਾ ਗਿਆ ਹੈ ਕਿ ਮੌਤ ਦੀ ਸਜ਼ਾ ਨੂੰ ਅਮਲੀ ਰੂਪ ਦੇਣ ਤੋਂ ਪਹਿਲਾਂ ਜੇਲ੍ਹ ਸੁਪਰਡੈਂਟ ਨੇ ਨਿੱਜੀ ਰੂਪ ਵਿਚ ਇਹ ਪੱਕਾ ਕਰਨਾ ਹੁੰਦਾ ਹੈ ਕਿ ਕੀ ਉਸ ਕੈਦੀ ਜਿਸ ਨੂੰ ਫਾਹੇ ਲਾਉਣਾ ਹੁੰਦਾ ਹੈ, ਦੇ ਕਿਸੇ ਸਹਿ-ਮੁਲਜ਼ਮ ਨੂੰ ਮਿਲੀ ਮੌਤ ਦੀ ਸਜ਼ਾ ਮੁਆਫ਼ ਕੀਤੀ ਜਾ ਚੁੱਕੀ ਹੈ ਤੇ ਜੇਕਰ ਇਹ ਕੀਤੀ ਜਾ ਚੁੱਕੀ ਹੈ ਤਾਂ ਸੁਪਰਡੈਂਟ ਨੂੰ ਇਸ ਮਾਮਲੇ ਬਾਰੇ ਸੀਨੀਅਰ ਅਥਾਰਟੀ ਨੂੰ ਜਾਣੂ ਕਰਾਉਣਾ ਹੁੰਦਾ ਹੈ ਤਾਂ ਕਿ ਇਹ ਮਾਮਲਾ ਸਬੰਧਤ ਅਦਾਲਤ ਦੇ ਧਿਆਨ ਵਿਚ ਲਿਆਂਦਾ ਜਾ ਸਕੇ। ਉਸ ਦੇ ਬਿਆਨ ਦਾ ਨੋਟਿਸ ਲੈਂਦਿਆਂ ਬੈਂਚ ਨੇ ਦੇਖਿਆ ਕਿ ਜੇਲ੍ਹ ਸੁਪਰਡੈਂਟ ਨੇ ਜ਼ਿਲ੍ਹਾ ਅਦਾਲਤ ਤੇ ਫਿਰ ਹਾਈ ਕੋਰਟ ਤੋਂ ਬਿਨਾਂ ਸ਼ਰਤ ਮੁਆਫ਼ੀ ਵੀ ਮੰਗੀ ਹੋਈ ਹੈ। ਉਸ ਵੱਲੋਂ ਪੇਸ਼ ਹੁੰਦਿਆਂ ਪੰਜਾਬ ਦੇ ਵਧੀਕ ਐਡਵੋਕੇਟ ਜਨਰਲ ਅਨੂਪਿੰਦਰ ਸਿੰਘ ਗਰੇਵਾਲ ਨੇ ਦਲੀਲ ਦਿੱਤੀ ਕਿ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਜਾਖੜ ਨੂੰ ਮਾਣਹਾਨੀ ਨੋਟਿਸ ਜਾਰੀ ਕੀਤਾ ਹੈ ਜਦਕਿ ਇਹ ਕੇਵਲ ਹਾਈ ਕੋਰਟ ਵੱਲੋਂ ਹੀ ਜਾਰੀ ਕੀਤਾ ਜਾ ਸਕਦਾ ਹੈ।

### ਭਾਈ ਰਾਜੋਆਣਾ ਦੀ ਮੌਤ ਦੇ ਵਾਰੰਟ ਦਾ ਮਾਮਲਾ





**Punjab Times**
*Ph: 847-359-0746*
*punjabtimesusa.com*

# ਸੁਖਬੀਰ ਦੀ ਮੁਲਾਇਮ ਨਾਲ ਮੁਲਾਕਾਤ ਨੇ ਛੇੜੀ ਚਰਚਾ



**ਨਵੀਂ ਦਿੱਲੀ:** ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਲੰਘੇ ਦਿਨੀਂ ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਯਾਦਵ ਨਾਲ ਮੁਲਾਕਾਤ ਦੇ ਚਰਚੇ ਹਨ। ਮੁਲਾਇਮ ਯਾਦਵ ਨੇ ਸੁਖਬੀਰ ਬਾਦਲ ਨਾਲ ਉਨ੍ਹਾਂ ਦੀ ਰਿਹਾਇਸ਼ 12, ਸਫਦਰਜੰਗ ਰੋਡ, ਨਵੀਂ ਦਿੱਲੀ ਵਿਖੇ ਮੁਲਾਕਾਤ ਕੀਤੀ। ਇਸ ਮੁਲਾਕਾਤ ਦੇ ਕਈ ਅਰਥ ਕੱਢੇ ਜਾ ਰਹੇ ਹਨ ਕਿਉਂਕਿ ਯੂ.ਪੀ. ਦਾ ਕਿਲਾ ਫਤਹਿ ਕਰਨ ਤੋਂ ਬਾਅਦ ਮੁਲਾਇਮ ਸਿੰਘ ਯਾਦਵ ਖੇਤਰੀ ਪਾਰਟੀਆਂ ਨੂੰ ਨਾਲ ਲੈ ਕੇ ਤੀਜੇ ਮੋਰਚੇ ਦੀ ਕਾਇਮੀ ਲਈ ਸਰਗਰਮ ਹਨ।

ਉਨ੍ਹਾਂ ਨੂੰ ਸੁਖਬੀਰ ਸਿੰਘ ਬਾਦਲ ਦੀ ਰਿਹਾਇਸ਼ ਵਿਖੇ ਲੈ ਕੇ ਜਾਣ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਮੁੱਖ ਬੁਲਾਰੇ ਬਲਵੰਤ ਸਿੰਘ ਰਾਮੂਵਾਲੀਆ ਨੇ ਦੱਸਿਆ ਕਿ ਮੁਲਾਕਾਤ ਦੌਰਾਨ ਕਿਸਾਨਾਂ ਦੀ ਦੁਰਦਸ਼ਾ, ਭ੍ਰਿਸ਼ਟਾਚਾਰ ਤੇ ਦੇਸ਼ ਦੇ ਭਵਿੱਖ ਬਾਰੇ ਮੁੱਦਿਆਂ 'ਤੇ ਚਰਚਾ ਤੋਂ ਇਲਾਵਾ ਸ੍ਰੀ ਯਾਦਵ ਨੇ ਸੁਖਬੀਰ ਬਾਦਲ ਨੂੰ ਕਿਹਾ ਕਿ ਕਾਂਗਰਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਹੈ ਜਿਸ ਨੇ ਆਜ਼ਾਦੀ ਦੀ ਲੜਾਈ ਦੌਰਾਨ ਮੋਹਰੀ ਤੇ ਸਿਰਕੱਢ ਭੂਮਿਕਾ ਨਿਭਾਈ ਸੀ ਤੇ ਐਮਰਜੈਂਸੀ ਦੌਰਾਨ ਵੀ ਸ੍ਰੀ ਜੈਪ੍ਰਕਾਸ਼ ਦੇ ਸੰਘਰਸ਼ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਸੀ। ਉਸੇ ਤਰ੍ਹਾਂ ਅੱਜ ਵੀ ਲੋੜ ਹੈ ਕਿ ਭਾਰਤ ਦੀ ਆਰਥਿਕਤਾ ਨੂੰ ਗੁਲਾਮ ਹੋਣ ਤੋਂ ਬਚਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਸਮਾਜਵਾਦੀ ਆਗੂ ਸ੍ਰੀ ਰਾਮ ਮਨੋਹਰ ਲੋਹੀਆ, ਆਚਾਰਿਆ ਨਰੇਂਦਰ ਦੇਵ, ਜੈਪ੍ਰਕਾਸ਼ ਨਰਾਇਣ, ਕਰਪੂਰੀ ਠਾਕੁਰ ਤੇ ਚੰਦਰ ਸ਼ੇਖਰ ਸਮੇਤ ਸਾਰੇ ਸਮਾਜਵਾਦੀਆਂ ਦਾ ਸ਼ੋਸਲਿਜ਼ਮ ਮਨੁੱਖਤਾ ਦੀ ਭਲਾਈ ਦੇ ਆਧਾਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਨਾਲ ਮਿਲਦਾ-ਜੁਲਦਾ ਹੈ। ਸ੍ਰੀ ਯਾਦਵ ਨੇ ਇਹ ਵੀ ਕਿਹਾ ਕਿ ਸ. ਪ੍ਰਕਾਸ਼ ਸਿੰਘ ਬਾਦਲ ਨੂੰ 70 ਵਰ੍ਹਿਆਂ ਦਾ ਸਿਆਸਤ ਦਾ ਤਜ਼ਰਬਾ ਹੈ ਇਸ ਲਈ ਹੁਣ ਉਨ੍ਹਾਂ ਨੂੰ ਦੇਸ਼ ਭਲਾਈ ਵਾਸਤੇ ਦਿਸ਼ਾ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਦੌਰਾਨ ਸ. ਸੁਖਬੀਰ ਬਾਦਲ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਨੇ ਹਰ ਖੇਤਰ ਵਿਚ ਉਸਾਰੂ ਭੂਮਿਕਾ ਨਿਭਾਈ ਹੈ ਤੇ ਇਹ ਸਿਲਸਿਲਾ ਅੱਗੇ ਵੀ ਲਗਾਤਾਰ ਜਾਰੀ ਰਹੇਗਾ। ਇਸ ਮੌਕੇ ਬਠਿੰਡਾ ਤੋਂ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਵੀ ਮੌਜੂਦ ਸਨ।

ਪੰਜਾਬੀ ਰੇਡੀਓ ਯੂਐਸਏ ਵਲੋਂ ਬੜੇ ਹੀ ਮਾਣ ਨਾਲ..
24 ਘੰਟੇ ਚੱਲਣ ਵਾਲਾ **ਗੁਰਬਾਣੀ ਰੇਡੀਓ** ਸ਼ੁਰੂ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
605.475.6868 Ext. 4
832.551.5029 Ext. 4

ਪੰਜਾਬੀ ਰੇਡੀਓ ਯੂਐਸਏ
Punjabi RADIO USA
*Uniting Punjabi's All Over*
Studio Telephone : (408) 272-5200

**ਪੰਜਾਬੀ ਰੇਡੀਓ ਦੇ ਪ੍ਰੋਗਰਾਮ**

- **ਸਵੇਰੇ 4 ਵਜੇ** ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ
- ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ ☞ 'ਬੌਲੀਵੁੱਡ ਹਿੱਟਸ' (Bollywood Hits)
- ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
- ਯੂਐਸ ਚੋਣਾਂ 2012 ਸ਼ੋਅ ☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ
- 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- **6 ਵਜੇ ਸ਼ਾਮ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
- ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ 'ਇਕ ਸੋਚ' ☞ ਜੌਬ ਐਂਡ ਬਿਜਨਸ ਸ਼ੋਅ
- ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
- ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 8:30 ਤੋਂ 10:00 ਵਜੇ)

**ਤਾਜ਼ੀਆਂ ਖ਼ਬਰਾਂ ਰੇਡੀਓ 'ਤੇ**
ਪੰਜਾਬ ਤੋਂ ਸੁਸ਼ੀਲ ਦੁਸਾਂਝ
ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
ਅੰਤਰਰਾਸ਼ਟਰੀ ਖ਼ਬਰਾਂ- ਗੁਰਪ੍ਰੀਤ ਸਿੰਘ
ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
**ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ**
605.475.6868 Ext. 1 ਜਾਂ
832.551.5029 Ext. 1

**ਨਵੇਂ ਪ੍ਰੋਗਰਾਮ**
- **ਸੱਜਰੀ ਸਵੇਰ** -ਸੋਮਵਾਰ ਤੋਂ ਸ਼ਨਿਚਰਵਾਰ
- **ਨਜ਼ਰੀਆ** -ਸਮਾਜਿਕ ਮਸਲਿਆਂ ਬਾਰੇ ਰੋਜਾਨਾ ਰਾਤ ਨੂੰ
- **ਤੁਹਾਡੇ ਸ਼ਹਿਰ ਦੇ ਵਿਹੜੇ** -ਸ਼ਹਿਰਾਂ ਦਾ ਇਤਿਹਾਸ ਤੇ ਰੌਚਕ ਜਾਣਕਾਰੀ
- **ਟੌਪ 10** -ਨਵੇਂ ਗੀਤਾਂ ਦਾ ਵੋਟਾਂ 'ਤੇ ਆਧਾਰਤ ਪ੍ਰੋਗਰਾਮ

**ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ**
*ਹਫ਼ਤੇ ਦੇ ਸੱਤੇ ਦਿਨ 24 ਘੰਟੇ - ਸੁਣਨ ਲਈ ਕਾਲ ਕਰੋ ਜੀ*
**605.475.6868 • 832.551.5029**
ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com

## ਨਾਨਕਸ਼ਾਹੀ ਕੈਲੰਡਰ ਬਾਰੇ ਫਿਰ ਵਿਵਾਦ ਭਖਿਆ

# ਗੁਰੂ ਨਾਨਕ ਦਾ ਵਿਆਹ ਪੁਰਬ ਤੇ ਜੋਤੀ ਜੋਤ ਦਿਵਸ ਇਕੋ ਦਿਨ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਵਿਦਵਾਨਾਂ ਤੇ ਪੰਜਾਂ ਤਖ਼ਤਾਂ ਵੱਲੋਂ ਗੰਭੀਰ ਵਿਚਾਰਾਂ ਕਰਨ ਤੋਂ ਬਾਅਦ ਧਾਰਮਿਕ ਜਥੇਬੰਦੀਆਂ ਦੀ ਸਹਿਮਤੀ ਨਾਲ ਤਿਆਰ ਕਰਕੇ ਸਿੱਖ ਕੌਮ ਨੂੰ ਸਮਰਪਿਤ ਕੀਤਾ ਗਿਆ ਨਾਨਕਸ਼ਾਹੀ ਕੈਲੰਡਰ ਇਕ ਵਾਰ ਫਿਰ ਵਿਵਾਦਾਂ ਵਿਚ ਘਿਰ ਗਿਆ ਹੈ ਕਿਉਂਕਿ ਇਸ ਮੁਤਾਬਕ ਗੁਰੂ ਨਾਨਕ ਦੇਵ ਦਾ ਵਿਆਹ ਪੁਰਬ ਤੇ ਜੋਤੀ ਜੋਤ ਦਿਵਸ ਇਕੋ ਦਿਨ ਮਨਾਏ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਦੋਵੇਂ ਪੁਰਬ ਇਕੋ ਮਨਾਉਣ ਨਾਲ ਵਿਸ਼ਵ ਭਰ ਦੀ ਸਿੱਖ ਸੰਗਤ ਵਿਚ ਇਸ ਦਿਹਾੜੇ ਨੂੰ ਲੈ ਕੇ ਦੁਬਿਧਾ ਪਾਈ ਜਾ ਰਹੀ ਹੈ।


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਸਮਰਪਿਤ
ਨਾਨਕਸ਼ਾਹੀ ਕੈਲੰਡਰ
2011-2012

ਜ਼ਿਕਰਯੋਗ ਹੈ ਕਿ ਬੇਸ਼ੱਕ ਸਿੱਖ ਕੌਮ ਦੀ ਚੜ੍ਹਦੀਕਲਾ ਲਈ ਤੇ ਸਿੱਖ ਧਰਮ ਦੇ ਨਾਲ ਸਬੰਧਤ ਗੁਰੂਆਂ ਦੇ ਦਿਨਾਂ ਨੂੰ ਹੋਰ ਧਰਮਾਂ ਨਾਲੋਂ ਵੱਖਰੇ ਤੌਰ 'ਤੇ ਮਨਾਉਣ ਲਈ ਨਾਨਕਸ਼ਾਹੀ ਕੈਲੰਡਰ ਬਣਾਇਆ ਗਿਆ ਸੀ ਪਰ ਰਹਿ-ਰਹਿ ਕੇ ਇਸ ਕੈਲੰਡਰ ਵਿਚ ਪਾਈਆਂ ਜਾ ਰਹੀਆਂ ਤਰੁੱਟੀਆਂ ਨੇ ਕੈਲੰਡਰ ਨੂੰ ਇਕ ਵਾਰ ਫਿਰ ਸਵਾਲਾਂ ਦੇ ਘੇਰੇ ਵਿਚ ਲਿਆ ਦਿੱਤਾ ਹੈ। ਇਕ ਪਾਸੇ ਤਾਂ ਸਮੁੱਚੀ ਸਿੱਖ ਸੰਗਤ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਗੁਰੂ ਨਾਨਕ ਦੇਵ ਦਾ ਵਿਆਹ ਪੁਰਬ ਮਨਾਇਆ ਗਿਆ ਪਰ ਦੂਸਰੇ ਪਾਸੇ ਸ਼੍ਰੋਮਣੀ ਕਮੇਟੀ ਵੱਲੋਂ ਹੀ ਵੱਖਰੇ ਤੌਰ 'ਤੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਵਿਖੇ ਕਰਵਾਏ ਜਾ ਰਹੇ ਸਮਾਗਮਾਂ ਵਿਚ ਗੁਰੂ ਨਾਨਕ ਦੇਵ ਦਾ ਜੋਤੀ-ਜੋਤ ਦਿਵਸ ਵੀ ਮਨਾਇਆ ਗਿਆ। ਇਹ ਆਪਣੇ-ਆਪ ਵਿਚ ਸੰਗਤਾਂ ਤਾਂ ਕੀ ਸਿੱਖ ਵਿਦਵਾਨਾਂ ਤੇ ਸਮਾਗਮਾਂ ਦੇ ਪ੍ਰਬੰਧਕਾਂ ਨੂੰ ਵੀ ਦੁਬਿਧਾ ਵਿਚ ਪਾਉਣ ਵਾਲੀ ਗੱਲ ਹੈ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪ੍ਰਬੰਧਾਂ ਅਧੀਨ ਆਉਂਦੇ ਇਤਿਹਾਸਕ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਕਰਵਾਏ ਗਏ ਗੁਰੂ ਨਾਨਕ ਦੇਵ ਦੇ ਜੋਤੀ-ਜੋਤ ਦਿਵਸ ਸਮਾਗਮ ਬਾਰੇ ਤਖ਼ਤ ਸਾਹਿਬ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਤਾਂ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਸਮਾਗਮ ਕਰਵਾਇਆ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਮੈਂਬਰ ਤੇ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਸੁਰਿੰਦਰ ਸਿੰਘ ਦਾ ਕਹਿਣਾ ਹੈ ਕਿ ਨਵੇਂ ਨਾਨਕਸ਼ਾਹੀ ਕੈਲੰਡਰ ਅਨੁਸਾਰ ਸਮਾਗਮ ਕਰਵਾਇਆ ਗਿਆ ਹੈ। ਉਨ੍ਹਾਂ ਮੰਨਿਆ ਕਿ ਅੱਜ ਤੋਂ ਪਹਿਲਾਂ ਅਜਿਹਾ ਕਦੇ ਵੀ ਨਹੀਂ ਹੋਇਆ ਕਿ ਗੁਰੂ ਸਾਹਿਬ ਦਾ ਵਿਆਹ ਪੁਰਬ ਜਾਂ ਜੋਤੀ-ਜੋਤ ਦਿਵਸ ਇਕ ਹੀ ਦਿਨ ਆਇਆ ਹੋਵੇ। ਉਨ੍ਹਾਂ ਮੰਨਿਆ ਕਿ ਮੌਜੂਦਾ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਦੀ ਲੋੜ ਹੈ ਤੇ ਪੰਜੇ ਸਿੰਘ ਸਾਹਿਬਾਨਾਂ ਨੂੰ ਇਨ੍ਹਾਂ ਭੁੱਲਾਂ ਨੂੰ ਸੋਧ ਕੇ ਦੁਬਾਰਾ ਕੈਲੰਡਰ ਜਾਰੀ ਕਰਨਾ ਚਾਹੀਦਾ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਉਨ੍ਹਾਂ ਸਮਾਗਮ ਤਾਂ ਹੀ ਕਰਵਾਇਆ ਹੈ ਜੇਕਰ ਉਹ ਨਾਨਕਸ਼ਾਹੀ ਕੈਲੰਡਰ ਵਿਚ ਹੈ। ਉਨ੍ਹਾਂ ਕਿਹਾ ਕਿ ਜਿਥੋਂ ਤੱਕ ਵਿਆਹ ਪੁਰਬ ਤੇ ਜੋਤੀ-ਜੋਤ ਦਿਵਸ ਦੇ ਇਕ ਹੀ ਦਿਨ ਆਉਣ ਦੀ ਗੱਲ ਹੈ ਤਾਂ ਇਸ ਬਾਰੇ ਸਿੰਘ ਸਹਿਬਾਨ ਹੀ ਦੱਸ ਸਕਦੇ ਹਨ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਇਸ ਵਿਚ ਕੋਈ ਦੁਬਿਧਾ ਵਾਲੀ ਗੱਲ ਨਹੀਂ ਹੈ ਕਿਉਂਕਿ ਦਿਨ ਬੇਸ਼ੱਕ ਇਕ ਆ ਗਿਆ ਹੋਵੇ ਪਰ ਸਾਲ ਤਾਂ ਅਲੱਗ-ਅਲੱਗ ਹੀ ਹਨ। ਜਦੋਂ ਉਨ੍ਹਾਂ ਨੂੰ ਨਾਨਕਸ਼ਾਹੀ ਕੈਲੰਡਰ ਵਿਚ ਦਰਜ ਇਸ ਭੁੱਲ ਨਾਲ ਸੰਗਤਾਂ ਵਿਚ ਪਾਈ ਜਾ ਰਹੀ ਦੁਬਿਧਾ ਬਾਰੇ ਉਨ੍ਹਾਂ ਕਿਹਾ ਕਿ ਇਸ ਬਾਰੇ ਉਹ ਵਿਚਾਰ ਕਰਨਗੇ।

# ਦੂਸ਼ਣਬਾਜੀ ਵਾਲੇ ਇਸ਼ਤਿਹਾਰ ਨਾ ਛਾਪਣ ਦਾ ਫੈਸਲਾ

**ਸੈਕਰਾਮੈਂਟੋ (ਬਿਊਰੋ):** ਕੈਲੀਫੋਰਨੀਆ ਤੋਂ ਛਪਦੀਆਂ ਪੰਜਾਬੀ ਅਖਬਾਰਾਂ ਦੀ ਜਥੇਬੰਦੀ ਪੰਜਾਬੀ ਪ੍ਰਿੰਟ ਮੀਡੀਆ ਐਸੋਸੀਏਸ਼ਨ ਨੇ ਦੂਸ਼ਣਬਾਜੀ ਵਾਲੇ ਇਸ਼ਤਿਹਾਰ ਨਾ ਛਾਪਣ ਦਾ ਫੈਸਲਾ ਕੀਤਾ ਹੈ ਚਾਹੇ ਇਹ ਇਸ਼ਤਿਹਾਰ ਕਿਸੇ ਗੁਰੂ ਘਰ ਜਾਂ ਸੰਸਥਾ ਵਲੋਂ ਹੋਵੇ ਜਾਂ ਕਿਸੇ ਵਿਅਕਤੀ ਵਲੋਂ ਜਾਤੀ ਤੌਰ 'ਤੇ।

ਲੰਘੀ 19 ਸਤੰਬਰ ਨੂੰ ਇਥੇ ਜਥੇਬੰਦੀ ਦੀ ਹੋਈ ਮੀਟਿੰਗ ਵਿਚ 8 ਸਤੰਬਰ ਨੂੰ ਇਥੇ ਹੋਈ ਸਦਭਾਵਨਾ ਰੈਲੀ ਦੌਰਾਨ ਨਾਪਾ ਦੇ ਇਕ ਅਹੁਦੇਦਾਰ ਵਲੋਂ ਪੱਤਰਕਾਰ ਹੁਸਨ ਲੜੋਆ ਬੰਗਾ ਨਾਲ ਕੀਤੀ ਗਈ ਬਦਸਲੂਕੀ ਦੀ ਵੀ ਨਿੰਦਾ ਕੀਤੀ ਗਈ। ਫੈਸਲਾ ਲਿਆ ਗਿਆ ਕਿ ਬਦਸਲੂਕੀ ਕਰਨ ਵਾਲੀ ਅਜਿਹੀ ਸੰਸਥਾ ਦਾ ਕੋਈ ਇਸ਼ਤਿਹਾਰ ਜਾਂ ਖਬਰ ਕੋਈ ਪੰਜਾਬੀ ਅਖਬਾਰ ਨਹੀਂ ਛਾਪੇਗਾ। ਇਹ ਵੀ ਫੈਸਲਾ ਲਿਆ ਗਿਆ ਕਿ ਜੇ ਕਿਸੇ ਸਟੋਰ ਜਾਂ ਕਿਸੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਜਾਣ ਬੁੱਝ ਕੇ ਕੋਈ ਅਖਬਾਰ ਸੁਟਣਗੇ ਤਾਂ ਪੰਜਾਬੀ ਪ੍ਰਿੰਟ ਮੀਡੀਆ ਐਸੋਸੀਏਸ਼ਨ ਨਾਲ ਸਬੰਧਤ ਅਖਬਾਰ ਉਥੇ ਬੰਦ ਕਰ ਦਿੱਤੇ ਜਾਣਗੇ।

ਇਕ ਹੋਰ ਅਹਿਮ ਫੈਸਲਾ ਇਹ ਲਿਆ ਗਿਆ ਕਿ ਅਗਲੀ ਮੀਟਿੰਗ ਵਿਚ ਇਸ਼ਤਿਹਾਰ ਛਪਵਾ ਕੇ ਪੈਸੇ ਨਾ ਦੇਣ ਵਾਲਿਆਂ ਦੀ ਸੂਚੀ ਇਕ ਦੂਜੇ ਨਾਲ ਸਾਂਝੀ ਕੀਤੀ ਜਾਵੇਗੀ। ਮੀਟਿੰਗ ਵਿਚ ਸਭਿਆਚਾਰਕ ਤੇ ਸਮਾਜਿਕ ਮੇਲਿਆਂ ਲਈ ਸਭ ਅਖਬਾਰਾਂ ਦੇ ਘੱਟੋ ਘੱਟ ਰੇਟ ਤੈਅ ਕੀਤੇ ਗਏ ਜਦੋਂਕਿ ਕਮਰਸ਼ੀਅਲ ਇਸ਼ਤਿਹਾਰਾਂ ਦੇ ਰੇਟ ਆਪੋ ਆਪਣੇ ਹੋਣਗੇ। ਮੀਟਿੰਗ ਵਿਚ ਪੰਜਾਬ ਮੇਲ ਦੇ ਗੁਰਜਤਿੰਦਰ ਸਿੰਘ ਰੰਧਾਵਾ, ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਦੇ ਜਸਜੀਤ ਸਿੰਘ, ਸਾਡੇ ਲੋਕ ਦੇ ਸਤਨਾਮ ਸਿੰਘ ਖਾਲਸਾ, ਇੰਡੋ ਅਮੈਰਿਕਨ ਪੰਜਾਬੀ ਟਾਈਮਜ਼ ਦੇ ਨਰਿੰਦਰਪਾਲ ਸਿੰਘ ਹੁੰਦਲ, ਪੰਜ ਦਰਿਆ ਦੇ ਜਗਦੇਵ ਸਿੰਘ ਭੰਡਾਲ, ਇੰਡੋ ਯੂ ਐਸ ਡਾਇਲਾਗ ਦੇ ਕੁਲਦੀਪ ਧਾਲੀਵਾਲ ਸ਼ਾਮਲ ਹੋਏ ਜਦੋਂਕਿ ਪਰਦੇਸ ਟਾਈਮਜ਼ ਦੇ ਬਲਬੀਰ ਸਿੰਘ ਐਮ ਏ ਫੋਨ ਮੀਟਿੰਗ ਰਾਹੀਂ ਸ਼ਾਮਲ ਹੋਏ।

## ਸਿੱਖ ਨੌਜਵਾਨ ਦੇ ਕੇਸਾਂ ਦੀ ਬੇਅਦਬੀ ਦਾ ਸਖ਼ਤ ਵਿਰੋਧ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਕੁਵੈਤ ਦੇ ਜੇਲ੍ਹ ਅਧਿਕਾਰੀਆਂ ਵੱਲੋਂ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਪਿੰਡ ਪੰਨੂਆਂ ਦੇ ਵਸਨੀਕ ਅੰਮ੍ਰਿਤਧਾਰੀ ਸਿੱਖ ਨੌਜਵਾਨ ਦੇ ਜੇਲ੍ਹ ਵਿਚ ਜਬਰੀ ਕੇਸ ਕੱਟੇ ਜਾਣ ਦੇ ਮਾਮਲੇ ਦਾ ਗੰਭੀਰ ਨੋਟਿਸ ਲਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦਿੱਲੀ ਸਥਿਤ ਕੁਵੈਤ ਦੇ ਸਫਾਰਤਖਾਨੇ ਨੂੰ ਪੱਤਰ ਭੇਜ ਕੇ ਧਾਰਮਿਕ ਆਜ਼ਾਦੀ ਤੇ ਮਾਨਵੀ ਹੱਕਾਂ ਦੀ ਉਲੰਘਣਾ ਦੇ ਇਸ ਮਾਮਲੇ ਖ਼ਿਲਾਫ਼ ਰੋਸ ਦਾ ਪ੍ਰਗਟਾਵਾ ਕੀਤਾ ਹੈ।

ਉਨ੍ਹਾਂ ਨੇ ਕਿਹਾ ਕਿ ਰੋਜ਼ੀ-ਰੋਟੀ ਦੀ ਖਾਤਰ ਵਿਦੇਸ਼ ਜਾਣ ਵਾਲੇ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਏਜੰਟਾਂ ਦੇ ਚੁੰਗਲ ਵਿਚ ਨਾ ਫਸਣ ਸਗੋਂ ਕਾਨੂੰਨੀ ਤਰੀਕੇ ਨਾਲ ਹੀ ਵਿਦੇਸ਼ਾਂ ਵਿਚ ਜਾਣ ਤਾਂ ਜੋ ਦੂਸਰੇ ਦੇਸ਼ ਵਿਚ ਜਾ ਕੇ ਕਿਸੇ ਕਿਸਮ ਦੀ ਮੁਸ਼ਕਲ ਨਾ ਆਵੇ। ਉਨ੍ਹਾਂ ਕਿਹਾ ਕਿ ਪ੍ਰਗਟ ਸਿੰਘ ਦਾ ਕੇਸ ਵੀ ਏਜੰਟਾਂ ਨਾਲ ਸਬੰਧਤ ਜਾਪਦਾ ਹੈ ਪਰ ਦੇਸ਼ ਕੋਈ ਵੀ ਹੋਵੇ, ਇਸ ਦਾ ਮਤਲਬ ਇਹ ਨਹੀਂ ਕਿ ਕਿਸੇ ਨਾਗਰਿਕ ਦੀ ਧਾਰਮਿਕ ਆਜ਼ਾਦੀ 'ਤੇ ਹਮਲਾ ਕਰਕੇ ਉਸ ਦੀ ਮਾਨਸਿਕਤਾ ਨੂੰ ਠੇਸ ਪਹੁੰਚਾਈ ਜਾਵੇ। ਉਨ੍ਹਾਂ ਕਿਹਾ ਕਿ ਕੁਵੈਤ ਦੀ ਜੇਲ੍ਹ ਦੇ ਅਧਿਕਾਰੀਆਂ ਦੀ ਇਸ ਕਾਰਵਾਈ ਨਾਲ ਸਿੱਖ ਹਿਰਦਿਆਂ ਨੂੰ ਭਾਰੀ ਠੇਸ ਪੁੱਜੀ ਹੈ ਤੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਬਾਰੇ ਕੇਂਦਰੀ ਵਿਦੇਸ਼ ਮੰਤਰੀ ਤੇ ਦਿੱਲੀ ਸਥਿਤ ਕੁਵੈਤ ਦੇ ਸਫੀਰ ਨੂੰ ਪੱਤਰ ਵੀ ਲਿਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਨੌਜਵਾਨ ਵਾਪਸ ਆਪਣੇ ਦੇਸ਼ ਪੁੱਜ ਗਿਆ ਹੈ।

*To Advertise with Punjab Times*
***Call: 847-359-0746***

ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ ਹੋਮਿਓਪੈਥੀ ਅਜ਼ਮਾ ਕੇ ਦੇਖੋ
ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
ਫੋਨ: (559) 317-2149

**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577

**Wanted Owner Operators**
ਸਟਾਕਟਨ ਦੀ ਇਕ ਬਹੁਤ ਹੀ ਵਧੀਆ ਟਰੱਕਿੰਗ ਕੰਪਨੀ ਨੂੰ ਓਨਰ ਆਪਰੇਟਰਾਂ ਦੀ ਲੋੜ ਹੈ
ਸਾਡੇ ਕੋਲ ਲੋਡ ਦੀ ਕੋਈ ਕਮੀ ਨਹੀਂ ਅਤੇ ਤੁਸੀਂ 48 ਸਟੇਟਾਂ ਵਿਚ ਜਿਸ ਤਰ੍ਹਾਂ ਦਾ ਚਾਹੋ, ਲੋਡ ਲੈ ਸਕਦੇ ਹੋ ਤੇਲ ਲਈ ਕਾਰਡ ਜਾਂ ਕੌਮ ਚੈਕ ਲਓ ਹਰ ਗੇੜੇ ਕਾਗਜ਼ ਦਿਓ ਤੇ ਪੈਸੇ ਲਓ

ਸੰਪਰਕ ਕਰੋ
ਫੋਨ: 209-479-0242


ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
*24/7 Customer Service Available*
*Same rate for lanline and mobile.*
ਟੋਲ ਫਰੀ ਨੰਬਰ 1-888-652-6268
732-983-4332/4333

ਪੰਜਾਬ ਟਾਈਮਜ਼

*ਸ਼ਨਿਚਰਵਾਰ, 29 ਸਤੰਬਰ 2012*

## *ਨਵੀਆਂ ਸਿਆਸੀ ਸਫਬੰਦੀਆਂ*

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਪ੍ਰਚੂਨ ਖੇਤਰ ਵਿਚ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ ਵਾਲੇ 'ਸਖਤ' ਫੈਸਲੇ ਤੋਂ ਬਾਅਦ ਕੌਮੀ ਤੇ ਸੂਬਾਈ ਪੱਧਰ 'ਤੇ ਸਿਆਸਤ ਭਖ ਗਈ ਹੈ। ਇਸ ਸਿਲਸਿਲੇ ਵਿਚ ਅੰਤਾਂ ਦੀ ਤੇਜ਼ੀ ਇਸ ਕਰ ਕੇ ਵੀ ਆਈ ਹੈ ਕਿ ਅਗਲੇ ਸਾਲ ਲੋਕ ਸਭਾ ਚੋਣਾਂ ਹੋਣੀਆਂ ਹਨ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਭਾਵੇਂ ਭਾਰਤ ਵਿਚ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ ਦੇ ਇੰਨਾ ਖਿਲਾਫ ਤਾਂ ਨਹੀਂ ਹੈ ਪਰ ਸਭ ਤੋਂ ਤਿੱਖਾ ਵਿਰੋਧ ਉਸ ਵੱਲੋਂ ਹੀ ਆਇਆ ਹੈ। ਉਹ ਕੇਂਦਰੀ ਵਜ਼ਾਰਤ ਵਿਚੋਂ ਬਾਹਰ ਹੋ ਗਈ ਹੈ ਅਤੇ ਉਸ ਨੇ ਆਉਂਦੀਆਂ ਚੋਣਾਂ ਵਿਚ ਵੀ ਕਾਂਗਰਸ ਤੋਂ ਦੂਰ ਰਹਿਣ ਦੇ ਸੰਕੇਤ ਦਿੱਤੇ ਹਨ। ਅਸਲ ਵਿਚ ਮਮਤਾ ਬੈਨਰਜੀ ਦੀ ਅਸਲੀ ਲੜਾਈ ਪੱਛਮੀ ਬੰਗਾਲ ਵਿਚ ਕਮਿਊਨਿਸਟਾਂ ਨਾਲ ਹੈ ਜੋ ਵਿਧਾਨ ਸਭਾ ਚੋਣਾਂ ਵਿਚ ਬੁਰੀ ਤਰ੍ਹਾਂ ਪਛੜਨ ਤੋਂ ਬਾਅਦ ਹੁਣ ਆਪਣੀ ਇਸ ਹਾਰ ਉਤੇ ਮੱਲ੍ਹਮ ਲਾਉਣ ਲਈ ਪੂਰਾ ਟਿੱਲ ਲਾ ਰਹੇ ਹਨ। ਬਿਨਾਂ ਸ਼ੱਕ ਕਮਿਊਨਿਸਟ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ ਦਾ ਤਿੱਖਾ ਵਿਰੋਧ ਕਰ ਰਹੇ ਹਨ ਅਤੇ ਮਮਤਾ ਉਨ੍ਹਾਂ ਨੂੰ ਇਸ ਮਾਹੌਲ ਵਿਚ ਕਿਸੇ ਵੀ ਸੂਰਤ ਵਿਚ ਕੋਈ ਲੀਡ ਦੇਣ ਲਈ ਤਿਆਰ ਨਹੀਂ ਹੈ। ਦੂਜੇ, ਉਹ ਸੂਬੇ ਲਈ ਕੇਂਦਰ ਤੋਂ ਲਗਾਤਾਰ ਮਾਲੀ ਇਮਦਾਦ ਮੰਗ ਰਹੀ ਹੈ ਅਤੇ ਕੇਂਦਰ ਨੇ ਅਜੇ ਤੱਕ ਇਸ ਪਾਸੇ ਕੋਈ ਤਵੱਜੋ ਨਹੀਂ ਦਿੱਤੀ ਹੈ। ਇਉਂ ਬੀਬੀ ਨੇ ਇਕ ਤੀਰ ਨਾਲ ਦੋ ਨਿਸ਼ਾਨੇ ਸਾਧਣ ਦਾ ਯਤਨ ਕੀਤਾ ਹੈ।

ਪੰਜਾਬ ਵਿਚ ਸਿਆਸਤ ਇਸ ਤੋਂ ਐਨ ਉਲਟ ਪਾਸੇ ਵਗੀ ਹੈ। ਮੁੱਖ ਮੰਤਰੀ ਪ੍ਰਕਾਸ਼ ਬਾਦਲ ਅਤੇ ਉਨ੍ਹਾਂ ਦਾ ਉਪ ਮੁੱਖ ਮੰਤਰੀ ਫਰਜ਼ੰਦ ਸੁਖਬੀਰ ਸਿੰਘ ਬਾਦਲ ਮੂਲ ਰੂਪ ਵਿਚ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ ਦੇ ਹੱਕ ਵਿਚ ਹਨ। ਦੋਵੇਂ ਪਿਉ-ਪੁੱਤਰ ਪਿਛਲੇ ਸਮੇਂ ਦੌਰਾਨ ਗਾਹੇ-ਬਗਾਹੇ ਇਸ ਦੀ ਪੈਰਵੀ ਵੀ ਕਰ ਚੁੱਕੇ ਹਨ, ਪਰ ਉਹ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਭਾਈਵਾਲਾਂ ਵਾਲਾ ਸਾਥ ਨਿਭਾ ਰਹੇ ਹਨ। ਭਾਜਪਾ ਕੇਂਦਰ ਵਿਚ ਸੱਤਾ ਦੀ ਮੁੱਖ ਦਾਅਵੇਦਾਰ ਹੈ ਅਤੇ ਇਸ ਨੂੰ ਪਹਿਲਾਂ ਜਦੋਂ 6 ਸਾਲ ਰਾਜ ਕਰਨ ਦਾ ਮੌਕਾ ਮਿਲਿਆ ਸੀ ਤਾਂ ਇਹ ਡਾ. ਮਨਮੋਹਨ ਸਿੰਘ ਵੱਲੋਂ ਚਲਾਈਆਂ ਨਵੀਂਆਂ ਨੀਤੀਆਂ ਤੋਂ ਮਾਸਾ ਭਰ ਵੀ ਪਾਸੇ ਨਹੀਂ ਸੀ ਗਈ। ਹੁਣ ਕਿਉਂਕਿ ਚੋਣਾਂ ਦੇ ਦਿਨ ਆਉਣ ਵਾਲੇ ਹਨ, ਇਸ ਲਈ ਹਰ ਮੁੱਦੇ ਨੂੰ ਲਗਾਤਾਰ ਖਿੱਚ-ਖਿੱਚ ਕੇ ਸੱਤਾਧਾਰੀਆਂ ਉਤੇ ਕਾਠੀ ਪਾਉਣ ਦੀ ਰਣਨੀਤੀ ਖੇਡੀ ਜਾ ਰਹੀ ਹੈ। ਬਾਦਲਾਂ ਵੱਲੋਂ ਭਾਜਪਾ ਦੀ ਅੰਨ੍ਹੀ ਹਮਾਇਤ ਕਿਸੇ ਨੂੰ ਵੀ ਪਚ ਨਹੀਂ ਰਹੀ। ਸਿਆਣੇ ਲੋਕਾਂ, ਇਥੋਂ ਤੱਕ ਕਿ ਕੁਝ ਮੀਡੀਆ ਅਦਾਰਿਆਂ ਨੇ ਵੀ ਬਾਦਲਾਂ ਨੂੰ ਇਸ ਮਾਮਲੇ 'ਤੇ ਖਰੀਆਂ-ਖਰੀਆਂ ਸੁਣਾਈਆਂ ਹਨ ਜੋ ਸੂਬੇ ਦੀ ਥਾਂ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਮੁਤਾਬਕ ਚੱਲ ਰਹੇ ਹਨ। ਸੁਖਬੀਰ ਸਿੰਘ ਬਾਦਲ ਤਾਂ ਖੁਦ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ ਦੇ ਵੱਡੇ ਝੰਡਾਬਰਦਾਰ ਰਹੇ ਹਨ ਅਤੇ ਹੁਣ ਉਨ੍ਹਾਂ ਆਪਣੀ ਸੁਰ ਬਦਲਨੀ ਵੀ ਆਰੰਭ ਕਰ ਦਿੱਤੀ ਹੈ।

ਖੈਰ, ਨਵੀਂ ਸਫਬੰਦੀ ਵਿਚ ਉਤਰ ਪ੍ਰਦੇਸ਼ ਦੀਆਂ ਦੋ ਮੁੱਖ ਪਾਰਟੀਆਂ ਬਸਪਾ ਅਤੇ ਸਮਾਜਵਾਦੀ ਪਾਰਟੀ ਜਿਹੜੀਆਂ ਇਕ-ਦੂਜੇ ਦੀਆਂ ਕੱਟੜ ਵਿਰੋਧੀ ਹਨ, ਕੇਂਦਰ ਸਰਕਾਰ ਦੇ ਨਾਲ ਆ ਗਈਆਂ ਹਨ। ਇਸੇ ਦੌਰਾਨ ਸਮਾਜਵਾਦੀ ਪਾਰਟੀ ਦੇ ਲੀਡਰ ਮੁਲਾਇਮ ਸਿੰਘ ਯਾਦਵ ਨੇ ਆਪਣੀ ਪੈਂਠ ਬਣਾਉਣ ਲਈ ਤੀਜੇ ਮੋਰਚੇ ਬਾਰੇ ਵੀ ਸਹਿਜੇ-ਸਹਿਜੇ ਸਰਗਰਮੀ ਕੀਤੀ ਹੈ। ਉਧਰ, ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਦਾ ਮਾਮਲਾ ਹਰ ਵਾਰ ਵਾਂਗ ਬਹੁਤੀਆਂ ਪਾਰਟੀਆਂ ਲਈ ਵੱਕਾਰ ਦਾ ਮੁੱਦਾ ਬਣਿਆ ਹੋਇਆ ਹੈ। ਇਸ ਮਾਮਲੇ ਵਿਚ ਸਭ ਤੋਂ ਮਾੜੀ ਹਾਲਤ ਭਾਜਪਾ ਦੀ ਹੈ। ਪਾਰਟੀ ਦੇ ਅੰਦਰੋਂ ਅਤੇ ਸਿਆਸੀ ਭਾਈਵਾਲਾਂ ਵੱਲੋਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਉਮੀਦਵਾਰ ਬਣਾਉਣ ਦਾ ਬਹੁਤ ਤਿੱਖਾ ਵਿਰੋਧ ਹੋਇਆ ਹੈ। ਪਾਰਟੀ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਵੀ ਇਸ ਅਹੁਦੇ ਲਈ ਚਿਰਾਂ ਤੋਂ ਘਾਤ ਲਾ ਕੇ ਬੈਠੇ ਹਨ। ਉਂਜ, ਹੁਣ ਦੇ ਸਿਆਸੀ ਮਾਹੌਲ ਮੁਤਾਬਕ ਦੋਹਾਂ ਵੱਡੀਆਂ ਪਾਰਟੀਆਂ-ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ, ਲਈ ਆਉਣ ਵਾਲੀਆਂ ਚੋਣਾਂ ਪਹਿਲਾਂ ਨਾਲੋਂ ਕਈ ਮਾਮਲਿਆਂ ਵਿਚ ਨਿਵੇਕਲੀਆਂ ਹੋਣਗੀਆਂ। ਇਸ ਵਾਰ ਖੇਤਰੀ ਪਾਰਟੀਆਂ ਦੀ ਭੂਮਿਕਾ ਵਧੇਰੇ ਜ਼ੋਰਦਾਰ ਹੋਣੀ ਹੈ। ਕੁਝ ਕੁ ਖੇਤਰੀ ਪਾਰਟੀਆਂ ਤਾਂ ਭਾਵੇਂ ਆਪੋ-ਆਪਣੇ ਪਾਲਿਆਂ ਵਿਚ ਡਟੀਆਂ ਹੋਈਆਂ ਹਨ, ਪਰ ਕਈ ਸੂਬਿਆਂ ਵਿਚ ਮਸਲਾ ਸਿਰਫ ਚੰਗੇ ਤਾਲਮੇਲ ਦਾ ਹੀ ਹੈ। ਜਿਹੜੀ ਵੀ ਪਾਰਟੀ ਪਹਿਲਕਦਮੀ ਕਰ ਗਈ, ਉਹ ਪੈਂਦੀ ਸੱਟੇ ਹੀ ਦੋ ਕਦਮ ਅੱਗੇ ਹੋ ਜਾਵੇਗੀ। ਹੁਣ ਤੱਕ ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਦਾ ਰਵੱਈਆ ਬਹੁਤੇ ਤਾਲਮੇਲ ਦੀ ਥਾਂ ਇਕੱਲਿਆਂ ਹੀ ਗੱਡਾ ਖਿੱਚਣ ਦਾ ਰਿਹਾ ਹੈ। ਇਸ ਨੇ ਅਜੇ ਭਾਰਤ ਵਿਚ ਗਠਜੋੜ ਸਿਆਸਤ ਨੂੰ ਦਿਲੋਂ ਸਵੀਕਾਰ ਵੀ ਨਹੀਂ ਕੀਤਾ ਹੈ। ਪਿਛਲੀ ਵਾਰ ਵੀ ਕਾਂਗਰਸ ਇਸੇ ਭੁਲੇਖੇ ਵਿਚ ਵਾਹਵਾ ਸੀਟਾਂ ਉਤੇ ਮਾਰ ਖਾ ਗਈ ਸੀ। ਹਾਲ ਹੀ ਵਿਚ ਪੰਜਾਬ ਦੀ ਮਿਸਾਲ ਅਸੀਂ ਦੇਖ ਹੀ ਚੁੱਕੇ ਹਾਂ ਜਿਥੇ ਕਾਂਗਰਸ ਜਿੱਤੀ ਹੋਈ ਬਾਜ਼ੀ ਹਾਰੀ ਹੈ। ਉਂਜ, ਕਾਂਗਰਸ ਦੇ ਕੇਂਦਰੀ ਅਤੇ ਸੂਬਾਈ ਆਗੂਆਂ ਨੂੰ ਪੰਜਾਬ ਵਿਚ ਆਪਣੀ ਇਸ 'ਗਲਤੀ' ਦਾ ਅਹਿਸਾਸ ਹੋਇਆ ਹੈ ਅਤੇ ਹੁਣ ਇਹ ਸ. ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ ਵੱਲ ਕਦਮ ਵੀ ਵਧਾ ਰਹੇ ਹਨ। ਮਨਪ੍ਰੀਤ ਦਾ ਸਿਆਸੀ ਭਵਿੱਖ ਵੀ ਇਨ੍ਹਾਂ ਲੋਕ ਸਭਾ ਚੋਣਾਂ ਉਤੇ ਟਿਕਿਆ ਹੋਇਆ ਹੈ। ਉਹ ਕਿਸੇ ਵੀ ਸੂਰਤ, ਪਾਰਟੀ ਦਾ ਹਾਲ ਵਿਧਾਨ ਸਭਾ ਚੋਣਾਂ ਵਾਲਾ ਨਹੀਂ ਕਰਨਾ ਚਾਹੇਗਾ। ਕਾਂਗਰਸ ਦੇ ਰਵਾਇਤੀ ਸਹਿਯੋਗੀ ਕਮਿਊਨਿਸਟਾਂ ਨੇ ਮਨਪ੍ਰੀਤ ਦੀ ਪਾਰਟੀ ਨਾਲ ਪਹਿਲਾਂ ਹੀ ਮੋਰਚਾ ਬਣਾਇਆ ਹੋਇਆ ਹੈ। ਸੋ, ਹੁਣ ਸਾਰਾ ਦਾਰੋਮਦਾਰ ਲੀਡਰਸ਼ਿਪ ਦੀਆਂ ਪਹਿਲਕਦਮੀਆਂ 'ਤੇ ਖੜ੍ਹਾ ਹੈ। ਇਸ ਮਾਮਲੇ ਤੱਕ ਹੁਣ ਤੱਕ ਸੁਖਬੀਰ ਬਾਦਲ ਸਭ ਤੋਂ ਤੇਜ ਵਗ ਰਹੇ ਹਨ। ਹੁਣੇ-ਹੁਣੇ ਉਹ ਮੁਲਾਇਮ ਸਿੰਘ ਯਾਦਵ ਨੂੰ ਵੀ ਉਚੇਚੇ ਮਿਲੇ ਹਨ। ਇਹ ਆਗੂਆਂ ਦੀ ਉਸ ਜਮਾਤ ਵਿਚੋਂ ਹਨ ਜਿਹੜੇ ਆਪਣੇ ਫਾਇਦੇ ਦੀ ਸਿਆਸਤ ਲਈ ਤਾਂ ਸਰਗਰਮੀ ਕਰਦੇ ਹੀ ਹਨ, ਵਿਰੋਧੀ ਨੂੰ ਚਿਤ ਕਰਨ ਲਈ ਉਸ ਤੋਂ ਵੀ ਵੱਧ ਰਣਨੀਤੀ ਤਿਆਰ ਕਰਦੇ ਹਨ। ਅਗਲੀਆਂ ਚੋਣਾਂ ਵਿਚ ਇਸ ਰਣਨੀਤੀ ਦੀ ਰਾਜਨੀਤੀ ਹੋਣੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਾਇਆ-ਮਮਤਾ-ਮੋਹਨ-ਮੁਲਾਇਮ*

ਹਾਣ-ਲਾਭ ਨਿਜ ਦੇ ਹੀ ਮਾਰੇ ਆਗੂ ਸੋਚਦੇ ਨਾ, ਦੇਸ਼ ਉਤੇ ਆਈ ਹੋਈ ਕੈਸੀ ਔਖੀ ਘੜੀ ਐ।
ਸਮੇਂ ਦਾ ਉਠਾਉਂਦੇ ਲਾਹਾ ਭੀੜ ਬਣੀ ਦੇਖ ਕੇ ਤੇ ਦਾਅ ਲਾਉਣ ਵਾਲੀ ਰਾਜਨੀਤੀ ਜਿਨ੍ਹਾਂ ਪੜ੍ਹੀ ਐ।
ਦੁੱਖਾਂ ਮਾਰੀ ਜਨਤਾ 'ਤੇ ਬੋਝ ਹੋਰ ਪਾਉਣਾ ਚਾਹੁੰਦੇ ਮੱਧ-ਕਾਲੀ ਚੋਣਾਂ ਵਾਲੀ ਮਾਰਦੇ ਜੋ ਤੜੀ ਐ।
ਖਿਚੜੀ ਪਕਾਉਣ ਦੇ ਲਈ ਕਰਦੀ ਯਤਨ ਪੂਰੇ ਸੋਨੀਆ ਸਿਆਣੀ ਬਣੀ ਚੁਲ੍ਹੇ ਪਿੱਛੇ ਖੜ੍ਹੀ ਐ।
'ਭਾਜਪਾ' ਤਾਂ ਚਾਹੇ ਸਰਕਾਰ ਕਿਹੜੀ ਘੜੀ ਟੁੱਟੇ! ਸੱਤਾ ਵਾਲੀ ਲਾਲਸਾ ਬਈ ਉਹਦੇ ਸਿਰ ਚੜ੍ਹੀ ਐ।
ਮਮਤਾ ਫੁੰਕਾਰੇ ਮਾਰੇ ਮੋਹਨ ਨੂੰ ਡਰਾਵੇ ਪਰ ਮਾਇਆ ਤੇ ਮੁਲਾਇਮ ਝੱਟ ਆ ਕੇ ਬਾਂਹ ਫੜੀ ਐ!

# ਕੋਲਾ ਘੁਟਾਲੇ ਦੀਆਂ ਤਹਿਆਂ ਫਰੋਲਦਿਆਂ

ਬੂਟਾ ਸਿੰਘ
ਫ਼ੋਨ:91-94634-74342

ਕੋਈ ਮੁੱਦਾ ਅਜਿਹਾ ਨਹੀਂ ਹੈ ਜਿਸ ਵਿਚ ਭਾਰਤੀ ਹੁਕਮਰਾਨ ਵਿਵਾਦਾਂ 'ਚ ਨਾ ਘਿਰਦੇ ਹੋਣ। ਕੋਲਾ ਘੁਟਾਲਾ ਵੀ ਅਜਿਹਾ ਹੀ ਮੁੱਦਾ ਹੈ ਜਿਸ ਬਾਰੇ ਕੰਪਟੋਲਰ ਐਂਡ ਆਡੀਟਰ ਜਨਰਲ (ਕੈਗ) ਦਾ ਕਹਿਣਾ ਹੈ ਕਿ ਇਸ ਨਾਲ ਮੁਲਕ ਦੇ ਖ਼ਜ਼ਾਨੇ ਨੂੰ 1.86 ਲੱਖ ਕਰੋੜ ਰੁਪਏ ਦਾ ਰਗੜਾ ਲਾਇਆ ਗਿਆ। ਘੁਟਾਲੇ ਦੀ ਰਕਮ ਗਿਣਦਿਆਂ ਲੋਕ ਤਾਂ ਪਹਿਲਾਂ ਹੀ ਚੱਕਰ 'ਚ ਸਨ, ਉੱਪਰੋਂ ਵਿੱਤ ਮੰਤਰੀ ਪੀ. ਚਿਦੰਬਰਮ ਨੇ ਬਿਆਨ ਦਾਗ਼ ਦਿੱਤਾ ਕਿ ਜਦੋਂ ਜ਼ਮੀਨ ਵਿਚੋਂ ਕੋਲਾ ਕੱਢ ਕੇ ਵੇਚਿਆ ਹੀ ਨਹੀਂ ਗਿਆ ਤਾਂ ਘਾਟਾ ਕਿਵੇਂ ਪੈ ਗਿਆ ਤੇ ਘੁਟਾਲਾ ਕਿਵੇਂ ਹੋ ਗਿਆ? ਇਸ ਨਾਲ ਲੋਕ ਹੋਰ ਘਚੋਲੇ 'ਚ ਪੈ ਗਏ ਕਿ ਹਾਂ, ਵਿੱਤ ਮੰਤਰੀ ਦੀ ਗੱਲ ਤਾਂ ਠੀਕ ਹੀ ਲਗਦੀ ਹੈ।

ਅਸਲ ਬੁਝਾਰਤ ਕੁਝ ਹੋਰ ਹੈ। ਕਾਂਗਰਸ ਨੇ ਕੋਲਾ ਨਾ ਕੱਢਣ ਦੀ ਗੱਲ ਕਹੀ ਸੀ ਪਰ ਆਪਣੇ ਥੁੱਕੇ ਹੋਏ ਨੂੰ ਚੱਟਣ 'ਚ ਕਾਂਗਰਸ ਦੀ ਲੀਡਰਸ਼ਿਪ ਨੇ ਬਹੁਤੀ ਦੇਰ ਨਾ ਲਾਈ। ਹੁਣ ਕਾਂਗਰਸ ਉਲਟੇ ਰੁਖ਼ ਸਰਗਰਮ ਹੋ ਗਈ ਕਿ ਜਿਨ੍ਹਾਂ ਕੰਪਨੀਆਂ ਨੇ ਖਾਣਾਂ ਨਹੀਂ ਕੱਢੀਆਂ, ਉਨ੍ਹਾਂ ਦੀ ਖ਼ਬਰ ਲਈ ਜਾਵੇ। ਕੋਲਾ ਮੰਤਰੀ ਸ੍ਰੀਪ੍ਰਕਾਸ਼ ਜੈਸਵਾਲ ਨੇ ਅੰਤਰ-ਮੰਤਰਾਲਾ ਗਰੁੱਪ (ਆਈ.ਐੱਮ.ਜੀ.) ਜ਼ਰੀਏ 29 ਪ੍ਰਾਈਵੇਟ ਕੰਪਨੀਆਂ ਦੀ ਜਵਾਬ-ਤਲਬੀ ਕਰਨ ਲਈ ਉਨ੍ਹਾਂ ਨੂੰ 6 ਤੋਂ 8 ਸਤੰਬਰ ਤੱਕ ਮੰਤਰਾਲੇ 'ਚ ਸੱਦਿਆ ਵੀ।

ਆਈ.ਐੱਮ.ਜੀ. ਅੰਦਰਲੇ ਮੌਜੂਦਾ ਹਾਲਾਤ ਦੀ ਛਾਣਬੀਣ ਤੋਂ ਪਹਿਲਾਂ ਉਪਰ ਉਠਾਇਆ ਸਵਾਲ ਸਮਝਣਾ ਜ਼ਰੂਰੀ ਹੈ। ਦਰ ਹਕੀਕਤ ਕੋਲਾ ਬਲਾਕਾਂ ਦੀ ਵੰਡ ਦਾ ਜੋ ਅਮਲ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ.-1 ਸਰਕਾਰ ਅਤੇ ਯੂ.ਪੀ.ਏ.-2 ਹਕੂਮਤ ਨੇ ਅਪਣਾਇਆ, ਉਹ ਨਵਾਂ ਨਹੀਂ ਹੈ। 1993 ਤੋਂ ਇਹੀ ਅਮਲ ਚੱਲ ਰਿਹਾ ਹੈ ਪਰ ਯੂ.ਪੀ.ਏ.-1 ਹਕੂਮਤ ਨੇ ਨਿਯਮਾਂ 'ਚ ਤਬਦੀਲੀ ਦੀ ਗੱਲ ਕਰਦਿਆਂ ਕੰਪਨੀਆਂ ਦਰਮਿਆਨ ਕੋਲਾ ਬਲਾਕਾਂ ਦੀ ਨੀਲਾਮੀ ਦਾ ਨਿਯਮ ਬਣਾ ਦਿੱਤਾ। ਇਹ ਗੱਲ ਵੱਖਰੀ ਹੈ ਕਿ ਇਸ ਨੂੰ ਲਾਗੂ ਕਦੇ ਵੀ ਨਹੀਂ ਕੀਤਾ ਗਿਆ। ਜਿਸ ਭਾਜਪਾ ਨੇ ਇਸ ਮੁੱਦੇ ਉੱਪਰ ਸੰਸਦ 'ਚ ਹੋ-ਹੱਲਾ ਮਚਾ ਕੇ ਸੰਸਦ ਦੀ ਕਾਰਵਾਈ ਠੱਪ ਰੱਖੀ, ਉਸ ਦੇ ਕਿਸੇ ਵੀ ਮੁੱਖ ਮੰਤਰੀ ਨੇ ਵੀ ਇਹ ਨਿਯਮ ਕਦੇ ਲਾਗੂ ਨਹੀਂ ਕੀਤਾ (ਹੋਰ ਤਾਂ ਹੋਰ ਸੀ.ਪੀ.ਐੱਮ. ਦੇ ਚੋਟੀ ਦੇ ਆਗੂ ਜਯੋਤੀ ਬਾਸੂ ਦਾ ਫਰਜ਼ੰਦ ਚੰਦਨ ਵੀ ਕੋਲਾ ਘੁਟਾਲੇ ਨਾਲ ਜੁੜਿਆ ਹੋਇਆ ਹੈ। ਚਰਚਿਤ ਘੁਟਾਲੇ ਵਿਚੋਂ ਨਵੀਨ ਜਿੰਦਲ ਤੋਂ ਬਾਅਦ ਜਿਸ ਦੂਜੀ ਕੰਪਨੀ ਨੂੰ ਵੱਡਾ ਗੱਫ਼ਾ ਮਿਲਿਆ, ਉਸ ਨਾਲ ਚੰਦਨ ਬਾਸੂ ਸਬੰਧਤ ਹੈ)। ਕੈਗ ਦੀ ਜਿਸ ਰਿਪੋਰਟ ਪਿੱਛੇ ਰੌਲਾ ਪੈ ਰਿਹਾ ਹੈ, ਉਸ ਵਿਚ 2004 ਤੋਂ ਲੈ ਕੇ 2009 ਤੱਕ ਵੰਡੀਆਂ ਕੋਲਾ ਖਾਣਾਂ ਦੀ ਸਮੀਖਿਆ ਕੀਤੀ ਗਈ ਹੈ। ਰਿਪੋਰਟ ਮੁਤਾਬਕ ਵੰਡ 'ਚ ਹੋਈਆਂ ਹੇਰਾਫੇਰੀਆਂ ਦੀ ਵਜ੍ਹਾ ਨਾਲ ਕੰਪਨੀਆਂ ਨੂੰ 1.86 ਕਰੋੜ ਰੁਪਏ ਦਾ ਫ਼ਾਇਦਾ ਹੋਇਆ। ਜ਼ਾਹਿਰ ਹੈ ਕਿ ਇਸ ਫ਼ਾਇਦੇ ਦੇ ਸਿੱਟੇ ਵਜੋਂ ਮੁਲਕ ਨੂੰ ਓਨਾ ਹੀ ਨੁਕਸਾਨ ਹੋਇਆ।

ਨਿਰੋਲ ਤਕਨੀਕੀ ਮਾਅਨਿਆਂ 'ਚ ਦੇਖਿਆ ਜਾਵੇ ਤਾਂ ਸਵਾਲ ਪ੍ਰਾਈਵੇਟ ਕੰਪਨੀਆਂ ਨੂੰ ਖਾਣਾਂ ਵੰਡਣ ਜਾਂ ਨਾ ਵੰਡਣ ਦਾ ਨਹੀਂ। ਹਰ ਹਕੂਮਤ ਦੀ ਹਰ ਮਾਮਲੇ 'ਚ ਆਪਣੀ ਨੀਤੀ ਹੁੰਦੀ ਹੈ ਜਿਸ ਵਿਚ ਰੱਦੋ-ਬਦਲ ਕਰ ਕੇ ਫ਼ੌਰੀ ਜ਼ਰੂਰਤਾਂ ਦੇ ਲਿਹਾਜ਼ ਨਾਲ ਫ਼ੈਸਲਾ ਕੀਤਾ ਜਾਂਦਾ ਹੈ। 2004 'ਚ ਸੀਮੈਂਟ ਦੇ ਭਾਵਾਂ 'ਚ ਹੋਏ ਵਾਧੇ ਅਤੇ ਬਿਜਲੀ ਦੀ ਵੱਡੀ ਮੰਗ ਦੌਰਾਨ ਹਕੂਮਤ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਨ੍ਹਾਂ ਦੋ ਚੀਜ਼ਾਂ ਦੀ ਪੈਦਾਵਾਰ ਵਧਾਉਣੀ ਬਹੁਤ ਜ਼ਰੂਰੀ ਹੈ। (ਹਾਲਾਂਕਿ ਜੇ ਉਸ ਵਕਤ ਸੀਮੈਂਟ ਅਤੇ ਬਿਜਲੀ ਦੇ ਪ੍ਰੋਜੈਕਟਾਂ ਦੀ ਛਾਣਬੀਣ ਕੀਤੀ ਜਾਵੇ ਤਾਂ ਕੁਝ ਵੱਖਰੇ ਹੀ ਸਿੱਟੇ ਸਾਹਮਣੇ ਆਉਣਗੇ) ਲਿਹਾਜ਼ਾ ਹਕੂਮਤ ਦਾ ਮੰਨਣਾ ਇਹ ਸੀ ਕਿ ਅਜਿਹੀਆਂ ਕੰਪਨੀਆਂ ਨੂੰ ਪਲਾਂਟ ਲਗਾਉਣ ਲਈ ਹੱਲਾਸ਼ੇਰੀ ਦਿੱਤੀ ਜਾਵੇ। ਹਕੂਮਤ ਅਨੁਸਾਰ ਸਰਕਾਰੀ ਕੰਪਨੀਆਂ ਦੀ ਸਮਰੱਥਾ ਮੁਲਕ ਦੀਆਂ ਵਿਕਾਸ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਲਈ ਕਾਫ਼ੀ ਨਹੀਂ। ਇਸੇ ਪੱਜ ਹਕੂਮਤ ਨੇ ਪ੍ਰਾਈਵੇਟ ਕੰਪਨੀਆਂ ਲਈ ਦਰਵਾਜ਼ੇ ਹੋਰ ਖੋਲ੍ਹ ਦਿੱਤੇ। ਕਿਸੇ ਵੀ ਸੀਮੈਂਟ ਜਾਂ ਤਾਪ ਬਿਜਲੀ ਪ੍ਰੋਜੈਕਟ ਨੂੰ ਚਲਾਉਣ ਲਈ ਕੋਲਾ ਸਭ ਤੋਂ ਮੁੱਢਲਾ ਵਸੀਲਾ ਹੈ (ਜਿੰਦਲ ਸਟੀਲ ਐਂਡ ਪਾਵਰ ਲਿਮਟਿਡ ਵਰਗੀਆਂ ਕੰਪਨੀਆਂ ਨਾਲੇ ਸਸਤਾ ਕੋਲਾ ਖ਼ਰੀਦ ਕੇ ਮੁਨਾਫ਼ੇ ਕਮਾ ਰਹੀਆਂ ਹਨ ਨਾਲੇ ਇਸ ਨਾਲ ਪੈਦਾ ਕੀਤੀ ਬਿਜਲੀ 6 ਰੁਪਏ ਪ੍ਰਤੀ ਯੂਨਿਟ ਵੇਚ ਕੇ। ਇਸ ਮਿਸਾਲ ਨਾਲ ਮਨਮੋਹਨ ਸਿੰਘ ਹਕੂਮਤ ਦੀ ਉਸ ਮੁੱਖ ਦਲੀਲ ਦੀਆਂ ਵੀ ਧੱਜੀਆਂ ਉੱਡ ਜਾਂਦੀਆਂ ਹਨ ਕਿ ਕੋਲਾ ਪ੍ਰਾਈਵੇਟ ਕੰਪਨੀਆਂ ਨੂੰ ਦੇ ਕੇ ਸਸਤੀ ਬਿਜਲੀ ਪ੍ਰਾਪਤ ਹੋਵੇਗੀ)। ਸਪਸ਼ਟ ਹੈ ਕਿ ਪ੍ਰਾਈਵੇਟ ਕੰਪਨੀਆਂ ਨੇ ਕੋਲਾ ਖਾਣਾਂ ਦੀ ਇਜਾਜ਼ਤ ਲੈਣ ਲਈ ਮੰਤਰਾਲੇ ਨੂੰ ਦਰਖ਼ਾਸਤਾਂ ਦੇਣੀਆਂ ਸਨ। ਸਵਾਲਾਂ ਅਤੇ ਇਤਰਾਜ਼ਾਂ ਦੇ ਸਿਲਸਿਲੇ ਦਾ ਮੁੱਢ ਇੱਥੋਂ ਬੱਝਦਾ ਹੈ।

ਪਹਿਲੀ ਗੱਲ, ਕੋਲਾ ਬਲਾਕਾਂ ਦੀ ਵੰਡ ਸਮੇਂ ਯੂ.ਪੀ.ਏ.-1 ਹਕੂਮਤ ਨੇ ਆਪਣੀ ਹੀ ਬਣਾਈ ਹੋਈ ਨੀਤੀ, ਭਾਵ ਨੀਲਾਮੀ ਦਾ ਅਮਲ ਲਾਗੂ ਕਿਉਂ ਨਹੀਂ ਕੀਤਾ? ਦੂਜੀ ਗੱਲ, ਕੁਝ ਕੰਪਨੀਆਂ ਨੂੰ ਰਾਤੋ-ਰਾਤ ਖਾਣਾਂ ਦੀ ਵੰਡ ਕਿਵੇਂ ਹੋ ਗਈ? ਇਸ ਤੋਂ ਇਲਾਵਾ ਕਈ ਕੰਪਨੀਆਂ ਐਸੀਆਂ ਹਨ ਜਿਨ੍ਹਾਂ ਦੀ ਮਾਲਕੀ ਸੱਤਾਧਾਰੀ ਆਗੂਆਂ ਦੇ ਰਿਸ਼ਤੇਦਾਰਾਂ ਕੋਲ ਹੈ। ਕੁਝ ਕੰਪਨੀਆਂ ਮੀਡੀਆ ਘਰਾਣਿਆਂ ਦੀਆਂ ਹਨ। ਕੇਂਦਰੀ ਸੈਰ-ਸਪਾਟਾ ਮੰਤਰੀ ਸੁਬੋਧਕਾਂਤ ਸਹਾਏ ਦਾ ਭਰਾ ਸੁਧੀਰ ਸਹਾਏ ਐੱਸ.ਕੇ. ਐੱਸ ਇਸਪਾਤ ਐਂਡ ਪਾਵਰ ਲਿਮਟਿਡ ਵਿਚ ਡਾਇਰੈਕਟਰ ਹੈ। ਜੈਸਵਾਲ ਨੈਕੋ ਕੰਪਨੀ ਦੀਆਂ ਤੰਦਾਂ ਕੋਲਾ ਮੰਤਰੀ ਸ੍ਰੀਪ੍ਰਕਾਸ਼ ਜੈਸਵਾਲ ਨਾਲ ਜੁੜੀਆਂ ਹੋਈਆਂ ਹਨ। ਕਾਂਗਰਸ ਦੀ ਹਮਾਇਤ ਨਾਲ ਝਾਰਖੰਡ 'ਚ ਮੁੱਖ ਮੰਤਰੀ ਰਹੇ ਅਤੇ ਘੁਟਾਲਿਆਂ ਦੀ ਝੰਡੀ ਲੈਣ ਵਾਲੇ ਖਿਡਾਰੀ ਮਧੂ ਕੌੜਾ ਦੇ ਕਈ ਨੇੜਲਿਆਂ ਨੂੰ ਕੋਲਾ ਖਾਣਾਂ ਅਲਾਟ ਕੀਤੀਆਂ ਗਈਆਂ। ਵਿਨੀ ਆਇਰਨ ਐਂਡ ਸਟੀਲ ਇੰਡਸਟਰੀ ਲਿਮਟਿਡ ਦਾ ਨਾਂ ਸੁਰਖ਼ੀਆਂ 'ਚ ਹੈ। ਇਸ ਕੰਪਨੀ ਦੇ ਮਾਲਕ ਵਿਜੇ ਜੋਸ਼ੀ ਨੂੰ ਮਧੂ ਕੌੜਾ ਦਾ ਨਜ਼ਦੀਕੀ ਮੰਨਿਆ ਜਾਂਦਾ ਹੈ। ਝਾਰਖੰਡ ਸੂਬੇ ਵਿਚ ਮਧੂ ਕੌੜਾ ਨੇ 13 ਪ੍ਰਾਈਵੇਟ ਕੰਪਨੀਆਂ ਨੂੰ ਖਾਣਾਂ ਵੰਡੀਆਂ ਸਨ। ਸੀ.ਬੀ.ਆਈ. ਅਨੁਸਾਰ ਇਨ੍ਹਾਂ ਵਿਚੋਂ ਕਈ ਕੰਪਨੀਆਂ ਖਾਣਾਂ ਵੰਡਣ ਵਕਤ ਹੀ ਬਣਾਈਆਂ ਗਈਆਂ ਸਨ। ਮਹਾਰਾਸ਼ਟਰ 'ਚ ਮਨੋਜ ਜੈਸਵਾਲ ਨਾਲ ਰਲ ਕੇ ਰਾਜਿੰਦਰ ਦਰੜਾ ਅਤੇ ਉਸ ਦੇ ਭਰਾ ਤੇ ਕਾਂਗਰਸ ਦੇ ਸੰਸਦ ਮੈਂਬਰ (ਅਤੇ ਲੋਕਮੱਤ ਮੀਡੀਆ ਗਰੁੱਪ) ਦੇ ਮਾਲਕ ਵਿਜੇ ਦਰੜਾ ਨੇ ਜਸ ਇਨਫ੍ਰਾਸਟਰਕਚਰ ਕੈਪੀਟਲ ਪ੍ਰਾਈਵੇਟ ਲਿਮਟਿਡ 'ਚ ਪੈਸਾ ਲਾਇਆ। ਮਸ਼ਹੂਰ ਕਾਰੋਬਾਰੀ ਨਵੀਨ ਜਿੰਦਲ ਬਾਰੇ ਤਾਂ ਪਹਿਲਾਂ ਹੀ ਜੱਗ-ਜ਼ਾਹਿਰ ਹੈ ਕਿ ਉਹ ਕਾਂਗਰਸ ਦਾ ਸੰਸਦ ਮੈਂਬਰ ਹੈ ਅਤੇ ਕੋਲਾ ਖਾਣਾਂ ਵੰਡਣ ਵਕਤ ਉਸ ਨੂੰ ਵੀ ਖਾਣਾ ਦੇ ਗੱਫ਼ੇ ਮਿਲੇ। ਕੋਲੇ ਦੀ ਇਸ ਖੇਡ ਵਿਚ ਕੰਪਨੀਆਂ ਅਤੇ ਸਿਆਸਤਦਾਨਾਂ ਦੇ ਗੰਢ-ਚਿਤਰਾਵੇ ਦੀਆਂ ਹੋਰ ਬਥੇਰੀਆਂ ਮਿਸਾਲਾਂ ਹਨ। ਹਾਲ ਦੀ ਘੜੀ ਤੀਜਾ ਸਵਾਲ ਸਮਝਣਾ ਜ਼ਰੂਰੀ ਹੈ।

> ***ਜਦੋਂ ਕੰਪਨੀਆਂ ਨੇ ਕੋਲੇ ਦੀਆਂ ਖਾਣਾਂ ਖ਼ਰੀਦ ਹੀ ਲਈਆਂ, ਫਿਰ ਕੋਲਾ ਜ਼ਮੀਨ ਵਿਚੋਂ ਕੱਢਿਆ ਕਿਉਂ ਨਹੀਂ? ਕੋਲਾ ਨਾ ਕੱਢਣਾ ਘੁਟਾਲਾ ਕਿਵੇਂ ਬਣ ਗਿਆ? ਅਸਲ ਸਵਾਲ ਹੋਰ ਹਨ। ਅੰਤਰ-ਮੰਤਰਾਲਾ ਗਰੁੱਪ ਨੇ ਖਾਣ ਦਾ ਕੰਮ ਸ਼ੁਰੂ ਨਾ ਕਰਨ ਵਾਲੀਆਂ ਕੰਪਨੀਆਂ ਨੂੰ ਨੋਟਿਸ ਕਿਉਂ ਨਹੀਂ ਜਾਰੀ ਕੀਤਾ? ਕਿਉਂ ਆਖ਼ਿਰ ਅੰਬਾਨੀਆਂ ਦੀ ਰਿਲਾਇੰਸ ਤੋਂ ਲੈ ਕੇ ਟਾਟਾ ਅਤੇ ਆਰਸੈਲਰ ਮਿੱਤਲ ਵਰਗੀਆਂ ਕੰਪਨੀਆਂ ਕੰਮ ਸ਼ੁਰੂ ਨਹੀਂ ਕਰ ਸਕੀਆਂ?***

ਸਵਾਲ ਇਹ ਹੈ ਕਿ ਇਨ੍ਹਾਂ ਕੰਪਨੀਆਂ ਨੂੰ ਕਿਸ ਦਰ ਨਾਲ ਇਹ ਖਾਣਾਂ ਤਕਸੀਮ ਕੀਤੀਆਂ ਗਈਆਂ? ਸਰਕਾਰ ਕੋਲ ਇਨ੍ਹਾਂ ਕੰਪਨੀਆਂ ਨੇ ਨੀਲਾਮੀ ਦੀਆਂ ਰਕਮਾਂ ਕਿਵੇਂ ਜਮ੍ਹਾਂ ਕਰਾਈਆਂ? ਸਬੰਧਤ ਕੰਪਨੀਆਂ ਨੇ ਇਸ ਮਕਸਦ ਲਈ ਕਰਜ਼ੇ ਕਿੱਥੋਂ ਅਤੇ ਕਿਵੇਂ ਲਏ? ਭਾਰਤ ਵਿਚ ਕਾਰਪੋਰੇਟ ਲੁੱਟ ਦਾ ਮਾਡਲ ਸਮਝਣ ਲਈ ਇਸ ਸਵਾਲ ਨੂੰ ਸਮਝਣਾ ਜ਼ਰੂਰੀ ਹੈ।


ਮੰਨ ਲਓ, ਤੁਸੀਂ ਊਰਜਾ ਪ੍ਰੋਜੈਕਟ ਦੀ ਕੰਪਨੀ ਖੋਲ੍ਹਣੀ ਹੈ। ਤੁਹਾਡੇ ਕੋਲ ਲੋੜੀਂਦਾ ਸਰਮਾਇਆ ਨਹੀਂ ਹੈ ਤਾਂ ਤੁਸੀਂ ਕੀ ਕਰੋਗੇ? ਸਭ ਤੋਂ ਪਹਿਲਾਂ ਤੁਸੀਂ ਬੈਂਕ ਨੂੰ ਅਰਜ਼ ਕਰੋਗੇ ਪਰ ਬੈਂਕ ਸੈਂਕੜੇ ਕਰੋੜ ਜਾਂ ਹਜ਼ਾਰਾਂ ਕਰੋੜ ਰੁਪਏ ਦਾ ਕਰਜ਼ਾ ਉਂਜ ਹੀ ਹੱਥ ਨਹੀਂ ਫੜਾ ਦਿੰਦੇ। ਫਿਰ ਤੁਹਾਡੇ ਕੋਲ ਕੀ ਬਦਲ ਹੋਵੇਗਾ? ਤੁਸੀਂ ਜਮ੍ਹਾਂ ਵਜੋਂ ਬੈਂਕ ਨੂੰ ਕੋਈ ਸਬੂਤ ਦਿਖਾਓਗੇ, ਫਿਰ ਕਾਗਜ਼ੀ ਕਾਰਵਾਈ ਕਰ ਕੇ ਬੈਂਕ ਕਰਜ਼ਾ ਤੁਹਾਡੇ ਘਰ ਪਹੁੰਚਾ ਦੇਵੇਗਾ! ਕੰਪਨੀਆਂ ਨੇ ਦਾਅ ਖੇਡਿਆ। ਕੁਝ ਪੈਸੇ ਲਗਾ ਕੇ ਕੋਲੇ ਦੀਆਂ ਖਾਣਾਂ ਖ਼ਰੀਦ ਲਈਆਂ ਅਤੇ ਫਿਰ ਬੈਂਕ ਨੂੰ ਜਮ੍ਹਾਂ ਵਜੋਂ ਉਹ ਖਾਣਾਂ ਦਿਖਾ ਦਿੱਤੀਆਂ। ਤਾਪ-ਬਿਜਲੀ ਪ੍ਰੋਜੈਕਟਾਂ ਲਈ ਕੋਲਾ ਸਭ ਤੋਂ ਜ਼ਰੂਰੀ ਹੈ...ਅਤੇ ਇਹ ਹੁਣ ਤੁਹਾਡੇ ਕੋਲ ਹੈ। ਬੈਂਕ ਨੂੰ ਭਰੋਸੇ 'ਚ ਲੈਣ ਲਈ ਇਸ ਤੋਂ ਵੱਧ ਹੁਣ ਕੀ ਚਾਹੀਦਾ ਹੈ! ਇਸ ਆਧਾਰ 'ਤੇ ਹੁਣ ਹਜ਼ਾਰਾਂ ਕਰੋੜ ਰੁਪਏ ਸਰਕਾਰੀ ਬੈਂਕ ਤੁਹਾਨੂੰ ਬਤੌਰ ਕਰਜ਼ਾ ਦੇ ਦੇਣਗੇ। ਕੰਪਨੀ ਨੇ ਪੈਸੇ ਲਾਏ, ਸਰਕਾਰ ਤੋਂ ਕੋਲੇ ਦੀ ਖਾਣ ਖ਼ਰੀਦ ਲਈ। ਇਸ ਬਦਲੇ ਸਰਕਾਰ ਨੇ ਬੈਂਕ ਤੋਂ ਕੰਪਨੀ ਨੂੰ ਪੈਸੇ ਦਿਵਾ ਦਿੱਤੇ। ਜਿੰਨਾ ਕੰਪਨੀ ਨੇ ਕੋਲਾ ਖ਼ਰੀਦਿਆ, ਉਸ ਤੋਂ ਕਿਤੇ ਵੱਧ ਪੈਸੇ ਉਨ੍ਹਾਂ ਨੂੰ ਮਿਲ ਗਏ।

ਹੁਣ ਚੌਥੇ, ਸਭ ਤੋਂ ਅਹਿਮ ਸਵਾਲ ਵੱਲ ਆਇਆ ਜਾਵੇ। ਆਖ਼ਿਰ ਜਦੋਂ ਕੰਪਨੀਆਂ ਨੇ ਕੋਲੇ ਦੀਆਂ ਖਾਣਾਂ ਖ਼ਰੀਦ ਹੀ ਲਈਆਂ, ਫਿਰ ਕੋਲਾ ਜ਼ਮੀਨ ਵਿਚੋਂ ਕੱਢਿਆ ਕਿਉਂ ਨਹੀਂ? ਕੋਲਾ ਨਾ ਕੱਢਣਾ ਘੁਟਾਲਾ ਕਿਵੇਂ ਬਣ ਗਿਆ? ਅਸਲ ਸਵਾਲ ਹੋਰ ਹਨ। ਅੰਤਰ-ਮੰਤਰਾਲਾ ਗਰੁੱਪ ਨੇ ਖਾਣ ਦਾ ਕੰਮ ਸ਼ੁਰੂ ਨਾ ਕਰਨ ਵਾਲੀਆਂ ਕੰਪਨੀਆਂ ਨੂੰ ਨੋਟਿਸ ਕਿਉਂ ਨਹੀਂ ਜਾਰੀ ਕੀਤਾ? ਕਿਉਂ ਆਖ਼ਿਰ ਅੰਬਾਨੀਆਂ ਦੀ ਰਿਲਾਇੰਸ ਤੋਂ ਲੈ ਕੇ ਟਾਟਾ ਅਤੇ ਆਰਸੈਲਰ ਮਿੱਤਲ ਵਰਗੀਆਂ ਕੰਪਨੀਆਂ ਕੰਮ ਸ਼ੁਰੂ ਨਹੀਂ ਕਰ ਸਕੀਆਂ? ਤੇ ਕਿਉਂ ਇਹ ਕੰਪਨੀਆਂ ਸਫ਼ਾਈ ਪੇਸ਼ ਕਰਨ ਦੇ ਮੋੜ ਤੱਕ ਆ ਪਹੁੰਚੀਆਂ ਅਤੇ ਇਹ ਅਗਲੇ ਸਾਲ ਜਾਂ ਫਿਰ ਅਗਲੇ ਕੁਝ ਮਹੀਨਿਆਂ 'ਚ ਕੰਮ ਸ਼ੁਰੂ ਕਰਨ ਦੇ ਕਰਾਰ ਕਰ ਰਹੀਆਂ ਹਨ? ਕੋਲਾ ਖਾਣਾਂ ਖ਼ਰੀਦਣ ਪਿੱਛੋਂ ਇਸ ਜ਼ਮੀਨ ਨੂੰ ਖਾਲੀ ਰੱਖ ਕੇ ਕੰਪਨੀਆਂ ਦਾ ਕਿਹੜਾ ਹਿੱਤ ਪੂਰਾ ਹੁੰਦਾ ਹੈ? ਇਸ ਨੂੰ ਸਮਝਣ ਲਈ ਮਿਸਾਲ ਲੈ ਲੈਂਦੇ ਹਾਂ। ਫਰਜ਼ ਕਰੋ ਤੁਹਾਨੂੰ ਆਪਣਾ ਕਾਰੋਬਾਰ ਵਧਾਉਣ ਲਈ ਪੈਸੇ ਚਾਹੀਦੇ ਹਨ ਅਤੇ ਕੋਲਾ ਖਾਣ ਦਿਖਾ ਕੇ ਤੁਸੀਂ ਬੈਂਕ ਤੋਂ ਪੈਸੇ ਲੈ ਵੀ ਲਏ। ਤੁਸੀਂ ਕੋਲਾ ਖਾਣ ਜਿਸ ਮਕਸਦ ਤਹਿਤ ਖ਼ਰੀਦੀ, ਉਹ ਕਿਸੇ ਹੋਰ ਵਜ੍ਹਾ ਨਾਲ ਅਟਕਿਆ ਹੋਇਆ ਹੈ, ਤਾਂ ਤੁਸੀਂ ਕੀ ਕਰੋਗੇ? ਜ਼ਾਹਿਰ ਹੈ ਕਿ ਬੈਂਕ ਤੋਂ ਲਿਆ ਕਰਜ਼ਾ ਤੁਸੀਂ ਕਿਸੇ ਹੋਰ ਗੇਮ 'ਚ ਲਗਾਓਗੇ। ਤੁਹਾਡੇ ਕੋਲ ਪੈਸਾ ਹੈ ਅਤੇ ਮੰਡੀ ਤੁਹਾਡੇ ਸਾਹਮਣੇ ਹੈ। ਤੁਸੀਂ ਇਹ ਪੈਸਾ ਮੰਡੀ 'ਚ ਲਾ ਦਿੱਤਾ। ਮੰਡੀ ਦੀ ਇਸ ਨਫ਼ੇ ਦੀ ਖੇਡ ਵਿਚੋਂ ਤੁਹਾਨੂੰ ਵਿਹਲ ਹੀ ਨਹੀਂ ਮਿਲੀ ਕਿ ਕੋਲਾ ਖਾਣ ਦਾ ਕੰਮ ਵੀ ਹੈ। ਤੁਹਨੂੰ ਮੰਡੀ 'ਚ ਲਗਾਏ ਸਰਮਾਏ ਤੋਂ ਹੀ ਬਥੇਰਾ ਮੁਨਾਫ਼ਾ ਮਿਲ ਰਿਹਾ ਹੈ। ਮੰਡੀ 'ਚ ਪੈਸਾ ਲਗਾਉਣ ਲਈ ਬੈਂਕ ਕੋਲਾ ਖਾਣ ਤੋਂ ਇਲਾਵਾ ਅਤੇ ਕਿਸੇ ਵੀ ਆਧਾਰ 'ਤੇ ਐਨਾ ਵਸੀਹ ਪੈਸਾ ਨਹੀਂ ਦਿੰਦਾ। ਹਕੂਮਤ ਤੋਂ ਤੁਸੀਂ ਕੋਲਾ ਖਾਣ ਇਹ ਕਹਿ ਕੇ ਲਈ ਕਿ ਤੁਸੀਂ ਬਿਜਲੀ ਦਾ ਪ੍ਰੋਜੈਕਟ ਲਗਾਓਗੇ ਜਾਂ ਫਿਰ ਸੀਮੈਂਟ ਦੀ ਸਨਅਤ ਲਗਾ ਕੇ ਸੀਮੈਂਟ ਦੀ ਪੈਦਾਵਾਰ ਕਰੋਗੇ; ਭਾਵ ਹਕੂਮਤ ਦੇ ਕਹਿਣ ਅਨੁਸਾਰ ਮੁਲਕ ਦੀਆਂ ਇਹ ਵਧਦੀਆਂ ਜ਼ਰੂਰਤਾਂ ਪੂਰੀਆਂ ਕਰੋਗੇ, ਪਰ ਤੁਸੀਂ 5-7 ਵਰ੍ਹੇ ਕੁਝ ਕੀਤਾ ਹੀ ਨਹੀਂ!

ਸਰਕਾਰ ਨੇ ਇਕ ਕੰਪਨੀ ਨੂੰ ਬਿਜਲੀ ਦੀ ਜ਼ਰੂਰਤ ਪੂਰੀ ਕਰਨ ਦਾ ਜ਼ਿੰਮਾ ਦਿੱਤਾ ਪਰ ਉਹਨੇ ਬਿਜਲੀ ਦੀ ਪੂਰਤੀ ਕਰਨ ਲਈ ਇਕ ਖੰਭਾ ਵੀ ਨਹੀਂ ਗੱਡਿਆ। ਇਸ ਨਾਂ ਹੇਠ ਲਿਆ ਕਰਜ਼ਾ ਕਿਸੇ ਹੋਰ ਪਾਸੇ ਲਾ ਕੇ ਮੁਨਾਫ਼ੇ ਬਟੋਰ ਲਏ। ਕੀ ਇਹ ਘੁਟਾਲਾ ਨਹੀਂ ਹੈ? ਠੀਕ ਇਹੀ ਨੁਕਤਾ ਹੈ ਜਿੱਥੇ ਆ ਕੇ ਸ੍ਰੀਮਾਨ ਚਿਦੰਬਰਮ ਲਾਜਵਾਬ ਹੈ। ਉਹ ਪਹਿਲਾਂ ਵੀ ਵਿੱਤ ਮੰਤਰੀ ਰਹਿ ਚੁੱਕਾ ਹੈ। ਪੁਰਾਣਾ ਹੰਢਿਆ-ਵਰਤਿਆ ਖਿਡਾਰੀ ਹੈ। ਸਭ ਕੁਝ ਜਾਣਦਾ ਹੈ। ਮੁਲਕ ਦੇ ਅਵਾਮ ਨੂੰ ਬੇਵਕੂਫ਼ ਬਣਾਉਣ ਲਈ ਭੋਲੀਭਾਲੀ ਸੂਰਤ ਬਣਾ ਕੇ ਅਜਿਹਾ ਮੁੱਦਾ ਉਛਾਲ ਦਿੰਦਾ ਹੈ ਪਰ ਕਈ ਵਾਰ ਆਪਣੇ ਸੁੱਟੇ ਜਾਲ 'ਚ ਆਪੇ ਫਸ ਜਾਂਦਾ ਹੈ। ਫਿਰ ਕਹਿ ਦਿੰਦਾ ਹੈ, ਜੇ ਗ਼ਲਤੀ ਹੋ ਗਈ ਤਾਂ ਮੁਆਫ਼ ਕਰ ਦਿਓ! ਦੂਜੇ ਪਾਸੇ, ਕੰਪਨੀਆਂ ਦਾ ਕੀ ਹੈ, ਜੇ ਸਿਰੇ ਦੀ ਨੌਬਤ ਆ ਜਾਵੇ ਤਾਂ ਕਿਸੇ ਵੀ ਜ਼ਿੰਮੇਵਾਰੀ ਤੋਂ ਬਚਣ ਲਈ ਖ਼ੁਦ ਨੂੰ ਦੀਵਾਲੀਆ ਐਲਾਨ ਕੇ ਝੱਗਾ ਚੁੱਕ ਦਿੰਦੀਆਂ ਹਨ। ਪਹਿਲੀ ਗੱਲ ਤਾਂ ਹੁਕਮਰਾਨਾਂ ਦੀ ਮਿਹਰ ਨਾਲ ਅਦਾਲਤ 'ਚ ਜਾਣ ਦੀ ਨੌਬਤ ਆਉਂਦੀ ਨਹੀਂ। ਜੇ ਆ ਵੀ ਜਾਵੇ ਤਾਂ ਅਦਾਲਤ 'ਚ ਜਾ ਕੇ ਕਿਸ਼ਤਾਂ 'ਚ ਪੈਸੇ ਜਮ੍ਹਾਂ ਕਰਾਉਣ ਲਈ ਰਾਜ਼ੀ ਹੋ ਜਾਣਗੀਆਂ। ਰੀਅਲ ਐਸਟੇਟ ਦੇ ਖੇਤਰ 'ਚ ਇਹ ਖੇਡ ਖ਼ੂਬ ਖੇਡੀ ਜਾਂਦੀ ਹੈ। ਕੋਲੇ ਦੀਆਂ ਖਾਣਾਂ ਦੇ ਖੇਤਰ 'ਚ ਵੀ ਇਹ ਖੇਡ ਖੇਡਣ ਦਾ ਕੰਪਨੀਆਂ ਨੂੰ ਸੁਨਹਿਰੀ ਮੌਕਾ ਹਾਸਲ ਹੈ। ਇੱਥੇ ਹੀ ਇਸ ਘੁਟਾਲੇ ਦਾ ਰਾਜ਼ ਛੁਪਿਆ ਹੋਇਆ ਹੈ।

# ਸਾਡੇ ਭਗਤ ਸਿੰਘ ਦਾ ਸੁਫਨਾ ਤੇ ਸਿਆਸਤ

***ਸ਼ਹੀਦ ਭਗਤ ਸਿੰਘ ਪੰਜਾਬ ਹੀ ਨਹੀਂ, ਭਾਰਤ ਦੇ ਸਿਆਸੀ ਪਿੜ ਦੀ ਅਹਿਮ ਸ਼ਖਸੀਅਤ ਸੀ। ਉਥਲ-ਪੁਥਲ ਦੇ ਉਸ ਦੌਰ ਵਿਚ ਉਹਨੇ ਅਤੇ ਉਹਦੇ ਸਾਥੀਆਂ ਨੇ ਮੁੱਖ ਧਾਰਾ ਦੀ ਸਿਆਸਤ ਦੇ ਐਨ ਬਰਾਬਰ, ਬਰਾਬਰ ਦੀ ਸਿਆਸਤ ਦਾ ਮੁੱਢ ਬੰਨ੍ਹਿਆ ਜਿਸ ਦੀ ਗੂੰਜ ਅੱਜ ਵੀ ਸਪਸ਼ਟ ਸੁਣਾਈ ਦਿੰਦੀ ਹੈ। ਭਗਤ ਸਿੰਘ ਦੇ 105ਵੇਂ ਜਨਮ ਦਿਨ (28 ਸਤੰਬਰ) ਮੌਕੇ ਅਸੀਂ ਉੱਘੇ ਲੇਖਕ ਵਰਿਆਮ ਸਿੰਘ ਸੰਧੂ ਦਾ ਭਗਤ ਸਿੰਘ ਬਾਰੇ ਲਿਖਿਆ ਇਹ ਲੇਖ ਛਾਪ ਰਹੇ ਹਨ। ਇਸ ਲੇਖ ਵਿਚ ਲੇਖਕ ਨੇ ਰਵਾਇਤ ਤੋਂ ਥੋੜ੍ਹਾ ਹਟ ਕੇ ਅੱਜ ਦੇ ਪ੍ਰਸੰਗ ਵਿਚ ਭਗਤ ਸਿੰਘ ਅਤੇ ਉਸ ਦੇ ਵਿਚਾਰਾਂ ਦੀ ਸਾਰਥਕਤਾ ਦੀ ਗੱਲ ਕੀਤੀ ਹੈ ਅਤੇ ਨਾਲ ਹੀ ਕਈ ਤਿੱਖੇ ਸਵਾਲ ਸਾਹਮਣੇ ਲਿਆਂਦੇ ਹਨ। ਵਰਿਆਮ ਸਿੰਘ ਸੰਧੂ ਦੀ ਲਿਖਤ ਦੀ ਖੂਬਸੂਰਤੀ ਇਹ ਹੈ ਕਿ ਉਹ ਇਕ ਵਾਰ ਗੱਲ ਸ਼ੁਰੂ ਕਰ ਕੇ ਅਗਾਂਹ ਗੱਲਾਂ ਤੋਰਦਾ ਜਾਂਦਾ ਹੈ ਅਤੇ ਵੱਖ-ਵੱਖ ਮਸਲਿਆਂ ਨੂੰ ਇਨ੍ਹਾਂ ਗੱਲਾਂ ਨਾਲ ਜੋੜਦਾ ਜਾਂਦਾ ਹੈ। ਉਨ੍ਹਾਂ ਨੇ ਭਗਤ ਸਿੰਘ ਦੇ 'ਅਖੌਤੀ ਪ੍ਰਸ਼ੰਸਕਾਂ' ਨੂੰ ਇਸ ਲਿਖਤ ਵਿਚ ਕਰਾਰੇ ਹੱਥੀਂ ਲਿਆ ਹੈ ਅਤੇ ਉਸ ਦੀ ਨੁਕਤਾਚੀਨੀ ਕਰਨ ਵਾਲਿਆਂ ਨੂੰ ਵੀ ਸ਼ੀਸ਼ਾ ਦਿਖਾਇਆ ਹੈ। ਇਹ ਲੇਖ ਭਗਤ ਸਿੰਘ ਨੂੰ ਮੁੜ-ਮੁੜ ਸਮਝਣ ਦੀ ਜਗਿਆਸਾ ਵਿਚੋਂ ਪੈਦਾ ਹੋਇਆ ਹੈ। ਅੱਜ ਭਗਤ ਸਿੰਘ ਨੂੰ ਸਮਝਣਾ, ਸਮਝੋ ਅੱਜ ਦੇ ਕਰੂਰ ਹਾਲਾਤ ਨਾਲ ਆਢਾ ਲਾਉਣ ਲਈ ਤਿਆਰੀ ਕਰਨ ਵਾਂਗ ਹੀ ਹੈ। -ਸੰਪਾਦਕ***



ਸ਼ਹੀਦ ਭਗਤ ਸਿੰਘ



■ ਵਰਿਆਮ ਸਿੰਘ ਸੰਧੂ

ਸਾਡੇ ਆਜ਼ਾਦੀ ਸੰਗਰਾਮ ਦੇ ਮਹਾਂ-ਨਾਇਕ ਸ਼ਹੀਦ ਭਗਤ ਸਿੰਘ ਦੀ ਸੌਵੀਂ ਜਨਮ-ਸ਼ਤਾਬਦੀ (2007) ਨੂੰ ਸਮਰਪਤ ਵੱਡੇ-ਵੱਡੇ ਸਮਾਗਮ ਕਰਵਾਏ ਗਏ। ਪਿਛਲੇ ਸਾਲਾਂ ਵਿਚ ਵੀ ਤੁਸੀਂ ਵੇਖਿਆ ਅਤੇ ਪੜ੍ਹਿਆ ਸੁਣਿਆ ਹੋਵੇਗਾ ਕਿ ਭਾਵੇਂ ਸਤਲੁਜ ਦੇ ਕਿਨਾਰੇ ਸ਼ਹੀਦਾਂ ਦੇ ਖ਼ੂਨ ਦੀ ਮਹਿਕ ਨਾਲ ਸਰਸ਼ਾਰਿਆ ਹੁਸੈਨੀ ਵਾਲੇ ਦਾ ਸਥਾਨ ਹੋਵੇ ਅਤੇ ਭਾਵੇਂ ਸ਼ਹੀਦ ਦੇ ਵਡੇਰਿਆਂ ਦੀ ਖਟਕੜ ਕਲਾਂ ਦੀ ਮਾਣਮੱਤੀ ਧਰਤੀ ਹੋਵੇ; ਵੱਖ-ਵੱਖ ਰਾਜਨੀਤਿਕ ਪਾਰਟੀਆਂ ਸ਼ਹੀਦ ਨੂੰ ਆਪਣੇ ਵੱਲੋਂ 'ਸੱਚੀ ਸ਼ਰਧਾਂਜਲੀ' ਦੇਣ ਦਾ ਯਤਨ ਕਰਦੀਆਂ ਆ ਰਹੀਆਂ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਯਤਨ ਵਾਕਿਆ ਹੀ ਬੜੇ ਸੁਹਰਿਦ ਭਾਵ ਨਾਲ ਕੀਤੇ ਜਾਂਦੇ ਰਹੇ ਹਨ ਅਤੇ ਅਜਿਹੇ ਲੋਕ ਭਗਤ ਸਿੰਘ ਦੀ ਸੋਚ ਵਿਚੋਂ ਕਸ਼ੀਦ ਕੀਤਾ ਹੋਇਆ ਸਮਾਜ ਸਿਰਜਣ ਲਈ ਯਤਨਸ਼ੀਲ ਹਨ; ਪਰ ਬਹੁਤ ਸਾਰੀਆਂ ਪਾਰਟੀਆਂ, ਖ਼ਾਸ ਤੌਰ 'ਤੇ ਸੱਤਾ ਨਾਲ ਜੁੜੀਆਂ ਪਾਰਟੀਆਂ ਵੀ ਸ਼ਹੀਦ ਨੂੰ ਸ਼ਰਧਾਂਜਲੀ ਦੇਣ ਦਾ ਨਾਟਕ ਹੋਰ ਵੀ ਵਧੇਰੇ ਜ਼ੋਰ ਸ਼ੋਰ ਨਾਲ ਕਰਦੀਆਂ ਆ ਰਹੀਆਂ ਹਨ। 'ਨਾਟਕ' ਮੈਂ ਇਸ ਕਰਕੇ ਕਹਿ ਰਿਹਾਂ ਕਿਉਂਕਿ ਜੇ ਰਤਾ ਕੁ ਧਿਆਨ ਨਾਲ ਵੇਖੀਏ ਤਾਂ ਇਨ੍ਹਾਂ ਪਾਰਟੀਆਂ ਦਾ ਭਗਤ ਸਿੰਘ ਦੀ ਸੋਚ ਅਤੇ ਵਿਚਾਰਧਾਰਾ ਨਾਲ ਕਿਧਰੇ ਦੂਰ ਦਾ ਵਾਸਤਾ ਵੀ ਦਿਖਾਈ ਨਹੀਂ ਦਿੰਦਾ, ਸਗੋਂ ਸੱਚੀ ਗੱਲ ਤਾਂ ਇਹ ਹੈ ਕਿ ਇਹ ਪਾਰਟੀਆਂ ਆਪਣੇ ਖ਼ਾਸੇ ਅਤੇ ਵਿਹਾਰ ਪੱਖੋਂ ਭਗਤ ਸਿੰਘ ਦੀ ਵਿਚਾਰਧਾਰਾ ਦੀਆਂ ਵਿਰੋਧੀ ਵੀ ਹਨ। ਸੋਚਵਾਨ ਮਨੁੱਖ ਨੂੰ ਹੈਰਾਨੀ ਹੁੰਦੀ ਹੈ ਕਿ ਭਗਤ ਸਿੰਘ ਦੇ ਵਿਚਾਰਾਂ ਦੀਆਂ ਵਿਰੋਧੀ ਅਤੇ ਉਨ੍ਹਾਂ ਨਾਲ ਦੂਰ ਦਾ ਵਾਸਤਾ ਵੀ ਨਾ ਰੱਖਣ ਵਾਲੀਆਂ ਪਾਰਟੀਆਂ ਜੇ ਅੱਜ ਉਸਦੀਆਂ ਸਭ ਤੋਂ ਵੱਧ ਸਕੀਆਂ-ਸੋਦਰੀਆਂ ਅਤੇ ਹੇਜਲੀਆਂ ਬਣਨ ਦੀ ਕੋਸ਼ਿਸ਼ ਵਿਚ ਹਨ ਤਾਂ ਇਸਦਾ ਜ਼ਰੂਰ ਕੋਈ ਨਾ ਕੋਈ ਕਾਰਨ ਹੋਵੇਗਾ!

ਕੇਂਦਰ ਵੱਲੋਂ ਪਾਰਲੀਮੈਂਟ ਹਾਊਸ ਵਿਚ ਸ਼ਹੀਦ ਦਾ ਬੁੱਤ ਲਾਉਣ ਦਾ ਫ਼ੈਸਲਾ ਕੀਤਾ ਗਿਆ। ਪੰਜਾਬ ਵਿਚ ਸਰਕਾਰ ਵੱਲੋਂ ਵੱਡੇ ਪੱਧਰ ਤੇ ਸ਼ਹੀਦ ਦੀ ਸੌਵੀਂ ਜਨਮ ਸ਼ਤਾਬਦੀ ਦੇ ਸਬੰਧ ਵਿਚ ਸਮਾਗਮ ਰਚਾਏ ਗਏ। ਜਲੰਧਰ ਦੇ ਬੱਸ ਅੱਡੇ ਦਾ ਨਾਮ ਸ਼ਹੀਦ ਦੇ ਨਾਮ ਉਤੇ ਰੱਖਣ ਦਾ ਐਲਾਨ ਕੀਤਾ ਗਿਆ। ਮੋਹਾਲੀ ਵਿਚ ਬਣਨ ਵਾਲੇ ਹਵਾਈ ਅੱਡੇ ਦਾ ਨਾਂ ਵੀ ਸ਼ਹੀਦ ਦੇ ਨਾਂ 'ਤੇ ਰੱਖਣ ਦੀ ਮੰਗ ਕੀਤੀ ਗਈ। ਇਹੋ ਜਿਹਾ ਹੋਰ ਵੀ ਬਹੁਤ ਕੁੱਝ ਹੋਇਆ। ਅਸੀਂ ਜਾਣਦੇ ਹਾਂ ਅਤੇ ਮੰਨਦੇ ਹਾਂ ਕਿ ਸ਼ਹੀਦ ਦਾ ਨਾਂ ਕਿਸੇ ਬੱਸ-ਅੱਡੇ, ਗਲੀ-ਮੁਹੱਲੇ ਜਾਂ ਵਿੱਦਿਅਕ ਅਦਾਰੇ ਦੇ ਬੋਰਡਾਂ 'ਤੇ ਲਿਖੇ ਜਾਣ ਤੋਂ ਵੀ ਪਹਿਲਾਂ ਆਪਣੇ ਦਿਲਾਂ 'ਤੇ ਲਿਖੇ ਜਾਣ ਦੀ ਲੋੜ ਹੈ। ਕਿਤੇ ਵੀ ਉਸਦਾ ਬੁੱਤ ਲਾਉਣ ਤੋਂ ਪਹਿਲਾਂ ਉਸ ਬੁੱਤ ਅੰਦਰੋਂ ਆਉਂਦੀ ਆਵਾਜ਼ ਨੂੰ ਕੰਨ ਲਾ ਕੇ ਸੁਣਨ ਦੀ ਲੋੜ ਹੈ। ਇਹੋ ਕਾਰਨ ਹੈ ਕਿ ਸ਼ਹੀਦ ਦੀ ਯਾਦ ਮਨਾਏ ਜਾਣ ਵਾਲੇ ਇਹ ਬਹੁਤ ਸਾਰੇ ਸਮਾਗਮ ਮਹਿਜ਼ ਇੱਕ ਰਸਮ ਬਣ ਕੇ ਰਹਿ ਗਏ।

ਭਗਤ ਸਿੰਘ ਆਪਣੇ ਦ੍ਰਿੜ੍ਹ ਇਰਾਦੇ ਅਤੇ ਬੇਪਨਾਹ ਹੌਸਲੇ ਕਰ ਕੇ, ਕੁਰਬਾਨੀ ਦੇ ਰਾਂਗਲੇ ਜਜ਼ਬੇ ਦੀ ਸਿਖ਼ਰਲੀ ਸ਼ਿੱਦਤ ਕਰ ਕੇ, ਦੁੱਖਾਂ ਨੂੰ ਸਹਿ ਸਕਣ ਦੀ ਆਪਣੀ ਅਥਾਹ ਸਮਰੱਥਾ ਕਰ ਕੇ, ਮੌਤ ਨੂੰ ਮਖ਼ੌਲ ਕਰਨ ਵਾਲੇ ਅੰਦਾਜ਼ ਵਿਚ ਟੱਕਰਨ ਦੀ ਬੇਮਿਸਾਲ ਹਿੰਮਤ ਕਰ ਕੇ ਅਤੇ ਚਿੰਤਨ ਦੇ ਬੌਧਿਕ ਅਤੇ ਇਨਕਲਾਬੀ ਜਲੌਅ ਦੀ ਆਭਾ ਵਿਚ ਲਿਸ਼ ਲਿਸ਼ ਕਰਦੇ ਸੂਰਜੀ ਆਪੇ ਕਰ ਕੇ ਇਤਿਹਾਸ ਦੇ ਪੰਨਿਆਂ ਉਤੇ ਹੀ ਨਹੀਂ ਸਗੋਂ ਹਰ ਭਾਰਤੀ ਦੇ ਦਿਲ ਵਿਚ ਉਨ੍ਹਾਂ ਦੀ ਰੂਹ ਦਾ ਹੀ ਟੁਕੜਾ ਬਣ ਕੇ ਬੈਠਾ ਹੋਇਆ ਹੈ। ਉਹਨੇ ਆਪਣੇ ਲੋਕਾਂ ਦੇ ਦਰਦ ਵਿਚ ਭਿੱਜ ਕੇ ਅੰਤਿਮ ਸਵਾਸਾਂ ਤੱਕ ਉਨ੍ਹਾਂ ਦੀ ਪੀੜ ਲਈ ਹਰ ਪਲ ਹੂੰਗਣ ਦਾ ਉਦਮ ਹੀ ਨਹੀਂ ਕੀਤਾ ਸਗੋਂ ਮਨੁੱਖਤਾ ਦੇ ਹਨੇਰੇ ਰਾਹਾਂ ਵਿਚ ਰੌਸ਼ਨੀ ਕਰਨ ਲਈ ਆਪਣਾ ਆਪ ਚਿਰਾਗ ਵਾਂਗ ਬਾਲ ਦਿੱਤਾ।

ਭਗਤ ਸਿੰਘ ਪਿਛਲੀ ਪੌਣੀ ਸਦੀ ਤੋਂ ਪੰਜਾਬੀ ਲੋਕ-ਆਤਮਾ ਵਿਚ ਕੋਸੀ ਧੁੱਪ ਦੇ ਟੁਕੜੇ ਵਾਂਗ ਟਹਿਕ ਰਿਹਾ ਹੈ। ਲੋਕਾਂ ਦਾ ਬਿਲਕੁਲ ਆਪਣਾ ਬਣ ਕੇ- ਜਿਵੇਂ ਉਨ੍ਹਾਂ ਦੀ ਆਪਣੀ ਦੇਹ-ਜਾਨ ਹੋਵੇ। ਸਾਡੇ ਸੁਚੇਤ ਨੌਜਵਾਨਾਂ ਲਈ ਭਗਤ ਸਿੰਘ ਹਮੇਸ਼ਾਂ ਉਨ੍ਹਾਂ ਦਾ ਮਾਡਲ ਬਣਿਆ ਰਿਹਾ ਹੈ। ਭਗਤ ਸਿੰਘ ਵਰਗਾ ਦਿੱਸਣਾ, ਭਗਤ ਸਿੰਘ ਵਰਗਾ ਹੋਣਾ ਅਤੇ ਭਗਤ ਸਿੰਘ ਵਰਗਾ ਬਣਨਾ ਉਨ੍ਹਾਂ ਦੀ ਸਦੀਵੀ ਲਲਕ ਰਹੀ ਹੈ।

ਭਗਤ ਸਿੰਘ ਦੀ ਇਹ ਅਥਾਹ ਲੋਕਪ੍ਰਿਯਤਾ ਹੀ ਉਹ ਸਭ ਤੋਂ ਵੱਡਾ ਕਾਰਨ ਹੈ ਜੋ ਉਸ ਦੇ ਵਿਚਾਰਧਾਰਕ ਵਿਰੋਧੀਆਂ ਨੂੰ ਵੀ ਉਸ ਦੇ ਸਭ ਤੋਂ ਵੱਡੇ ਹੇਜਲੇ ਦਿੱਸਣ ਦਾ ਖੇਖਣ ਕਰਨ ਲਈ ਮਜਬੂਰ ਕਰ ਰਹੀ ਹੈ। ਉਨ੍ਹਾਂ ਦਾ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਕੋਈ ਸੰਬੰਧ ਨਹੀਂ। ਉਹ ਤਾਂ ਚਾਹੁੰਦੇ ਹਨ ਕਿ ਲੋਕ ਭਗਤ ਸਿੰਘ ਦੀ ਤਰਦੀ ਤਰਦੀ ਪ੍ਰਸੰਸਾ ਨਾਲ ਹੀ ਸੰਤੁਸ਼ਟ ਹੋ ਜਾਣ। ਭਗਤ ਸਿੰਘ ਦੀ ਸੋਚ ਲਈ ਉਨ੍ਹਾਂ ਨੇ ਆਪਣੇ ਮਨਾਂ ਦੇ ਦਰਵਾਜ਼ੇ ਤਾਂ ਬੰਦ ਕੀਤੇ ਹੀ ਹੋਏ ਹਨ, ਸਗੋਂ ਉਹ ਸੁਚੇਤ ਤੌਰ ਤੇ ਇਸ ਸੋਚ ਨੂੰ ਲੋਕ-ਮਾਨਸ ਦੀ ਚੇਤਨਾ ਦਾ ਹਿੱਸਾ ਹੀ ਨਹੀਂ ਬਣਨ ਦੇਣਾ ਚਾਹੁੰਦੇ। ਇਹ ਲੋਕ ਅਤੇ ਇਹ ਪਾਰਟੀਆਂ ਭਗਤ ਸਿੰਘ ਦੀ ਲੋਕਪ੍ਰਿਯਤਾ ਨੂੰ ਵੋਟ-ਬੈਂਕ ਵਜੋਂ ਇਸਤੇਮਾਲ ਕਰਨਾ ਚਾਹ ਰਹੀਆਂ ਹਨ। ਭਗਤ ਸਿੰਘ ਦਾ ਨਾਂ, ਭਗਤ ਸਿੰਘ ਦਾ ਚਿੱਤਰ, ਭਗਤ ਸਿੰਘ ਦਾ ਬੁੱਤ, ਭਗਤ ਸਿੰਘ ਦਾ ਸਮਾਗ਼ਮ ਇਨ੍ਹਾਂ ਲਈ ਆਪਣੀਆਂ ਪਾਰਟੀਆਂ ਲਈ ਵੋਟ ਬਟੋਰਨ ਦਾ ਜ਼ਰੀਆ ਹਨ। ਉਨ੍ਹਾਂ ਨੇ ਭਗਤ ਸਿੰਘ ਦੀ ਸੂਰਜੀ ਸ਼ਖ਼ਸੀਅਤ ਨੂੰ ਇੱਕ ਵੋਟ ਤੱਕ ਘਟਾ ਕੇ ਰੱਖ ਦਿੱਤਾ ਹੈ। ਉਹ ਜਦੋਂ ਆਖਦੇ ਹਨ ਕਿ ਅਸੀਂ ਭਗਤ ਸਿੰਘ ਦੇ ਸੁਫਨਿਆਂ ਦਾ ਸਮਾਜ ਉਸਾਰਨਾ ਹੈ ਤਾਂ ਉਨ੍ਹਾਂ ਦੇ ਬੋਲ ਵਿਚਲੇ ਪੋਲ ਨੂੰ ਵੇਖਣ ਦੀ ਲੋੜ ਹੈ।

ਕੀ ਇਹ ਭਗਤ ਸਿੰਘ ਦੇ ਸੁਫਨਿਆਂ ਦਾ ਸਮਾਜ ਹੈ ਜਿੱਥੇ ਹਰ ਸਾਲ ਹਜ਼ਾਰਾਂ ਲੋਕ ਕਦੇ ਗੁਜਰਾਤ ਵਿਚ, ਕਦੇ ਦਿੱਲੀ ਵਿਚ, ਕਦੇ ਯੂ.ਪੀ. ਵਿਚ, ਕਦੇ ਪੰਜਾਬ ਵਿਚ ਅਤੇ ਕਦੇ ਹੋਰ ਕਿਧਰੇ ਇਸ ਕਰਕੇ ਕਤਲ ਕਰ ਦਿੱਤੇ ਜਾਣ ਕਿਉਂਕਿ ਉਨ੍ਹਾਂ ਦੀ ਦਿੱਖ ਅਤੇ ਵਿਸ਼ਵਾਸ ਉਹ ਨਹੀਂ ਜੋ ਦੇਸ਼ ਅਤੇ ਉਸ ਖਿੱਤੇ ਦੀ ਬਹੁ-ਗਿਣਤੀ ਦਾ ਹੈ। ਭਗਤ ਸਿੰਘ ਨੇ ਤਾਂ ਅਜਿਹੇ ਰਾਜ ਅਤੇ ਸਮਾਜ ਦਾ ਸੁਫਨਾ ਵੀ ਨਹੀਂ ਸੀ ਲਿਆ ਕਿ ਕਿਸੇ ਦੇ ਵਿਸ਼ਵਾਸ ਦਾ ਪ੍ਰਤੀਕ ਉਸ ਦੀ 500 ਸਾਲ ਪੁਰਾਣੀ ਮਸਜਿਦ ਢਾਹ ਕੇ ਰੜਾ ਮੈਦਾਨ ਕਰ ਦਿੱਤੀ ਜਾਵੇ ਅਤੇ ਕਦੇ ਕਿਸੇ ਦੇ ਅਕਾਲ ਤਖ਼ਤ ਤੇ ਟੈਂਕਾਂ ਅਤੇ ਤੋਪਾਂ ਦਾ ਹਮਲਾ ਕਰ ਕੇ ਉਸ ਨੂੰ ਢਾਹ ਕੇ ਖੋਲਾ ਬਣਾ ਦਿੱਤਾ ਜਾਵੇ। ਭਗਤ ਸਿੰਘ ਦਾ ਸੁਫਨਾ ਤਾਂ ਕੀ ਹੋਣਾ ਸੀ ਸਗੋਂ ਉਸ ਦੇ ਤਾਂ ਸੁਫਨੇ ਵਿਚ ਵੀ ਇਹ ਚਿੱਤ ਖ਼ਿਆਲ ਨਹੀਂ ਹੋਣਾ ਕਿ ਕਦੀ ਦਿੱਲੀ ਦੀਆਂ ਸੜਕਾਂ ਤੇ ਹਥਿਆਰਾਂ ਨਾਲ ਲੈਸ ਵਹਿਸ਼ੀ ਭੀੜ ਨੇ ਕਿਸੇ ਦੇ ਗਲ ਵਿਚ ਟਾਇਰ ਪਾ ਕੇ ਅੱਗ ਲਾਉਣੀ ਸੀ ਅਤੇ ਉਸ ਨੂੰ ਵਿਲਕਦਿਆਂ ਚੀਕਦਿਆਂ ਵੇਖ ਕੇ ਰਾਖ਼ਸ਼ੀ ਹਾਸਾ ਹੱਸਦੀ ਭੀੜ ਨੇ ਦੂਜੇ ਨੂੰ ਮੂੰਹ ਖੋਲ੍ਹਣ ਲਈ ਆਖਣਾ ਸੀ ਅਤੇ ਉਸ ਦੇ ਮੂੰਹ ਵਿਚ ਪੈਟਰੋਲ ਦੀ ਪਿਚਕਾਰੀ ਮਾਰ ਕੇ ਬਲਦੀ ਤੀਲ੍ਹੀ ਸੁੱਟ ਕੇ ਉਸ ਨੂੰ ਭਬਾਕਾ ਮਾਰ ਕੇ ਮੱਚਣ ਲਾ ਦੇਣ ਤੇ ਹੋਰ ਵੀ ਖਿੜਖਿੜਾ ਕੇ ਹੱਸਣਾ ਸੀ! ਕੀ ਇਹ ਭਗਤ ਸਿੰਘ ਦੇ ਸੁਫਨਿਆਂ ਦਾ ਸਮਾਜ ਹੈ ਕਿ ਦੂਜੇ ਫ਼ਿਰਕੇ ਦੇ ਮਾਸੂਮ ਅਤੇ ਬੇਕਸੂਰ ਲੋਕਾਂ ਨੂੰ ਬੱਸਾਂ ਵਿਚੋਂ ਕੱਢ ਕੇ ਲਾਂਭੇ ਕਰਕੇ ਸਟੇਨਾਂ ਨਾਲ ਭੁੰਨ ਦਿੱਤਾ ਜਾਵੇ ਜਾਂ ਆਪਣੇ ਹੀ ਫ਼ਿਰਕੇ ਦੇ ਲੋਕਾਂ ਦੇ ਪਰਿਵਾਰਾਂ ਦੇ ਪਰਿਵਾਰ ਇਸ ਕਰਕੇ ਲਾਈਨ ਵਿਚ ਖੜ੍ਹੇ ਕਰ ਕੇ ਕਤਲ ਕਰ ਦਿੱਤੇ ਜਾਣ ਕਿਉਂਕਿ ਉਹ ਤੁਹਾਡੀ ਅੰਨ੍ਹੀ ਸੋਚ ਦੇ ਮੇਚੇ ਨਹੀਂ ਆਉਂਦੇ। ਮੌਤ ਦੇ ਮੂੰਹ ਆਏ ਇਨ੍ਹਾਂ ਪਰਿਵਾਰਾਂ ਵਿਚੋਂ ਇੱਕ ਪਰਿਵਾਰ ਦੀ ਤਿੰਨ ਕੁ ਸਾਲ ਦੀ ਮਾਸੂਮ ਬੱਚੀ ਸਟੇਨ ਵਾਲੇ ਜਥੇਦਾਰ ਨੂੰ ਆਖੇ, "ਅੰਕਲ! ਮੇਰੇ ਡੈਡੀ ਨੂੰ ਮਾਰੋ!" ਤਾਂ ਜਥੇਦਾਰ ਉਸ ਨਾਲ ਅਜਿਹੀ ਰਹਿਮਦਿਲੀ ਨਾਲ ਪੇਸ਼ ਆਵੇ ਤੇ ਆਖੇ ਕਿ 'ਲੈ ਇਹ ਰਿਆਇਤ ਵੀ ਕਰ ਦਿੰਦੇ ਹਾਂ; ਤੇਰੇ ਡੈਡੀ ਨੂੰ ਤੇਰੇ ਸਾਹਮਣੇ ਨਹੀਂ ਮਾਰਦੇ' ਅਤੇ ਧਾਹ ਧਾਹ ਕਰਦੀ ਸਟੇਨ ਉਸ ਬੱਚੀ ਦੇ ਦੋਧੇ ਜਿਸਮ ਵਿਚੋਂ ਕੱਢ ਦਿੱਤੀ ਜਾਵੇ। ਹਰਗ਼ਿਜ਼ ਇਹ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਨਹੀਂ।

ਪਿਛਲੇ ਕਈ ਸਾਲਾਂ ਤੋਂ ਦੇਸ਼ ਵਿਚ ਧਰਮ ਦੇ ਨਾਂ ਉਤੇ ਹੁੰਦੀ ਵਹਿਸ਼ੀ ਕਤਲੋਗਾਰਤ ਕਦੇ ਵੀ ਭਗਤ ਸਿੰਘ ਦਾ ਸੁਫਨਾ ਨਹੀਂ ਸੀ। ਭਾਰਤ ਵਿਚ ਵੀ ਅਤੇ ਪੰਜਾਬ ਵਿਚ ਵੀ ਰਾਜਸੱਤਾ ਤੇ ਕਾਬਜ਼ ਰਹਿਣ ਵਾਲੀਆਂ ਅਤੇ ਭਗਤ ਸਿੰਘ ਦੇ ਸੁਫਨਿਆਂ ਦਾ ਰਾਜ ਅਤੇ ਸਮਾਜ ਸਿਰਜਣ ਲਈ ਆਪਣੇ ਆਪ ਨੂੰ ਪ੍ਰਤੀਬੱਧ ਕਹਿਣ ਵਾਲੀਆਂ ਇਨ੍ਹਾਂ ਧਿਰਾਂ ਦੇ ਕਥਨਾਂ ਅਤੇ ਅਮਲਾਂ ਦਾ ਪਾੜਾ ਵੇਖਣ ਨਾਲ ਤੁਹਾਡੇ ਅੰਦਰ ਸਵਾਲਾਂ ਦਾ ਆਪ-ਮੁਹਾਰਾ ਜੰਗਲ ਉਗ ਆਵੇਗਾ। ਹਾਲਾਤ ਦਾ ਕੈਸਾ ਵਿਅੰਗ ਹੈ ਕਿ ਭਗਤ ਸਿੰਘ ਦੀ ਯਾਦ ਵਿਚ ਸਰਕਾਰੀ ਸਮਾਗਮ ਹੋ ਰਿਹਾ ਹੋਵੇ ਅਤੇ ਮੁੱਖ ਮੰਤਰੀ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕਰ ਰਿਹਾ ਹੋਵੇ ਅਤੇ ਪੰਡਾਲ ਤੋਂ ਬਾਹਰ ਭਗਤ ਸਿੰਘ ਦੇ ਦੇਸ਼-ਭਗਤ ਚਾਚੇ ਅਜੀਤ ਸਿੰਘ ਦੀ ਸੱਦ ਨੂੰ ਆਵਾਜ਼ ਦਿੰਦਿਆਂ 'ਪਗੜੀ ਸੰਭਾਲ ਜੱਟਾ' ਦਾ ਨਾਅਰਾ ਬੁਲੰਦ ਕਰਨ ਵਾਲੇ ਕਿਸਾਨ ਪੁਲਿਸ ਵੱਲੋਂ ਡਾਂਗਾਂ ਨਾਲ ਛੱਲੀਆਂ ਵਾਂਗ ਕੁੱਟੇ ਜਾ ਰਹੇ ਹੋਣ। ਪਗੜੀ ਜਿਹੜੀ ਇੱਜ਼ਤ ਅਤੇ ਮਾਣ ਸਨਮਾਨ ਦਾ ਚਿੰਨ੍ਹ ਸਮਝੀ ਜਾਂਦੀ ਸੀ, ਹੁਣ ਉਸੇ ਕਿਸਾਨ ਦੇ ਗਲੇ ਵਿਚ ਫ਼ਾਹਾ ਪਾਉਣ ਦੇ ਕੰਮ ਆ ਰਹੀ ਹੈ। ਇਹ ਵੀ ਹਾਲਾਤ ਦਾ ਵਿਅੰਗ ਹੀ ਹੈ ਕਿ ਭਗਤ ਸਿੰਘ ਜਿਹੋ ਜਿਹੀ ਸਮਾਜਵਾਦੀ ਪਾਰਟੀ ਉਸਾਰਨ ਦਾ ਦਮ ਭਰਦਾ ਸੀ, ਉਸੇ ਸਮਾਜਵਾਦ ਦੇ ਨਾਂ 'ਤੇ ਬਣੀ ਪਾਰਟੀ ਦੀ ਸਰਕਾਰ ਨੰਦੀ ਗਰਾਮ ਵਿਚ ਆਪਣੇ ਹੀ ਕਿਸਾਨਾਂ ਨੂੰ ਜ਼ਮੀਨ ਤੋਂ ਬੇਦਖ਼ਲ ਕਰ ਰਹੀ ਹੋਵੇ ਅਤੇ ਰੋਸ ਕਰਨ ਤੇ ਉਨ੍ਹਾਂ ਹੀ ਕਿਸਾਨਾਂ ਨੂੰ ਗੋਲੀਆਂ ਨਾਲ ਭੁੰਨ ਰਹੀ ਹੋਵੇ। ਇਹ ਵੀ ਹਾਲਤ ਦਾ ਹੀ ਵਿਅੰਗ ਸਮਝੋ ਕਿ ਭਗਤ ਸਿੰਘ ਦੇ ਖ਼ਾਨਦਾਨ ਦੇ ਲੋਕਾਂ ਨੇ ਜਨਸੰਘ ਵਿਚ ਕਦੇ ਜਿਹੜੀ ਆਪਣੀ ਆਸਥਾ ਪਰਗਟ ਕੀਤੀ ਸੀ, ਉਸੇ ਪਾਰਟੀ ਦਾ ਮੁੱਖ ਮੰਤਰੀ ਨਰਿੰਦਰ ਮੋਦੀ ਚੋਣ ਰੈਲੀ ਵਿਚ ਇੱਕਠੀ ਹੋਈ ਉਤੇਜਿਤ ਭੀੜ ਨੂੰ ਲਲਕਾਰ ਪੁੱਛ ਰਿਹਾ ਸੀ ਕਿ ਸੁਹਰਾਬੂਦੀਨ ਤੇ ਉਸ ਦੀ ਘਰਵਾਲੀ ਜੋ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਸੀ, ਨੂੰ ਦੱਸੋ ਉਹ ਮਾਰਿਆ ਜਾਣਾ ਚਾਹੀਦਾ ਸੀ ਜਾਂ ਨਹੀਂ? ਭੀੜ ਬਾਹਾਂ ਉਲਾਰ ਕੇ 'ਹਾਂ' ਵਿਚ ਜਵਾਬ ਦਿੰਦੀ ਹੈ ਅਤੇ ਮੋਦੀ ਆਖਦਾ ਹੈ ਕਿ ਅਜਿਹੇ ਲੋਕਾਂ ਨੂੰ ਕਤਲ ਕਰਨ ਲਈ ਮੈਨੂੰ ਕਿਸੇ ਤੋਂ ਆਗਿਆ ਲੈਣ ਦੀ ਲੋੜ ਨਹੀਂ। ਸਿਤਮਜ਼ਰੀਫ਼ੀ ਇਹ ਕਿ ਉਹ ਮੁੜ ਤੋਂ ਮੁੱਖ ਮੰਤਰੀ ਦੀ ਪਦਵੀ 'ਤੇ 'ਸ਼ਾਨ ਨਾਲ ਬਿਰਾਜਮਾਨ' ਹੋ ਗਿਆ ਸੀ। ਸਿਤਮਜ਼ਰੀਫ਼ੀ ਤਾਂ ਇਹ ਵੀ ਹੈ ਕਿ ਕੁਝ ਸਿਆਸੀ ਲੀਡਰ ਆਪਣੀ ਸੌੜੀ ਸਿਆਸਤ ਵਿਚੋਂ ਭਗਤ ਸਿੰਘ ਨੂੰ ਸ਼ਹੀਦ ਮੰਨਣ ਲਈ ਵੀ ਤਿਆਰ ਨਹੀਂ। ਇਨ੍ਹਾਂ ਮੁਤਾਬਕ ਭਗਤ ਸਿੰਘ ਅਤੇ ਉਹਦੇ ਸਾਥੀਆਂ ਨੇ 'ਬੇਦੋਸ਼ੇ' ਸਾਂਡਰਸ ਦਾ ਕਤਲ ਕੀਤਾ ਸੀ। ਅਜਿਹੇ ਆਗੂ ਉਨ੍ਹਾਂ ਕਮਾਂਡੋ ਫ਼ੋਰਸਾਂ ਨੂੰ ਹੱਲਾਸ਼ੇਰੀ ਦੇਣ ਵਾਲੇ ਮੁੱਖ ਆਗੂਆਂ ਵਿਚੋਂ ਹਨ ਜਿਨ੍ਹਾਂ ਨੇ ਪਤਾ ਨਹੀਂ ਕਿੰਨੇ ਮਾਸੂਮ ਪਰਿਵਾਰਾਂ ਅਤੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਇਨ੍ਹਾਂ ਦੇ ਪੁਰਖਿਆਂ ਨੇ ਤਾਂ ਜੱਲ੍ਹਿਆਂ ਵਾਲੇ ਬਾਗ਼ ਵਿਚ ਮਾਸੂਮ ਲੋਕਾਂ ਦੇ ਕਾਤਲ ਜਨਰਲ ਡਾਇਰ ਨੂੰ ਵੀ ਸਨਮਾਨਿਤ ਕੀਤਾ ਸੀ ਅਤੇ ਅਜਿਹੀ ਕਾਤਲਾਨਾ ਕਾਰਵਾਈ ਨੂੰ ਸੱਚੇ ਸਿੱਖ ਵਾਲੀ ਬਹਾਦਰੀ ਨਾਲ ਤੁਲਨਾ ਦਿੰਦਿਆਂ ਸਨਮਾਨ ਵਜੋਂ ਉਸ ਨੂੰ ਬਾਕਾਇਦਾ ਸਿੱਖੀ ਧਾਰਨ ਕਰ ਲੈਣ ਦੀ ਪੇਸ਼ਕਸ਼ ਵੀ ਕੀਤੀ ਸੀ। ਇਨ੍ਹਾਂ ਆਗੂਆਂ ਲਈ ਤਾਂ ਸਾਡੇ ਕੌਮੀ ਲੀਡਰ ਲਾਜਪਤ ਰਾਇ ਦਾ ਕਾਤਲ ਸਾਂਡਰਸ ਹੀ ਸ਼ਹੀਦ ਹੋਵੇਗਾ। ਸ਼ੁਕਰ ਹੈ ਕਿ ਇਨ੍ਹਾਂ ਨੇ ਭਗਤ ਸਿੰਘ ਨੂੰ ਗੁੰਡਾ ਅਤੇ ਬਦਮਾਸ਼ ਨਹੀਂ ਆਖਿਆ।

ਇੱਥੇ ਸਾਨੂੰ ਇੱਕ ਗੱਲ ਹੋਰ ਸਾਫ਼ ਕਰਨੀ ਚਾਹੀਦੀ ਹੈ ਕਿ ਭਗਤ ਸਿੰਘ ਦਾ ਬਿੰਬ ਅਸਾਂ ਖ਼ੁਦ ਹੀ ਜਾਂਬਾਜ਼ ਆਤੰਕਵਾਦੀ ਦਾ ਬਣਾ ਦਿੱਤਾ ਹੋਇਆ ਹੈ ਜਦ ਕਿ ਭਗਤ ਸਿੰਘ ਅਜਿਹਾ ਹਰਗ਼ਿਜ਼ ਨਹੀਂ ਸੀ। ਭਗਤ ਸਿੰਘ ਨੇ ਆਪਣੇ ਬਿੰਬ ਨੂੰ ਆਪ ਹੀ ਆਪਣੇ ਬਿਆਨਾਂ ਅਤੇ ਲਿਖ਼ਤਾਂ ਰਾਹੀਂ ਤੋੜ ਦਿੱਤਾ ਸੀ ਪਰ ਅਸੀਂ ਕਦੇ ਵੀ ਉਸ ਵੱਲ ਧਿਆਨ ਨਹੀਂ ਸੀ ਦਿੱਤਾ। ਜਿੱਥੋਂ ਤੱਕ ਆਪਣੇ ਆਤੰਕਵਾਦੀ ਹੋਣ ਦੇ ਭੁਲੇਖੇ ਦਾ ਸੰਬੰਧ ਹੈ, ਉਹ ਵਾਰ-ਵਾਰ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਉਹ ਬਿਲਕੁਲ ਹੀ ਆਤੰਕਵਾਦੀ ਨਹੀਂ। ਉਹ ਇਨਕਲਾਬੀ ਹੈ ਜਿਸ ਕੋਲ ਨਿਸਚਿਤ ਪ੍ਰੋਗਰਾਮ ਅਤੇ ਵਿਚਾਰ ਹਨ ਅਤੇ ਉਸ ਦੇ ਏਜੰਡੇ ਉਤੇ ਸਮਾਜਵਾਦੀ ਸਮਾਜ ਦੀ ਸਥਾਪਨਾ ਦਾ ਨਕਸ਼ਾ ਸੀ ਜਿਸ ਨੂੰ ਪ੍ਰਾਪਤ ਕਰਨ ਲਈ ਕਿਸਾਨਾਂ ਮਜਦੂਰਾਂ ਦੀਆਂ ਝੌਂਪੜੀਆਂ ਵਿਚ ਜਾ ਕੇ ਉਨ੍ਹਾਂ ਨੂੰ ਲਾਮਬੰਦ ਕਰਨ ਦਾ ਸੁਨੇਹਾ ਉਸ ਨੇ ਦਿੱਤਾ ਸੀ। ਅਗਲੀ ਗੱਲ ਜਿਹੜੀ ਉਸ ਨੇ ਆਖੀ ਸੀ, ਉਹ ਇਹ ਹੈ ਕਿ ਇਨਕਲਾਬ ਵਿਚ ਵਿਅਕਤੀਗਤ ਕਤਲ ਦੀ ਕੋਈ ਗੁੰਜਾਇਸ਼ ਨਹੀਂ। ਜੇ ਕਿਤੇ ਜ਼ਿੰਦਗੀ ਦੇ ਸ਼ੁਰੂ ਵਾਲੇ ਸਾਲਾਂ ਵਿਚ ਉਹ ਅਜਿਹਾ ਰਿਹਾ ਵੀ ਹੋਵੇ ਤਾਂ ਹੁਣ ਉਹ ਆਤੰਕ ਵਿਚ ਬਿਲਕੁਲ ਵਿਸ਼ਵਾਸ ਨਹੀਂ ਰੱਖਦਾ। ਬੰਬਾਂ ਅਤੇ ਪਿਸਤੌਲਾਂ ਦੀ ਵਰਤੋਂ ਬਾਰੇ ਵੀ ਉਹ ਵਾਰ-ਵਾਰ ਆਖਦਾ ਹੈ ਕਿ ਉਹ ਨੌਜਵਾਨਾਂ ਨੂੰ ਬੰਬ ਜਾਂ ਪਿਸਤੌਲ ਰੱਖਣ ਅਤੇ ਚਲਾਉਣ ਦੀ ਸਲਾਹ ਨਹੀਂ ਦਿੰਦਾ ਕਿਉਂਕਿ ਬੰਬ ਜਾਂ ਪਿਸਤੌਲ ਕੁੱਝ ਸਵਾਰਨ ਨਾਲੋਂ ਨੁਕਸਾਨ ਬਹੁਤਾ ਕਰ ਸਕਦੇ ਹਨ। ਜਿੱਥੋਂ ਤੱਕ ਕਿਸੇ ਦੀ ਜਾਨ ਲੈਣ ਦਾ ਸੰਬੰਧ ਹੈ, ਉਹ ਬੜੇ ਹੀ ਸਪਸ਼ਟ ਸ਼ਬਦਾਂ ਵਿਚ ਆਖਦਾ ਹੈ ਕਿ 'ਕਿਸੇ ਬੇਦੋਸ਼ੇ ਦੀ ਜਾਨ ਲੈਣ ਨਾਲੋਂ ਉਹ ਆਪਣੀ ਜਾਨ ਕੁਰਬਾਨ ਕਰ ਦੇਣੀ ਬਿਹਤਰ ਸਮਝਦੇ ਹਨ।' ਸ਼ਾਇਦ ਇਨ੍ਹਾਂ ਸ਼ਬਦਾਂ ਵਿਚ ਸਾਂਡਰਸ ਦੇ ਕੀਤੇ ਕਤਲ ਬਾਰੇ ਵੀ ਉਸ ਦੀ ਕੋਈ ਰਾਇ ਸ਼ਾਮਿਲ ਹੋਵੇ।

ਇਸ ਲਈ ਸਭ ਤੋਂ ਜ਼ਰੂਰੀ ਹੈ ਕਿ ਉਸ ਨੂੰ ਦਹਿਸ਼ਤਗਰਦ ਦੀ ਥਾਂ ਸਮਾਜਵਾਦੀ ਇਨਕਲਾਬ ਲਈ ਜੂਝਣ ਵਾਲੇ ਚਿੰਤਕ ਅਤੇ ਵਿਚਾਰਵਾਨ ਦੇ ਤੌਰ 'ਤੇ ਲੈਣਾ ਚਾਹੀਦਾ ਹੈ। ਉਹ ਗਤੀਸ਼ੀਲ ਸ਼ਖ਼ਸੀਅਤ ਸੀ। ਉਸ ਨੇ ਆਪਣੀ ਜਥੇਬੰਦੀ ਹਿੰਦੋਸਤਾਨ ਰਿਪਬਲਿਕਨ ਐਸੋਸੀਏਸ਼ਨ ਨਾਲ ਸਮਾਜਵਾਦੀ (ਸੋਸਲਿਸਟ) ਸ਼ਬਦ ਜੋੜਿਆ। ਉਸ ਨੇ ਲਗਾਤਾਰ ਅਧਿਐਨ ਕੀਤਾ। ਵਿਚਾਰਾਂ ਵਿਚ ਨਵਾਂਪਨ ਲਿਆਂਦਾ ਅਤੇ ਆਤੰਕਵਾਦ ਅਤੇ ਬੰਬ ਪਿਸਤੌਲਾਂ ਦੀ ਸਿਆਸਤ ਨੂੰ ਰੱਦ ਕੀਤਾ।

ਉਸ ਨੇ ਅਜਿਹੀ ਇਨਕਲਾਬੀ ਪਾਰਟੀ ਦੀ ਲੋੜ 'ਤੇ ਜ਼ੋਰ ਦਿੱਤਾ ਜੋ ਕਿਰਤੀ ਕਿਸਾਨਾਂ ਅਤੇ ਮਜ਼ਦੂਰਾਂ ਵਿਚ ਆਪਣਾ ਪ੍ਰਚਾਰ ਕਰੇ। ਉਸ ਅਨੁਸਾਰ ਗਾਂਧੀਵਾਦ ਦਰਮਿਆਨੇ ਤਬਕੇ ਅਤੇ ਅਮੀਰ ਤਬਕੇ ਦੀ ਲੜਾਈ ਦਾ ਮਾਧਿਅਮ ਹੈ।

ਧਰਮ ਜੇ ਤਾਂ ਲੜਾਈ ਵਿਚ ਧਰਵਾਸ ਬਣਦਾ ਹੈ ਤਾਂ ਨਿੰਦਣਯੋਗ ਨਹੀਂ ਪਰ ਬਜ਼ਾਤੇ ਖ਼ੁਦ ਭਗਤ ਸਿੰਘ ਨਾਸਤਿਕ ਸੀ ਅਤੇ ਅੰਨ੍ਹੇ ਕੱਟੜ ਧਰਮ ਦਾ ਵਿਰੋਧੀ ਵੀ ਸੀ।

ਅਕਾਲੀ ਪਾਰਟੀ ਅਤੇ ਹੋਰ ਫ਼ਿਰਕੂ ਪਾਰਟੀਆਂ ਨਾਲ ਸੰਬੰਧ ਨਾ ਰੱਖਣ ਦਾ ਨਿਸਚਾ ਉਨ੍ਹਾਂ ਨੇ ਨੌਜਵਾਨ ਭਾਰਤ ਸਭਾ ਦੇ ਸੰਗਠਨ ਵੇਲੇ ਹੀ ਪ੍ਰਗਟਾ ਦਿੱਤਾ ਸੀ।

ਅਗਲੀ ਗੱਲ ਜਿਹੜੀ ਭਗਤ ਸਿੰਘ ਬਾਰੇ ਕਰਨ ਦੀ ਲੋੜ ਹੈ, ਉਹ ਹੈ ਉਸ ਦਾ ਅਧਿਐਨ ਨਾਲ ਨਿਰੰਤਰ ਜੁੜਿਆ ਹੋਣਾ। ਉਸ ਨੇ ਸਾਢੇ ਤੇਈ ਸਾਲ ਦੀ ਉਮਰ ਵਿਚ ਇੰਨਾ ਵੱਡਾ ਕੰਮ ਕੀਤਾ ਜਿਸ ਪਿੱਛੇ ਉਸ ਦੀ ਬਹਾਦਰੀ, ਕੁਰਬਾਨੀ, ਰਾਸ਼ਟਰਵਾਦ ਅਤੇ ਸਮਾਜਵਾਦ ਬਾਰੇ ਵਚਨਬੱਧਤਾ ਹੀ ਸ਼ਾਮਿਲ ਨਹੀਂ ਸਗੋਂ ਉਸ ਦੀ ਲਗਾਤਾਰ ਅਧਿਐਨ ਕਰਕੇ ਕੁੱਝ ਨਵਾਂ ਸਿੱਖਣ ਅਤੇ ਆਪਣੇ ਆਪੇ ਨੂੰ ਸੋਧਣ ਅਤੇ ਵਿਸਥਾਰਨ ਲਈ ਕੀਤੀ ਘਾਲਣਾ ਵੀ ਹੈ। ਅਸੀਂ ਵੀ ਜੇ ਭਗਤ ਸਿੰਘ ਨੂੰ ਜਾਣਨਾ ਅਤੇ ਸਮਝਣਾ ਹੈ ਤਾਂ ਸਾਨੂੰ ਵੀ ਉਸ ਵਾਂਗ 'ਹਾਬੜਿਆ ਹੋਇਆ ਪਾਠਕ' ਬਣਨ ਦੀ ਲੋੜ ਹੈ। ਅਧਿਐਨ ਹੀ ਸਾਡੇ ਦਿਮਾਗ਼ਾਂ ਦੇ ਜਾਲੇ ਅਤੇ ਧੁੰਦ ਉਤਾਰ ਕੇ ਅਮਲ ਵਾਸਤੇ ਸਾਡਾ ਰਾਹ ਰੌਸ਼ਨ ਕਰਦਾ ਹੈ। ਅਸੀਂ ਪੰਜਾਬੀ ਪੜ੍ਹਨ ਵਿਚ ਵਿਸ਼ਵਾਸ ਨਹੀਂ ਰੱਖਦੇ। ਸੁਣੀਆਂ ਸੁਣਾਈਆਂ ਗੱਲਾਂ ਉਤੇ ਵਿਸ਼ਵਾਸ ਕਰਨ ਦੀ ਆਦਤ ਸਦਕਾ ਹੀ ਅਸੀਂ ਲੀਡਰਾਂ ਦੇ ਭਾਸ਼ਣ ਸੁਣ ਕੇ ਹੀ ਉਤੇਜਿਤ ਹੋ ਜਾਂਦੇ ਹਾਂ ਅਤੇ ਉਨ੍ਹਾਂ ਦੀ ਰਾਇ ਨੂੰ ਆਪਣੀ ਰਾਇ ਬਣਾ ਲੈਂਦੇ ਹਾਂ। ਭਗਤ ਸਿੰਘ ਦਾ ਬੌਧਿਕ ਚਿੰਤਨ ਸਾਨੂੰ ਦੱਸਦਾ ਹੈ ਕਿ ਅਸੀਂ ਆਪ ਆਪਣੇ ਅਧਿਐਨ ਅਤੇ ਖੋਜ ਰਾਹੀਂ ਆਪਣੀ ਰਾਇ ਬਣਾਈਏ। ਉਹ ਤਾਂ ਆਖ਼ਰੀ ਸਮੇਂ ਵੀ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ।

ਭਗਤ ਸਿੰਘ ਨੂੰ ਨਜ਼ਰ ਦੀ ਤਾਜ਼ਗੀ ਨਾਲ ਵੇਖਣ ਸਮਝਣ ਦੀ ਲੋੜ ਹੈ। ਭਗਤ ਸਿੰਘ ਨਾ ਇਕ ਪਿੰਡ ਦਾ ਹੈ, ਨਾ ਕਿਸੇ ਸੂਬੇ ਦਾ ਅਤੇ ਨਾ ਹੀ ਕਿਸੇ ਇੱਕ ਧਰਮ ਅਤੇ ਭਾਈਚਾਰੇ ਦਾ। ਭਗਤ ਸਿੰਘ ਸਾਰੇ ਦੇਸ਼ ਦਾ ਹੈ।

# 'ਲੁੱਟ ਮਚਾਊ' ਕੰਪਨੀਆਂ ਕਿਵੇਂ ਕਰਨਗੀਆਂ ਭਲਾ

**ਇੱਕ ਮੁਨਾਫੇਖੋਰ ਘਰਾਣੇ ਖਾਤਰ ਦੇਸ਼ ਦੀ ਪ੍ਰਵਾਨਤ ਨੀਤੀ ਨੂੰ ਮੋੜਾ ਦੇਣ ਵਾਲਾ ਪ੍ਰਧਾਨ ਮੰਤਰੀ ਦੇਸ਼ ਦਾ ਵਿਕਾਸ ਨਾ ਹੋਣ ਦਾ ਰੋਣਾ ਰੋਂਦਾ ਹੈ ਤਾਂ ਲੋਕਾਂ ਨੂੰ ਹੈਰਾਨੀ ਹੁੰਦੀ ਹੈ। ਲੋਕਾਂ ਨੂੰ ਤਾਂ ਏਨਾ ਪਤਾ ਨਹੀਂ ਕਿ ਜਦੋਂ ਕੋਲੇ ਦੇ ਬਲਾਕ ਮਨਮੋਹਨ ਸਿੰਘ ਦੀ ਸਰਕਾਰ ਨੇ ਆਪਣੇ ਚਹੇਤਿਆਂ ਤੇ ਵੱਡੇ ਧੋਖੇਬਾਜ਼ਾਂ ਦੇ ਪੱਲੇ ਪਾਏ ਸਨ, ਉਦੋਂ ਭਾਰਤ ਸਰਕਾਰ ਦੀ ਆਪਣੀ ਕੰਪਨੀ, ਕੋਲ ਇੰਡੀਆ, ਨੇ ਵੀ ਬਲਾਕ ਮੰਗੇ ਸਨ, ਪਰ ਉਸ ਨੂੰ ਦੇਣ ਦੀ ਥਾਂ ਮੌਜ਼ੰਬੀਕ ਤੋਂ ਕੋਲਾ ਖਰੀਦ ਲਿਆਉਣ ਨੂੰ ਕਹਿ ਦਿੱਤਾ ਗਿਆ ਸੀ। ਆਪਣੇ ਦੇਸ਼ ਦੀ ਥਾਂ ਦੂਰ ਅਫਰੀਕੀ ਦੇਸ਼ ਤੋਂ ਕੋਲਾ ਲਿਆ ਕੇ ਉਹ ਜਿੰਦਲਾਂ, ਜਾਇਸਵਾਲਾਂ ਤੇ ਦਰੜੇ ਵਰਗਿਆਂ ਦਾ ਮੁਕਾਬਲਾ ਕਿਵੇਂ ਕਰ ਸਕਦੀ ਸੀ? ਇਹ ਉਸ ਦੇ ਗੋਡੇ ਲਵਾਉਣ ਦੀ ਚਾਲ ਸੀ, ਤਾਂ ਕਿ ਉਸ ਨੂੰ ਘਾਟੇ ਵਿਚ ਦੱਸ ਕੇ ਫਿਰ ਉਸ ਨੂੰ ਵੇਚਣ ਦਾ ਰਾਹ ਓਦਾਂ ਹੀ ਕੱਢਿਆ ਜਾ ਸਕੇ, ਜਿਵੇਂ ਵਾਜਪਾਈ ਸਰਕਾਰ ਨੇ ਭਾਰਤ ਅਲਮੀਨੀਅਮ ਕੰਪਨੀ ਜਾਂ ਮੁੰਬਈ ਦੇ ਸੰਤੂਰ ਹੋਟਲ ਨੂੰ ਵੇਚਣ ਲਈ ਰਾਹ ਕੱਢਿਆ ਸੀ।**

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪ੍ਰਧਾਨ ਮੰਤਰੀ ਵਜੋਂ ਸੌਵਾਂ ਮਹੀਨਾ ਹੰਢਾ ਰਹੇ ਡਾ. ਮਨਮੋਹਨ ਸਿੰਘ ਨੇ ਜਿਹੜਾ ਨਵਾਂ ਜੂਆ ਖੇਡਿਆ ਹੈ, ਇਸ ਵਾਰ ਵੀ ਵਿਦੇਸ਼ੀ ਤਾਕਤਾਂ ਨਾਲ ਸਾਂਝ ਪੁਗਾਉਣ ਲਈ ਖੇਡਿਆ ਹੈ, ਨਾਂ ਭਾਵੇਂ ਇਸ ਨੂੰ ਦੇਸ਼ ਦੇ ਲੋਕਾਂ ਦੇ ਰੌਸ਼ਨ ਭਵਿੱਖ ਦੀ ਕਿਰਨ ਦਾ ਦਿੱਤਾ ਹੈ। ਪਿਛਲੀ ਵਾਰੀ ਵੱਡਾ ਜੂਆ ਉਨ੍ਹਾਂ ਵਿਦੇਸ਼ੀ ਤਾਕਤਾਂ ਨਾਲ ਸਾਂਝ ਪੁਗਾਉਣ ਲਈ ਉਦੋਂ ਖੇਡਿਆ ਸੀ, ਜਦੋਂ ਅਮਰੀਕਾ ਨਾਲ ਕੀਤਾ ਐਟਮੀ ਸਮਝੌਤਾ ਲਾਗੂ ਕਰਨ ਲਈ ਆਪਣੀ ਕੁਰਸੀ ਦਾਅ ਉਤੇ ਲਾਈ ਸੀ। ਉਸ ਵੇਲੇ ਸਰਕਾਰ ਦੀ ਅਹਿਮ ਸਹਿਯੋਗੀ ਧਿਰ, ਤੇ ਉਦੋਂ ਦੀ ਸਭ ਤੋਂ ਭਰੋਸੇਮੰਦ ਧਿਰ, ਖੱਬੇ-ਪੱਖੀਏ ਸਰਕਾਰ ਦਾ ਸਾਥ ਛੱਡ ਗਏ ਤੇ ਪਾਰਲੀਮੈਂਟ ਤੋਂ ਭਰੋਸੇ ਦਾ ਵੋਟ ਲੈਣ ਲਈ ਕਾਂਗਰਸ ਪਾਰਟੀ ਨੂੰ ਸੌ ਪਾਪੜ ਵੇਲਣੇ ਪਏ ਸਨ। ਇਹ ਗੱਲ ਸਰਕਾਰ ਨੇ ਉਦੋਂ ਵੀ ਕਹੀ ਸੀ, ਤੇ ਅੱਜ ਵੀ ਕਹੀ ਜਾਂਦੀ ਹੈ ਕਿ ਇਹ ਕਦਮ ਚੁੱਕਣਾ ਦੇਸ਼ ਦੇ ਹਿੱਤਾਂ ਲਈ ਜ਼ਰੂਰੀ ਹੋ ਗਿਆ ਸੀ। ਦੇਸ਼ ਦੇ ਸਾਰੇ ਹਿੱਤਾਂ ਦਾ ਖਿਆਲ ਸਿਰਫ ਰਾਜ ਕਰਦੀ ਧਿਰ ਨੂੰ ਨਹੀਂ ਹੁੰਦਾ, ਦੂਸਰੇ ਵੀ ਕਰਦੇ ਹਨ, ਪਰ ਇਨ੍ਹਾਂ ਹਿੱਤਾਂ ਦੀ ਗੱਲ ਉਸ ਪਾਰਲੀਮੈਂਟ ਵਿਚ ਵੀ ਕੀਤੀ ਜਾ ਸਕਦੀ ਸੀ, ਜਿਸ ਵਿਚ ਆ ਕੇ ਆਪਣੀ ਗੱਲ ਰੱਖਣ ਦਾ ਸੱਦਾ ਇਹ ਸਰਕਾਰ ਭਾਰਤੀ ਜਨਤਾ ਪਾਰਟੀ ਨੂੰ ਬੀਤੇ ਮਹੀਨੇ ਦੇਂਦੀ ਰਹੀ ਸੀ। ਅਸੀਂ ਭਾਜਪਾ ਦੀ ਪਾਰਲੀਮੈਂਟ ਨੂੰ ਜਾਮ ਕਰਨ ਦੀ ਉਦੋਂ ਦੀ ਅੜੀ ਨੂੰ ਠੀਕ ਨਹੀਂ ਸੀ ਮੰਨਿਆ, ਕਿਉਂਕਿ ਉਹ ਬਹਿਸ ਤੋਂ ਆਪਣੀਆਂ ਕਮਜ਼ੋਰੀਆਂ ਕਾਰਨ ਭੱਜੀ ਸੀ, ਪਰ ਹੁਣ ਸਰਕਾਰ ਨੇ ਪਾਰਲੀਮੈਂਟ ਦਾ ਅਜਲਾਸ ਉਠ ਜਾਣ ਦੀ ਉਡੀਕ ਕਿਉਂ ਕੀਤੀ, ਉਸ ਨੇ ਵੀ ਵਿਦੇਸ਼ੀ ਪੂੰਜੀ ਨੂੰ ਭਾਰਤ ਦੇ ਬਾਜ਼ਾਰ ਵਿਚ ਖੁੱਲ੍ਹ ਦੇਣ ਦੇ ਫੈਸਲੇ ਦਾ ਐਲਾਨ ਪਾਰਲੀਮੈਂਟ ਵਿਚ ਕਿਉਂ ਨਾ ਕੀਤਾ? ਜ਼ਿਆਦਾ ਚੰਗਾ ਹੁੰਦਾ ਕਿ ਇਹ ਕੰਮ ਉਦੋਂ ਲੱਗੇ ਹੱਥ ਹੋ ਜਾਂਦਾ ਤੇ ਮੁੜ ਕੇ ਭਰੋਸੇ ਦੇ ਵੋਟ ਲਈ ਅਜਲਾਸ ਸੱਦਣ ਦੀ ਮੰਗ ਨਾ ਉਠਦੀ।

ਪ੍ਰਧਾਨ ਮੰਤਰੀ ਨੇ ਦੇਸ਼ ਦੇ ਲੋਕਾਂ ਦੇ ਨਾਂ ਪਹਿਲਾਂ ਹਿੰਦੀ ਤੇ ਫਿਰ ਅੰਗਰੇਜ਼ੀ ਵਿਚ ਪੜ੍ਹੇ ਸੰਦੇਸ਼ ਵਿਚ ਆਪਣੀਆਂ ਇਹ ਮਜਬੂਰੀਆਂ ਗਿਣਾਈਆਂ ਹਨ ਕਿ ਉਨ੍ਹਾਂ ਦੀ ਸਰਕਾਰ ਨੂੰ ਇਹ ਕਦਮ ਕਿਉਂ ਚੁੱਕਣਾ ਪਿਆ? ਇਹ ਗੱਲ ਵੀ ਪ੍ਰਧਾਨ ਮੰਤਰੀ ਨੇ ਕਹਿ ਦਿੱਤੀ ਕਿ ਦੇਸ਼ ਦੇ ਵਿਕਾਸ ਲਈ ਪੈਸਾ ਚਾਹੀਦਾ ਹੈ ਤੇ ਪੈਸਾ ਰੁੱਖਾਂ ਨੂੰ ਨਹੀਂ ਲੱਗਦਾ। ਜੇ ਪੈਸਾ ਰੁੱਖਾਂ ਨੂੰ ਨਹੀਂ ਲੱਗਦਾ ਤਾਂ ਜਿਹੜੀਆਂ ਵਿਦੇਸ਼ੀ ਕੰਪਨੀਆਂ ਨੂੰ ਉਨ੍ਹਾਂ ਦੀ ਸਰਕਾਰ ਨੇ ਸੱਦਾ ਦਿੱਤਾ ਹੈ, ਉਹ ਵੀ ਕ੍ਰਿਸ਼ਨ ਭਗਵਾਨ ਦੇ ਮਿਥਿਹਾਸਕ ਕਾਲ ਵਾਲਾ 'ਕਲਪ ਬ੍ਰਿਛ' ਨਹੀਂ ਬਣ ਜਾਣੀਆਂ ਜਿਨ੍ਹਾਂ ਥੱਲੇ ਬੈਠ ਕੇ ਮਨਮੋਹਨ ਸਿੰਘ ਜੋ ਸੁਫਨਾ ਲਵੇ ਤੇ ਕਲਪਨਾ ਕਰੇ, ਉਹ ਪੂਰਾ ਹੁੰਦਾ ਜਾਵੇਗਾ। ਇਨ੍ਹਾਂ ਕੰਪਨੀਆਂ ਦੀ ਜਿੱਥੇ ਵੀ ਪਹੁੰਚ ਹੋਈ ਹੈ, ਉਨ੍ਹਾਂ ਬਾਰੇ ਪੰਜਾਬੀ ਵਿਚ ਕਹੀਏ ਤਾਂ ਇਨ੍ਹਾਂ ਦੇ ਚੱਟੇ ਹੋਏ ਰੁੱਖ ਵੀ ਫੇਰ ਕਦੀ ਹਰੇ ਨਹੀਂ ਹੋਏ। ਉਹ ਵਪਾਰ ਕਰਨ ਵਾਲੀਆਂ ਕੰਪਨੀਆਂ ਹਨ, ਲੋਕ-ਭਲਾਈ ਕਰਨ ਵਾਲੇ ਟਰੱਸਟ ਨਹੀਂ। ਜੇ ਉਹ ਕੰਪਨੀਆਂ ਏਨੀਆਂ ਹੀ ਫਲ ਦੇਣ ਵਾਲੀਆਂ ਤੇ ਦੇਸ਼ਾਂ ਦਾ ਵਿਕਾਸ ਕਰਨ ਵਾਲੀਆਂ ਸਨ ਤਾਂ ਉਨ੍ਹਾਂ ਦੇ ਹੁੰਦਿਆਂ ਉਨ੍ਹਾਂ ਦਾ ਆਪਣਾ ਗੜ੍ਹ ਮੰਨੇ ਜਾਂਦੇ ਅਮਰੀਕਾ ਤੇ ਯੂਰਪ ਵਿਚ ਮੰਦਾ ਕਿਉਂ ਆ ਗਿਆ? ਅਮਰੀਕਾ ਦੇ ਅੱਠ ਸੌ ਤੋਂ ਵੱਧ ਬੈਂਕ ਬੰਦ ਕਿਉਂ ਹੋ ਗਏ? ਸਾਰਾ ਕਾਰੋਬਾਰ ਚੌੜ-ਚੁਪੱਟ ਕਿਉਂ ਹੋ ਗਿਆ? ਘਰਾਂ ਦੀਆਂ ਕਿਸ਼ਤਾਂ ਨਾ ਮੋੜ ਸਕਣ ਕਾਰਨ ਮੱਧ ਵਰਗ ਦੇ ਲੋਕਾਂ ਨੂੰ ਘਰ ਬੈਂਕਾਂ ਦੇ ਹਵਾਲੇ ਕਰ ਕੇ ਪਾਰਕਾਂ ਵਿਚ ਖੜੀਆਂ ਕਾਰਾਂ ਵਿਚ ਪਰਿਵਾਰਾਂ ਸਮੇਤ ਸੌਣਾ ਕਿਉਂ ਪੈ ਗਿਆ? ਮਨਮੋਹਨ ਸਿੰਘ ਨੂੰ ਪੰਜਾਬੀ ਦਾ ਇਹ ਅਖਾਣ ਯਾਦ ਰੱਖਣਾ ਚਾਹੀਦਾ ਹੈ ਕਿ 'ਜਿਨ੍ਹਾਂ ਫੂਕੇ ਆਪਣੇ, ਦੇਣ ਫੂਕ ਪਰਾਏ।' ਉਨ੍ਹਾਂ ਨੇ ਜਦੋਂ ਆਪਣੇ ਲੋਕ ਨਹੀਂ ਬਖਸ਼ੇ, ਅਸੀਂ ਉਨ੍ਹਾਂ ਦੇ ਮਾਸੀ ਦੇ ਪੁੱਤ ਨਹੀਂ ਲੱਗਦੇ।

ਸਾਨੂੰ ਇਸ ਗੱਲ ਨਾਲ ਜ਼ਰਾ ਜਿੰਨਾ ਵੀ ਮੱਤਭੇਦ ਨਹੀਂ ਕਿ ਦੇਸ਼ ਵਿਚ ਗਰੀਬੀ ਹੈ ਤੇ ਇਸ ਗੱਲ ਵਿਚ ਵੀ ਨਹੀਂ ਕਿ ਕੁਝ ਵਿਰੋਧੀ ਪਾਰਟੀਆਂ ਇਸ ਸਬੰਧੀ ਦੋਹਰਾ ਕਿਰਦਾਰ ਨਿਭਾ ਰਹੀਆਂ ਹਨ। ਪ੍ਰਧਾਨ ਮੰਤਰੀ ਵਿਰੋਧੀਆਂ ਵਿਚੋਂ ਜਿਸ ਪਾਰਟੀ ਦੇ ਦੋਹਰੇ ਕਿਰਦਾਰ ਦੀ ਗੱਲ ਕਰਦਾ ਹੈ, ਉਸ ਦਾ ਨਾਂ ਕਿਉਂ ਨਹੀਂ ਲੈਂਦਾ? ਉਸ ਨੂੰ ਇਹ ਗੱਲ ਘੁੰਡ ਕੱਢ ਕੇ ਕਿਉਂ ਕਰਨੀ ਪੈਂਦੀ ਹੈ? ਸਿਰਫ ਇਸ ਲਈ ਕਿ ਜਿਨ੍ਹਾਂ ਕੰਪਨੀਆਂ ਨੂੰ ਵਿਦੇਸ਼ੀ ਪੂੰਜੀ ਦੀ ਖੁੱਲ੍ਹ ਦੇਣ ਲੱਗਾ ਹੈ, ਉਹ ਨਹੀਂ ਚਾਹੁੰਦੀਆਂ ਕਿ ਵਿਰੋਧੀ ਧਿਰ ਵਿਚ ਬੈਠ ਕੇ ਮੋਰਚੇ ਲਾਉਂਦੇ ਹੋਏ ਵੀ ਉਨ੍ਹਾਂ ਨਾਲ ਅੱਖ-ਮਟੱਕਾ ਕਰ ਰਹੀ ਭਾਰਤੀ ਜਨਤਾ ਪਾਰਟੀ ਬਾਰੇ ਲੋਕਾਂ ਤੱਕ ਅਸਲ ਗੱਲ ਚਲੀ ਜਾਵੇ। ਇਹ ਉਨ੍ਹਾਂ ਕੰਪਨੀਆਂ ਦੀ ਲੋੜ ਹੈ, ਮਨਮੋਹਨ ਸਿੰਘ ਦੀ ਨਹੀਂ। ਇਸ ਦੇ ਬਾਵਜੂਦ ਉਹ ਇਸ ਪੱਖ ਤੋਂ ਖਾਮੋਸ਼ ਹੈ। ਆਪ ਭਾਜਪਾ ਆਗੂ ਟੀ ਵੀ ਚੈਨਲਾਂ ਦੀ ਬਹਿਸ ਵਿਚ ਵੀ ਇਹ ਗੱਲ ਸਾਫ ਨਹੀਂ ਕਹਿੰਦੇ ਕਿ ਜੇ ਉਨ੍ਹਾਂ ਦੀ ਸਰਕਾਰ ਆਈ ਤਾਂ ਇਹ ਕਦਮ ਨਹੀਂ ਚੁੱਕਣਗੇ। ਡਾ. ਮਨਮੋਹਨ ਸਿੰਘ ਵੀ ਇਸ ਗੱਲ ਨੂੰ ਅੱਗੇ ਇਸ ਲਈ ਨਹੀਂ ਵਧਾਉਣਾ ਚਾਹੁੰਦੇ ਕਿ ਜੇ ਚੱਲੀ ਤਾਂ ਇਹ ਵੀ ਸਾਹਮਣੇ ਆ ਜਾਵੇਗਾ ਕਿ ਉਦੋਂ ਉਹ ਆਪ ਚੁੱਪ ਰਹੇ ਸਨ, ਪਰ ਉਨ੍ਹਾਂ ਦੀ ਪਾਰਟੀ ਨੇ ਭਾਜਪਾ ਦੇ ਇਨ੍ਹਾਂ ਹੀ ਕਦਮਾਂ ਦਾ ਵਿਰੋਧ ਕੀਤਾ ਸੀ। ਉਹ ਇਸ ਦੀ ਥਾਂ 'ਹਜ਼ਾਰੋਂ ਜਵਾਬੋਂ ਸੇ ਮੇਰੀ ਖਾਮੋਸ਼ੀ ਹੈ ਅੱਛੀ' ਵਾਲੇ ਪੈਂਤੜੇ ਨੂੰ ਮੱਲ ਕੇ 'ਇੱਕ ਚੁੱਪ ਤੇ ਸੌ ਸੁੱਖ' ਮਾਣਨਾ ਚਾਹੁੰਦੇ ਹਨ। ਜੇ ਸਿਰਫ ਖਾਮੋਸ਼ੀ ਨਾਲ ਦਸ ਸਾਲ ਰਾਜ ਕਰ ਕੇ ਪੰਡਤ ਜਵਾਹਰ ਲਾਲ ਨਹਿਰੂ ਅਤੇ ਇੰਦਰਾ ਗਾਂਧੀ ਤੋਂ ਪਿੱਛੋਂ ਤੀਜਾ ਲੰਮਾ ਸਮਾਂ ਰਾਜ ਕਰਨ ਵਾਲਾ ਪ੍ਰਧਾਨ ਮੰਤਰੀ ਬਣ ਜਾਵੇ ਤਾਂ ਉਹਦੇ ਲਈ ਇਹ ਖਾਮੋਸ਼ੀ 'ਹਜ਼ਾਰੋਂ ਜਵਾਬੋਂ ਸੇ ਅੱਛੀ' ਹੀ ਹੈ।

ਦੁਨੀਆਂ ਦਾ ਸਿਖਰਲਾ ਅਰਥਸ਼ਾਸਤਰੀ ਪ੍ਰਧਾਨ ਮੰਤਰੀ ਸਾਨੂੰ ਇਹ ਨਾ ਦੱਸੇ ਕਿ ਦੇਸ਼ ਵਿਚ ਗਰੀਬੀ ਬਹੁਤ ਹੈ। ਇਹ ਸਭ ਲੋਕਾਂ ਨੂੰ ਪਤਾ ਹੈ। ਇਸ ਦੇਸ਼ ਦੇ ਯੋਜਨਾ ਕਮਿਸ਼ਨ ਦੀ ਰਾਏ ਮੁਤਾਬਕ ਚੌਵੀ ਰੁਪਏ ਰੋਜ਼ ਖਰਚ ਸਕਣ ਜੋਗੇ ਲੋਕ ਜਦੋਂ 'ਗਰੀਬੀ ਰੇਖਾ ਤੋਂ ਹੇਠਾਂ' ਨਹੀਂ ਮੰਨੇ ਜਾਂਦੇ ਤਾਂ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਨੇ ਇਹ ਨਹੀਂ ਦੱਸਣਾ ਕਿ ਗਰੀਬੀ ਬਹੁਤ ਹੈ। ਇਹੋ ਜਿਹੇ ਅੰਕੜੇ ਉਹ ਮੌਂਟੇਕ ਸਿੰਘ ਆਹਲੂਵਾਲੀਏ ਨੂੰ ਸਮਝਾਵੇ। ਲੋਕਾਂ ਨੂੰ ਜੇ ਦੱਸਣਾ ਹੈ ਤਾਂ ਇਸ ਦੀ ਥਾਂ ਗਰੀਬੀ ਦੇ ਵਧਦੀ ਜਾਣ ਦਾ ਕਾਰਨ ਦੱਸਣ ਦਾ ਉਹ ਯਤਨ ਕਰੇ, ਜਿਹੜਾ ਉਹ ਸੁਣਨ ਦੀ ਆਸ ਰੱਖਦੇ ਹਨ ਤੇ ਜਿਹੜਾ ਮਨਮੋਹਨ ਸਿੰਘ ਦੇ ਪਿੱਛੇ ਖੜੇ ਥੈਲੀਸ਼ਾਹ ਦੱਸਣ ਨਹੀਂ ਦੇਂਦੇ।

ਜਦੋਂ ਇਹ ਦੇਸ਼ ਆਜ਼ਾਦ ਹੋਇਆ ਤਾਂ ਚੀਨ ਤੋਂ ਵੱਧ ਕੁਚਲਿਆ ਹੋਇਆ ਨਹੀਂ ਸੀ, ਪਰ ਉਹ ਪਿੱਛੋਂ ਤੁਰ ਕੇ ਅੱਗੇ ਨਿਕਲ ਗਿਆ ਤੇ ਅਸੀਂ ਉਸ ਦੇ ਜਿੰਨਾ ਪੈਂਡਾ ਨਹੀਂ ਕਰ ਸਕੇ। ਇਸ ਵਿਚ ਲੋਕਾਂ ਦਾ ਕਸੂਰ ਨਹੀਂ। ਲੋਕਾਂ ਨੇ ਕੋਈ ਕਸਰ ਨਹੀਂ ਰੱਖੀ, ਉਹ ਜਿੰਨੇ ਜੋਗੇ ਸਨ, ਜ਼ੋਰ ਲਾਈ ਗਏ, ਕਸੂਰ ਸਰਕਾਰਾਂ ਦਾ ਸੀ। ਉਨ੍ਹਾਂ ਨੇ ਨੀਤੀਆਂ ਇਹੋ ਜਿਹੀਆਂ ਧਾਰਨ ਕਰੀ ਰੱਖੀਆਂ, ਜਿਨ੍ਹਾਂ ਨਾਲ ਲੋਕਾਂ ਦਾ ਮਾਸ ਚੂੰਡ ਕੇ ਜੋਕਾਂ ਦੇ ਢਿੱਡ ਵਿਚ ਪੈਂਦਾ ਰਿਹਾ। ਪ੍ਰਧਾਨ ਮੰਤਰੀ ਕਹਿੰਦਾ ਹੈ ਕਿ ਦੇਸ਼ ਪਛੜਦਾ ਜਾ ਰਿਹਾ ਹੈ, ਪਰ ਉਹ ਇਹ ਗੱਲ ਲੁਕਾ ਜਾਂਦਾ ਹੈ ਕਿ ਦੇਸ਼ ਦੇ ਪਛੜਦੇ ਜਾਣ ਦੇ ਸਮੇਂ ਇਸ ਦੀ ਅਗਵਾਈ ਬਹੁਤਾ ਸਮਾਂ ਓਸੇ ਇੱਕ ਟੱਬਰ ਦੇ ਹੱਥ ਵਿਚ ਰਹੀ, ਜਿਸ ਨੇ ਮਨਮੋਹਨ ਸਿੰਘ ਨੂੰ 'ਹਜ਼ਾਰੋਂ ਜਵਾਬੋਂ ਸੇ ਅੱਛੀ ਖਾਮੋਸ਼ੀ' ਰੱਖ ਕੇ ਕੁਰਸੀ ਉਤੇ ਬੈਠੇ ਰਹਿਣ ਦਾ ਮੌਕਾ ਦਿੱਤਾ ਹੈ। ਸਭ ਤੋਂ ਵੱਧ ਇਸ ਦੇਸ਼ ਨੂੰ ਪਿਛਲੇ ਇੱਕ ਦਹਾਕੇ ਦੌਰਾਨ ਪਛੇਤ ਵੇਖਣੀ ਪਈ ਹੈ ਅਤੇ ਇਸ ਦਹਾਕੇ ਦੇ ਸਵਾ ਅੱਠ ਸਾਲ ਤੋਂ ਵੱਧ ਦੇਸ਼ ਦੀ ਕਮਾਨ ਏਸੇ ਪ੍ਰਧਾਨ ਮੰਤਰੀ ਦੇ ਕੋਲ ਰਹੀ ਹੈ। ਉਸ ਨੂੰ ਇਸ ਦੇਸ਼ ਨੂੰ ਬੈਕ-ਗੇਅਰ ਵਿਚੋਂ ਕੱਢਣਾ ਚਾਹੀਦਾ ਸੀ। ਜਵਾਬ ਉਹ ਇਹ ਦੇਂਦਾ ਹੈ ਕਿ ਉਸ ਦੇ ਸਾਹਮਣੇ ਗੱਠਜੋੜ ਦੀਆਂ ਮਜਬੂਰੀਆਂ ਸਨ, ਇਸ ਲਈ ਕਈ ਫੈਸਲੇ ਉਹ ਲੈਣੇ ਪਏ, ਜਿਨ੍ਹਾਂ ਨੂੰ ਮਨ ਨਹੀਂ ਮੰਨਦਾ ਸੀ। ਏਨੀ ਗੱਲ ਨਾਲ ਉਸ ਦੀ ਪਾਕ-ਦਾਮਨੀ ਸਾਬਤ ਨਹੀਂ ਹੋ ਜਾਂਦੀ। ਕਾਂਗਰਸ ਦੇ ਸ੍ਰੀਪ੍ਰਕਾਸ਼ ਜਾਇਸਵਾਲ ਨੂੰ ਕੋਲਾ ਮੰਤਰੀ ਬਣਾ ਦਿੱਤਾ ਤੇ ਉਸ ਨੇ ਆਪਣੇ ਰਿਸ਼ਤੇਦਾਰੀ ਵਿਚੋਂ ਲੱਗਦੇ ਭਤੀਜੇ ਨੂੰ ਕੋਲੇ ਦਾ ਬਲਾਕ ਅਲਾਟ ਕਰ ਦਿੱਤਾ ਤਾਂ ਇਸ ਵਿਚ ਬਾਹਰ ਦੀ ਸਿਆਸੀ ਮਜਬੂਰੀ ਨਹੀਂ, ਕਾਂਗਰਸ ਪਾਰਟੀ ਦੇ ਅੰਦਰ ਭ੍ਰਿਸ਼ਟਾਚਾਰ ਦੇ ਭੜੋਲਿਆਂ ਦੀ ਭਰਮਾਰ ਜ਼ਿੰਮੇਵਾਰ ਹੈ। ਕੇਂਦਰੀ ਮੰਤਰੀ ਸੁਬੋਧ ਕਾਂਤ ਸਹਾਏ ਦੇ ਭਰਾ ਨੂੰ ਕੋਲੇ ਦਾ ਬਲਾਕ ਅਲਾਟ ਕੀਤਾ ਤਾਂ ਉਹ ਵੀ ਕਾਂਗਰਸ ਦਾ ਆਪਣਾ ਮੰਤਰੀ ਸੀ। ਕੋਲੇ ਤੋਂ ਸਭ ਤੋਂ ਵੱਧ ਕਾਲੀ ਕਮਾਈ ਕਰਨ ਵਾਲਾ ਨਵੀਨ ਜਿੰਦਲ ਵੀ ਕਾਂਗਰਸ ਪਾਰਟੀ ਦਾ ਐਮ ਪੀ ਅਤੇ ਦੂਸਰਾ ਵੱਡੀ ਕਮਾਈ ਕਰਨ ਵਾਲਾ ਵਿਜੇ ਦਰੜਾ ਵੀ ਕਾਂਗਰਸ ਪਾਰਟੀ ਦਾ ਪਾਰਲੀਮੈਂਟ ਮੈਂਬਰ ਸੀ। ਕਾਮਨਵੈਲਥ ਖੇਡਾਂ ਵਿਚ ਕਮਾਈ ਕਰਨ ਵਾਲਾ ਸੁਰੇਸ਼ ਕਲਮਾਡੀ ਵੀ ਕਾਂਗਰਸ ਪਾਰਟੀ ਦਾ ਆਗੂ ਹੀ ਸੀ। ਇਨ੍ਹਾਂ ਦੀਆਂ ਜੇਬਾਂ ਵਿਚ ਜਿਹੜੀ ਦੌਲਤ ਜਾ ਪਈ, ਉਹ ਦੇਸ਼ ਦੇ ਲੋਕਾਂ ਦੇ ਭਲੇ ਲਈ ਲੱਗਦੀ ਤਾਂ ਵਿਕਾਸ ਦੇ ਪੱਖੋਂ ਦੇਸ਼ ਨਾ ਪਛੜਦਾ, ਪਰ ਮਨਮੋਹਨ ਸਿੰਘ ਨੇ ਕਦੇ ਵੀ ਇਹ ਗੱਲ ਨਹੀਂ ਮੰਨਣੀ।



ਡਾ. ਮਨਮੋਹਨ ਸਿੰਘ ਤੇ ਸੋਨੀਆ ਗਾਂਧੀ

ਡਾ. ਮਨਮੋਹਨ ਸਿੰਘ ਨੇ ਭਾਰਤ ਦੀ ਬਿਮਾਰ ਆਰਥਿਕਤਾ ਦਾ ਇਲਾਜ ਕਰਨ ਲਈ ਇੱਕ ਟੀਕਾ ਮੁੜ-ਮੁੜ ਕੇ ਇਹ ਲਾਇਆ ਕਿ ਪੈਟਰੋਲ ਤੇ ਡੀਜ਼ਲ ਦੇ ਭਾਅ ਵਧਾਉਂਦੇ ਗਏ। ਇਸ ਸਬੰਧ ਵਿਚ ਉਹ ਸੰਸਾਰ ਭਰ ਵਿਚ ਤੇਲ ਦੀਆਂ ਕੀਮਤਾਂ ਵਧਣ ਦਾ ਹਵਾਲਾ ਦਿੰਦੇ ਹਨ। ਇਹ ਕੀਮਤਾਂ ਪਹਿਲਾਂ ਵੀ ਵਧਦੀਆਂ ਸਨ, ਪਰ ਇਹ ਸੋਚ ਕੇ ਕਿ ਲੋਕਾਂ ਉਤੇ ਬੋਝ ਨਹੀਂ ਪਾਉਣਾ, ਸਰਕਾਰ ਕੀਮਤਾਂ ਨੂੰ ਹੇਠਾਂ ਰੱਖ ਕੇ ਘਾਟਾ ਪੂਰਾ ਕਰਨ ਲਈ ਆਪਣੇ ਖਜ਼ਾਨੇ ਤੋਂ ਸਬਸਿਡੀ ਦੇ ਦੇਂਦੀ ਸੀ। ਸਰਕਾਰੀ ਕੰਪਨੀਆਂ ਇਸ ਨੂੰ ਮੰਨ ਲੈਂਦੀਆਂ ਸਨ। ਪਿਛਲੇ ਸਮੇਂ ਵਿਚ ਇਸ ਪੱਖ ਤੋਂ ਕੰਪਨੀਆਂ ਨੂੰ ਖੁੱਲ੍ਹ ਦੇ ਦਿੱਤੀ ਗਈ, ਇਸ ਲਈ ਨਹੀਂ ਕਿ ਇਸ ਵਿਚ ਦੇਸ਼ ਦੇ ਹਿੱਤ ਸਨ, ਸਗੋਂ ਇਸ ਲਈ ਕਿ ਇੱਕ ਵੱਡੇ ਘਰਾਣੇ ਨੇ ਤੇਲ ਦੇ ਕਾਰੋਬਾਰ ਵਿਚ ਪੈਰ ਆ ਗੱਡਿਆ ਸੀ ਤੇ ਉਸ ਨੂੰ ਮੁਨਾਫਾ ਚਾਹੀਦਾ ਸੀ। ਇੱਕ ਮੁਨਾਫੇਖੋਰ ਘਰਾਣੇ ਖਾਤਰ ਦੇਸ਼ ਦੀ ਪ੍ਰਵਾਨਤ ਨੀਤੀ ਨੂੰ ਮੋੜਾ ਦੇਣ ਵਾਲਾ ਪ੍ਰਧਾਨ ਮੰਤਰੀ ਦੇਸ਼ ਦਾ ਵਿਕਾਸ ਨਾ ਹੋਣ ਦਾ ਰੋਣਾ ਰੋਂਦਾ ਹੈ ਤਾਂ ਲੋਕਾਂ ਨੂੰ ਹੈਰਾਨੀ ਹੁੰਦੀ ਹੈ। ਲੋਕਾਂ ਨੂੰ ਤਾਂ ਏਨਾ ਪਤਾ ਨਹੀਂ ਕਿ ਜਦੋਂ ਕੋਲੇ ਦੇ ਬਲਾਕ ਮਨਮੋਹਨ ਸਿੰਘ ਦੀ ਸਰਕਾਰ ਨੇ ਆਪਣੇ ਚਹੇਤਿਆਂ ਤੇ ਵੱਡੇ ਧੋਖੇਬਾਜ਼ਾਂ ਦੇ ਪੱਲੇ ਪਾਏ ਸਨ, ਉਦੋਂ ਭਾਰਤ ਸਰਕਾਰ ਦੀ ਆਪਣੀ ਕੰਪਨੀ, ਕੋਲ ਇੰਡੀਆ, ਨੇ ਵੀ ਬਲਾਕ ਮੰਗੇ ਸਨ, ਪਰ ਉਸ ਨੂੰ ਦੇਣ ਦੀ ਥਾਂ ਮੌਜ਼ੰਬੀਕ ਤੋਂ ਕੋਲਾ ਖਰੀਦ ਲਿਆਉਣ ਨੂੰ ਕਹਿ ਦਿੱਤਾ ਗਿਆ ਸੀ। ਆਪਣੇ ਦੇਸ਼ ਦੀ ਥਾਂ ਦੂਰ ਅਫਰੀਕੀ ਦੇਸ਼ ਤੋਂ ਕੋਲਾ ਲਿਆ ਕੇ ਉਹ ਜਿੰਦਲਾਂ, ਜਾਇਸਵਾਲਾਂ ਤੇ ਦਰੜੇ ਵਰਗਿਆਂ ਦਾ ਮੁਕਾਬਲਾ ਕਿਵੇਂ ਕਰ ਸਕਦੀ ਸੀ? ਇਹ ਉਸ ਦੇ ਗੋਡੇ ਲਵਾਉਣ ਦੀ ਚਾਲ ਸੀ, ਤਾਂ ਕਿ ਉਸ ਨੂੰ ਘਾਟੇ ਵਿਚ ਦੱਸ ਕੇ ਫਿਰ ਉਸ ਨੂੰ ਵੇਚਣ ਦਾ ਰਾਹ ਓਦਾਂ ਹੀ ਕੱਢਿਆ ਜਾ ਸਕੇ, ਜਿਵੇਂ ਵਾਜਪਾਈ ਸਰਕਾਰ ਨੇ ਭਾਰਤ ਅਲਮੀਨੀਅਮ ਕੰਪਨੀ ਜਾਂ ਮੁੰਬਈ ਦੇ ਸੰਤੂਰ ਹੋਟਲ ਨੂੰ ਵੇਚਣ ਲਈ ਰਾਹ ਕੱਢਿਆ ਸੀ। ਸ਼ਾਇਦ ਏਸੇ ਲਈ ਭਾਰਤੀ ਜਨਤਾ ਪਾਰਟੀ ਵੱਲੋਂ ਮਨਮੋਹਨ ਸਿੰਘ ਸਰਕਾਰ ਦੇ ਫੈਸਲਿਆਂ ਦਾ ਵਿਰੋਧ ਕਰਨ ਦੇ ਬਾਵਜੂਦ ਵਾਜਪਾਈ ਸਰਕਾਰ ਵੇਲੇ ਦਾ ਮੰਤਰੀ ਤੇ ਭਾਜਪਾ ਦਾ ਹੁਣ ਦਾ ਪਾਰਲੀਮੈਂਟ ਮੈਂਬਰ ਅਰੁਣ ਸ਼ੋਰੀ ਇਨ੍ਹਾਂ ਫੈਸਲਿਆਂ ਦੇ ਪੱਖ ਵਿਚ ਖੁੱਲ੍ਹ ਕੇ ਬੋਲ ਪਿਆ ਹੈ।

ਇਹ ਨੀਤੀਆਂ ਡਾ. ਮਨਮੋਹਨ ਸਿੰਘ ਬੜੇ ਭਰਮਾਊ ਢੰਗ ਨਾਲ ਪੇਸ਼ ਕਰ ਕੇ ਇਹ ਕਹਿਣਾ ਚਾਹੁੰਦੇ ਹਨ ਕਿ ਦੇਸ਼ ਦਾ ਭਲਾ ਕਰ ਦੇਣਗੀਆਂ। ਏਦਾਂ ਦਾ ਕੁਝ ਨਹੀਂ ਹੋਣਾ। ਅੱਗੇ ਐਨਰਾਨ ਬਿਜਲੀ ਕੰਪਨੀ ਨਰਸਿਮਹਾ ਰਾਓ ਦੇ ਵੇਲੇ ਆਈ ਤਾਂ ਭਾਜਪਾ ਨੇ ਉਸ ਦਾ ਵਿਰੋਧ ਕੀਤਾ ਤੇ ਨਰਸਿਮਹਾ ਰਾਓ ਨੇ ਉਸ ਦੇ ਪ੍ਰਾਜੈਕਟ ਦੀ ਪ੍ਰਵਾਨਗੀ ਰੋਕ ਲਈ। ਵਿਰੋਧ ਸਿਰਫ ਭਾਜਪਾ ਨੇ ਨਹੀਂ ਸੀ ਕੀਤਾ, ਨਰਸਿਮਹਾ ਰਾਓ ਨੂੰ ਉਸ ਵੇਲੇ ਖੱਬੇ-ਪੱਖੀਆਂ ਦੀ ਵੀ ਲੋੜ ਸੀ, ਇਸ ਕਰ ਕੇ ਉਹ ਅਮਲ ਰੋਕਣਾ ਪਿਆ ਸੀ, ਪਰ ਜਦੋਂ ਪਹਿਲੀ ਵਾਜਪਾਈ ਸਰਕਾਰ ਸਿਰਫ ਤੇਰਾਂ ਦਿਨਾਂ ਲਈ ਬਣੀ ਤਾਂ ਤੇਰਾਂ ਦਿਨਾਂ ਵਿਚ ਉਸੇ ਪ੍ਰਾਜੈਕਟ ਨੂੰ ਭਾਜਪਾ ਵਾਲੇ ਪਾਸ ਕਰ ਗਏ ਸਨ। ਭਰੋਸੇ ਦਾ ਵੋਟ ਉਡੀਕਦੀ ਇੱਕ ਆਰਜ਼ੀ ਸਰਕਾਰ ਵੱਲੋਂ ਵੀ ਜਿਸ ਪ੍ਰਾਜੈਕਟ ਨੂੰ ਪਾਸ ਕਰ ਦਿੱਤਾ ਗਿਆ ਤੇ ਕਾਂਗਰਸ ਨੇ ਵੀ ਵਿਰੋਧ ਨਹੀਂ ਸੀ ਕੀਤਾ, ਉਸ ਕੰਪਨੀ ਦੇ ਖੰਭੇ ਖੜੇ ਰਹਿ ਗਏ ਤੇ ਮਾਲ ਕਮਾ ਕੇ ਉਹ ਨਾ ਸਿਰਫ ਅਮਰੀਕਾ ਮੁੜ ਗਈ, ਬਲਕਿ ਉਸ ਦੇ ਡਾਇਰੈਕਟਰਾਂ ਨੂੰ ਆਪਣੇ ਦੇਸ਼ ਦੀ ਜੇਲ੍ਹ ਵਿਚ ਜਾਣਾ ਪੈ ਗਿਆ, ਕਿਉਂਕਿ ਉਨ੍ਹਾਂ ਨੇ ਭਾਰਤੀਆਂ ਨਾਲ ਹੀ ਨਹੀਂ, ਆਪਣੇ ਦੇਸ਼ ਵਿਚ ਵੀ ਧਾਂਦਲੀ ਕੀਤੀ ਸੀ। ਜਿਨ੍ਹਾਂ ਕੰਪਨੀਆਂ ਨੂੰ ਹੁਣ ਸੱਦਿਆ ਜਾ ਰਿਹਾ ਹੈ, ਜਾਂ ਖੁੱਲ੍ਹ ਦਿੱਤੀ ਜਾ ਰਹੀ ਹੈ, ਇਹ ਗੰਗਾ ਨਹਾ ਕੇ ਨਹੀਂ ਆ ਰਹੀਆਂ, ਉਸੇ ਬਰਾਦਰੀ ਤੋਂ ਹਨ ਤੇ ਫਾਰਮੂਲਾ ਵੀ ਉਹੋ ਹੋ ਸਕਦਾ ਹੈ: 'ਜਿਨ੍ਹਾਂ ਫੂਕੇ ਆਪਣੇ, ਦੇਣ ਫੂਕ ਪਰਾਏ।' ਇਹ ਗੱਲ ਉਹ ਆਮ ਆਦਮੀ ਸਮਝਦਾ ਹੈ, ਜਿਸ ਦੇ ਨਾਂ ਉਤੇ ਡਾ. ਮਨਮੋਹਨ ਸਿੰਘ ਦੇਸ਼ ਦੇ ਨਾਂ ਸੰਦੇਸ਼ ਦਿੰਦੇ ਹਨ, ਪਰ ਖੁਦ ਉਨ੍ਹਾਂ ਨੂੰ ਇਸ ਦੀ ਸਮਝ ਨਹੀਂ ਆਉਂਦੀ, ਜਾਂ ਵੱਧ ਠੀਕ ਕਹੀਏ ਤਾਂ ਉਹ ਸਮਝਣਾ ਹੀ ਨਹੀਂ ਚਾਹੁੰਦੇ।

# ਭਾਰਤੀ ਡਾਕਟਰਾਂ ਦਾ ਬਰਤਾਨੀਆ ਤੋਂ ਮੋਹ ਭੰਗ

**ਲੰਡਨ:** ਦਹਾਕਿਆਂ ਤੋਂ ਭਾਰਤ ਦੇ ਵੱਡੀ ਗਿਣਤੀ ਡਾਕਟਰ ਬਰਤਾਨੀਆ ਵਿਚ ਪੜ੍ਹਾਈਆਂ ਵੀ ਕਰਦੇ ਆ ਰਹੇ ਹਨ ਤੇ ਇੱਥੇ ਕੰਮ ਵੀ ਕਰਦੇ ਆ ਰਹੇ ਹਨ ਪਰ ਹਾਲੀਆ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਹੁਣ ਬਰਤਾਨੀਆ ਪੁੱਜਣ ਵਾਲੇ ਭਾਰਤੀ ਡਾਕਟਰਾਂ ਦੀ ਗਿਣਤੀ ਵਿਚ ਭਾਰੀ ਕਮੀ ਆਈ ਹੈ। ਇਸ ਲਈ ਬਰਤਾਨੀਆ ਵੱਲੋਂ ਹਾਲ ਹੀ ਵਿਚ ਸਖ਼ਤ ਕੀਤੇ ਗਏ ਵੀਜ਼ਾ ਨੇਮਾਂ ਤੇ ਭਾਰਤ ਵਿਚ ਕਰੀਅਰ ਸਬੰਧੀ ਬਿਹਤਰ ਮੌਕਿਆਂ ਨੂੰ ਜ਼ਿੰਮੇਵਾਰ ਸਮਝਿਆ ਜਾਂਦਾ ਹੈ।

ਇਹ ਜਾਣਕਾਰੀ ਜਨਰਲ ਮੈਡੀਕਲ ਕੌਂਸਲ (ਜੀਐਮਸੀ) ਵੱਲੋਂ ਜਾਰੀ ਰਿਪੋਰਟ ਤੋਂ ਮਿਲੀ ਹੈ। ਇਸ ਮੁਤਾਬਕ ਵਿਦੇਸ਼ਾਂ ਤੋਂ ਆਉਣ ਵਾਲੇ ਡਾਕਟਰਾਂ ਵਿਚ ਹਾਲੇ ਵੀ ਸਭ ਤੋਂ ਵੱਡੀ ਗਿਣਤੀ ਭਾਰਤੀ ਡਾਕਟਰਾਂ ਦੀ ਹੀ ਹੈ। ਇਹ ਗਿਣਤੀ 2004 ਵਿਚ 3641 ਰਹੀ ਸੀ ਜਦੋਂਕਿ ਹੁਣ ਘਟ ਕੇ ਇਸ ਸਾਲ ਕਰੀਬ 500 ਰਹਿ ਗਈ ਹੈ। ਸਾਲ 2011 ਤਕ 25592 ਅਜਿਹੇ ਡਾਕਟਰ ਜੀ.ਐਮ. ਸੀ. ਕੋਲ ਰਜਿਸਟਰ ਸਨ ਜਿਨ੍ਹਾਂ ਨੇ ਡਾਕਟਰੀ ਦੀ ਮੁੱਢਲੀ ਯੋਗਤਾ ਭਾਰਤ ਵਿਚ ਹਾਸਲ ਕੀਤੀ ਸੀ।

'ਬਰਤਾਨੀਆ ਵਿਚ ਮੈਡੀਕਲ ਸਿੱਖਿਆ ਤੇ ਪ੍ਰੈਕਟਿਸ' ਸਿਰਲੇਖ ਵਾਲੀ ਇਸ ਰਿਪੋਰਟ ਮੁਤਾਬਕ 2011 ਦੌਰਾਨ ਸਭ ਤੋਂ ਵੱਧ ਮੈਡੀਕਲ ਰਜਿਸਟਰੇਸ਼ਨ ਹਾਸਲ ਕਰਨ ਵਾਲੇ ਡਾਕਟਰਾਂ ਵਿਚ ਪਾਕਿਸਤਾਨ (550), ਭਾਰਤ (489), ਰੋਮਾਨੀਆ (449), ਇਟਲੀ (386) ਤੇ ਯੂਨਾਨ (365) ਸ਼ਾਮਲ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਰਜਿਸਟਰ ਵਿਚ ਦਰਜ ਵਿਦੇਸ਼ੀ ਡਾਕਟਰਾਂ ਵਿਚੋਂ ਸਭ ਤੋਂ ਵੱਡੀ ਗਿਣਤੀ ਉਨ੍ਹਾਂ ਦੀ ਹੈ ਜਿਨ੍ਹਾਂ ਨੇ ਮੁੱਢਲੀ ਮੈਡੀਕਲ ਯੋਗਤਾ ਭਾਰਤ ਤੋਂ ਹਾਸਲ ਕੀਤੀ ਹੈ ਪਰ ਭਾਰਤ ਤੋਂ ਆਉਣ ਵਾਲੇ ਡਾਕਟਰਾਂ ਦੀ ਗਿਣਤੀ 2004 ਦੇ ਸਿਖਰਲੇ ਨੰਬਰ 3641 ਤੋਂ ਘਟ ਕੇ ਮੌਜੂਦਾ ਦੌਰ ਵਿਚ ਸਾਲਾਨਾ ਕਰੀਬ 500 ਰਹਿ ਗਈ ਹੈ।

ਰਿਪੋਰਟ ਮੁਤਾਬਕ ਇਸ ਦਾ ਕਾਰਨ ਬਰਤਾਨੀਆ ਵਿਚਲੀਆਂ ਇਮੀਗਰੇਸ਼ਨ ਤਬਦੀਲੀਆਂ ਵੀ ਹੋ ਸਕਦੀਆਂ ਹਨ ਪਰ ਭਾਰਤ ਸਰਕਾਰ ਵੀ ਦੇਸ਼ ਵਿਚ ਤਕਰੀਬਨ ਛੇ ਲੱਖ ਡਾਕਟਰਾਂ ਦੀ ਕਮੀ ਹੋਣ ਕਾਰਨ ਫਿਕਰਮੰਦ ਹੈੜ ਜਿਹੜੇ ਗਰੈਜੂਏਟ ਡਾਕਟਰ ਅਮਰੀਕਾ ਵਿਚ ਉਚੇਰੀ ਪੜ੍ਹਾਈ ਕਰਦੇ ਹਨ, ਉਨ੍ਹਾਂ ਨੂੰ ਘੱਟੋ-ਘੱਟ ਦੋ ਸਾਲਾਂ ਲਈ ਭਾਰਤ ਵਿਚ ਕੰਮ ਕਰਨ ਵਾਸਤੇ ਪਰਤਣਾ ਪੈਂਦਾ ਹੈ। ਰਿਪੋਰਟ ਮੁਤਾਬਕ ਰਜਿਸਟਰ 'ਤੇ ਭਾਰਤ ਤੋਂ ਬਾਅਦ ਦੂਜਾ ਨੰਬਰ ਪਾਕਿਸਤਾਨ ਵਿਚ ਡਾਕਟਰੀ ਯੋਗਤਾ ਹਾਸਲ ਕਰਨ ਵਾਲੇ ਡਾਕਟਰਾਂ ਦਾ ਆਉਂਦਾ ਹੈ ਜਿਨ੍ਹਾਂ ਦੀ ਗਿਣਤੀ 2011 ਵਿਚ 8606 ਸੀ।

# ਸਾਵਣ-ਭਾਦੋਂ ਸੁੱਕੇ ਤੇ ਅੱਸੂ ਵਿਚ ਬੁੱਕੇ!

**ਲਿਖਤੁਮ**



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਸਾਵਣ ਮਹੀਨੇ ਮੀਂਹ ਦੀਆਂ ਕਈ-ਕਈ ਦਿਨ ਲੰਮੀਆਂ ਝੜੀਆਂ ਲਗਦੀਆਂ ਨੇ ਅਤੇ ਭਾਦੋਂ ਮਹੀਨਾ ਕਦੇ-ਕਦਾਈਂ ਪੈਂਦੇ ਛਰਾਟਿਆਂ ਲਈ ਮਸ਼ਹੂਰ ਹੈ। ਪੰਜਾਬ ਦੀ ਕਹਾਵਤ ਤਾਂ ਇੰਜ ਹੀ ਕਹਿੰਦੀ ਹੈ, ਪਰ ਐਤਕੀਂ ਵਰ੍ਹਦਾ-ਚੋਂਦਾ ਚੰਗਾ ਲੱਗਣ ਵਾਲਾ ਸਾਵਣ ਵੀ ਸੁੱਕ-ਪਕਾ ਹੀ ਗੁਜ਼ਰ ਗਿਆ ਅਤੇ ਭਾਦੋਂ ਵਿਚ ਵੀ ਛਰਾਟਿਆਂ ਨੇ ਰੰਗ ਨਹੀਂ ਦਿਖਾਲਿਆ। ਹਾਂ, ਗਲੋਂ ਉਲਾਂਭਾ ਲਾਹੁਣ ਵਾਂਗ ਸੁੱਕੀ ਧਰਤੀ ਨੂੰ ਗਿਲਾ-ਵੱਤਾ ਕਰਨ ਲਈ ਚਾਰ ਛਿੱਟਾਂ ਜ਼ਰੂਰ ਨਸੀਬ ਹੁੰਦੀਆਂ ਰਹੀਆਂ। ਸਾਡੇ ਕਿਸਾਨ ਭਰਾ ਦੋਏ ਮਹੀਨੇ ਆਸਮਾਨ ਵੱਲ ਨੂੰ ਮੂੰਹ ਚੁੱਕ-ਚੁੱਕ ਦੇਖਦੇ ਰਹੇ।

ਹੁਣ ਮਹੀਨਾ ਚੜ੍ਹ ਪਿਆ ਹੈ ਅੱਸੂ। ਭਾਦੋਂ ਦੇ ਹੁੰਮਸ ਭਰੇ ਦਿਨਾਂ ਤੋਂ ਬਾਅਦ ਅੱਸੂ ਮਹੀਨੇ ਦਾ ਮੌਸਮ ਬੜਾ ਚੰਗਾ-ਚੰਗਾ ਲਗਦੈ। ਇਸੇ ਸੁਹਾਵਣੇ ਮਹੀਨੇ ਦੇ ਪਹਿਲੇ ਹਫ਼ਤੇ ਦੇ ਇਕ ਦਿਨ ਦੀ ਅਖ਼ਬਾਰ ਦੇਖ ਰਿਹਾਂ। ਪੰਜਾਬ ਦੇ ਵੱਖ-ਵੱਖ ਇਲਾਕਿਆਂ ਦੀਆਂ ਖ਼ਬਰਾਂ ਦੇ ਨਾਲ-ਨਾਲ ਫੋਟੋਆਂ ਵੀ ਛਪੀਆਂ ਹੋਈਆਂ ਹਨ। ਲੰਡੇ ਡੰਗ ਆਉਂਦੀ ਬਿਜਲੀ ਅਤੇ ਮਹਿੰਗੇ ਡੀਜ਼ਲ ਨਾਲ ਪਾਲਿਆ ਹੋਇਆ ਮੁੰਜਰਾਂ 'ਤੇ ਆਇਆ ਝੋਨਾ, ਖੇਤਾਂ ਵਿਚ ਇਉਂ ਵਿਛਿਆ ਪਿਆ ਹੈ, ਜਿਵੇਂ ਕਿਸੇ ਦੈਂਤ ਨੇ ਸੁਹਾਗਾ ਫੇਰ ਦਿੱਤਾ ਹੋਵੇ। ਹਰੀ-ਪੀਲੀ ਲਿੱਸੀ ਸੁਨਹਿਰੀ ਜਿਹੀ ਭਾਅ ਮਾਰਦੇ ਡਿੱਗੇ ਪਏ ਝੋਨੇ ਵੱਲ ਗਮਗੀਨ ਚਿਹਰਿਆਂ ਵਾਲੇ ਕਾਸ਼ਤਕਾਰ ਭਰਾ ਇੰਜ ਦੇਖ ਰਹੇ ਹਨ ਜਿਵੇਂ ਇਹ ਝੋਨਾ ਨਹੀਂ, ਸਗੋਂ ਉਨ੍ਹਾਂ ਦੇ ਟੱਬਰਾਂ ਦੇ ਜੀਆ-ਜੰਤ ਮੂਰਛਤ ਹੋ ਕੇ ਢੱਠੇ ਪਏ ਹੋਣ! ਇਨ੍ਹਾਂ ਖ਼ਬਰਾਂ 'ਤੇ ਸੁਰਖੀਆਂ ਲੱਗੀਆਂ ਹੋਈਆਂ ਨੇ, 'ਬੇ-ਮੌਸਮੀ ਭਾਰੀ ਵਰਖਾ ਨੇ ਮਚਾਈ ਤਬਾਹੀ', 'ਭਾਰੇ ਮੀਂਹ ਕਾਰਨ ਕਿਸਾਨਾਂ ਦੇ ਸਾਹ ਸੂਤੇ!' 'ਝੋਨੇ ਤੇ ਕਪਾਹ ਦੀਆਂ ਫ਼ਸਲਾਂ ਦਾ ਭਾਰੀ ਨੁਕਸਾਨ।' ਕਈ ਥਾਂਈਂ ਮਾਯੂਸ ਹੋਏ 'ਅੰਨ-ਦਾਤਿਆਂ' ਦੀਆਂ ਤਰਸ ਭਰੀਆਂ ਅਰਜੋਈਆਂ ਵੀ ਛਪੀਆਂ ਹੋਈਆਂ ਨੇ, 'ਅਫਸਰਾਂ ਨੂੰ ਨੁਕਸਾਨੀ ਫਸਲ ਮੌਕੇ 'ਤੇ ਜਾ ਕੇ ਦੇਖਣ ਦੀਆਂ ਹਦਾਇਤਾਂ ਦਿੱਤੀਆਂ ਜਾਣ', 'ਪਟਵਾਰੀਆਂ ਨੂੰ ਵਿਸ਼ੇਸ਼ ਗਿਰਦਾਵਰੀ ਕਰਨ ਦੇ ਆਦੇਸ਼ ਕੀਤੇ ਜਾਣ।'

ਮੇਰੇ ਆਪਣੇ ਜ਼ਿਲ੍ਹੇ, ਨਵਾਂ ਸ਼ਹਿਰ ਦੇ ਬੇਟ ਇਲਾਕੇ ਦੀ ਫੋਟੋ ਛਪੀ ਦੇਖੀ। ਧੋਤੀਆਂ-ਪਜਾਮੇ 'ਤਾਂਹ ਨੂੰ ਚੁੱਕੀ ਖੜ੍ਹੇ ਕਿਸਾਨ, ਪਾਣੀ 'ਚ ਡੁੱਬੇ ਪਏ ਝੋਨੇ ਵੱਲ ਹੱਥ ਕਰ ਕੇ ਖੜ੍ਹੇ ਹਨ। ਇਨ੍ਹਾਂ ਬਜ਼ੁਰਗਾਂ ਵਿਚ ਅੰਬਰਸਰੀ ਪਜਾਮਾ ਪਾਈ ਖੜ੍ਹਾ ਇਕ ਬਾਪੂ ਐਨ੍ਹ ਸਾਡੇ ਪਿੰਡ ਦੇ ਜਥੇਦਾਰ ਕਰਤਾਰ ਸਿੰਘ ਵਰਗਾ ਹੈ। ਕੱਦ-ਕਾਠ ਚਿਹਰਾ-ਮੋਹਰਾ ਉਹੋ ਜਿਹਾ ਹੀ। ਆਪਣੇ ਪਿੰਡ ਵਾਲੇ ਮਰਹੂਮ ਜਥੇਦਾਰ ਦਾ ਚੇਤਾ ਆਉਂਦਿਆਂ ਹੀ ਉਹਦੇ ਮੂੰਹੋਂ ਸੁਣੀ ਵਾਰਤਾ ਯਾਦ ਆ ਗਈ ਜੋ ਉਸ ਨੇ ਬੇ-ਮੌਕਾ ਪੈ ਰਹੀ ਭਾਰੀ ਵਰਖਾ ਦੇ ਦਿਨੀਂ ਸੁਣਾਈ ਸੀ।

ਐਤਕਾਂ ਵਾਂਗੂੰ ਸੰਨ 1988 ਵਿਚ ਵੀ ਸਾਉਣ-ਭਾਦੋਂ ਸੁੱਕੇ ਹੀ ਲੰਘ ਗਏ ਸਨ। ਅੱਸੂ ਦੇ ਅੱਧ ਵਿਚ ਜਾ ਕੇ ਛੇ-ਸੱਤ ਦਿਨਾਂ ਦੀ ਬੇ-ਮੌਸਮੀ ਝੜੀ ਲੱਗ ਗਈ ਸੀ। ਚਾਰੋਂ ਪਾਸੇ ਜਲ-ਥਲ ਹੋ ਗਿਆ। ਦਰਿਆ ਸਤਲੁਜ ਦੇ ਨਾਲ-ਨਾਲ ਵਸਦੇ ਪਿੰਡਾਂ ਦੇ ਲੋਕਾਂ ਨੂੰ ਢਾਹੇ ਦੇ ਪਿੰਡੀਂ ਲੱਗੇ ਕੈਂਪਾਂ ਵਿਚ ਪਨਾਹ ਦਿੱਤੀ ਗਈ। ਅਣਕਿਆਸੀ ਭਾਰੀ ਵਰਖਾ ਕਾਰਨ ਦਰਿਆਵਾਂ ਵਿਚ ਹੜ੍ਹ ਆ ਗਏ ਸਨ। ਸਾਰੇ ਲੋਕ ਤ੍ਰਾਹ-ਤ੍ਰਾਹ ਕਰ ਉਠੇ ਸਨ। ਪੰਜੀਂ-ਛੇਈਂ ਦਿਨੀਂ ਵਰਖਾ ਥੰਮ੍ਹੀ ਤੋਂ ਮਗਰੋਂ ਸਾਡੇ ਪਿੰਡ ਦੇ ਕਈ ਬਜ਼ੁਰਗ ਬੋਹੜ ਥੱਲੇ ਚੌਂਤੇ ਉਪਰ ਜਾ ਬੈਠੇ। ਹਾਲਾਤੇ-ਹਾਜ਼ਰਾ 'ਤੇ ਤਬਸਰਾ ਸ਼ੁਰੂ ਹੋ ਗਿਆ, "ਦੇਖ ਲੈ ਭਜਨ ਸਿਆਂ ਰੰਗ ਕਰਤਾਰ ਦੇ! ਸਾਉਣ ਮਹੀਨੇ ਕੁੜੀਆਂ-ਕੱਤਰੀਆਂ ਨੇ ਗੁੱਡੀਆਂ ਵੀ ਫੂਕੀਆਂ...ਅਸੀਂ ਭਾਦੋਂ ਚੜ੍ਹੇ ਤੋਂ ਦਰਿਆ 'ਤੇ ਜਾ ਕੇ ਖੁਆਜੇ-ਖਿਜਰ ਦਾ ਦਲੀਆ ਵੀ ਦੇ ਆਏ...ਕਣੀ ਨ੍ਹੀਂ ਪਾਈ 'ਪਤੰਦਰ' ਨੇ।...ਐਹ ਦੇਖ ਹੁਣ ਕਿਵੇਂ ਚਾਰੇ ਪਾਸੇ ਪਾਣੀ-ਓ-ਪਾਣੀ ਫਿਰਦੈ।"

ਇਸ ਖੁੰਢ-ਚਰਚਾ ਵਿਚ ਕੋਈ ਇੰਦਰ ਦੇਵਤੇ ਨੂੰ 'ਕਲਯੁਗੀ' ਹੋ ਗਿਆ ਦੱਸ ਰਿਹਾ ਸੀ। ਕੋਈ ਇਸ ਕ੍ਰੋਪੀ ਨੂੰ ਲੋਕਾਂ ਦੇ ਗੈਰ-ਸਰਧਕ ਰਵੱਈਏ ਨਾਲ ਜੋੜ ਰਿਹਾ ਸੀ। ਇਸ ਮੌਕੇ ਪਰ੍ਹੇ-ਪੰਚਾਇਤਾਂ ਵਿਚ ਦਾਨੀਆਂ-ਬੀਨੀਆਂ ਗੱਲਾਂ ਕਰਨ ਵਾਲੇ ਜਥੇਦਾਰ ਕਰਤਾਰ ਸਿੰਘ ਨੇ ਬੜੀ ਦਿਲਚਸਪ ਕਥਾ ਸੁਣਾਈ ਕਿ ਬੇ-ਮੌਸਮੀ ਵਰਖਾ ਕਿਉਂ, ਕਿੱਥੇ ਤੇ ਕੌਣ ਪਾਉਂਦਾ ਹੈ?

...ਲਉ ਜੀ, ਸਾਡੇ ਦੇਸ ਜੈਸੇ ਬੇਈਮਾਨ ਮੁਲਕ ਦਾ ਇਕ ਵਪਾਰੀ ਆਪਣੇ ਬੇੜੇ ਵਿਚ ਸਾਮਾਨ ਲੱਦ ਕੇ ਸਮੁੰਦਰ ਵਿਚ ਠਿੱਲ੍ਹ ਪਿਆ। ਲੰਮੇ ਅਰਸੇ ਦੇ ਸਮੁੰਦਰੀ ਸਫ਼ਰ ਤੋਂ ਬਾਅਦ ਉਹ ਬਿਗਾਨੇ ਮੁਲਕ ਦੀ ਧਰਤੀ ਨੇੜੇ ਜਾ ਪਹੁੰਚਿਆ ਤਾਂ ਅਚਾਨਕ ਸਮੁੰਦਰੀ ਤੂਫ਼ਾਨ ਆ ਗਿਆ। ਧਰਤੀ ਤੱਕ ਪਹੁੰਚਣ ਲਈ ਉਸ ਨੇ ਜ਼ੋਰ-ਜ਼ੋਰ ਨਾਲ ਬਥੇਰੇ ਚੱਪੂ ਲਾਏ ਪਰ ਉਸ ਦੀ ਪੇਸ਼ ਨਾ ਗਈ। ਕੰਢੇ ਦੇ ਨੇੜੇ ਜਿਹੇ ਪਹੁੰਚਦਿਆਂ ਉਸ ਦਾ ਬੇੜਾ ਸਮੁੰਦਰ 'ਚ ਡੁੱਬ ਗਿਆ। ਚੰਗਾ ਤਾਰੂ ਹੋਣ ਕਰ ਕੇ ਉਹ ਤੈਰਦਾ ਹੋਇਆ ਕੰਢੇ 'ਤੇ ਜਾ ਪਹੁੰਚਿਆ। ਜਾਨ ਬਚੀ ਦਾ ਉਸ ਨੇ ਸ਼ੁਕਰ ਤਾਂ ਮਨਾਇਆ ਪਰ ਉਸ ਨੂੰ ਡੁੱਬੇ ਸਾਮਾਨ ਦਾ ਝੋਰਾ ਵੱਢ-ਵੱਢ ਖਾਣ ਲੱਗਾ। ਉਸ ਨੂੰ ਫੁਰਨਾ ਫੁਰਿਆ ਕਿ ਕਿਉਂ ਨਾ ਇਸ ਪਰਾਏ ਦੇਸ ਦੇ ਰਾਜੇ ਅੱਗੇ ਪੇਸ਼ ਹੋ ਕੇ ਮੁਆਵਜ਼ੇ ਦੀ ਮੰਗ ਕੀਤੀ ਜਾਏ?

ਪੁੱਛਦਾ-ਪੁਛਾਉਂਦਾ ਉਹ ਉਸ ਮੁਲਕ ਦੀ ਰਾਜਧਾਨੀ ਵਾਲੇ ਨਗਰ ਜਾ ਪਹੁੰਚਿਆ। ਕਿਸੇ ਨੂੰ ਰਾਜ-ਮਹਿਲਾਂ ਬਾਰੇ ਪੁੱਛਿਆ ਤਾਂ ਦੱਸਣ ਵਾਲੇ ਨੇ ਸਾਧਾਰਨ ਜਿਹੇ ਘਰ ਦੇ ਬਾਹਰ ਝਾੜੂ ਲਗਾ ਰਹੀ ਜਨਾਨੀ ਵੱਲ ਇਸ਼ਾਰਾ ਕਰਦਿਆਂ ਆਖਿਆ ਕਿ ਉਹ ਸਾਡੇ ਦੇਸ ਦੇ ਰਾਜੇ ਦੀ ਰਾਣੀ ਹੈ ਜੋ ਰਾਜ ਦਰਬਾਰ ਮੋਹਰੇ ਸਫ਼ਾਈ ਕਰ ਰਹੀ ਹੈ। ਪਹਿਲਾਂ ਤਾਂ ਵਪਾਰੀ ਨੇ ਇਸ ਨੂੰ ਮਖੌਲ ਸਮਝਿਆ ਪਰ ਪਰਾਇਆ ਮੁਲਕ ਹੋਣ ਕਾਰਨ ਉਸ ਨੇ ਗੱਲ ਨਾ ਵਧਾਈ। ਰਾਣੀ ਕੋਲ ਜਾ ਕੇ ਉਸ ਨੇ ਰਾਜੇ ਨੂੰ ਮਿਲਣ ਦੀ ਅਰਜ਼ ਕੀਤੀ। ਉਹ ਬੋਲੀ ਕਿ ਰਾਜਾ ਤਾਂ ਸਵੇਰ ਦਾ ਹਲ ਵਾਹੁਣ ਗਿਆ ਹੋਇਐ, ਤੂੰ ਭਾਈ ਪ੍ਰਸ਼ਾਦਾ-ਪਾਣੀ ਛਕ, ਉਹ ਆਉਣ ਹੀ ਵਾਲਾ ਐ।

ਗੱਲਬਾਤ ਕਰਦਿਆਂ ਹੀ ਮਿੱਟੀ-ਘੱਟੇ ਨਾਲ ਲਿਬੜਿਆ ਰਾਜਾ ਵੀ ਆ ਗਿਆ। ਬੇੜਾ ਡੁੱਬਣ ਵਾਲੀ ਵਾਰਤਾ ਸੁਣ ਕੇ ਰਾਜੇ ਨੇ ਕਾਗਜ਼ 'ਤੇ ਕੁਝ ਲਿਖ ਕੇ ਵਪਾਰੀ ਹੱਥ ਫੜਾ ਦਿੱਤਾ ਅਤੇ ਉਸ ਨੂੰ ਆਪਣੇ ਖ਼ਜ਼ਾਨਾ ਮੰਤਰੀ ਪਾਸ ਜਾਣ ਲਈ ਕਹਿ ਦਿੱਤਾ।

"ਉਹ ਕਿੱਥੇ ਮਿਲਣਗੇ ਜੀ?"

ਰਾਜੇ ਨੇ ਲਾਗੇ ਵਗਦੇ ਦਰਿਆ ਦੇ ਛੰਭ ਵੱਲ ਹੱਥ ਕਰ ਕੇ ਦੱਸਿਆ ਕਿ ਉਹ ਉਥੇ ਡੰਗਰ ਚਾਰਨ ਗਿਆ ਹੋਇਐ। ਅਚੰਭਿਤ ਹੋਇਆ ਵਪਾਰੀ ਡੰਗਰ ਚਾਰਦੇ 'ਖ਼ਜ਼ਾਨਾ ਮੰਤਰੀ' ਪਾਸ ਜਾ ਪਹੁੰਚਿਆ। ਉਸ ਦੀ ਫਰਿਆਦ ਸੁਣ ਕੇ ਖ਼ਜ਼ਾਨਾ ਮੰਤਰੀ ਨੇ ਉਸ ਕਾਗਜ਼ 'ਤੇ ਕੁਝ ਲਿਖਿਆ ਤੇ ਵਪਾਰੀ ਨੂੰ ਵਿਦੇਸ਼ ਮੰਤਰੀ ਕੋਲ ਭੇਜ ਦਿੱਤਾ।

ਮੰਤਰੀ ਵੱਲੋਂ ਦੱਸੇ ਟਿਕਾਣੇ 'ਤੇ ਪਹੁੰਚ ਕੇ ਵਪਾਰੀ ਨੇ ਦੇਖਿਆ ਕਿ ਵਿਦੇਸ਼ ਮੰਤਰੀ ਪਸੀਨੇ ਨਾਲ ਗੜੁੱਚ ਹੋਇਆ ਆਪਣੀ ਕਣਕ ਗਾਹ ਰਿਹਾ ਹੈ। ਉਸ ਨੇ ਵੀ ਕਾਗਜ਼ 'ਤੇ ਕੁਝ ਹਰਫ਼ ਪਾਏ ਤੇ ਵਪਾਰੀ ਨੂੰ ਹਦਾਇਤ ਦਿੱਤੀ ਕਿ ਕਾਗਜ਼ ਦਾ ਇਹ ਪੁਰਜ਼ਾ ਕੰਢੇ 'ਤੇ ਜਾ ਕੇ ਸਮੁੰਦਰ ਵਿਚ ਸੁੱਟ ਦੇਵੀਂ। ਵਪਾਰੀ ਨੇ ਜਿਉਂ ਹੀ ਕਾਗ਼ਜ਼ ਸਮੁੰਦਰ ਵਿਚ ਸੁੱਟਿਆ ਤਾਂ ਇਕਦਮ ਸਮੁੰਦਰ ਵਿਚ ਹਲਚਲ ਹੋਈ। ਉਸ ਦਾ ਬੇੜਾ ਸਣੇ ਸਮਾਨ ਤੈਰਨ ਲੱਗ ਪਿਆ। ਉਹ ਖੁਸ਼ੀ ਵਿਚ ਖੀਵਾ ਹੋ ਉਠਿਆ।

ਸ਼ੁਕਰਾਨਾ ਕਰਨ ਦੀ ਮਨਸ਼ਾ ਨਾਲ ਵਪਾਰੀ ਮੁੜ ਰਾਜਧਾਨੀ ਜਾ ਪੁੱਜਾ। ਕੁਦਰਤੀ ਐਤਕੀਂ ਰਾਜ ਮਹਿਲ ਦੇ ਵਿਹੜੇ 'ਚ ਡੱਠੇ ਮੰਜਿਆਂ ਉਪਰ ਬੈਠੇ ਮੰਤਰੀ ਮੰਡਲ ਦੀ ਮੀਟਿੰਗ ਚੱਲ ਰਹੀ ਸੀ। ਬਾਗੋ-ਬਾਗ ਹੋਏ ਵਪਾਰੀ ਨੇ ਆਪਣੇ ਨਾਲ ਵਾਪਰਿਆ ਕ੍ਰਿਸ਼ਮਾ ਸੁਣਾਉਂਦਿਆਂ ਰਾਜੇ ਤੇ ਉਸ ਦੇ ਸਾਥੀ ਵਜ਼ੀਰਾਂ ਦਾ ਕੋਟਾਨਿ-ਕੋਟਿ ਧੰਨਵਾਦ ਕੀਤਾ। ਨਾਲ ਹੀ ਉਸ ਨੇ ਰਾਜ ਭਾਗ ਦੇ ਮਾਲਕ ਹੁੰਦਿਆਂ ਉਨ੍ਹਾਂ ਤਿੰਨਾਂ ਦੇ ਕਿਰਤੀ ਹੋਣ 'ਤੇ ਹੈਰਾਨੀ ਵੀ ਜ਼ਾਹਿਰ ਕੀਤੀ। ਵਪਾਰੀ ਮੂੰਹੋਂ ਇਹ ਗੱਲ ਸੁਣ ਕੇ ਉਹ ਤਿੰਨੋਂ ਜਣੇ ਹੱਕੇ-ਬੱਕੇ ਰਹਿ ਗਏ, "ਹੱਥੀਂ ਕਿਰਤ ਕਰਨਾ ਤਾਂ ਹਰ ਮਨੁੱਖ ਦਾ ਪਹਿਲਾ ਫਰਜ਼ ਹੁੰਦਾ ਹੈ। ਇਹਦੇ 'ਚ ਹੈਰਾਨ ਹੋਣ ਵਾਲੀ ਕਿਹੜੀ ਗੱਲ ਹੈ।" ਉਨ੍ਹਾਂ ਉਲਟਾ ਵਪਾਰੀ ਨੂੰ ਸਵਾਲ ਕੀਤਾ ਕਿ ਭਾਈ ਜਿਸ ਦੇਸ 'ਚੋਂ ਤੂੰ ਆਇਐਂ, ਉਥੋਂ ਦੇ ਰਾਜੇ ਮਹਾਰਾਜੇ ਰੋਜ਼ੀ-ਰੋਟੀ ਲਈ ਕੰਮ ਧੰਦਾ ਨਹੀਂ ਕਰਦੇ? ਸਾਨੂੰ ਉਨ੍ਹਾਂ ਦਾ ਹਾਲ ਦੱਸ?

"ਸਾਡੇ ਦੇਸ ਦੇ ਰਾਜੇ ਮਹਾਰਾਜੇ...?" ਵਪਾਰੀ ਹਉਕਾ ਭਰ ਕੇ ਬੋਲਿਆ, "ਉਹ ਤਾਂ ਹੱਥੀਂ ਕੰਮ ਕਰਨ ਨੂੰ ਆਪਣੀ ਤੌਹੀਨ ਸਮਝਦੇ ਹਨ...ਰਾਜੇ ਵਜ਼ੀਰ ਰਲ-ਮਿਲ ਕੇ ਦੋਹੀਂ ਹੱਥੀਂ ਦੇਸ ਨੂੰ ਲੁੱਟ-ਲੁੱਟ ਕੇ ਵਿਦੇਸ਼ੀ ਬੈਂਕਾਂ ਭਰ ਰਹੇ ਨੇ...ਉਨ੍ਹਾਂ ਖੁਦ ਤਾਂ ਕੀ ਕੰਮ ਕਰਨਾ ਹੋਇਆ, ਸਗੋਂ ਉਹ ਤਾਂ ਆਪਣੀਆਂ ਅਗਲੀਆਂ-ਸੰਗਲੀਆਂ ਦੇ ਸਾਰੇ ਕੋੜਮੇ ਨੂੰ ਇੰਨਾ ਰਜਾ ਦਿੰਦੇ ਨੇ ਕਿ ਉਨ੍ਹਾਂ ਦੀਆਂ ਕਈ-ਕਈ ਪੀੜ੍ਹੀਆਂ ਭਾਵੇਂ ਵਿਹਲੀਆਂ ਖਾਈ ਜਾਣ...ਜਨਤਾ ਉਪਰ ਟੈਕਸ ਠੋਕ-ਠੋਕ ਕੇ, ਆਪ ਮਨ-ਮਾਨੇ ਢੰਗ ਨਾਲ ਐਸ਼ ਕਰਦੇ ਹਨ। ਕੋਈ ਰਾਜਾ, ਕੋਈ ਐਸਾ ਵਜ਼ੀਰ ਨਹੀਂ ਹੋਣਾ ਜਿਸ ਨੇ ਘਪਲਿਆਂ 'ਚ ਹੱਥ ਨਾ ਰੰਗੇ ਹੋਣ...ਉਹ ਤਾਂ ਸਾਡੇ ਦੇਸ ਨੂੰ 'ਚਿੱਟੇ ਹਾਥੀ' ਬਣ ਕੇ ਟੱਕਰਦੇ ਨੇ...।"

ਵਪਾਰੀ ਮੂੰਹੋਂ ਹਾਲੇ 'ਸਿਫ਼ਤਾਂ ਦੀ ਲੜੀ' ਚੱਲ ਹੀ ਰਹੀ ਸੀ ਕਿ ਉਹ ਤਿੰਨੇ ਜਣੇ ਚੌਂਕ ਕੇ ਬੋਲੇ ਕਿ ਭਾਈ ਤੇਰੇ ਦੇਸ ਵਿਚ ਕਿਆ ਲੋਕ ਰਾਜ ਨਹੀਂ ਹੈ?"

"ਜੀ ਕਹਿਣ ਨੂੰ ਤਾਂ ਲੋਕ ਰਾਜ ਈ ਹੈ, ਪਰ ਉਸ ਨੂੰ 'ਜੋਕ ਰਾਜ' ਜਾਂ 'ਥੋਕ ਰਾਜ' ਕਹਿਣਾ ਵਧੇਰੇ ਠੀਕ ਲੱਗਦਾ ਹੈ। ਵੋਟਾਂ ਵੇਲੇ ਪੈਸੇ ਤੇ ਨਸ਼ਿਆਂ ਦੇ ਲਾਲਚ ਵਿਚ ਜਨਤਾ ਫਸ ਜਾਂਦੀ ਹੈ। ਇੰਜ ਉਹੀ ਜੂਲਾ ਮੁੜ ਗਲ ਪਾ ਲੈਂਦੀ ਹੈ।" ਇਹ ਅਜੀਬ ਗੱਲਾਂ ਸੁਣ ਕੇ ਗੁੱਸੇ ਨਾਲ ਭਰਿਆ ਰਾਜਾ, ਇੰਦਰ ਦੇਵਤੇ (ਮੀਂਹ ਦਾ ਇੰਚਾਰਜ!) ਨੂੰ ਫੌਰਨ ਹਾਜ਼ਰ ਹੋਣ ਦਾ ਹੁਕਮ ਦਿੰਦਾ ਹੈ।

"ਕੀ ਹੁਕਮ ਹੈ ਮੇਰੇ ਹਜ਼ੂਰ!" ਹੱਥ ਜੋੜ ਕੇ ਇੰਦਰ ਦੇਵਤਾ ਝੱਟ ਆਣ ਪੁੱਜਦਾ ਹੈ।

"ਸੁਣ ਬਈ, ਜਿਸ ਦੇਸ ਦੇ ਹਾਕਮ ਚੋਰ-ਲੁਟੇਰੇ ਹੋਣ ਤੇ ਉਥੋਂ ਦੀ ਪਰਜਾ ਧਨ ਅਤੇ ਨਸ਼ਿਆਂ ਦੇ ਲਾਲਚ ਵਿਚ ਅੰਨ੍ਹੀ ਹੋ ਜਾਂਦੀ ਹੋਵੇ, ਐਹੋ ਜਿਹੇ ਕਪਟੀ ਦੇਸ ਦੀ ਧਰਤੀ ਹਰਿਆਵਲੀ ਕਰਨ ਲਈ ਤੂੰ ਮੀਂਹ ਕਿਉਂ ਪਾਉਂਦਾ ਹੈਂ?"

ਰਾਜੇ ਦਾ ਸਵਾਲ ਸੁਣ ਕੇ ਇੰਦਰ 'ਸਪਸ਼ਟੀਕਰਨ' ਦਿੰਦਾ ਹੈ, "ਮਹਾਰਾਜ, ਆਪ ਦਾ ਸ਼ਿਕਵਾ ਮੇਰੇ ਸਿਰ ਮੱਥੇ! ਪਰ ਮੈਂ ਵੀ 'ਰੱਬ ਜੀ' ਦੇ ਹੁਕਮ ਦਾ ਬੱਧਾ ਹਾਂ। ਉਸ ਨੇ ਧਰਤੀ ਉਪਰ ਅੰਨ ਪੈਦਾ ਕਰਨ ਲਈ ਮੈਨੂੰ 'ਮੀਂਹ ਮਨਿਸਟਰ' ਬਣਾਇਆ ਹੋਇਐ। ਇਸ ਕਰ ਕੇ ਮੈਨੂੰ ਹਰ ਥਾਂ ਵਰਖਾ ਪਾਉਣੀ ਪੈਂਦੀ ਹੈ, ਲੇਕਿਨ ਮੈਂ ਇਸ ਵਪਾਰੀ ਦੇ ਦੇਸ ਵਰਗੇ ਖਿੱਤਿਆਂ ਵਿਚ ਮੀਂਹ ਪਾਉਣ ਵੇਲੇ ਮਨਮਰਜ਼ੀ ਕਰ ਲੈਂਦਾ ਹੁੰਦਾ ਹਾਂ। ਜਦ ਇਨ੍ਹਾਂ ਦੇ ਨਿਆਣੇ 'ਰੱਬਾ-ਰੱਬਾ ਮੀਂਹ ਵਰਸਾ' ਦਾ ਗਾਣਾ ਗਾ-ਗਾ ਕੇ ਸੰਘ ਪਾੜ ਰਹੇ ਹੋਣ, ਇਨ੍ਹਾਂ ਦੀਆਂ ਕੁੜੀਆਂ 'ਗੁੱਡੀਆਂ' ਨੂੰ ਅੱਗ ਲਾ-ਲਾ ਫੂਕੀ ਜਾਣ ਅਤੇ ਇਹ ਦਲੀਆ ਚੜ੍ਹਾ-ਚੜ੍ਹਾ ਕੇ ਮੱਛੀਆਂ ਦਾ ਢਿੱਡ ਭਰ ਰਹੇ ਹੋਣ, ਮੈਂ ਟੱਸ ਤੋਂ ਮੱਸ ਨਹੀਂ ਹੁੰਦਾ। ਇਨ੍ਹਾਂ ਦੀ ਇਕ ਨ੍ਹੀਂ ਸੁਣਦਾ ਪਰ ਜਦ ਇਨ੍ਹਾਂ ਦੀਆਂ ਫਸਲਾਂ ਪੱਕ ਜਾਣ, ਇਹ ਹੱਥ ਜੋੜ-ਜੋੜ ਅਰਦਾਸਾਂ ਕਰਦੇ ਹੋਣ ਕਿ ਰੱਬਾ ਹੁਣ ਤਾਂ ਸੋਨੇ ਦੀ ਕਿਣੀ ਵੀ ਨਾ ਸੁੱਟੀਂ; ਬੱਸ, ਉਸ ਵੇਲੇ ਮੈਂ ਫਿਰ ਸਾਰੇ 'ਫਲੱਡ ਗੇਟ' ਖੋਲ੍ਹ ਕੇ ਜਲ-ਥਲ ਇਕ ਕਰ ਦਿੰਦਾ ਹਾਂ।"

## ਕਹੁ ਨਾਨਕ ਸਭ ਤੇਰੀ ਵਡਿਆਈ...

**ਗੁਰਬਾਣੀ ਗਿਆਨ**

ਆਸਾ ਮਹਲਾ ੫
ਤੂੰ ਵਿਸਰਹਿ ਤਾਂ ਸਭੁ ਕੋ ਲਾਗੂ
ਚੀਤਿ ਆਵਹਿ ਤਾਂ ਸੇਵਾ॥
ਅਵਰੁ ਨ ਕੋਊ ਦੂਜਾ ਸੂਝੈ
ਸਾਚੇ ਅਲਖ ਅਭੇਵਾ॥੧॥
ਚੀਤਿ ਆਵੈ ਤਾਂ ਸਦਾ ਦਇਆਲਾ
ਲੋਗਨ ਕਿਆ ਵੇਚਾਰੇ॥
ਬੁਰਾ ਭਲਾ ਕਹੁ ਕਿਸ ਨੋ ਕਹੀਐ
ਸਗਲੇ ਜੀਅ ਤੁਮਾਰੇ॥੧॥ਰਹਾਉ॥
ਤੇਰੀ ਟੇਕ ਤੇਰਾ ਆਧਾਰਾ
ਹਾਥ ਦੇਇ ਤੂੰ ਰਾਖਹਿ॥
ਜਿਸੁ ਜਨ ਊਪਰਿ ਤੇਰੀ ਕਿਰਪਾ
ਤਿਸ ਕਉ ਬਿਪੁ ਨ ਕੋਊ ਭਾਖੈ॥੨॥
ਓਹੋ ਸੁਖੁ ਓਹਾ ਵਡਿਆਈ
ਜੋ ਪ੍ਰਭ ਜੀ ਮਨਿ ਭਾਣੀ॥
ਤੂੰ ਦਾਨਾ ਤੂੰ ਸਦ ਮਿਹਰਵਾਨਾ
ਨਾਮੁ ਮਿਲੈ ਰੰਗੁ ਮਾਣੀ॥੩॥
ਤੁਧੁ ਆਗੈ ਅਰਦਾਸਿ ਹਮਾਰੀ
ਜੀਉ ਪਿੰਡੁ ਸਭੁ ਤੇਰਾ॥
ਕਹੁ ਨਾਨਕ ਸਭ ਤੇਰੀ ਵਡਿਆਈ
ਕੋਈ ਨਾਉ ਨ ਜਾਣੈ ਮੇਰਾ॥੪॥

ਗੁਰਦੇਵ ਜੀ ਫਰਮਾਉਂਦੇ ਹਨ ਕਿ ਜਿਸ ਜੀਵ ਅੰਦਰ ਪ੍ਰਭੂ ਦੀ ਯਾਦ ਸਮਾਈ ਹੈ, ਉਸ 'ਤੇ ਪ੍ਰਭੂ ਸਦਾ ਦਇਆਵਾਨ ਰਹਿੰਦਾ ਹੈ ਅਤੇ ਸੰਸਾਰ ਦੇ ਵਿਚਾਰੇ ਲੋਕ ਉਸ ਜੀਵ ਦਾ ਕੁਝ ਨਹੀਂ ਵਿਗਾੜ ਸਕਦੇ। ਹੇ ਪ੍ਰਭੂ! ਸਾਰੇ ਜੀਵ ਤਾਂ ਤੇਰੇ ਬਣਾਏ ਹੋਏ ਹਨ, ਫਿਰ ਇਨ੍ਹਾਂ ਨੂੰ ਬੁਰਾ ਜਾਂ ਭਲਾ ਕਿਵੇਂ ਆਖਿਆ ਜਾ ਸਕਦਾ ਹੈ। ਜਦੋਂ ਤੂੰ ਮੈਨੂੰ ਵਿਸਰ ਜਾਂਦਾ ਹੈਂ ਤਾਂ ਸਾਰੇ ਲੋਕ ਮੈਨੂੰ ਦੁਸ਼ਮਣ ਜਾਪਦੇ ਹਨ ਪਰ ਜਦ ਤੂੰ ਮੇਰੇ ਅੰਦਰ ਵੱਸਦਾ ਹੈਂ ਤਾਂ ਹਰ ਕੋਈ ਮੇਰਾ ਸਤਿਕਾਰ ਕਰਦਾ ਹੈ। ਅਲਖ ਅਭੇਵਾ, ਜੋ ਵਰਣਨ ਨਾ ਹੋ ਸਕੇ ਤੇ ਭੇਤ ਨਾ ਪਾ ਸਕੇ। ਤੇਰੇ ਜਿਹਾ ਦੂਜਾ ਹੋਰ ਕੋਈ ਨਹੀਂ।

ਤੇਰੀ ਟੇਕ ਤੇਰਾ ਆਧਾਰਾ
ਹਾਥ ਦੇਇ ਤੂੰ ਰਾਖਹਿ॥
ਜਿਸੁ ਜਨ ਊਪਰਿ ਤੇਰੀ ਕਿਰਪਾ
ਤਿਸ ਕਉ ਬਿਪੁ ਨ ਕੋਊ ਭਾਖੈ॥੨॥

ਹੇ ਪ੍ਰਭੂ ਜੀਉ! ਮੈਨੂੰ ਤੇਰਾ ਹੀ ਓਟ ਆਸਰਾ ਹੈ ਅਤੇ ਤੂੰ ਐਸਾ ਮਿਹਰਵਾਨ ਪਿਤਾ ਹੈਂ ਕਿ ਆਪਣਾ ਹੱਥ ਸਾਡੇ ਸਿਰਾਂ 'ਤੇ ਰੱਖ ਕੇ ਸਾਡੀ ਰੱਖਿਆ ਕਰਦਾ ਹੈਂ। ਹੇ ਜਗਤ ਦੇ ਮਾਲਕ ਪ੍ਰਭੂ ਜੀਉ! ਜਿਸ ਜੀਵ ਉਤੇ ਤੇਰੀ ਕਿਰਪਾ ਹੋ ਜਾਵੇ, ਬਿਪੁ ਭਾਵ ਮੰਦਾ, ਪਾਖੇ ਆਖਣਾ, ਉਸ ਨੂੰ ਇਸ ਜਗਤ ਵਿਚ ਕੋਈ ਵੀ ਮੰਦਾ ਬੋਲ ਨਹੀਂ ਬੋਲ ਸਕਦਾ। ਉਹ ਜੀਵ ਹੀ ਵੱਡੇ ਭਾਗਾਂ ਵਾਲੇ ਹਨ ਜੋ ਤੇਰੀ ਕ੍ਰਿਪਾ ਸਦਕਾ ਤੇਰੇ ਨਾਮ ਸਿਮਰਨ ਨਾਲ ਜੁੜੇ ਹੋਏ ਹਨ।

ਓਹੋ ਸੁਖੁ ਓਹਾ ਵਡਿਆਈ
ਜੋ ਪ੍ਰਭ ਜੀ ਮਨਿ ਭਾਣੀ॥
ਤੂੰ ਦਾਨਾ ਤੂੰ ਸਦ ਮਿਹਰਵਾਨਾ
ਨਾਮੁ ਮਿਲੈ ਰੰਗੁ ਮਾਣੀ॥੩॥

ਹੇ ਜਗਤ ਦੇ ਮਾਲਕ ਪ੍ਰਭੂ ਜੀਉ! ਜੋ ਤੇਰੇ ਮਨ ਨੂੰ ਭਾਉਂਦੀ ਹੈ, ਜੋ ਵੀ ਗੱਲ ਤੈਨੂੰ ਚੰਗੀ ਲਗਦੀ ਹੈ, ਉਹੋ ਹੀ ਮੇਰੇ ਲਈ ਸਭ ਤੋਂ ਵੱਡਾ ਸੁੱਖ ਹੈ ਅਤੇ ਉਹੋ ਗੱਲ ਹੀ ਮੇਰੇ ਲਈ ਵਡਿਆਈ, ਭਾਵ ਸਭ ਤੋਂ ਵੱਡਾ ਮਾਣ ਅਤੇ ਸਤਿਕਾਰ ਹੈ। ਹੇ ਮੇਰੇ ਪ੍ਰਭੂ! ਤੂੰ ਦਾਨਾ, ਭਾਵ ਤੂੰ ਜਗਤ ਦੇ ਜੀਵਾਂ ਦੇ ਦਿਲਾਂ ਦੀਆਂ ਜਾਣਨ ਵਾਲਾ ਹੈਂ। ਸਦ ਮਿਹਰਵਾਨਾ, ਭਾਵ ਤੂੰ ਸਾਰੇ ਹੀ ਜੀਵਾਂ 'ਤੇ ਮਿਹਰਾਂ ਭੀ ਕਰਨ ਵਾਲਾ ਹੈਂ। ਮੇਰੇ ਲਈ ਸਭ ਤੋਂ ਵੱਡਾ ਅਨੰਦ ਮਾਣਨਾ ਉਹ ਹੈ ਜਦ ਤੂੰ ਮਿਹਰਾਂ ਵਿਚ ਆ ਕੇ ਮੈਨੂੰ ਆਪਣੇ ਨਾਮ ਦੀ ਦਾਤ ਦੇ ਕੇ ਆਪਣੇ ਨਾਲ ਜੋੜਦਾ ਹੈਂ।

ਤੁਧੁ ਆਗੈ ਅਰਦਾਸਿ ਹਮਾਰੀ
ਜੀਉ ਪਿੰਡੁ ਸਭੁ ਤੇਰਾ॥
ਕਹੁ ਨਾਨਕ ਸਭ ਤੇਰੀ ਵਡਿਆਈ
ਕੋਈ ਨਾਉ ਨਾ ਜਾਣੈ ਮੇਰਾ॥੪॥

ਹੇ ਮਿਹਰਵਾਨ ਪ੍ਰਭੂ ਜੀਉ! ਮੇਰੀ ਅਰਦਾਸ ਹੈ ਕਿ ਇਹ ਮੇਰਾ ਜੀਉ, ਪਿੰਡ ਭਾਵ ਮੇਰਾ ਇਹ ਸਰੀਰ, ਇਹ ਸਭ ਕੁਝ ਤਾਂ ਤੇਰਾ ਹੈ ਅਤੇ ਤੂੰ ਹੀ ਮੈਨੂੰ ਦਿੱਤਾ ਹੈ। ਇਸ ਵਿਚ ਮੇਰਾ ਤਾਂ ਕੁਝ ਵੀ ਨਹੀਂ ਹੈ। ਹੇ ਮੇਰੇ ਪ੍ਰਭੂ ਜੀਉ! ਇਹ ਆਪ ਦਾ ਨਾਨਕ ਆਖਦਾ ਹੈ ਕਿ ਜੇ ਕੋਈ ਮੇਰੀ ਵਡਿਆਈ ਕਰਦਾ ਹੈ, ਭਾਵ ਮੇਰਾ ਸਤਿਕਾਰ ਕਰਦਾ ਹੈ ਤਾਂ ਇਹ ਵਡਿਆਈ ਵੀ ਪ੍ਰਭੂ ਜੀ ਤੇਰੀ ਹੀ ਦਿੱਤੀ ਹੋਈ ਹੈ; ਤੇਰੇ ਤੋਂ ਬਿਨਾ, ਤੇਰੀ ਬਖ਼ਸ਼ਿਸ਼ ਤੋਂ ਬਗੈਰ ਤਾਂ ਜਗਤ ਵਿਚ ਮੈਨੂੰ ਜਾਂ ਮੇਰੇ ਨਾਮ ਨੂੰ ਕੋਈ ਭੀ ਨਹੀਂ ਜਾਣਦਾ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਰੇਡੀਓ ਚੜ੍ਹਦੀ ਕਲਾ ਸੁਣੋ
ਹੁਣ ਦੁਨੀਆਂ ਭਰ ਵਿਚ
www.radiock.com 'ਤੇ
RADIO CHARDI KALA
ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ
Wifi Radio ਦੁਨੀਆਂ ਭਰ ਵਿਚ ਚਲਦਾ ਹੈ
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ,
ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
> Preet Fabric, Fremont > Kash Fabrics, Hayward
> Sidhartha International, Fremont
>Shalimar, Union City >Mann Grocery Market, Yuba City
ਰੇਡੀਓ ਤੁਸੀਂ ਫੋਨ
832-551-5038
510-972-0442
'ਤੇ ਵੀ ਸੁਣ ਸਕਦੇ ਹੋ
Khalsa Radio
"Independent Voice"
ਗੁਰਬਾਣੀ ਪ੍ਰੋਗਰਾਮ 24/7/365
ਫੋਨ 'ਤੇ ਸੁਣੋ 702-489-0222
www.khalsaradio.org Info@khalsaradio.org
ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 510-900-3600
Radio CK, PO Box 296, Fremont, CA 94537

# ਯੈਲੋ ਕੈਬ ਮਿੱਤਰਾਂ ਦੀ...

## ਮੇਰੇ ਦਿਲ ਦੀ ਗੱਲ



ਨਿੰਮਾ ਡੱਲੇਵਾਲਾ
ਫੋਨ:513-432-9754

ਯੈਲੋ ਕੈਬ ਯਾਨਿ ਪੀਲੇ ਰੰਗ ਦੀ ਟੈਕਸੀ ਜੋ ਨਿਊ ਯਾਰਕ ਦੀਆਂ ਬੱਦਲਾਂ ਤੱਕ ਅੱਪੜਦੀਆਂ ਉੱਚੀਆਂ ਇਮਾਰਤਾਂ ਵਾਂਗ ਹੀ ਇਸ ਸ਼ਹਿਰ ਦੀ ਸ਼ਾਨੋ-ਸ਼ੌਕਤ ਬਣ ਗਈ ਹੈ ਜਿਸ ਦਾ ਸ਼ਹਿਰ ਦੇ ਉਦਯੋਗ ਵਿਚ ਸਹਿਯੋਗ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਹ ਨਿਊ ਯਾਰਕ ਸ਼ਹਿਰ ਦਾ ਚਲਦਾ-ਫਿਰਦਾ ਬਿਜਨੈਸ ਹੋ ਨਿਬੜਿਆ ਹੈ। ਸ਼ਾਇਦ ਇਸੇ ਕਰ ਕੇ ਇਸ ਨੂੰ ਸ਼ਹਿਰ ਦੇ ਹੋਰ ਰੁਜ਼ਗਾਰਾਂ ਨਾਲੋਂ ਕੁਝ ਲੋਕ ਵੱਧ ਪਹਿਲ ਦਿੰਦੇ ਹਨ, ਕਿਉਂਕਿ ਇਹ ਸਾਫ਼-ਸੁਥਰਾ, ਠਾਠ-ਬਾਠ ਵਾਲਾ ਰੁਜ਼ਗਾਰ ਹੈ। ਇਸ ਵਿਚ ਸਾਡੇ ਪੰਜਾਬੀ ਵੀਰਾਂ ਵੱਲੋਂ ਮਿਹਨਤ-ਮੁਸ਼ੱਕਤ ਕਰ ਕੇ ਮਾਰੀਆਂ ਮੱਲਾਂ ਸਭ ਨੂੰ ਨਜ਼ਰ ਆਉਂਦੀਆਂ ਹਨ। ਪੰਜਾਬ ਤੋਂ ਚੱਲ ਕੇ ਆਏ ਹਰ ਨਵੇਂ ਪੰਜਾਬੀ ਵੀਰ ਦਾ ਇਹ ਸੁਫਨਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਯੈਲੋ ਦਾ ਲਾਇਸੈਂਸ ਹੱਥ ਆ ਜਾਏ।

ਪੰਜਾਬੀਆਂ ਨੂੰ ਕਾਮਯਾਬੀ ਦੀਆਂ ਮੰਜ਼ਿਲਾਂ ਤੱਕ ਅੱਪੜਦੇ ਕਰਨ ਵਾਲੇ ਦੋ ਮੰਨੇ-ਪ੍ਰਮੰਨੇ ਰੁਜ਼ਗਾਰ ਹਨ-ਟਰੱਕ ਅਤੇ ਟੈਕਸੀ। ਜਿਵੇਂ ਅਮਰੀਕਾ ਦੇ ਹਰ ਕੋਨੇ ਵਿਚ ਟਰੱਕਾਂ ਵਾਲਿਆਂ ਨੇ ਕਾਮਯਾਬੀ ਦੇ ਝੰਡੇ ਗੱਡੇ, ਇਵੇਂ ਹੀ ਹਰ ਸ਼ਹਿਰ ਵਿਚ ਟੈਕਸੀ ਵਾਲੇ ਵੀਰਾਂ ਨੇ ਵੀ ਕੋਈ ਕਸਰ ਨਹੀਂ ਛੱਡੀ। ਫ਼ਰਕ ਸਿਰਫ਼ ਇਹੀ ਹੈ ਕਿ ਟਰੱਕਾਂ ਵਾਲਿਆਂ ਦਾ ਜ਼ਿਆਦਾ ਵਾਹ-ਵਾਸਤਾ ਲੰਮੇ ਰੂਟਾਂ ਨਾਲ ਅਤੇ ਟੈਕਸੀ ਵਾਲਿਆਂ ਦਾ ਸ਼ਹਿਰ ਦੀਆਂ ਉਚੀਆਂ ਇਮਾਰਤਾਂ ਦੁਆਲੇ ਦੀਆਂ ਸੜਕਾਂ ਨਾਲ ਹੁੰਦਾ ਹੈ। ਟੈਕਸੀ ਦਾ ਕੰਮ ਭਾਵੇਂ ਹਰ ਸ਼ਹਿਰ-ਸ਼ਿਕਾਗੋ, ਮਿਲਵਾਕੀ, ਲਾਸ ਏਂਜਲਸ, ਸੈਨ ਫਰਾਂਸਿਸਕੋ ਬੇ-ਏਰੀਆ ਵਿਚ ਬੜਾ ਸਫ਼ਲ ਹੈ ਅਤੇ ਇਨ੍ਹਾਂ ਸ਼ਹਿਰਾਂ ਵਿਚ ਪੰਜਾਬੀ ਟੈਕਸੀ ਵਾਲਿਆਂ ਦੀ ਗਿਣਤੀ ਹੀ ਵਧੇਰੇ ਹੈ ਪਰ ਨਿਊ ਯਾਰਕ ਦੀ ਯੈਲੋ ਕੈਬ ਵਰਗੀ ਮਕਬੂਲੀਅਤ ਕਿਸੇ ਹੋਰ ਦੇ ਹਿੱਸੇ ਨਹੀਂ ਆਉਂਦੀ। ਇਸ ਦੀ ਇਕ ਵਿਲੱਖਣਤਾ ਇਹ ਵੀ ਹੈ ਕਿ ਇਹ ਯੈਲੋ ਕੈਬ ਤਿੰਨ ਸਟੇਟਾਂ ਦੇ ਕੈਬੀਆਂ ਦੇ ਸੁਫਨੇ ਸਾਕਾਰ ਕਰਦੀ ਹੈ। ਇਹ ਨਿਊ ਜਰਸੀ, ਨਿਊ ਯਾਰਕ ਤੇ ਕੁਨੈਕਟੀਕਟ ਨਾਲ ਲੱਗਦੀਆਂ ਸਟੇਟਾਂ ਤੋਂ ਵੀ ਪੰਜਾਬੀ ਵੀਰਾਂ ਨੂੰ ਡਾਲਰ ਕਮਾਉਣ ਵਾਸਤੇ 'ਸੰਸਾਰ ਦਾ ਦਿਲ' ਕਹਾਉਣ ਵਾਲੇ ਨਿਊ ਯਾਰਕ ਸਿਟੀ ਲੈ ਆਉਂਦੀਆਂ ਹਨ। ਇਸ ਸ਼ਹਿਰ ਦੀ ਇਕ ਹੋਰ ਖੂਬਸੂਰਤ ਨਜ਼ਾਰੇ ਵਾਲੀ ਗੱਲ ਇਹ ਹੈ ਕਿ ਇਸ ਅੰਦਰ ਵੜਨ ਅਤੇ ਇਸ ਅੰਦਰੋਂ ਬਾਹਰ ਨਿਕਲਣ ਲਈ ਜਾਂ ਤਾਂ ਪਾਣੀ ਦੇ ਥੱਲਿਉਂ ਬਣੇ ਟਨਲਾਂ ਰਾਹੀਂ ਜਾਣਾ ਪੈਂਦਾ ਹੈ ਅਤੇ ਜਾਂ ਫਿਰ ਪਾਣੀ ਦੇ ਉਪਰੋਂ ਬਣੇ ਵੱਡੇ-ਵੱਡੇ ਪੁਲਾਂ ਰਾਹੀਂ; ਕਿਉਂਕਿ ਇਸ ਸ਼ਹਿਰ ਦੇ ਚਾਰੇ ਪਾਸੇ ਪਾਣੀ ਹੀ ਪਾਣੀ ਹੈ। ਇਹ ਸ਼ਹਿਰ ਕਿਸੇ ਨੂੰ ਆਪਣੇ ਅੰਦਰ ਡਾਲਰਾਂ ਦਾ ਮੱਥਾ ਟੇਕੇ ਬਿਨਾਂ ਨਹੀਂ ਵੜਨ ਦਿੰਦਾ, ਯਾਨਿ ਟੋਲ ਦੇਣਾ ਪੈਂਦਾ ਹੈ। ਇਹ ਹਨ ਸਿਟੀ ਅੰਦਰ ਦਾਖਲ ਕਰਨ ਵਾਲੇ ਟਨਲਾਂ ਅਤੇ ਬ੍ਰਿਜਾਂ ਦੇ ਨਾਂ,

ਇਕ ਟਨਲ ਬੈਟਰੀ ਹੋਲੈਂਡ ਤੇ,
ਇਕ ਲਿੰਕਨ ਹੈ ਯਾਰੋ।



ਇਨ੍ਹਾਂ ਰਾਹੀਂ ਅੰਦਰ ਵੜੇ,
ਇੱਥੇ ਜੋ ਵੀ ਆਉਂਦਾ ਬਾਹਰੋਂ।
ਵਾਸ਼ਿੰਗਟਨ ਤੇ ਵਰਜਾਨੋ ਬ੍ਰਿਜ ਤੋਂ,
ਲੱਗੇ ਉਤਰੀਏ ਚੜ੍ਹ ਪਹਾੜੋਂ।
ਪੰਜ ਪੁਲਾਂ ਵਾਲੇ ਪੰਜੇ ਬੋਲੋ,
ਭੁੱਖਾ ਮਰਨ ਨਾ ਦੇਣ ਰੁਜ਼ਗਾਰੋਂ।
ਭੀੜ-ਭੜੱਕਾ ਮੇਲਿਆਂ ਵਰਗਾ,
ਜੇ ਵੇਖਣਾ ਤਾਂ ਆਣ ਪਧਾਰੋ।
ਚੜ੍ਹਨਾ ਪਵੇ ਟਰੇਨਾਂ 'ਤੇ,
ਤਾਂ ਹੀ ਉਤਰ ਕਈਆਂ ਨੂੰ ਕਾਰੋਂ।
ਹਰ ਰਾਤ ਦੀਵਾਲੀ ਵਾਂਗ ਜਗੇ,
ਭਾਵੇਂ ਤੱਕ ਲੋ ਪਾਸਿਉਂ ਚਾਰੋਂ।
ਜਿਹਨੇ ਇਹ ਨਾ ਵੇਖਿਆ ਕੀ ਵੇਖਿਆ,
ਆਣ ਨਿੰਮਿਆ ਸਮੁੰਦਰੋਂ ਪਾਰੋਂ।

ਇਸ ਸ਼ਹਿਰ ਵਿਚ ਵੜੀ ਹੋਈ ਇਕ ਯੈਲੋ ਕੈਬ ਦੋ ਪਰਿਵਾਰਾਂ ਦੀ ਰੋਟੀ ਕਮਾਏ ਬਿਨਾਂ ਬਾਹਰ ਨਹੀਂ ਨਿਕਲਦੀ। ਸ਼ਹਿਰ ਵਿਚ ਦੋ ਹੋਰ ਕਿਸਮ ਦੀਆਂ ਟੈਕਸੀਆਂ ਲਿੰਕਨ ਅਤੇ ਲਿਵਰੀ ਵੀ ਹਨ। ਤਿੰਨਾਂ ਵਿਚ ਅੰਤਰ ਹੈ। ਲਿੰਕਨ ਨੂੰ ਸੜਕਾਂ 'ਤੇ ਸਵਾਰੀ ਲੱਭਣੀ ਨਹੀਂ ਪੈਂਦੀ। ਡਿਸਪੈਚ ਦੁਆਰਾ ਫੋਨ ਰਾਹੀਂ ਹੀ ਸਵਾਰੀ ਇਕ ਥਾਂ ਤੋਂ ਦੂਜੇ ਥਾਂ ਛੱਡਣੀ ਹੁੰਦੀ ਹੈ ਅਤੇ 4-5 ਸਵਾਰੀਆਂ ਹੀ ਗੁਜ਼ਾਰੇ ਲਈ ਦਿਨ ਪੂਰਾ ਕਰਨ ਵਾਸਤੇ ਬੜੀਆਂ ਹੁੰਦੀਆਂ ਹਨ। ਇਸ ਟੈਕਸੀ ਨੂੰ ਥੋੜ੍ਹਾ ਸ਼ਾਹੀ ਕੰਮ ਇਸ ਕਰ ਕੇ ਵੀ ਮੰਨਿਆ ਜਾਂਦਾ ਹੈ ਕਿ ਇਸ ਦਾ ਡਰਾਈਵਰ ਸੂਟ-ਬੂਟ ਤੇ ਟਾਈ ਵਾਲੇ ਲਿਬਾਸ ਵਿਚ ਹੋਣਾ ਜ਼ਰੂਰੀ ਹੁੰਦਾ ਹੈ ਜੋ ਦੇਖਣ ਨੂੰ ਪ੍ਰੋਫੈਸ਼ਨਲ ਅਤੇ ਕੁਆਲੀਫਾਈਡ ਲੱਗੇ।

ਯੈਲੋ ਕੈਬ ਜਿਸ ਦੀ ਛੱਤ ਉਤੇ 'ਔਨ-ਔਫ' ਡਿਊਟੀ ਵਾਲੀ ਲਾਈਟ ਲੱਗੀ ਹੁੰਦੀ ਹੈ ਜੋ ਸ਼ਹਿਰ ਵਿਚ ਵੜਨ ਸਾਰ ਔਨ ਕਰਨੀ ਹੁੰਦੀ ਹੈ। ਇਸ ਨਾਲ ਕਿਸੇ ਵੀ ਲੋੜਵੰਦ ਨੂੰ ਪਤਾ ਲੱਗ ਜਾਂਦਾ ਹੈ ਕਿ ਇਹ ਟੈਕਸੀ ਵਿਹਲੀ ਹੈ। ਇਸ ਦੀ ਸਵਾਰੀ 5-7 ਬਲਾਕਾਂ ਦੀ ਹੀ ਹੁੰਦੀ ਹੈ ਜਿਸ ਕਾਰਨ ਸਾਰਾ ਦਿਨ 'ਚੱਕ ਲੋ-ਲਾਹ ਲੋ' ਹੀ ਲੱਗੀ ਰਹਿੰਦੀ ਹੈ। ਇਸੇ ਕਰ ਕੇ ਦਿਨ ਵਿਚ ਇਸ ਦੇ ਗਾਹਕਾਂ ਦੀ ਗਿਣਤੀ 100 ਵੀ ਹੋ ਜਾਂਦੀ ਹੈ। ਲਿਵਰੀ ਵਾਲੇ ਖ਼ੁਦ ਬਾਹਰ ਖੜ੍ਹ ਕੇ ਉਂਗਲ ਖੜ੍ਹੀ ਕਰ ਕੇ ਟੈਕਸੀ-ਟੈਕਸੀ ਪੁਕਾਰ ਕੇ ਆਪਣੀ ਟੈਕਸੀ ਦਾ ਹੋਕਾ ਦੇ ਰਹੇ ਹੁੰਦੇ ਹਨ। ਇਹ ਜ਼ਿਆਦਾਤਰ ਰੇਲਵੇ ਸਟੇਸ਼ਨਾਂ ਦੇ ਮੂਹਰੇ ਦੇਖਣ ਨੂੰ ਮਿਲਦੀਆਂ ਹਨ।

ਯੈਲੋ ਕੈਬ ਵਾਲਿਆਂ ਦੀ ਜ਼ਿੰਦਗੀ ਨੂੰ ਮੈਂ ਨਜ਼ਦੀਕ ਤੋਂ ਦੇਖਿਆ ਹੈ। ਅਗਰ ਪੈਸੇ ਵੱਧ ਹਨ ਤਾਂ ਮਿਹਨਤ ਵੀ ਜ਼ਿਆਦਾ ਹੈ। ਇਨ੍ਹਾਂ ਦੇ ਕਮਾਏ ਹਰ ਡਾਲਰ ਵਿਚੋਂ ਹੱਕ ਸੱਚ ਦੀ ਮਹਿਕ ਮਿਲੇਗੀ। ਪਰਦੇਸਾਂ ਵਿਚ ਪਰਿਵਾਰ ਤੇ ਬੱਚਿਆਂ ਨਾਲ ਰਹਿੰਦੇ ਹੋਏ ਵੀ ਕਈਆਂ ਦੇ ਮਿਲਾਪ ਹਫ਼ਤੇ ਮਗਰੋਂ ਹੀ ਹੁੰਦੇ ਹਨ ਕਿਉਂਕਿ ਪੂਰੀ ਰਾਤ ਲਾ ਕੇ ਤੜਕੇ ਆਉਣ ਤਾਂ ਬੱਚੇ ਸੁੱਤੇ ਹੁੰਦੇ, ਤੇ ਜਦੋਂ 12 ਵਜੇ ਉਠਣਾ ਤਾਂ ਬੱਚੇ ਸਕੂਲ ਤੇ ਘਰ ਵਾਲੀ ਕੰਮ 'ਤੇ ਗਈ ਹੁੰਦੀ ਹੈ। ਇਨ੍ਹਾਂ ਮਿਹਨਤੀਆਂ ਦੀ ਤਾਂ ਛੁੱਟੀ ਵੀ ਛੁੱਟੀ ਨਹੀਂ ਰਹਿੰਦੀ, ਕਿਉਂਕਿ ਦੂਜੇ ਦਿਨ ਡਬਲ ਸ਼ਿਫ਼ਟ ਲਾਉਣੀ ਹੁੰਦੀ ਹੈ। ਨਿਊ ਯਾਰਕ ਵਿਚ ਘਰ ਖਰੀਦਣਾ ਇੰਨਾ ਸੁਖਾਲਾ ਨਹੀਂ ਪਰ ਯੈਲੋ ਵਾਲੇ ਪੰਜਾਬੀ ਵੀਰ ਮਾਲਕ ਬਣੇ ਬੈਠੇ ਹਨ ਤੇ ਇਹ ਸਭ ਮਿਹਨਤ ਦੇ ਹੀ ਰੰਗ ਹਨ।

ਕੀਤੀ ਮਿਹਨਤ ਕਰ ਕੇ ਹੀ,
ਅੱਜ ਲੋੜ ਨਾ ਫਿਕਰਾਂ ਦੀ।
ਦੁੱਖ-ਸੁੱਖ ਵੀ ਬੜੇ ਜਰੇ,
ਜਿਵੇਂ ਸੂਲ ਕੋਈ ਕਿੱਕਰਾਂ ਦੀ।
ਉਹ ਵੀ ਭੁੱਲੇ ਨਜ਼ਾਕਤ ਨਾ,
ਪੈਰੀਂ ਘਸ'ਗੇ ਛਿੱਤਰਾਂ ਦੀ।
ਪਹੁੰਚਣ ਲਈ ਮੁਕਾਮਾਂ 'ਤੇ,
ਭਰੀ ਉਡਾਰੀ ਤਿੱਤਰਾਂ ਦੀ।
ਤਾਈਓਂ ਨਾਪੀ ਅਸਾਂ ਉਚਾਈ ਜੀ,
ਸ਼ੋਹਰਤ ਦਿਆਂ ਸਿਖਰਾਂ ਦੀ।
ਟੈਰ ਘੁੰਮਦੇ ਛਾਪਦੀ ਡਾਲਰ ਤਾਂ,
ਅੱਜ ਯੈਲੋ ਕੈਬ ਮਿੱਤਰਾਂ ਦੀ।

ਉਂਜ, ਦੂਰ ਦੇ ਢੋਲ ਸੁਹਾਨਿਆਂ ਵਾਂਗ ਯੈਲੋ ਕੈਬ ਵਿਚ ਵੀ ਡਾਲਰ ਇੰਨੇ ਸੌਖੇ ਨਹੀਂ ਬਣਦੇ। ਮਿਹਨਤ ਦੇ ਨਾਲ-ਨਾਲ ਸ਼ਹਿਰ ਦੇ ਭੀੜ-ਭੜੱਕੇ ਨਾਲ ਮਗਜ਼ ਖਪਾਈ ਵਧੇਰੇ ਹੁੰਦੀ ਹੈ। ਉਤੋਂ ਸ਼ਹਿਰ ਦੇ ਸਖ਼ਤ ਕਾਨੂੰਨ ਵੀ ਬਾਕੀ ਮੋਟਰ ਕਾਰਾਂ ਨਾਲੋਂ ਇਨ੍ਹਾਂ ਹਿੱਸੇ ਜ਼ਿਆਦਾ ਆਉਂਦੇ ਹਨ। ਸਾਰੇ ਸ਼ਹਿਰ ਨੂੰ ਸਹੂਲਤ ਦੇਣ ਵਾਲਿਆਂ ਨੂੰ ਸ਼ਹਿਰ ਵਿਚ ਬਾਥਰੂਮ ਵਰਗੀ ਸਹੂਲਤ ਵੀ ਨਹੀਂ। 10-12 ਘੰਟੇ ਲਗਾਤਾਰ ਬੈਠਣ ਸਮੇਂ ਅਗਰ ਬਾਥਰੂਮ ਦੀ ਜ਼ਰੂਰਤ ਪਵੇ ਤਾਂ ਇਹ ਕਿੱਥੇ ਜਾਣ? ਨਾ ਚਾਹੁੰਦਿਆਂ ਵੀ ਡੇਲੀ ਜਾ ਕੇ ਕੌਫੀ ਦਾ ਕੱਪ ਖਰੀਦਣਾ ਪੈਂਦਾ ਹੈ ਤਾਂ ਜੋ ਉਥੇ ਉਨ੍ਹਾਂ ਦਾ ਬਾਥਰੂਮ ਵਰਤ ਸਕਣ।

ਅਮਰੀਕਾ ਵਿਚ ਅਮਰਜੈਂਸੀ ਵੇਲੇ ਸਹਾਇਤਾ ਕਰਨ ਵਾਲੇ ਤਿੰਨ ਮਹਿਕਮੇ ਹਨ ਜੋ ਹਰ ਵਕਤ ਮਦਦ ਲਈ ਤੱਤਪਰ ਰਹਿੰਦੇ ਹਨ ਤੇ ਪੰਜਾਂ ਮਿੰਟਾਂ ਵਿਚ ਲੋੜਵੰਦ ਕੋਲ ਜਾ ਅੱਪੜਦੇ ਹਨ, ਉਹ ਹਨ-ਪੁਲਿਸ, ਫਾਇਰ ਬ੍ਰਿਗੇਡ ਅਤੇ ਐਂਬੂਲੈਂਸ। ਟੈਕਸੀ ਵੀ ਅਜਿਹੀ ਹੀ ਸਹੂਲਤ ਹੈ ਜੋ ਕਿਸੇ ਨੂੰ ਵੀ ਲੋੜ ਪੈਣ 'ਤੇ ਝੱਟ ਪਹੁੰਚ ਜਾਂਦੀ ਹੈ। ਇਨ੍ਹਾਂ ਤਿੰਨਾਂ ਮੱਦਦਗਾਰਾਂ ਵਾਂਗ ਟੈਕਸੀ ਅਤੇ ਟੈਕਸੀ ਡਰਾਇਵਰ ਵੀ ਲੋਕਾਂ ਦੇ ਮੱਦਦਗਾਰ ਹਨ। ਜਿੱਥੇ ਜਹਾਜ਼, ਰੇਲ ਤੇ ਬੱਸ ਨਹੀਂ ਅੱਪੜ ਸਕਦੀ, ਉਥੇ ਟੈਕਸੀ ਹੀ ਅੱਪੜਦੀ ਹੈ।

ਟੈਕਸੀ ਵਾਲੇ ਵੀਰਾਂ ਖਾਤਿਰ,
ਮੇਰੇ ਦਿਲੋਂ ਦੁਆਵਾਂ ਨੇ।
ਰਹਿਣ ਇਨ੍ਹਾਂ ਤੋਂ ਦੂਰ ਸਦਾ,
ਬੁਰੀਆਂ ਜੋ ਬਲਾਵਾਂ ਨੇ।
ਪਰਦੇਸਾਂ ਵਿਚ ਨੇ ਗੱਡ ਤੇ ਝੰਡੇ,
ਵਤਨੋਂ ਆਣ ਭਰਾਵਾਂ ਨੇ।
ਟੈਕਸੀ ਅਤੇ ਡਰਾਇਵਰ ਇਸ ਦੇ,
ਇਹ ਵੀ ਦੇਸ਼ ਦੀਆਂ ਬਾਹਵਾਂ ਨੇ।

# ਬਾਬਾ ਫਰੀਦ ਦਾ ਆਗਮਨ ਪੁਰਬ ਮਨਾਇਆ

**ਫਰੀਮਾਂਟ (ਬਿਊਰੋ):** ਫਰੀਦਕੋਟ ਅਤੇ ਆਸ ਪਾਸ ਦੀਆਂ ਸਮੂਹ ਇਲਾਕਾ ਨਿਵਾਸੀ ਸੰਗਤਾਂ ਵਲੋਂ ਬਾਬਾ ਸ਼ੇਖ ਫਰੀਦ ਦਾ ਆਗਮਨ ਪੁਰਬ ਗੁਰਦੁਆਰਾ ਫਰੀਮਾਂਟ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਐਤਵਾਰ 23 ਸਤੰਬਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਭਾਰੀ ਦੀਵਾਨ ਸਜਾਏ ਗਏ। ਰਾਗੀ ਜੱਥਿਆਂ ਨੇ ਬਾਬਾ ਫਰੀਦ ਜੀ ਦੀ ਬਾਣੀ ਦਾ ਕੀਰਤਨ ਕਰ ਕੇ ਸੰਗਤਾਂ ਨੂੰ ਇਲਾਹੀ ਰੰਗ ਵਿਚ ਰੰਗਿਆ।



ਜ਼ਿਕਰਯੋਗ ਹੈ ਕਿ ਫਰੀਦਕੋਟ ਇਲਾਕੇ ਦੀਆਂ ਸੰਗਤਾਂ ਪਿਛਲੇ ਕਈ ਸਾਲਾਂ ਤੋਂ ਗੁਰਦਵਾਰਾ ਫਰੀਮਾਂਟ ਵਿਖੇ ਇਹ ਸਮਾਗਮ ਕਰਦੀਆਂ ਆ ਰਹੀਆਂ ਹਨ। ਸਥਾਨਕ ਸੰਗਤਾਂ ਤੋਂ ਇਲਾਵਾ ਸਿਆਟਲ, ਫਰਿਜ਼ਨੋ, ਰੈਡਿੰਗ, ਮਨਟੀਕਾ, ਟਰੇਸੀ, ਲੈਥਰੌਪ, ਫਰੈਂਚ ਕੈਂਪ, ਸੈਕਰਾਮੈਂਟੋ ਆਦਿ ਦੀਆਂ ਸੰਗਤਾਂ ਵੀ ਹੁੰਮ ਹੁਮਾ ਕੇ ਪਹੁੰਚੀਆਂ। ਬੱਚਿਆਂ ਦੀਆਂ ਖੇਡਾਂ ਅਤੇ ਸ਼ਬਦ ਕੀਰਤਨ ਤੋਂ ਇਲਾਵਾ ਬਾਬਾ ਫਰੀਦ ਜੀ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਮਿਸ਼ਨ ਤੇ ਅਧਾਰਤ ਬੱਚਿਆਂ ਦੇ ਭਾਸ਼ਨ ਮੁਕਾਬਲੇ ਕਰਵਾਏ ਗਏ। ਇਸ ਕਾਰਜ ਲਈ ਜੱਜਾਂ ਦੀ ਸੇਵਾ ਜਸਵੀਰ ਸਿੰਘ, ਹਰਦੀਪ ਭਲਵਾਨ, ਮਲਕੀਤ ਸਿੰਘ ਧਾਲੀਵਾਲ, ਪਰਮਿੰਦਰ ਸਿੰਘ ਪ੍ਰਵਾਨਾ ਅਤੇ ਗੁਰਾਇਆ ਸਾਹਿਬ ਨੇ ਨਿਭਾਈ। ਸਟੇਜ ਸਕੱਤਰ ਦੀ ਜਿੰਮੇਵਾਰੀ ਹੋਮਿਓਪੈਥਿਕ ਡਾ. ਹਰਮਿੰਦਰ ਸਿੰਘ ਗਿੱਲ ਨੇ ਨਿਭਾਈ। ਬੱਚਿਆਂ ਦੀਆਂ ਖੇਡਾਂ ਸਬੰਧੀ ਲਾਭ ਸਿੰਘ ਭਲਵਾਨ, ਸੱਤਪਾਲ, ਤਰਸੇਮ ਪ੍ਰਧਾਨ, ਰੇਣੂ ਜੀ, ਕਿਰਨਜੀਤ ਸੇਖੋਂ ਫਰਿਜ਼ਨੋ ਦਾ ਯੋਗਦਾਨ ਕਾਬਿਲੇ ਤਰੀਫ ਸੀ। ਇਨਾਮਾਂ ਦੀ ਵੰਡ ਉਚੇਚੇ ਤੌਰ ਤੇ ਸਿਆਟਲ ਤੋਂ ਤਸ਼ਰੀਫ ਲਿਆਏ ਸਾਬਕਾ ਰੈਸਲਿੰਗ ਕੋਚ ਜਗਦੇਵ ਸਿੰਘ ਧਾਲੀਵਾਲ ਨੇ ਕੀਤੀ। ਰੇਡੀਓ ਚੜ੍ਹਦੀ ਕਲਾ ਫਰੀਮਾਂਟ 'ਤੇ ਸਮਾਗਮ ਦੀ ਜਾਣਕਾਰੀ ਦਿੱਤੀ ਗਈ।

ਬਾਬਾ ਫਰੀਦ ਅਤੇ ਫਰੀਦਕੋਟ ਇਲਾਕੇ ਨੂੰ ਸਮਰਪਿਤ ਵੈਬਸਾਈਟ www.baba-farid.com ਤਿਆਰ ਹੋ ਚੁਕੀ ਹੈ।



## ਬਾਬੇ ਨਾਨਕ ਦਾ ਵਿਆਹ ਪੁਰਬ ਮਨਾਇਆ

**ਸੀਰੀਜ਼ (ਬਿਊਰੋ):** ਗੁਰਦੁਆਰਾ ਮਾਡੈਸਟੋ-ਸੀਰੀਜ਼ ਵਿਖੇ ਮਾਤਾ ਹਰਭਜਨ ਕੌਰ ਸੰਧੂ, ਸੰਧੂ ਭਰਾਵਾਂ ਅਤੇ ਬਟਾਲੇ ਦੀਆਂ ਹੋਰ ਸੰਗਤਾਂ ਵਲੋਂ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਭਾਈ ਮਨਜੀਤ ਸਿੰਘ ਤੇ ਭਾਈ ਅਮਰਜੀਤ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਕਾ ਲੰਗਰ ਇਸ ਮੌਕੇ ਅਤੁੱਟ ਵਰਤਿਆ। ਸੰਧੂ ਭਰਾਵਾਂ ਨੇ ਕਿਹਾ ਕਿ ਅਗਲੇ ਸਾਲ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਹੋਰ ਵੀ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ।



ਪੰਥ ਪ੍ਰਸਿਧ ਢਾਡੀ ਗਿਆਨੀ ਦਇਆ ਸਿੰਘ ਦਿਲਬਰ ਦੇ ਪੋਤਰੇ ਕਾਕਾ ਪ੍ਰਭਮੀਤ ਸਿੰਘ 'ਦਿਲਬਰ' (ਸਪੁਤਰ ਗਿਆਨੀ ਕੁਲਜੀਤ ਸਿੰਘ ਢਾਡੀ) ਅਤੇ ਬੀਬਾ ਹਰਪ੍ਰੀਤ ਕੌਰ (ਡਾਕਟਰ) ਜਿਨ੍ਹਾਂ ਦਾ ਸ਼ੁਭ ਅਨੰਦ ਕਾਰਜ ਬੀਤੇ ਦਿਨੀਂ ਪੂਰਨ ਗੁਰ ਮਰਿਯਾਦਾ ਅਨੁਸਾਰ ਸੰਪੂਰਨ ਹੋਇਆ। (ਫੋਟੋ ਤੇ ਵੇਰਵਾ: ਤਰਲੋਚਨ ਸਿੰਘ ਦੁਪਾਲਪੁਰ)

OKKJI Transfer LLC.
15238 Radiance Dr., Noblesville, IN, 46060
ਡਰਾਈਵਰ ਤੇ ਓਨਰ ਅਪਰੇਟਰ ਦੀ ਲੋੜ ਹੈ
*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ
ਸੰਪਰਕ ਕਰੋ:
Toll Free: 1-855-966-5554
Manny Sandhu: 317-603-1000, Sam Bhullar: 732-486-9045

# ਕੈਸ਼ ਫੈਬਰਿਕਸ ਵਾਲੇ ਕਸ਼ਮੀਰ ਧੁੱਗਾ ਦੀ ਹਾਕੀ ਟੀਮ ਨੇ ਮੈਡਲ ਜਿੱਤਿਆ

**ਲੰਡਨ (ਪੰਜਾਬ ਟਾਈਮਜ਼ ਬਿਊਰੋ):** ਹਾਲ ਹੀ ਵਿਚ ਆਕਸਫੋਰਡ, ਲੰਡਨ ਵਿਚ ਹੋਏ ਗ੍ਰੈਂਡ ਮਾਸਟਰਸ ਵਰਲਡ ਹਾਕੀ ਕੱਪ ਮੁਕਾਬਲਿਆਂ ਵਿਚ ਅਲਾਇੰਸ ਫੀਲਡ ਹਾਕੀ ਟੀਮ ਨੇ ਕਾਂਸੀ ਦਾ ਤਮਗਾ ਜਿੱਤਿਆ। ਇਨ੍ਹਾਂ ਮੁਕਾਬਲਿਆਂ ਵਿਚ ਨੀਦਰਲੈਂਡ, ਜਰਮਨੀ, ਇੰਗਲੈਂਡ, ਸਾਊਥ ਅਫਰੀਕਾ, ਅਸਟਰੇਲੀਆ, ਵੇਲਜ਼ ਅਤੇ ਸਾਊਦਰਨ ਕਰਾਸ ਤੋਂ ਆਈਆਂ ਕੁਲ 41 ਟੀਮਾਂ ਨੇ ਹਿੱਸਾ ਲਿਆ। ਜ਼ਿਕਰਯੋਗ ਹੈ ਕਿ ਇਨ੍ਹਾਂ ਮੁਕਾਬਲਿਆਂ ਵਿਚ ਵੱਖੋ ਵੱਖ ਉਮਰ ਵਰਗਾਂ-60, 65 ਅਤੇ 70 ਸਾਲ ਦੇ ਖਿਡਾਰੀਆਂ ਦੀਆਂ ਟੀਮਾਂ ਦੇ ਮੁਕਾਬਲੇ ਹੁੰਦੇ ਹਨ।

ਆਮ ਕਰਕੇ ਟੀਮਾਂ ਆਪਣੇ ਆਪਣੇ ਦੇਸ਼ ਲਈ ਖੇਡਦੀਆਂ ਹਨ ਪਰ ਅਲਾਇੰਸ ਟੀਮ ਵਿਚ ਵੱਖੋ ਵੱਖ ਦੇਸ਼ਾਂ ਦੇ ਖਿਡਾਰੀ ਸ਼ਾਮਲ ਹੁੰਦੇ ਹਨ। ਇਸ ਟੀਮ ਵਿਚ ਕੈਲੀਫੋਰਨੀਆ ਦੇ ਉਘੇ ਸੀਨੀਅਰ ਹਾਕੀ ਖਿਡਾਰੀ ਕੈਸ਼ ਫੈਬਰਿਕਸ ਵਾਲੇ ਸ. ਕਸ਼ਮੀਰ ਸਿੰਘ ਧੁੱਗਾ ਵੀ ਸ਼ਾਮਲ ਸਨ ਜੋ ਅਮਰੀਕਾ ਦੀ ਤਰਫੋਂ ਖੇਡੇ। ਹੋਰਨਾਂ ਖਿਡਾਰੀਆਂ ਵਿਚ ਪੈਪ ਬੋਰਲ (ਸਪੇਨ), ਹੈਂਸ ਵੈਂਡਨ ਬੌਸ਼ (ਨੀਦਰਲੈਂਡਜ਼), ਟੌਮ ਕਾਰਨੀ (ਇੰਗਲੈਂਡ), ਸੁਖਦੇਵ ਢੇਸੀ (ਇੰਗਲੈਂਡ), ਟੈਰੀ ਗੈਸਟਨ (ਆਸਟਰੇਲੀਆ), ਫਰਾਂਸਿਸ ਗਿਰੌਲਡ (ਫਰਾਂਸ), ਜੌਹਨ ਮੈਰੀਅਟ (ਜਪਾਨ), ਕਲਾਈਡ ਲੋਕ (ਸਾਊਥ ਅਫਰੀਕਾ), ਨੋਰਮਨ ਮੈਨਹਾਈਮਨ (ਸਾਊਥ ਅਫਰੀਕਾ), ਟੌਮ ਓਵਨਜ਼ (ਇੰਗਲੈਂਡ), ਬਲਬੀਰ ਸਰਾਏ (ਇੰਗਲੈਂਡ), ਪ੍ਰਿਤਪਾਲ ਸਿੰਘ (ਇੰਗਲੈਂਡ) ਅਤੇ ਕ੍ਰਿਸ ਥੌਰਨਹਿਲ (ਡੈਨਮਾਰਕ) ਸ਼ਾਮਲ ਸਨ। ਸਾਊਥ ਅਫਰੀਕਾ ਦੇ ਰਾਏ ਵਿਲਸਨ ਟੀਮ ਦੇ ਕਪਤਾਨ ਸਨ।





*ਕਸ਼ਮੀਰ ਸਿੰਘ ਧੁੱਗਾ (ਸੱਜਿਓਂ ਦੂਜੇ) ਅਲਾਇੰਸ ਹਾਕੀ ਦੀ ਕਾਂਸੀ ਦਾ ਤਮਗਾ ਜੇਤੂ ਟੀਮ ਨਾਲ ਜਿੱਤਿਆ ਮੈਡਲ ਦਿਖਾਉਂਦੇ ਹੋਏ*

# ਭਾਰਤੀ ਕੌਂਸਲਖਾਨਾ ਲੋਕਾਂ ਦੀ ਮਦਦ ਲਈ: ਕੌਂਸਲ ਜਨਰਲ

**ਸੀਰੀਜ਼ (ਬਿਊਰੋ):** ਭਾਰਤੀ ਕੌਂਸਲਖਾਨੇ ਬਿਨਾ ਕਿਸੇ ਭਿੰਨ ਭੇਦ ਤੋਂ ਸਮੂਹ ਭਾਰਤੀਆਂ ਦੀ ਸਹੂਲਤ ਲਈ ਬਣਾਏ ਗਏ ਹਨ ਅਤੇ ਅਸੀਂ ਤੁਹਾਡੀ ਮਦਦ ਲਈ ਹਮੇਸ਼ਾ ਤਤਪਰ ਹਾਂ। ਇਹ ਵਿਚਾਰ ਇਥੇ ਸਨ ਸ਼ਾਈਨ ਇੰਡੀਆ ਰੈਸਟੋਰੈਂਟ ਵਿਚ ਹੋਏ ਭਾਰਤੀਆਂ ਦੇ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਕੌਂਸਲ ਜਨਰਲ ਐਨ ਪਾਰਥਾਸਾਰਥੀ ਨੇ ਪ੍ਰਗਟਾਏ। ਇਹ ਸਮਾਗਮ ਸ. ਨਿਰਵੈਲ ਸਿੰਘ ਦੇ ਯਤਨਾਂ ਨਾਲ ਕੀਤਾ ਗਿਆ ਸੀ।

ਕੌਂਸਲ ਐਨ ਪੀ ਸਿੰਘ, ਕੌਂਸਲ ਅਨੰਦ ਕੁਮਾਰ ਝਾਅ, ਪੁਲਿਸ ਮੁਖੀ ਵਾਟਰਫੋਰਡ, ਸਿਟੀ ਮੈਨੇਜਰ ਟਰਲਕ ਸ੍ਰੀ ਵਾਸਡਨ, ਪੁਲਿਸ ਮੁਖੀ ਸੀਰੀਜ਼ ਆਰਟ ਡੀ ਵਰਕ, ਵਾਈਸ ਮੇਅਰ ਕਿੰਨ ਲੇਨ, ਮੇਅਰ ਵਿਲੀ ਵੈਦਰਫੋਰਡ, ਮੇਅਰ ਚਾਰਲੀ ਗੋਇਦਿਨ, ਚੇਅਰਮੈਨ ਬਿਲ ਓਬਰਾਇਨ ਤੋਂ ਇਲਾਵਾ ਹਰਪ੍ਰੀਤ ਸਿੰਘ, ਸੀਤਲ ਸਿੰਘ, ਅਮਰ ਸਿੰਘ, ਜਰਨੈਲ ਸਿੰਘ, ਸੁੱਚਾ ਸਿੰਘ, ਦਰਸ਼ਨ ਸਿੰਘ ਮੱਲ੍ਹੀ, ਬਲਦੇਵ ਸਿੰਘ ਅਤੇ ਭਾਰਤੀ ਭਾਈਚਾਰੇ ਦੇ ਬਹੁਤ ਸਾਰੇ ਲੋਕ ਇਸ ਮੌਕੇ ਹਾਜ਼ਰ ਸਨ।

ਕੌਂਸਲ ਜਰਨਲ ਨੇ ਆਖਿਆ ਕਿ ਸਾਡੀ ਡਿਊਟੀ ਤੁਹਾਡੀ ਮਦਦ ਕਰਨ ਲਈ ਲਾਈ ਗਈ ਹੈ। ਵੀਜ਼ੇ, ਪਾਸਪੋਰਟ ਜਾਂ ਕਿਸੇ ਵੀ ਹੋਰ ਕੰਮ ਲਈ ਤੁਸੀਂ ਬਿਨਾਂ ਝਿਜਕ ਕੌਂਸਲ ਜਨਰਲ ਦੇ ਦਫਤਰ ਦੇ ਅਫਸਰਾਂ ਨਾਲ ਸੰਪਰਕ ਕਰ ਸਕਦੇ ਹੋ। ਕਿਸੇ ਏਜੰਟ ਦੇ ਝਾਂਸੇ ਵਿਚ ਆਉਣ ਦੀ ਲੋੜ ਨਹੀਂ ਹੈ। ਭਾਰਤੀ ਕੌਂਸਲਖਾਨੇ ਦਾ ਕੋਈ ਵੀ ਏਜੰਟ ਨਹੀਂ ਹੈ। ਕੌਂਸਲਖਾਨੇ ਬਾਰੇ ਗਲਤ ਪ੍ਰਚਾਰ ਕਰਨ ਵਾਲਿਆਂ ਤੋਂ ਸਾਵਧਾਨ ਰਿਹਾ ਜਾਵੇ। ਨਿਰਵੈਲ ਸਿੰਘ ਨੇ ਆਏ ਸਾਰੇ ਬਿਜਨਸਮੈਨਾਂ ਅਤੇ ਕੌਂਸਲਖਾਨੇ ਦੇ ਅਫਸਰਾਂ ਦਾ ਧੰਨਵਾਦ ਕੀਤਾ।

# ਪਾਕਿਸਤਾਨ ਦੀ ਮਦਦ ਰੋਕਣ ਵਾਲਾ ਬਿੱਲ ਰੱਦ

**ਵਾਸ਼ਿੰਗਟਨ:** ਅਮਰੀਕੀ ਸੈਨੇਟ ਨੇ ਵੱਡੇ ਬਹੁਮਤ ਨਾਲ ਉਹ ਬਿੱਲ ਰੱਦ ਕਰ ਦਿੱਤਾ ਹੈ ਜਿਸ ਦਾ ਮਕਸਦ ਪਾਕਿਸਤਾਨ ਲਈ ਇਮਦਾਦ 'ਤੇ ਉਦੋਂ ਤੱਕ ਰੋਕ ਲਾਉਣਾ ਸੀ ਜਦੋਂ ਤੱਕ ਓਸਾਮਾ ਬਿਨ ਲਾਦਿਨ ਦਾ ਖੁਰਾ ਲੱਭਣ 'ਚ ਸੀ.ਆਈ.ਏ. ਦੀ ਮਦਦ ਕਰਨ ਵਾਲੇ ਪਾਕਿਸਤਾਨੀ ਡਾਕਟਰ ਨੂੰ ਰਿਹਾਅ ਨਹੀਂ ਕੀਤਾ ਜਾਂਦਾ। ਇਸ ਬਿੱਲ (ਐਸ 3576) ਨੂੰ 10 ਦੇ ਮੁਕਾਬਲੇ 81 ਵੋਟਾਂ ਨਾਲ ਰੱਦ ਕਰ ਦਿੱਤਾ ਗਿਆ। ਡਾ. ਸ਼ਕੀਲ ਅਫ਼ਰੀਦੀ ਨੂੰ ਲੰਘੀ 24 ਮਈ ਨੂੰ ਕਬਾਇਲੀ ਨਿਆਂ ਅਧੀਨ ਲਸ਼ਕਰੇ-ਇਸਲਾਮ ਲਈ ਕੰਮ ਕਰਨ ਬਦਲੇ ਗੱਦਾਰੀ ਦੇ ਦੋਸ਼ 'ਚ 33 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ।

ਸੈਨੇਟਰ ਰੈਂਡ ਪੌਲ ਨੇ ਇਹ ਬਿੱਲ ਪੇਸ਼ ਕਰਦਿਆਂ ਲਿਬੀਆ ਤੇ ਮਿਸਰ ਲਈ ਅਮਰੀਕੀ ਇਮਦਾਦ ਵੀ ਬੰਦ ਕਰਨ ਲਈ ਕਿਹਾ ਜਦੋਂ ਤੱਕ ਇਨ੍ਹਾਂ ਦੇਸ਼ਾਂ ਵਿਚ ਅਮਰੀਕੀ ਮਿਸ਼ਨਾਂ 'ਤੇ ਹਮਲੇ ਦੇ ਦੋਸ਼ੀਆਂ ਨੂੰ ਫੜ ਕੇ ਅਮਰੀਕਾ ਦੇ ਹਵਾਲੇ ਨਹੀਂ ਕੀਤਾ ਜਾਂਦਾ। ਇਸ ਬਿੱਲ ਦਾ ਸ੍ਰੀ ਪੌਲ ਦੀ ਪਾਰਟੀ ਰਿਪਬਲਿਕਨ ਦੇ ਸੈਨੇਟਰਾਂ ਨੇ ਵੀ ਵਿਰੋਧ ਕੀਤਾ। ਕੈਂਟੱਕੀ ਦੇ ਸੈਨੇਟਰ ਪੌਲ ਨੇ ਬਾਅਦ 'ਚ ਇਕ ਬਿਆਨ ਜਾਰੀ ਕਰਕੇ ਆਖਿਆ ਕਿ ਉਹ ਇਸ ਅਹਿਮ ਮੁੱਦੇ ਨੂੰ ਉਭਾਰਦੇ ਰਹਿਣਗੇ।

# ਫਿਲਮ ਨਿਰਮਾਤਾ ਦੇ ਸਿਰ ਦਾ ਰੱਖਿਆ ਇਨਾਮ

**ਇਸਲਾਮਾਬਾਦ:** ਰੇਲਵੇ ਮੰਤਰੀ ਗੁਲਾਮ ਅਹਿਮਦ ਬਿਲੌਰ ਨੇ ਇਸਲਾਮ ਵਿਰੋਧੀ ਫਿਲਮ 'ਇਨੋਸੈਂਸ ਆਫ ਮੁਸਲਿਮਜ਼' ਦੇ ਨਿਰਮਾਤਾ ਦੇ ਸਿਰ ਦਾ ਮੁੱਲ ਇਕ ਲੱਖ ਡਾਲਰ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਿਹੜਾ ਵੀ ਨਿਰਮਾਤਾ ਨੂੰ ਕਤਲ ਕਰੇਗਾ, ਉਸ ਨੂੰ ਇਹ ਇਨਾਮ ਦਿੱਤਾ ਜਾਵੇਗਾ।


PANNU'S Legal Services



G.S. Pannu
Immigration Consultant - LDA

We provide services in

Bring US passport & proof of residence by 9:00 am at SF location we prepare your papers & get visa on sameday for $99 only. Call for details



IMMIGRATION CITIZENSHIP
DIVORCE CHILD SUPPORT
INDIAN PASSPORT
INDIAN VISA

OCI/PIO, Renunciation, Power of Attorney and related matters

We also handle Property and Divorce cases in Punjab

Serving you at Three Locations

FREMONT
4127 Bay St., Unit 7
Fremont, CA 94538
(Near Fremont Bharat Bazar)

SAN FRANCISCO
965 Mission St., Unit 102
San Francisco, CA 94103
(Near India Visa Center)

MANTECA
1381 E. Yosemite Ave
Manteca, CA 95336
(off 99 & 120 Hwy - beside Dollar Tree store)

Call (510) 677-5200
(209) 679-8025

E-mail: indiavisa123@yahoo.com • Fax: (510) 279-7624



Noble Dental Care



Shital Shah, DDS

Family and Cosmetic Dentistry

ਸਪੈਸ਼ਲ ਆਫਰ Special Offer

$50 Dental X-Rays, Examination Consultation and Cleaning (Cash Patients Only)* *Conditions Apply

Up to 50% off Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

Invisalign



Starting at $2,950*

*Limitided time offer may end without notice. Restrictions apply. Not valid with any other offer.

Emergency Patients Welcome
Evening/Saturday Appointments Available

*State of the Art Dental Technology*
*Most Dental PPO Plans Accepted*
*Interest Free Payment Plans Available*

Ph:510-493-2130

www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)



The Anu Attorney Immigration Law Firm
Law offices of Anu Peshawaria

*Green Card *Family Immigration *Employment/Investor Visa *Citizenship *Litigation & Deportation *Defense *Appeals *BIA & Ninth Circuit Court



*Bankruptcy Consultation and Filing

Visa: Students, Athletes, Musicians, Journalists, Nurses, Teachers, Cooks, Religious & other professionals

*Woman of the year award 1991 – India*
*US acclaimed extraordinary ability*
*Awarded for outstanding community service*

*Anu Peshawaria*
Attorney at Law

*Licensed to practice Immigration & Bankruptcy in all 50 states.*
More than 20 year experience in US immigration & Indian law

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Weekends & Evening Appointments Available

Call:1-866-586-6297, 510-353-0102

46560 Fremont Blvd., STE#205, Fremont, CA 94538
anu@anuattorney.com www.anuattorney.com

ਇਕ ਮੁਲਾਕਾਤ

### ਸਾਫ-ਸੁਥਰੀ ਗਾਇਕੀ ਦਾ ਹੋਕਾ

# ਬੱਬੂ ਗੁਰਪਾਲ ਦੀ ਨਵੀਂ ਐਲਬਮ 'ਮੈਂ ਬੋਲੀ ਪੰਜਾਬ ਦੀ'

ਬੇਕਰਜ਼ਫੀਲਡ ਨਜ਼ਦੀਕ ਕੈਲੀਫੋਰਨੀਆ ਦੀਆਂ ਹਰੀਆਂ ਭਰੀਆਂ ਵਾਦੀਆਂ ਵਿਚ ਵਸੇ ਸ਼ਹਿਰ ਟਹੈਚਪੀ ਵਸਦਾ ਗਾਇਕ ਅਤੇ ਬਿਜਨਸਮੈਨ ਬੱਬੂ ਗੁਰਪਾਲ ਬਹੁਤ ਹੀ ਮਿਲਾਪੜੇ ਸੁਭਾਅ ਦਾ ਸੋਹਣਾ ਸੁਨੱਖਾ ਗੱਭਰੂ ਹੈ। ਜਦੋਂ ਉਹ ਆਪਣੀ ਮਾਖਿਓਂ ਮਿੱਠੀ ਜੁਬਾਨ ਨਾਲ ਸਹਿਜੇ ਹੀ ਕੁਝ ਗੁਣਗੁਣਾਉਂਦਾ ਹੈ ਤਾਂ ਮਹਿਸੂਸ ਹੁੰਦਾ ਹੈ ਜਿਵੇਂ ਸੰਗੀਤ ਨਾਲ ਉਹਦਾ ਜਨਮਾਂ ਜਨਮਾਂਤਰਾਂ ਦਾ ਵਾਸਤਾ ਹੋਵੇ। ਬਹੁਤ ਹੀ ਧੀਰਜ ਨਾਲ ਪੇਸ਼ ਆਉਣ ਵਾਲਾ ਬੱਬੂ ਜਦੋਂ ਵਾਰਿਸ ਸ਼ਾਹ ਦੀ ਹੀਰ ਗਾਉਂਦਾ ਹੈ ਤਾਂ ਮਨ ਆਪ ਮੁਹਾਰੇ ਝੂਮ ਕੇ ਕਹਿ ਉਠਦਾ ਹੈ ਕਿ ਕਿਸੇ ਚੰਗੇ ਉਸਤਾਦ ਨੇ ਪੂਰੀ ਤਰ੍ਹਾਂ ਚੰਡ ਕੇ ਗਾਇਕੀ ਦੇ ਪਿੜ ਵਿਚ ਪਰਵੇਸ਼ ਕਰਵਾਇਆ ਹੈ।

ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ
ਫੋਨ:559-333-5776

ਪੰਜਾਬੀ ਗਾਇਕੀ ਦੇ ਬਾਬਾ ਬੋਹੜ ਗੁਰਦਾਸ ਮਾਨ ਨੂੰ ਆਪਣਾ ਆਦਰਸ਼ ਮੰਨਣ ਵਾਲਾ ਬੱਬੂ ਜਦੋਂ ਆਪਣਾ ਗੀਤ 'ਹਾਏ ਉਏ ਰੱਬਾ ਕਿਵੇਂ ਭੁਲਾਵਾਂ ਯਾਦਾਂ ਦੇਸ਼ ਪੰਜਾਬ ਦੀਆਂ' ਵਜਦ ਵਿਚ ਆ ਕੇ ਗਾਉਂਦਾ ਹੈ ਤਾਂ ਅਜਿਹਾ ਸਮਾਂ ਬੱਝਦਾ ਹੈ ਕਿ ਵਕਤੇ ਅਤੇ ਸਰੋਤੇ ਵਿਚਾਲੇ ਜਿਵੇਂ ਫਰਕ ਹੀ ਖਤਮ ਹੋ ਜਾਂਦਾ ਹੈ। ਉਸ ਵਜਦ ਵਿਚੋਂ ਬਾਹਰ ਆਉਣ 'ਤੇ ਸਰੋਤੇ ਦੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ ਹੈ, ਵਾਹ ਬੱਬੂ ਵਾਹ।

ਬੱਬੂ ਗੁਰਪਾਲ ਦੀ ਪੰਜਾਬੀ ਬੋਲੀ ਪ੍ਰਤੀ ਸ਼ੈਦਾਈਆਂ ਵਾਲੀ ਭਾਵੁਕਤਾ ਨਾਲ ਭਰਪੂਰ ਸਾਫ ਸੁਥਰੇ ਗੀਤਾਂ ਦੀ ਨਵੀਂ ਐਲਬਮ 'ਮੈਂ ਬੋਲੀ ਪੰਜਾਬ ਦੀ' ਪਿਛਲੇ ਦਿਨੀਂ ਗੁਰਦਾਸ ਮਾਨ ਦੇ ਹੱਥੀਂ ਬੇਕਰਜ਼ਫੀਲਡ ਵਿਚ ਮਾਨ ਦੇ ਸ਼ੋਅ ਦੌਰਾਨ ਰਿਲੀਜ਼ ਹੋ ਚੁਕੀ ਹੈ।

ਅਜੋਕੇ ਸ਼ੋਰ-ਸ਼ਰਾਬੇ ਵਾਲੇ ਸੰਗੀਤ, ਨਸ਼ਿਆਂ, ਹਥਿਆਰਾਂ ਅਤੇ ਅਸ਼ਲੀਲਤਾ ਵਾਲੀ ਗਾਇਕੀ ਤੋਂ ਕੋਹਾਂ ਦੂਰ ਇਹ ਐਲਬਮ ਸਹੀ ਮਾਅਨਿਆਂ ਵਿਚ ਪੰਜਾਬੀ ਵਿਰਸੇ ਅਤੇ ਸਭਿਆਚਾਰ ਦੀ ਤਰਜਮਾਨੀ ਕਰੇਗੀ। ਇਹ ਕਹਿਣਾ ਹੈ, ਬੱਬੂ ਗੁਰਪਾਲ ਦਾ।

ਪਿਛਲੇ ਦਿਨੀਂ ਬੱਬੂ ਨਾਲ ਇਕ ਮੁਲਾਕਾਤ ਹੋਈ ਤਾਂ ਮੈਂ ਉਸ ਨੂੰ ਉਸ ਦੀ ਗਾਇਕੀ ਤੇ ਉਸ ਦੇ ਪਿਛੋਕੜ ਬਾਰੇ ਕੁਝ ਸਵਾਲ ਕੀਤੇ। ਇਸ ਮੁਲਾਕਾਤ ਦੇ ਕੁਝ ਅੰਸ਼ ਪਾਠਕਾਂ ਲਈ ਹਾਜ਼ਰ ਹਨ:

**ਸਵਾਲ: ਸਭ ਤੋਂ ਪਹਿਲਾਂ ਤੁਹਾਡੀ ਨਵੀਂ ਐਲਬਮ 'ਮੈਂ ਬੋਲੀ ਪੰਜਾਬ ਦੀ' ਲਈ ਬਹੁਤ ਬਹੁਤ ਮੁਬਾਰਕ। ਆਪਣੇ ਪਰਿਵਾਰਕ ਪਿਛੋਕੜ ਬਾਰੇ ਕੁਝ ਦੱਸੋ।**

**ਜਵਾਬ:** ਜੀ ਧੰਨਵਾਦ, ਮੇਰਾ ਪਿੰਡ ਅਸੰਧ, ਜ਼ਿਲ੍ਹਾ ਕਰਨਾਲ ਹਰਿਆਣੇ ਵਿਚ ਹੈ। ਪਿਤਾ ਸ. ਇੰਦਰਜੀਤ ਸਿੰਘ ਇਸ ਜਹਾਨ 'ਚ ਨਹੀਂ ਰਹੇ। ਮੇਰੇ ਮਾਤਾ ਜੀ ਦਾ ਨਾਂ ਚਰਨਜੀਤ ਕੌਰ ਹੈ। ਮੁਢਲੀ ਸਿਖਿਆ ਟੈਗੋਰ ਪਬਲਿਕ ਸਕੂਲ ਪੇਹੋਵਾ ਤੋਂ ਪ੍ਰਾਪਤ ਕੀਤੀ ਤੇ ਗ੍ਰੈਜੂਏਸ਼ਨ ਦਿਆਲ ਸਿੰਘ ਕਾਲਜ ਕਰਨਾਲ ਤੋਂ। ਮੇਰਾ ਛੋਟਾ ਜਿਹਾ ਪਰਿਵਾਰ ਹੈ। ਮੇਰੀ ਪਤਨੀ ਸਿਮਰਜੀਤ ਕੌਰ ਸਦਾ ਮੈਨੂੰ ਮੇਰੇ ਖੇਤਰ ਵਿਚ ਪੂਰਾ ਸਹਿਯੋਗ ਦਿੰਦੀ ਹੈ। ਮੇਰੀ ਬੇਟੀ ਸੋਫੀਆ ਕੌਰ 9 ਕੁ ਸਾਲ ਦੀ ਹੈ ਤੇ ਬੇਟਾ ਸੁਰਦੀਪ ਸਿੰਘ ਅਜੇ 4 ਕੁ ਸਾਲ ਦਾ ਹੈ।

**ਸਵਾਲ: ਗਾਉਣਾ ਕਦੋਂ ਸ਼ੁਰੂ ਕੀਤਾ, ਪਹਿਲੀ ਐਲਬਮ ਕਦੋਂ ਆਈ?**

**ਜਵਾਬ:** ਗਾਉਣ ਵੱਲ ਮੇਰਾ ਝੁਕਾਅ ਬਚਪਨ ਤੋਂ ਹੀ ਸੀ। ਮੈਂ 4-5 ਸਾਲ ਦੀ ਉਮਰ ਤੋਂ ਹੀ ਸਟੇਜਾਂ 'ਤੇ ਗਾਉਣ ਲੱਗ ਗਿਆ ਸਾਂ। ਸਕੂਲਾਂ/ਕਾਲਜਾਂ ਦੀਆਂ ਸਟੇਜਾਂ ਤੋਂ ਕਾਫੀ ਉਤਸ਼ਾਹ ਮਿਲਿਆ। ਬਾਅਦ ਵਿਚ ਅਮਰੀਕਾ ਆ ਕੇ ਵੀ ਯਾਰਾਂ-ਦੋਸਤਾਂ ਦੀਆਂ ਮਹਿਫਲਾਂ ਵਿਚ ਦਿਲ ਦੀ ਭੜਾਸ ਕੱਢਣ ਦਾ ਮੌਕਾ ਮਿਲਦਾ ਰਿਹਾ। ਯਾਰਾਂ-ਦੋਸਤਾਂ ਦੀ ਪ੍ਰੇਰਨਾ ਸਦਕਾ 2006 ਵਿਚ ਮੇਰੀ ਪਲੇਠੀ ਐਲਬਮ 'ਯਾਦਾਂ ਦੇਸ਼ ਪੰਜਾਬ ਦੀਆਂ' ਰਿਲੀਜ਼ ਹੋਈ ਜਿਸ ਨੂੰ ਸਰੋਤਿਆਂ ਨੇ ਰੱਜ ਕੇ ਪਿਆਰ ਦਿੱਤਾ।

**ਸਵਾਲ: ਨਵੀਂ ਐਲਬਮ 'ਮੈਂ ਬੋਲੀ ਪੰਜਾਬ ਦੀ' ਬਾਰੇ ਕੁਝ ਦੱਸੋ।**

**ਜਵਾਬ:** ਇਹ ਐਲਬਮ ਇੱਕ ਪੈਗਾਮ ਹੈ, ਲਾਚਾਰ ਹੋ ਚੁਕੀ ਪੰਜਾਬੀ ਮਾਂ ਬੋਲੀ ਦਾ, ਇੱਕ ਸੁਨੇਹਾ ਹੈ, ਪੈਸੇ ਦੇ ਲਾਲਚੀ ਹੋ ਚੁਕੇ ਕੁਝ ਕੁ ਲਿਖਾਰੀ ਵੀਰਾਂ ਅਤੇ ਗਾਇਕ ਕਲਾਕਾਰਾਂ ਨੂੰ ਜਿਨ੍ਹਾਂ ਪੰਜਾਬੀ ਬੋਲੀ ਦੀ ਪੱਤ ਨੂੰ ਰੋਲਣ ਦਾ ਠੇਕਾ ਹੀ ਲੈ ਲਿਆ ਜਾਪਦਾ ਹੈ। 'ਪੰਜਾਬੀਏ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ ਫਿਕੀ ਪੈ ਗਈ ਚਿਹਰੇ ਦੀ ਨੁਹਾਰ, ਮੀਡੀਆਂ ਖਿਲਾਰੀ ਫਿਰੇਂ ਬੁਲ੍ਹੇ ਦੀਏ ਕਾਫੀਏ, ਨੀ ਕਿਹਨੇ ਤੇਰਾ ਲਾਹ ਲਿਆ ਸ਼ਿੰਗਾਰ' ਇੱਕ ਹਉਕਾ ਹੈ ਮੇਰੇ ਮਨ 'ਚ ਵੀ। ਪੰਜਾਬੀ ਮਾਂ ਬੋਲੀ ਦਾ ਖੁੱਸਿਆ ਸਤਿਕਾਰ ਬਹਾਲ ਕਰਨ ਦਾ ਇਕ ਛੋਟਾ ਜਿਹਾ ਹੀਲਾ ਕੀਤਾ ਹੈ ਆਪਣੀ ਇਸ



ਐਲਬਮ ਰਾਹੀਂ।

**ਸਵਾਲ: ਤੁਹਾਨੂੰ ਆਪਣੀ ਐਲਬਮ ਤੋਂ ਕੀ ਉਮੀਦਾਂ ਹਨ?**

**ਜਵਾਬ:** 'ਜੋ ਮੇਰਾ ਫਰਜ਼ ਥਾ, ਵੋ ਮੈਂਨੇ ਪੂਰਾ ਕੀਆ, ਅਗਰ ਖੁਦ ਖੁਦਾ ਭੂਲ ਜਾਏ, ਤੋ ਮੈਂ ਕਿਆ ਕਰੂੰ।' ਅਸੀਂ ਪੂਰੀ ਮਿਹਨਤ ਕਰਕੇ ਇਹ ਐਲਬਮ ਤਿਆਰ ਕੀਤੀ ਹੈ। ਇਹ ਐਲਬਮ ਲੱਚਰਤਾ ਦੇ ਮੂੰਹ 'ਤੇ ਇਕ ਕਰਾਰਾ ਤਮਾਚਾ ਹੈ। ਬਾਕੀ ਉਮੀਦ ਤਾਂ ਲੋਕਾਂ ਦੇ ਹੁੰਗਾਰੇ 'ਤੇ ਨਿਰਭਰ ਕਰਦੀ ਹੈ, ਕਿ ਸਰੋਤੇ ਸੁਣਨ ਪਿਛੋਂ ਕੀ ਫਤਵਾ ਦਿੰਦੇ ਹਨ।

**ਸਵਾਲ: ਐਲਬਮ ਦਾ ਸੰਗੀਤ ਅਤੇ ਗੀਤਕਾਰ?**

**ਜਵਾਬ:** ਸੰਗੀਤ ਮੇਰੇ ਪਰਮ ਮਿੱਤਰ ਵਿਨੇ ਵਿਨਾਇਕ ਦਾ ਹੈ ਜਿਸ ਨੇ ਮੇਰੀ ਪਹਿਲੀ ਐਲਬਮ 'ਯਾਦਾਂ ਦੇਸ਼ ਪੰਜਾਬ ਦੀਆਂ' ਦਾ ਵੀ ਸੰਗੀਤ ਤਿਆਰ ਕੀਤਾ ਸੀ। ਗੀਤਕਾਰ ਹੀਰ ਵਾਰਿਸ ਦੇ ਰਚੈਤਾ ਸਯਦ ਵਾਰਿਸ ਸ਼ਾਹ, ਉਘੇ ਸ਼ਾਇਰ ਸ. ਪੰਛੀ ਸਾਹਿਬ, ਮੱਖਣ ਬਰਾੜ, ਦਲਜੀਤ ਰਿਆੜ (ਫਰਿਜ਼ਨੋ) ਅਤੇ ਯਾਦਵਿੰਦਰ ਸਰਾਂ ਹਨ।

**ਸਵਾਲ: ਕੀ ਸਾਡੀਆਂ ਲੋਕਲ ਸੰਸਥਾਵਾਂ ਜਾਂ ਵਿਦੇਸ਼ਾਂ 'ਚ ਵਸਦੇ ਪੰਜਾਬੀ ਸਾਡੇ ਇਥੇ ਵਸੇ ਪੰਜਾਬੀ ਕਲਾਕਾਰਾਂ ਨੂੰ ਬਣਦਾ ਮਾਣ ਦਿੰਦੇ ਹਨ?**

**ਜਵਾਬ:** ਵੇਖੋ, ਕਲਾਕਾਰਾਂ ਦੀਆਂ ਫੋਟੋਆਂ ਇਸ਼ਤਿਹਾਰਾਂ ਵਿਚ ਪਾਉਣ ਜਾਂ ਸਟੇਜਾਂ ਤੋਂ ਉਨ੍ਹਾਂ ਨੂੰ ਸਨਮਾਨ ਚਿੰਨ ਦੇਣ ਨਾਲ ਮਸਲਾ ਹੱਲ ਨਹੀਂ ਹੁੰਦਾ। ਇਸ ਦੇ ਉਲਟ ਸੰਸਥਾਵਾਂ ਵਾਲੇ ਕਈ ਵਾਰ ਪੰਜਾਬ ਤੋਂ ਆਏ ਬੇਸੁਰੇ ਗਾਇਕਾਂ 'ਤੇ ਲੋਹੜੇ ਦੇ ਡਾਲਰ ਖਰਚ ਦਿੰਦੇ ਹਨ। ਇਥੇ ਸਾਡੇ ਕੋਲ ਬੜੇ ਸੁਰ ਤਾਲ ਦੇ ਧਨੀ ਸੁਰੀਲੇ ਗਾਇਕ ਹਨ ਪਰ ਪਤਾ ਨਹੀਂ ਸਾਡੇ ਵਿਦੇਸ਼ੀ ਪੰਜਾਬੀ ਲੋਕਲ ਕਲਾਕਾਰਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਮੁਲ ਦੇਣ ਤੋਂ ਕਿਉਂ ਝਿਜਕਦੇ ਹਨ?

**ਸਵਾਲ: ਅੱਜਕੱਲ ਦੇ ਲੱਚਰ ਗਾਇਕਾਂ ਬਾਰੇ ਕੁਝ ਕਹਿਣਾ ਚਾਹੋਗੇ?**

**ਜਵਾਬ:** ਪਹਿਲੀ ਗੱਲ ਤਾਂ ਇਹ ਕਿ ਅਗਰ ਅਸੀਂ ਖੁਦ ਲੱਚਰ ਗੀਤ ਸੁਣਨੇ ਬੰਦ ਕਰ ਦੇਈਏ ਅਤੇ ਅਸ਼ਲੀਲ ਵੀਡੀਓ ਨਕਾਰੀਏ ਤਾਂ ਲੱਚਰਤਾ ਨੂੰ ਆਪੇ ਨੱਥ ਪੈ ਜਾਵੇਗੀ। ਦੂਜੇ, ਲੱਚਰ ਗਾਉਣ ਵਾਲੇ ਸਾਡੇ ਅਜਿਹੇ ਕੁਝ ਕੁ ਕਲਾਕਾਰਾਂ ਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਜੋ ਕੰਡੇ ਅੱਜ ਉਹ ਦੂਜਿਆਂ ਲਈ ਬੀਜ ਰਹੇ ਹਨ, ਇਹ ਕੰਡੇ ਕਲ੍ਹ ਨੂੰ ਉਨ੍ਹਾਂ ਦੇ ਆਪਣੇ ਬੱਚਿਆਂ ਦੇ ਵੀ ਚੁਭਣੇ ਹਨ।

**ਸਵਾਲ: ਪਾਠਕਾਂ ਲਈ ਕੋਈ ਸੁਨੇਹਾ?**

**ਜਵਾਬ:** ਸੁਨੇਹਾ ਨਹੀਂ, ਬੇਨਤੀ ਹੈ, ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰੋ। ਵਧੀਆ ਅਤੇ ਮਿਆਰੀ ਗਾਇਕੀ ਨੂੰ ਹੁਲਾਰਾ ਦਿਓ। ਅਸ਼ਲੀਲ ਵੀਡੀਓ ਅਤੇ ਲੱਚਰ ਗਾਇਕੀ ਨੂੰ ਨਕਾਰੋ। ਮੇਰੇ ਪਿਆਰੇ ਸਰੋਤਿਆਂ ਨੂੰ ਬੇਨਤੀ ਹੈ ਕਿ ਮੇਰੀ ਐਲਬਮ 'ਮੈਂ ਬੋਲੀ ਪੰਜਾਬ ਦੀ' ਨੂੰ ਇਕ ਵਾਰ ਜ਼ਰੂਰ ਸੁਣਿਓ, ਬੇਸ਼ੱਕ ਸਟੋਰ ਤੋਂ ਕਾਪੀ ਕੀਤੀ ਸੀ ਡੀ ਲੈ ਕੇ ਹੀ ਸੁਣ ਲਿਓ। ਅਗਰ ਕਿਸੇ ਨੂੰ ਕੋਈ ਆਰਥਕ ਮਜ਼ਬੂਰੀ ਹੋਵੇ ਤਾਂ ਉਹ ਮੇਰੇ ਨਾਲ ਸੰਪਰਕ ਕਰੇ। ਮੈਂ ਆਪਣੇ ਖਰਚੇ 'ਤੇ ਸੀ ਡੀ ਡਾਕ ਰਾਹੀਂ ਪਹੁੰਚਾਉਣ ਦਾ ਵਾਇਦਾ ਕਰਦਾ ਹਾਂ। ਅਸੀਂ ਪੰਜਾਬੀ ਮਾਂ ਬੋਲੀ ਦਾ ਇਕ ਸੁਨੇਹਾ, ਇਕ ਪੈਗਾਮ ਪੰਜਾਬੀ ਭਾਈਚਾਰੇ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਇਸ ਨਵੀਂ ਐਲਬਮ 'ਮੈਂ ਬੋਲੀ ਪੰਜਾਬ ਦੀ' ਦੇ ਜ਼ਰੀਏ। ਮੇਰੀ ਕੋਸ਼ਿਸ਼ ਇਹੀ ਹੈ ਕਿ ਇਹ ਪੈਗਾਮ ਘਰ-ਘਰ ਪਹੁੰਚੇ। ਪਿਆਰੇ ਪਾਠਕੋ ਇਹ ਸੀ ਡੀ ਸੁਣਿਓ ਜ਼ਰੂਰ।

# ਪੰਜਾਬੀ ਰੇਡੀਓ ਯੂਐਸਏ ਨੇ ਦੂਜੀ ਵਰ੍ਹੇਗੰਢ ਮਨਾਈ

**ਸੈਨ ਹੋਜ਼ੇ (ਬਿਊਰੋ):** ਪੰਜਾਬੀ ਰੇਡੀਓ ਯੂਐਸਏ ਦੀ ਦੂਸਰੀ ਵਰ੍ਹੇਗੰਢ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ 22 ਸਤੰਬਰ ਨੂੰ ਮਨਾਈ ਗਈ। ਰੇਡੀਓ ਵਲੋਂ ਜਾਰੀ ਇਕ ਬਿਆਨ ਅਨੁਸਾਰ ਦੁਪਹਿਰ 1.00 ਵਜੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਦੂਸਰੀ ਵਰ੍ਹੇਗੰਢ ਦੇ ਸਮਾਗਮ ਸ਼ੁਰੂ ਹੋਏ। ਸੈਂਕੜੇ ਸਰੋਤਿਆਂ ਨੇ ਦੂਰੋਂ ਨੇੜਿਓਂ ਸਟੂਡੀਓ ਵਿਚ ਆ ਕੇ ਪ੍ਰੋਗਰਾਮ ਵਿਚ ਹਿੱਸਾ ਲਿਆ। ਭਾਈ ਦਿਲਬਾਗ ਸਿੰਘ ਅਤੇ ਭਾਈ ਹਰਪ੍ਰੀਤ ਸਿੰਘ ਨੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ। ਬਹੁਤ ਸਾਰੇ ਸਰੋਤਿਆਂ ਨੇ ਰੇਡੀਓ ਉਪਰ ਕਾਲ ਕਰਕੇ ਵਧਾਈਆਂ ਦਿੱਤੀਆਂ।

ਆਏ ਸਰੋਤਿਆਂ ਵਲੋਂ ਪੰਜਾਬੀ ਰੇਡੀਓ ਦੇ ਦੋ ਸਾਲਾਂ ਵਿਚ ਕੀਤੇ ਗਏ ਪ੍ਰੋਗਰਾਮਾਂ, ਜਿਵੇਂ ਨਨਕਾਣਾ ਸਾਹਿਬ ਤੋਂ ਲਾਈਵ ਪ੍ਰੋਗਰਾਮ, ਯੂਬਾ ਸਿਟੀ, ਸਟਾਕਟਨ, ਕੈਨੇਡਾ, ਬੇਕਰਸਫੀਲਡ ਅਤੇ ਸਿਆਟਲ ਤੋਂ ਨਗਰ ਕੀਰਤਨਾਂ ਦੇ ਨਾਲੋ-ਨਾਲ ਪ੍ਰਸਾਰਣ ਦੀ ਉਚੇਚੀ ਪ੍ਰਸ਼ੰਸਾ ਕੀਤੀ ਗਈ। ਸਰੋਤਿਆਂ ਨੇ ਇਸ ਗੱਲ ਦੀ ਵੀ ਸ਼ਲਾਘਾ ਕੀਤੀ ਕਿ ਰੇਡੀਓ ਨੇ ਸਿੱਖਾਂ ਨਾਲ ਸਬੰਧਤ ਮੁੱਦਿਆਂ ਜਿਵੇਂ ਹੋਂਦ ਚਿਲੜ ਕਾਂਡ, ਭਾਈ ਰਾਜੋਆਣਾ ਮੁੱਦਾ, ਉਧਮਪੁਰ ਨੱਲਾਂ, ਭਾਈ ਮਨਦੀਪ ਸਿੰਘ ਅਤੇ ਜੇ ਲੀਨੋ ਵਲੋਂ ਸਿੱਖ ਧਰਮ ਦੇ ਉਡਾਏ ਗਏ ਮਜ਼ਾਕ ਨੂੰ ਨਿੱਧੜਕ ਹੋ ਕੇ ਉਠਾਇਆ ਹੈ। ਰੇਡੀਓ ਵਲੋਂ ਓਕ ਕਰੀਕ ਘਟਨਾ ਤੋਂ ਬਾਅਦ ਕਰਵਾਏ ਗਏ 120 ਥਾਵਾਂ ਤੇ ਕੈਂਡਲ ਲਾਈਟ ਵਿਜ਼ਲ ਨੂੰ ਵੀ ਸਹੀ ਦਿਸ਼ਾ ਵਿਚ ਇਕ ਕਦਮ ਦਸਿਆ ਗਿਆ। ਕ੍ਰਿਕਟ ਮੈਚਾਂ ਦੀ ਪੰਜਾਬੀ ਵਿਚ ਕੁਮੈਂਟਰੀ, ਪੰਜਾਬ ਤੋਂ ਚੋਣਾਂ ਅਤੇ ਗੁਰੂਘਰਾਂ ਤੋਂ ਲਾਈਵ ਕਵਰੇਜ ਦੀ ਵੀ ਸ਼ਲਾਘਾ ਕੀਤੀ ਗਈ।

ਪੰਜਾਬੀ ਰੇਡੀਓ ਯੂਐਸਏ ਦੇ ਮਨਪਸੰਦ ਪ੍ਰੋਗਰਾਮਾਂ-ਸਿਹਤ ਸੰਭਾਲ, ਪਾਣੀ 'ਚ ਮਧਾਣੀ, ਤੁਹਾਡੇ ਸ਼ਹਿਰ ਦੇ ਵਿਹੜੇ, ਜੌਬ ਅਤੇ ਬਿਜਨਸ ਸ਼ੋਅ, ਸੱਜਰੀ ਸਵੇਰ, ਨਜ਼ਰੀਆ ਦੀ ਵੀ ਪ੍ਰਸ਼ੰਸਾ ਕੀਤੀ ਗਈ। ਰੇਡੀਓ ਦੇ ਸੰਚਾਲਕਾਂ ਨੇ ਸਰੋਤਿਆਂ ਨੂੰ ਅਪੀਲ ਕੀਤੀ ਕਿ ਪੰਜਾਬੀ ਰੇਡੀਓ ਯੂ.ਐਸ.ਏ ਸੁਣਨ ਲਈ ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ, ਸਕੇ ਸਬੰਧੀਆਂ ਨੂੰ ਪ੍ਰੇਰਿਤ ਕਰਨ। ਰੇਡੀਓ ਫੋਨ 605-475-6868, 832-551-5029 ਜਾਂ www.punjabiradiousa.com ਤੇ ਸੁਣਿਆ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਰੇਡੀਓ ਨਾਲ ਫੋਨ 408-722-7698 ਰਾਹੀਂ ਸੰਪਰਕ ਹੋ ਸਕਦਾ ਹੈ।



ਪੰਜਾਬੀ ਰੇਡੀਓ ਯੂਐਸਏ ਦਾ ਸਟੂਡੀਓ



ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਮੈਂਬਰਾਂ ਨਾਲ ਡਾ. ਨਵਜੋਤ ਸਿੰਘ ਦਾਹੀਆ

# ਥਾਂ ਥਾਂ ਨਸ਼ਾ ਛਡਾਊ ਕੇਂਦਰ ਚਿੰਤਾ ਦਾ ਵਿਸ਼ਾ-ਡਾ. ਦਾਹੀਆ

**ਫਰੀਮਾਂਟ (ਬਿਊਰੋ):** ਪੰਜਾਬ ਮੈਡੀਕਲ ਸੈਲ ਦੇ ਚੇਅਰਮੈਨ ਡਾ. ਨਵਜੋਤ ਸਿੰਘ ਦਾਹੀਆ ਨੇ ਕਿਹਾ ਹੈ ਕਿ ਪੰਜਾਬ ਵਿਚ ਹਰ 15-20 ਕਿਲੋਮੀਟਰ 'ਤੇ ਨਸ਼ਾ ਛਡਾਊ ਕੇਂਦਰ ਹੋਣਾ ਆਪਣੇ ਆਪ ਵਿਚ ਹੀ ਇਕ ਚਿੰਤਾ ਦਾ ਵਿਸ਼ਾ ਹੈ। ਪੰਜਾਬ ਨੂੰ ਨਸ਼ਿਆਂ ਦੇ ਛੇਵੇਂ ਦਰਿਆ ਵਿਚ ਰੁੜ੍ਹਨ ਤੋਂ ਬਚਾਉਣ ਲਈ ਸੱਚਮੁੱਚ ਹੀ ਸਭ ਪੰਜਾਬੀਆਂ ਨੂੰ ਇਕ ਵੱਡਾ ਹੰਭਲਾ ਮਾਰਨ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਪੰਜਾਬ ਮੈਡੀਕਲ ਸੈਲ ਦੇ 3 ਹਜ਼ਾਰ ਤੋਂ ਵੱਧ ਡਾਕਟਰ ਮੈਂਬਰ ਹਨ।

ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਵਲੋਂ ਵਿੱਢੀ ਗਈ ਨਸ਼ਾ ਵਿਰੋਧੀ ਮੁਹਿੰਮ ਵਿਚ ਸ਼ਾਮਲ ਹੁੰਦਿਆਂ ਡਾ. ਦਾਹੀਆ ਨੇ ਰੇਡੀਓ ਚੜ੍ਹਦੀ ਕਲਾ 'ਤੇ ਬੋਲਦਿਆਂ ਕਿਹਾ ਕਿ ਇੰਡੀਆ ਵਿਚ ਜਿੰਨੇ ਸਖਤ ਕਾਨੂੰਨ ਹਨ, ਹੋਰ ਕਿਤੇ ਵੀ ਨਹੀਂ ਪਰ ਸਾਡੇ ਸਿਆਸੀ ਆਗੂਆਂ ਦੀ ਦਖਲਅੰਦਾਜ਼ੀ ਕਰਕੇ ਕਦੇ ਵੀ ਇਹ ਕਾਨੂੰਨ ਸਹੀ ਤਰੀਕੇ ਨਾਲ ਲਾਗੂ ਨਹੀਂ ਹੋ ਪਾਉਂਦੇ। ਇਸੇ ਕਰਕੇ ਹਰ ਗਲੀ ਮੁਹੱਲੇ ਵਿਚ ਸ਼ਰਾਬ ਦੇ ਠੇਕੇ ਅਤੇ ਥਾਂ ਥਾਂ ਕੈਮਿਸਟਾਂ ਦੀਆਂ ਦੁਕਾਨਾਂ ਖੁੱਲ੍ਹੀਆਂ ਹੋਈਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਕੈਮਿਸਟਾਂ ਦੀਆਂ ਦੁਕਾਨਾਂ ਸਿਵਾਏ ਨਸ਼ੇ ਵੇਚਣ ਤੋਂ ਹੋਰ ਕੁਝ ਨਹੀਂ ਕਰਦੀਆਂ।

ਡਾ. ਨਵਜੋਤ ਸਿੰਘ ਦਾਹੀਆ ਨੇ ਸਵਾਲ ਉਠਾਇਆ ਕਿ ਜਗ੍ਹਾ ਜਗ੍ਹਾ ਖੁੱਲ੍ਹੇ ਨਸ਼ਾ ਛਡਾਊ ਕੇਂਦਰ ਕੀ ਸੱਚਮੁੱਚ ਨਸ਼ਾ ਛਡਾਉਂਦੇ ਹਨ ਜਾਂ ਆਮ ਆਦਮੀ ਤੱਕ ਨਸ਼ਾ ਪਹੁੰਚਾਉਣ ਦੇ ਕੇਂਦਰਾਂ ਵਜੋਂ ਕੰਮ ਕਰਦੇ ਹਨ? ਸਕੂਲੀ ਬੱਚਿਆਂ ਵਿਚ ਨਸ਼ੇ ਦੇ ਵਧ ਰਹੇ ਰੁਝਾਨ ਉਤੇ ਚਿੰਤਾ ਜਾਹਰ ਕਰਦਿਆਂ ਕਿਹਾ ਕਿ ਬੱਚਿਆਂ ਵਿਚ ਸ਼ੁਰੂ 'ਚ ਆਈ ਤਬਦੀਲੀ ਦਾ ਸਭ ਤੋਂ ਪਹਿਲਾਂ ਮਾਪਿਆਂ ਨੂੰ ਪਤਾ ਲੱਗ ਜਾਂਦਾ ਹੈ ਜਿਸ ਦਾ ਇਲਾਜ ਸੌਖਾ ਹੁੰਦਾ ਹੈ। ਦੇਰ ਕਰਨ ਨਾਲ ਨਸ਼ਿਆਂ ਕਰਕੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੋ ਜਾਂਦੀਆਂ ਹਨ ਜਿਨ੍ਹਾਂ ਵਿਚ ਨਿਪੁੰਸਕਤਾ ਵੀ ਸ਼ਾਮਲ ਹੈ ਜਿਸ ਕਰਕੇ ਸ਼ਰਮਸਾਰ ਹੋਇਆ ਬੱਚਾ ਫਿਰ ਇਸ ਬਿਮਾਰੀ ਤੋਂ ਛੁਟਕਾਰਾ ਨਹੀਂ ਪਾ ਸਕਦਾ। ਡਾ. ਦਾਹੀਆਂ ਨੇ ਯੂਨਾਈਟਿਡ ਸਪੋਰਟਸ ਕਲੱਬ ਸਮੇਤ ਸਮੂਹ ਸਮਾਜ ਸੇਵੀ ਜਥੇਬੰਦੀਆਂ ਦਾ ਧੰਨਵਾਦ ਕੀਤਾ ਜੋ ਨਸ਼ਿਆਂ ਵਿਰੁਧ ਮੁਹਿੰਮ ਚਲਾ ਰਹੀਆਂ ਹਨ।

# CHAHAL VIDEO

Video & Photography

We Treat your special events with care!

- HD Video (High Definition)
- Magazine Album

Cell: (916) 601-6632
Cell: (916) 690-4182
Ph: (916) 682-7321
email: ChahalVideo1@yahoo.com



ਵਿਆਹ-ਸ਼ਾਦੀ ਜਾਂ ਕਿਸੇ ਪਾਰਟੀ ਦੀ ਯਾਦ ਨੂੰ ਸਾਂਭਣ ਲਈ ਸੰਪਰਕ ਕਰੋ

Jaison Chahal at 916-601-6632

# M.K. Nijjar DDS
# Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

**510-794-7058**

WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*

# Dhillon Truck Stop
# Dhillon Road Service

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776

# United Sports Club of California

33272 Palomino Common, Fremont, CA, USA 94555, Ph: 510-468-9381
Website: http://usportsca.org/

ਨਸ਼ੇ ਛਡੋ। **ਨਸ਼ਾ ਵਿਰੋਧੀ ਅਪੀਲ** ਕੋਹੜ ਵਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ। ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।







ਗੈਰ ਕਾਨੂੰਨੀ ਵਿੱਕ ਰਹੇ ਨਸ਼ਿਆਂ ਕਾਰਨ 73% ਤੋਂ ਵੱਧ ਨਸ਼ਿਆਂ ਦੇ ਆਦੀ ਅਤੇ 25% ਤੋਂ ਵਧ ਨਿਪੁੰਸਕ -Dr. Harshinder Kaur
ਵਿਦੇਸ਼ੀ ਧਰਤੀ ਉਤੇ ਧੜਾ ਧੜ ਫਿਰ ਰਹੇ ਬਾਬਿਆਂ ਅਤੇ ਲੀਡਰਾ ਨੂੰ ਪੰਜਾਬ ਵਿਚ ਰਹਿ ਕੇ ਸਮਾਜਿਕ ਬੁਰਾਈਆਂ ਖਿਲਾਫ ਕੰਮ ਕਰਨ ਦੀ ਅਪੀਲ।
ਨਸ਼ਾ ਵਿਰੋਧੀ ਮੁਹਿੰਮ ਵਿਚ ਸ਼ਾਮਲ ਹੋਣ ਲਈ **Every Sunday 8:15pm-10:00pm CA Time (832-551-5038)**

| ਅਮੋਲਕ ਸਿੰਘ ਗਾਖ਼ਲ (ਚੇਅਰਮੈਨ) | ਬਲਵੀਰ ਸਿੰਘ ਭਾਟੀਆ (ਪ੍ਰਧਾਨ) | | ਗੁਰਦਾਵਰ ਸਿੰਘ ਮਹੇੜੂ | ਜੁਗਰਾਜ ਸਿੰਘ ਸਹੋਤਾ |
|---|---|---|---|---|
| 831-247-4637 | 510-677-6248 | Radio Chardi Kala<br>Listen Live 24/7<br>www.radiock.com<br>Dial To Listen<br>832-551-5038 | 2gsmann@gmail.com | 510-673-0825 |
| Makhan S. Bains | Narinder S. Sahota | | Palwinder S. Gakhal | Kuldip S. Mann |
| Iqbal S. Gakhal | Parmjit S. Sandhu | | Dalvinder S. Padda | Sadhu S. Khalour |

www.punjabtimesusa.com

Promotes Healthy Enviornment

ਮਾਂ-ਬਾਪ, ਸਮਾਜ ਸੇਵੀ ਸੰਸਥਾਵਾਂ, ਪ੍ਰਸ਼ਾਸਨ, ਖੇਡ ਪ੍ਰੋਮੋਟਰਾਂ ਅਤੇ ਰਾਜਨੀਤੀਵਾਨਾਂ ਨੂੰ ਨਸ਼ਿਆਂ ਖਿਲਾਫ ਡਟਣ ਦਾ ਹੋਕਾ

Ad sponsored by: Amolak Singh Gakhal, Iqbal Singh Gakhal, Palwinder Singh Gakhal (A&I Trucking Inc.)

# ਬ੍ਰਾਹਮਣਵਾਦ ਅਤੇ ਜੱਟਵਾਦ ਦੀਆਂ ਤੰਦਾਂ




*ਫੋਟੋਗ੍ਰਾਫਰ ਰਣਦੀਪ ਮੱਦੋਕੇ ਨੇ ਐਤਕੀਂ ਤਮਿਲਨਾਡੂ ਦੇ ਨਾਲ-ਨਾਲ ਪੰਜਾਬ ਦੇ ਦਲਿਤਾਂ ਦੀ ਗੱਲ ਛੋਹੀ ਹੈ। ਜਿਵੇਂ ਤਮਿਲਨਾਡੂ ਦੇ ਦਲਿਤ ਬ੍ਰਾਹਮਣਾਂ ਤੋਂ ਔਖੇ ਹਨ, ਪੰਜਾਬ ਦੇ ਦਲਿਤ ਵੀ ਜੱਟਵਾਦ ਦੇ ਸਤਾਏ ਹੋਏ ਹਨ। ਇੰਨੀ ਦੂਰ ਦੇ ਇਨ੍ਹਾਂ ਸੂਬਿਆਂ ਦੇ ਦਲਿਤਾਂ ਦਾ ਇਹ ਦਰਦ ਸਾਂਝਾ ਹੈ। ਸਿੱਖੀ ਵੀ ਇਸ ਦਰਦ ਦੀ ਦਵਾ ਨਹੀਂ ਬਣ ਸਕੀ। ਰਣਦੀਪ ਇਨ੍ਹਾਂ ਨਾਲ ਗੱਲਾਂ ਕਰ ਕੇ ਇਹ ਚੁੱਪ ਤੋੜਦਾ ਹੈ। ਉਹ ਆਪਣੀ ਡਾਇਰੀ ਵਿਚ ਦਲਿਤਾਂ ਦੀ ਜਿਹੜੀ ਦਾਸਤਾਨ ਛੋਂਹਦਾ ਹੈ, ਉਹ ਪੀੜ ਨਾਲ ਉੱਛਲੀ ਪਈ ਹੈ। ਮੌਕੇ ਦੇ ਹਾਲਾਤ ਨੂੰ ਉਹ ਆਪਣੇ ਕੈਮਰੇ ਅਤੇ ਸ਼ਬਦਾਂ ਨਾਲ ਫੜਦਾ ਹੈ। ਤਾਮਿਲਨਾਡੂ ਉਹ ਘੁੰਮਣ-ਫਿਰਨ ਨਹੀਂ ਸੀ ਗਿਆ, ਸਗੋਂ ਉਥੇ ਵਸਦੇ ਲੋਕਾਂ ਦੇ ਦੁੱਖ-ਦਰਦ ਸਮਝਣ ਗਿਆ ਸੀ। ਉਹ ਚਾਹੁੰਦਾ ਹੈ ਕਿ ਲੋਕਾਂ ਦੇ ਮਨਾਂ ਵਿਚ ਹੌਲੀ-ਹੌਲੀ ਪਿਘਲ ਰਿਹਾ ਲਾਵਾ ਕੋਈ ਰਾਹ ਫੜੇ ਅਤੇ ਆਪਣੀ ਅੰਤਾਂ ਦੀ ਤਪਸ਼ ਵਾਲੀ ਦਾਸਤਾਨ ਬਿਆਨ ਕਰੇ। -ਸੰਪਾਦਕ*

ਵਲਾਈਦਮ ਦੇ ਚਾਚੇ ਦੇ ਘਰ ਵਿਚ ਸਾਡਾ ਨਿੱਘਾ ਸਵਾਗਤ ਹੋਇਆ। ਛੋਟਾ ਜਿਹਾ ਘਰ। ਮੁੱਖ ਦਰਵਾਜ਼ੇ 'ਤੇ ਤਮਿਲ ਘਰਾਂ ਵਿਚ ਜਿਵੇਂ ਆਮ ਹੀ ਹੁੰਦਾ ਹੈ, ਚੌਲਾਂ ਦੇ ਆਟੇ ਦੀ ਰੰਗੋਲੀ ਬਣਾਈ ਹੋਈ ਸੀ। ਘਰ 'ਚ ਦੁਪਹਿਰ ਦਾ ਖਾਣਾ ਬਣ ਰਿਹਾ ਸੀ। ਪਰਿਵਾਰ ਨਾਲ ਗੱਲਬਾਤ ਸ਼ੁਰੂ ਹੋਈ। ਪਰਿਵਾਰ ਉਤਸੁਕ ਸੀ ਕਿ ਅਸੀਂ ਇੰਨੀ ਦੂਰੋਂ ਪੰਜਾਬ ਤੋਂ ਅਰੁੰਥਥਿਅਰ ਜਾਤੀ ਨਾਲ ਹੋ ਰਹੇ ਧੱਕੇ ਬਾਰੇ ਜਾਣਨ/ਸੁਣਨ ਕਿਉਂ ਆਏ ਹਾਂ? ਉਤਰੀ ਭਾਰਤ ਤੋਂ ਲੋਕ ਤਾਂ ਤਮਿਲਨਾਡੂ ਦੇ ਸਮੁੰਦਰੀ ਬੀਚਾਂ ਉਤੇ ਮੌਜ-ਮਸਤੀ ਕਰਨ ਤੇ ਮੰਦਿਰ ਦੇਖਣ ਹੀ ਆਉਂਦੇ ਨੇ।

ਚਾਚਾ ਸਾਨੂੰ ਪੰਜਾਬ ਬਾਰੇ ਪੁੱਛਣ ਲੱਗਾ- ਉਥੇ ਸਭ ਕਿਵੇਂ ਹੈ? ਉਥੇ ਵੀ ਬ੍ਰਾਹਮਣਵਾਦ ਤਮਿਲਨਾਡੂ ਵਾਂਗ ਹੀ ਹੈ? ਉਥੇ ਵੀ ਦਲਿਤਾਂ ਦੇ ਮੰਦਿਰ ਅਲਗ ਹਨ? ਉਥੇ ਵੀ ਦਲਿਤਾਂ ਨੂੰ ਮੰਦਿਰ 'ਚ ਨਹੀਂ ਜਾਣ ਦਿੱਤਾ ਜਾਂਦਾ? ਮੈਂ ਉਸ ਨੂੰ ਦੱਸਿਆ ਕਿ ਪੰਜਾਬ ਵਿਚ ਬ੍ਰਾਹਮਣਵਾਦ ਨਹੀਂ, ਜੱਟਵਾਦ ਹੈ। ਮੰਦਿਰ ਤਾਂ ਬਹੁਤ ਜ਼ਿਆਦਾ ਨਹੀਂ ਹਨ, ਗੁਰਦੁਆਰੇ ਹੁੰਦੇ ਨੇ ਤੇ ਪੰਜਾਬ ਵਿਚ ਬਹੁ-ਗਿਣਤੀ ਲੋਕ ਸਿੱਖ ਨੇ; ਤੇ ਸਿੱਖ ਗੁਰੂਆਂ ਨੇ ਜਾਤਪਾਤ ਤੇ ਭੇਦਭਾਵ ਖਿਲਾਫ਼ ਇਨਕਲਾਬ ਕੀਤਾ; ਤੇ ਜਾਤਪਾਤ ਨੂੰ ਸਿਰੇ ਤੋਂ ਖਾਰਜ ਕੀਤਾ ਸੀ ਤੇ ਕਿਹਾ ਸੀ ਜੋ ਸਿੱਖ ਹੋਵੇਗਾ, ਉਹ ਸਿਰਫ ਤੇ ਸਿਰਫ ਸਿੱਖ ਹੋਵੇਗਾ, ਉਸ ਦੀ ਕੋਈ ਜਾਤ ਨਹੀਂ ਹੋਵੇਗੀ। 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨ ਬੋ' ਪਰ ਬਾਅਦ ਵਿਚ ਇਹ ਇਵੇਂ ਨਹੀਂ ਰਿਹਾ। ਗੁਰੂ ਸਾਹਿਬਾਨ ਦੇ ਇਨਕਲਾਬ ਨੂੰ 'ਉਲਟ ਇਨਕਲਾਬੀਆਂ' ਨੇ ਉਲਟਾ ਦਿੱਤਾ। ਹੁਣ ਸਿੱਖ ਸਿਰਫ ਸਿੱਖ ਨਹੀਂ, ਸਗੋਂ ਜੱਟ ਸਿੱਖ, ਰਾਮਦਾਸੀਏ ਸਿੱਖ, ਰਵਿਦਾਸੀਏ ਸਿੱਖ , ਮਜ਼ਹਬੀ ਸਿੱਖ, ਝਿਓਰ ਸਿੱਖ, ਛੀਂਬੇ ਸਿੱਖ, ਨਾਈ ਸਿੱਖ ਅਤੇ ਹੋਰ ਵੀ ਕਈ ਤਰ੍ਹਾਂ ਦੇ ਸਿੱਖ ਤੇ ਸਭ ਤੋਂ ਵੱਡੇ ਜੱਟ ਸਿੱਖ ਹੁੰਦੇ ਹਨ ਜੋ ਸਿੱਖ ਧਰਮ ਵਿਚ ਸਵਰਨ ਹਨ ਤੇ ਬਾਕੀ ਸਾਰੇ ਉਪਰ ਤੋਂ ਥੱਲੇ ਤੱਕ ਹਿੰਦੂਆਂ ਵਾਂਗ ਹੀ ਨੀਵੀਂ ਜਾਤ ਦੇ ਮੰਨੇ ਜਾਂਦੇ ਹਨ ਹਨ। ਵੈਸੇ ਤਾਂ ਗੁਰੂਘਰ 'ਚ ਸਾਰੀਆਂ ਜਾਤਾਂ ਦੇ ਲੋਕ ਜਾ ਸਕਦੇ ਨੇ ਪਰ ਜ਼ਿਆਦਾਤਰ ਪੇਂਡੂ ਗੁਰੂਘਰਾਂ 'ਚ ਨੀਵੀਂ ਜਾਤ ਦੇ ਸਿੱਖ (ਚੂਹੜੇ, ਚਮਾਰ) ਲੰਗਰ 'ਚ ਭਾਂਡਿਆਂ ਨੂੰ ਹੱਥ ਨਹੀਂ ਲਗਾ ਸਕਦੇ, ਤੇ ਉਨ੍ਹਾਂ ਨੂੰ ਪ੍ਰਬੰਧਕੀ ਕੰਮਾਂ ਤੋਂ ਦੂਰ ਹੀ ਰੱਖਿਆ ਜਾਂਦਾ ਹੈ। ਉਨ੍ਹਾਂ ਨਾਲ ਭੇਦਭਾਵ ਕੀਤਾ ਜਾਂਦਾ ਹੈ; ਤੇ ਕਾਫੀ ਗਿਣਤੀ ਦਲਿਤ ਸਿੱਖਾਂ ਨੇ ਆਪਣੇ ਗੁਰੂਘਰ ਅਲਗ ਵੀ ਬਣਾ ਲਏ ਹਨ।

ਚਾਚਾ ਇਹ ਸਭ ਸੁਣ ਕੇ ਹੈਰਾਨ ਹੋਇਆ ਤੇ ਕਹਿਣ ਲੱਗਾ-ਮੈਂ ਤਾਂ ਸੁਣਿਆਂ ਸੀ, ਸਿੱਖਾਂ ਵਿਚ ਇਹ ਸਭ ਨਹੀਂ ਹੁੰਦਾ! ਮੈਂ ਕਿਹਾ-ਹਾਂ, ਅੰਬੇਦਕਰ ਸਾਹਿਬ ਨੂੰ ਵੀ ਇਵੇਂ ਹੀ ਲੱਗਾ ਸੀ ਤੇ ਇਕ ਵਾਰ ਤਾਂ ਉਹ ਸਿੱਖ ਬਣਨ ਲਈ ਤਿਆਰ ਹੋ ਗਏ ਸਨ; ਪਰ ਨਾ ਤਾਂ ਸਿੱਖਾਂ ਨੇ ਉਨ੍ਹਾਂ ਨੂੰ ਚੰਗਾ ਹੁੰਗਾਰਾ ਦਿੱਤਾ ਤੇ ਉਨ੍ਹਾਂ ਨੂੰ ਵੀ ਪਤਾ ਲੱਗ ਗਿਆ ਸੀ ਕਿ ਸਿੱਖ ਬਣਨ ਨਾਲ ਵੀ ਨੀਵੀਂ ਜਾਤ ਉਨ੍ਹਾਂ ਦਾ ਪਿੱਛਾ ਨਹੀਂ ਛੱਡੇਗੀ, ਤੇ ਉਨ੍ਹਾਂ ਸਿੱਖ ਬਣਨ ਦਾ ਫੈਸਲਾ ਤਿਆਗ ਦਿੱਤਾ ਸੀ। ਚਾਚਾ ਕਹਿਣ ਲੱਗਾ-ਫਿਰ ਤਾਂ ਉਨ੍ਹਾਂ ਚੰਗਾ ਹੀ ਕੀਤਾ। ਮੈਂ ਕਿਹਾ-ਹਾਂ ਸ਼ਾਇਦ, ਚੰਗਾ ਹੀ ਹੋਵੇਗਾ ਕਿਉਂਕਿ ਇੰਨੇ ਸਾਰੇ ਸਿੱਖਾਂ ਚ ਇਕ ਹੋਰ ਸਿੱਖ 'ਮਹਾਰ ਸਿੱਖ' ਬਣਨ ਨਾਲ ਕਿਸੇ ਦਾ ਕੀ ਭਲਾ ਹੋ ਜਾਂਦਾ।


ਇਕ ਦਲਿਤ ਰਾਜਨੀਤਕ ਪਾਰਟੀ ਦੇ ਪੋਸਟਰ ਅੱਗੇ ਖੜ੍ਹੇ ਦਲਿਤ

ਚਾਚੀ ਨੇ ਖਾਣਾ ਤਿਆਰ ਹੋਣ ਬਾਰੇ ਕਿਹਾ ਤੇ ਅਸੀਂ ਫ਼ਰਸ਼ 'ਤੇ ਵਿਛੀਆਂ ਚਟਾਈਆਂ 'ਤੇ ਚੌਕੜੀਆਂ ਮਾਰ ਕੇ ਬੈਠ ਗਏ ਤੇ ਕੇਲੇ ਦੇ ਪੱਤਿਆਂ 'ਤੇ ਖੂਬ ਸਾਰੇ ਸੁਆਦੀ ਖਾਣੇ ਆ ਗਏ। ਘਰ ਵਿਚ ਚਮਚ ਨਹੀਂ ਸੀ। ਰੋਸ਼ਨ ਦੇ ਮੰਗਣ 'ਤੇ ਸਾਰੇ ਘਰ ਦੀ ਫਰੋਲਾ-ਫਰਾਲੀ ਤੋਂ ਬਾਅਦ ਉਹ ਦੋ ਘਸੇ ਜਿਹੇ ਤੇ ਵਿੰਗੇ-ਟੇਢੇ ਚਮਚੇ ਲੈ ਆਏ। ਖਾਣਾ ਖਾ ਕੇ ਰੂਹ ਰੱਜ ਗਈ। ਪਰਿਵਾਰ ਵਾਲੇ ਰੋਸ਼ਨ ਤੋਂ ਹੈਰਾਨ ਸਨ ਕਿ ਉਹ ਬ੍ਰਾਹਮਣ ਹੋ ਕੇ ਉਨ੍ਹਾਂ (ਦਲਿਤਾਂ) ਦੇ ਘਰ ਖਾਣਾ ਖਾ ਰਿਹਾ ਹੈ। ਇਹ ਗਲਤੀ ਮੇਰੇ ਕੋਲੋਂ ਹੀ ਸ਼ੁਰੂ 'ਚ ਹੋ ਗਈ ਸੀ। ਰਵੀ ਚੰਦਰਨ ਦੇ ਪੁੱਛਣ 'ਤੇ ਮੈਂ ਰੋਸ਼ਨ ਦੀ ਜਾਤ ਦੱਸ ਦਿੱਤੀ ਸੀ ਤੇ ਹੁਣ ਰਾਵੀ ਹਰ ਥਾਂ ਜਾਤ ਨਾਲ ਹੀ ਜਾਣ-ਪਛਾਣ ਕਰਾਉਂਦਾ ਸੀ। ਰੋਸ਼ਨ ਇਸ ਗੱਲੋਂ ਖਫਾ ਵੀ ਸੀ। ਮੈਨੂੰ ਕਹਿੰਦਾ-ਯਾਰ ਵੀਰੇ! ਤੂੰ ਮੈਨੂੰ ਵੀ ਦਲਿਤ ਹੀ ਦੱਸ ਦਿੰਦਾ! ਉਹ ਹਰ ਥਾਂ ਆਪਣੇ ਬਾਰੇ ਬ੍ਰਾਹਮਣ ਬ੍ਰਾਹਮਣ ਸੁਣ ਕੇ ਅੱਕ ਗਿਆ ਸੀ। ਲੋਕ ਉਸ ਨਾਲ ਘੁਲਦੇ-ਮਿਲਦੇ ਵੀ ਨਹੀਂ ਸਨ। ਮੈਂ ਉਹਨੂੰ ਮਜ਼ਾਕ ਕਰਦਾ-ਝੱਲ ਹੁਣ ਆਪਣੇ ਵੱਡਵਡੇਰਿਆਂ ਦੀ ਕੀਤੀ ਦਾ ਫਲ। ਖਾਣੇ ਤੋਂ ਬਾਅਦ ਦੱਖਣ ਭਾਰਤੀ ਮਧਰੇ ਤੇ ਕਾਲੇ ਕੇਲੇ ਆ ਗਏ, ਉਸ ਤੋਂ ਬਾਅਦ ਪੱਕਿਆ ਹੋਇਆ ਕਟਹਲ।

ਖਾਣੇ ਤੋਂ ਬਾਅਦ ਅਸੀਂ ਉਨ੍ਹਾਂ ਤੋਂ ਵਿਦਾਈ ਲੈ ਕੇ ਅਗਲੇ ਸਫ਼ਰ 'ਤੇ ਨਿੱਕਲ ਪਏ... ...ਸ਼ਹਿਰ ਤੋਂ ਬਾਹਰ ਨਿੱਕਲ ਅਸੀਂ ਨਾਗ ਵਾਂਗ ਵਲ ਖਾਂਦੀ ਸੜਕੇ ਪੈ ਗਏ। ਮੌਸਮ ਖੂਬਸੂਰਤ ਸੀ। ਅਸਮਾਨ 'ਤੇ ਹਲਕੇ ਬੱਦਲ ਸਨ ਤੇ ਠੰਢੀ ਸਮੁੰਦਰੀ ਹਵਾ ਸਕੂਨ ਦੇ ਰਹੀ ਸੀ। ਦੂਰ ਤੱਕ ਫੈਲੇ ਨਾਰੀਅਲ ਰੁੱਖਾਂ ਦੇ ਝੁੰਡ ਤੋਂ ਪਾਰ ਪੌਣ ਚੱਕੀਆਂ ਦਾ ਵਿਸ਼ਾਲ ਸਫੇਦ ਜੰਗਲ ਨਾਰੀਅਲ ਦੇ ਲੰਬੇ ਰੁੱਖਾਂ ਨਾਲ ਮੁਕਾਬਲਾ ਕਰ ਰਿਹਾ ਸੀ। ਹਵਾ ਵਿਚ ਘੁੰਮਦੇ ਅਦਮਕੱਦ ਖੰਭ ਜਿਵੇਂ ਨਾਰੀਅਲਾਂ ਦੇ ਹਵਾ ਨਾਲ ਫੜਫੜਾਉਂਦੇ ਹਰੇ ਪੀਲੇ ਪੱਤਿਆਂ ਨੂੰ ਉਨ੍ਹਾਂ ਦੇ ਨੀਵੇਂ ਹੋਣ ਦਾ ਮਿਹਣਾ ਮਾਰ ਰਹੇ ਹੋਣ। ਕਾਫੀ ਦੂਰ ਹਰੇ ਭਰੇ ਪਰ ਧੁੰਦਲੇ ਪਹਾੜ ਸਫੇਦ ਕਪਾਹੀ ਬੱਦਲਾਂ ਨਾਲ ਢਕੇ ਹੋਏ ਸਨ ਜਿਨ੍ਹਾਂ ਦੇ ਪਰਛਾਂਵਿਆਂ ਦੇ ਕਾਲੇ ਧੱਬੇ ਨੀਵੇਂ ਪਹਾੜਾਂ 'ਤੇ ਤੈਰ ਰਹੇ ਸਨ। ਸੜਕ ਦੇ ਨਾਲ-ਨਾਲ ਪਹਾੜੀ ਕਿੱਕਰਾਂ ਨੂੰ ਜਿਵੇਂ ਕਿਸੇ ਕਲਾਕਾਰ ਨੇ ਕਾਂਟ-ਛਾਂਟ ਕੇ ਖੂਬਸੂਰਤ ਆਕਾਰ ਦਿੱਤੇ ਹੋਣ। ਸਾਰਾ ਨਜ਼ਾਰਾ ਮਨ ਨੂੰ ਸਕੂਨ ਦੇ ਰਿਹਾ ਸੀ। ਕਾਲੀ ਪਤਲੀ ਸੜਕ ਵਲਾਈਦਮ ਦੇ ਆਟੋ ਅੱਗੇ ਜਿਵੇਂ ਦੌੜਦੀ ਜਾ ਰਹੀ ਸੀ। ਮਲਾਰ ਸਾਨੂੰ ਅਗਲੇ ਪਿੰਡਾਂ ਬਾਰੇ ਦੱਸ ਰਹੀ ਸੀ। ਅਸੀਂ ਇਕ ਪਿੰਡ ਦੇ ਸਰਪੰਚ ਅਤੇ ਇਕ ਹੋਰ ਪਿੰਡ ਦੇ ਕਤਲ ਕਰ ਦਿੱਤੇ ਸਰਪੰਚ ਦੇ ਪਰਿਵਾਰ ਅਤੇ ਇਕ ਛੋਟੇ ਕਸਬੇ 'ਚ ਮਨੁੱਖੀ ਅਧਿਕਾਰਾਂ ਦੇ ਕਾਮੇ ਵਕੀਲ ਨੂੰ ਮਿਲਣਾ ਸੀ। ਹੁਣ ਪਹਾੜ ਸੜਕ ਦੇ ਨਜ਼ਦੀਕ ਦਿਸ ਰਹੇ ਸਨ; ਹਲਕੇ ਲਾਲ ਤੇ ਪੀਲੇ ਜਿਵੇਂ ਗੁੜ ਦੀਆਂ ਬਹੁਤ ਵੱਡੀਆਂ ਭੇਲੀਆਂ ਇਕ-ਦੂਜੀ ਦੇ ਉਪਰ ਬੇਤਰਤੀਬੀਆਂ ਸੁੱਟੀਆਂ ਹੋਣ। ਲੰਬੀ ਸੜਕ ਦਾ ਕੋਈ ਸਿਰਾ ਨਹੀਂ ਆ ਰਿਹਾ ਸੀ। ਵਲਾਈਦਮ ਆਟੋ ਨੂੰ ਕਿਸੇ ਵੱਡੀ ਗੱਡੀ ਵਾਂਗ ਹਵਾ 'ਚ ਉਡਾਉਂਦਾ ਜਾ ਰਿਹਾ ਸੀ। ਤੇ ਲਹਿੰਦੇ ਪਾਸੇ ਢਲਦੇ ਸੂਰਜ ਨੇ ਜਿਵੇਂ ਬੱਦਲਾਂ ਨੂੰ ਅੱਗ ਲਾ ਦਿਤੀ ਹੋਵੇ; ਸੁਰਖ ਨਾਰੰਗੀ ਬੱਦਲ ਧਰਤੀ ਤੋਂ ਅਸਮਾਨ ਤੱਕ ਉਠਦੀਆਂ ਅੱਗ ਦੀਆਂ ਲਾਟਾਂ ਵਾਂਗ ਜਾਪ ਰਹੇ ਸਨ।


ਵਲਾਈਦਮ ਦੇ ਚਾਚੇ ਦੇ ਘਰ ਖਾਣੇ ਤੋਂ ਬਾਅਦ ਫੋਟੋ ਖਿਚਵਾਉਂਦੇ ਹੋਏ।

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 6 ਅਕਤੂਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-32



*ਵਿਹਲੜ 'ਬਾਬੇ' ਪਿੰਡਾਂ ਦੇ ਵਿਚ ਇਉਂ ਕਰਦੇ ਉਗਰਾਹੀਆਂ।*
*ਲੁੱਟ ਹੋਣ ਲਈ ਭੱਜ ਕੇ ਆਵਣ ਮਾਈਆਂ ਰੱਬ ਰਜਾਈਆਂ!*

## ਕੈਪਸ਼ਨ ਮੁਕਾਬਲਾ-30



ਆਓ ਦੁੜਾਈਏ ਅਕਲ ਦਾ ਘੋੜਾ
ਪੂਰੀਏ ਇਹ ਤਸਵੀਰ।
ਤੁੱਕਾ ਤਾਂ ਲੱਗ ਜਾਵੇਗਾ ਹੀ,
ਜੇ ਨਾ ਲੱਗਿਆ ਤੀਰ।
ਹੋ ਸਕਦਾ ਹੈ ਇਹ ਕੋਈ ਹੋਵੇ,
ਯੁਵਤੀ ਬਹੁਤ ਹੁਸੀਨ।
ਜਾਂ ਇਹ ਅਧਖੜ ਸੁਆਣੀ ਹੋਵੇ,
ਪਹਿਨੀ ਪਚਰੀ ਅਤਿ ਸ਼ੁਕੀਨ।
ਘੁੰਡ ਹੇਠਲਾ ਜਲਵਾ ਜਾਂ ਤਾ,
ਸਭ ਨੂੰ ਮੋਹ ਸਕਦਾ ਹੈ।
ਘੁੰਡ 'ਚ ਲੁਕਿਆ ਜਾਂ ਇਹ ਬਾਬਾ
ਰਾਮਦੇਵ ਵੀ ਹੋ ਸਕਦਾ ਹੈ।

*-ਮਹਾਂ ਸਿੰਘ ਹਾਂਸ*
*ਮਿਲਪੀਟਸ, ਕੈਲੀਫੋਰਨੀਆ।*
*ਫੋਨ:408-956-1696*

ਪੈਰੀਂ ਪਾ ਸੁਨਹਿਰੀ ਜੋੜਾ,
ਮੈਂ ਉਡਦੀ ਵਿਚ ਅਸਮਾਨੀਂ।
ਮਰਦ ਬਰਾਬਰ ਕਰ ਗਿਆ ਮੈਨੂੰ
ਸਿੱਖ ਧਰਮ ਦਾ ਬਾਨੀ।

*-ਕੁਲਦੀਪ ਸਿੰਘ ਢੀਂਡਸਾ*
*ਫੋਨ: 510-676-4440*

---

ਸੁੱਚਾ ਸੁਨਹਿਰੀ ਤਿੱਲਾ ਲਾ ਕੇ,
ਕਲਾਕਾਰ ਨੇ ਕਰੀ ਕਢਾਈ ।
ਕਾਰੀਗਰ ਨੇ ਸੁੱਚੇ ਹੱਥੀਂ,
ਤੋਪੇ ਲਾ ਕੇ ਨੋਕ ਖੜ੍ਹਾਈ।
ਬੱਲੇ ਬੱਲੇ ਹੋ ਗਈ ਮਿੱਤਰੋ,
ਜਦ ਮੁਟਿਆਰ ਨੇ ਪੈਰੀਂ ਪਾਈ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ, ਲੁਧਿਆਣਾ*
*ਫੋਨ:91-98783-37222*

---

ਪਟਿਆਲਾਸ਼ਾਹੀ ਸਲਵਾਰ ਨਾਲ
ਪਾ ਲਈ ਪੰਜਾਬੀ ਕੱਢਵੀਂ ਜੁੱਤੀ।
ਤਾਂ ਹੀ ਸਾਰੀ ਦੁਨੀਆਂ ਵਿਚ
ਸ਼ਾਨ ਪੰਜਾਬਣਾਂ ਦੀ ਉਚੀ।
ਪੰਜਾਬੀ ਕੱਢਵੀਂ ਜੁੱਤੀ ਨਾਲ ਪਾਇਆ
ਪੰਜਾਬਣ ਨੇ ਪੰਜਾਬੀ ਬਾਣਾ।
ਅੱਖਾਂ ਅੱਡੀ ਰਹਿ ਜਾਂਦਾ,
ਕੀ ਨਿਆਣਾ, ਕੀ ਸਿਆਣਾ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ:645-721-1964*

**Quick Stop 40, Oklahoma**

**ਟਰੱਕ ਸਟਾਪ ਲਈ ਲੋੜ ਹੈ**

**ਕੁਕ, ਕੈਸ਼ੀਅਰ, ਮਕੈਨਿਕ ਅਤੇ ਮੈਨੇਜਰ**

*ਇੰਡੀਅਨ ਰੈਸਟੋਰੈਂਟ ਵਿਚ ਫੁਲਕੇ ਪਕਾਉਣ ਲਈ ਖਾਸ ਤੌਰ 'ਤੇ ਕੁਕ ਦੀ ਲੋੜ ਹੈ। ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ*

**ਕਾਲ ਕਰੋ:832-512-7172**


ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ
• Kabaddi
• Basketball
• Volleyball
Open Kabaddi
1st Prize $10,000
2nd Prize $8,000
3rd Allstar World
ਕਬੱਡੀ ਕੱਪ
September 30, 2012
All Basketball Games on September 29th
ਗੁਰਦੁਆਰਾ ਬਰਾਡਸ਼ਾਅ ਖੇਡ ਕੰਪਲੈਕਸ
7676 Bradshaw Road • Sacramento, CA 95829
Kings Sports Club
Sacramento, CA
ਸਾਡੇ ਮਹਿਮਾਨ
ਸੱਜਣ ਸਿੰਘ ਚੀਮਾ (ਵਿਜੀਲੈਂਸ ਇੰਡੀਆ)
ਗਰੇਟ ਖਲੀ (ਦਲੀਪ ਸਿੰਘ)
ਜਰਨੈਲ ਸਿੰਘ ਸੇਖੋਂ ਇੰਗਲੈਂਡ
ਸਤਵੰਤ ਸਿੰਘ ਨਿੱਝਰ ਇੰਡਿਆਨਾ
Pawittar Sandhu (Seattle), Sukhwinder Dulai (Canada), Jaskiran Mahal (Canada), Deepa Badesha (Chicago), Sarbjit S. Randhawa, Rana Sidhu, Paramjit S. Sidhu, Tirath S. Atwal (Indianapolis)
Partispating Teams:
(Bay Area Sports Club, Guru Teg Bahadar Sports Club Canada, Kings Sports Club)
Top Row:
Jassi Dhillon, Inderjit Mahal, Gurnek Dosanjh, Sukhi Sekhon, Gurmukh S. Sandhu, Santokh S. Dosanjh, Sodhi Dhindsa
Bottom Row:
Gurdial Mall, Gurnek S. Dhillon, Kulwinder S. Bal, Major S. Randhawa, Sukhwinder S. Toor, Sital S. Nijjar
Not in Picture:
Peter Dosanjh, Pala Toor, Bhupinder Dosanjh, Mandeep Sahota
Star Players from India, England and Canada coming! Keepa Surkhpuria, Aman Kundi, Pappi Khira, Keepa Bhadni, Jeete Kooner, Deepa khurli, Happy Rurka, Jassa Sidwa.
ਸਪਾਂਸਰ
ਪਹਿਲਾ ਇਨਾਮ (ਓਪਨ ਕਬੱਡੀ)
ਹਰਨੇਕ ਸਿੰਘ ਅਟਵਾਲ
ਗੁਲਬਿੰਦਰ ਸਿੰਘ ਭਿੰਡਾ
ਕੁਲਜੀਤ ਸਿੰਘ ਨਿੱਝਰ
ਡਾਇਮੰਡ ਟਰਾਂਸਪੋਰਟ
ਪਿੰਕੀ ਅਟਵਾਲ • ਹਰਜਿੰਦਰ ਸਿੰਘ ਸੰਨੀ • ਭੁਪਿੰਦਰ ਸਿੰਘ ਕੰਗ
ਸਪਾਂਸਰ
ਦੂਜਾ ਇਨਾਮ (ਓਪਨ ਕਬੱਡੀ)
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
ਸਪਾਂਸਰ
ਪਹਿਲਾ ਇਨਾਮ (ਅੰਡਰ 21)
ਬਲਿਹਾਰ ਸਿੰਘ ਸਰਪੰਚ
ਕਸ਼ਮੀਰ ਸਿੰਘ ਬਾਂਦੀ
ਮਲਵਿੰਦਰ ਸਿੰਘ ਸੰਧੂ
ਜੋਨੀ ਕਾਹਲੋਂ
ਸਪਾਂਸਰ
ਦੂਜਾ ਇਨਾਮ (ਅੰਡਰ 21)
ਅਮਰਜੀਤ ਸਿੰਘ ਬਾਸੀ
ਤੀਰਥ ਸਿੰਘ ਸਹੋਤਾ
ਬਲਜੀਤ ਸਿੰਘ ਬਾਸੀ
ਕੁਲਵੰਤ ਸਿੰਘ ਬੋਪਾਰਾਏ
ਸਪਾਂਸਰ
ਸਰਬਜੀਤ ਸਿੰਘ ਬਿਆੜਾ
ਸਪਾਂਸਰ
ਸਾਬੀ ਯੂਬਾ ਸਿਟੀ
ਬਾਸਕਿਟਬਾਲ ਸਪਾਂਸਰ:
ਫੈਟ ਡਕ ਪੀਜ਼ਾ ਅਤੇ
ਜੀ ਐਂਡ ਐਸ ਟਰੱਕ ਵਾਸ਼ ਸੈਕਰਾਮੈਂਟੋ
ਸਪਾਂਸਰ
ਕੈਨੇਡਾ ਕਬੱਡੀ ਟੀਮ
ਬੂਟਾ ਲੋਧੀ, ਬੂਟਾ ਢਿੱਲੋਂ, ਬਲਜੀਤ ਸੇਖੋਂ, ਵਰਿੰਦਰ ਕੁਲਾਰ, ਰਾਣਾ ਦੁਸਾਂਝ, ਅਮਰਜੀਤ ਕੰਗ, ਕਮਲ ਚਾਹਲ, ਗੁਰਪਾਲ ਸਿੱਧੂ, ਸਰਬਣ ਢਿੱਲੋਂ, ਗੁਰਜੀਤ ਸਿੰਘ, ਜੋਧਾ ਸੰਧੂ
DIAMOND SPONSORS: Avtar S. Atwal, Baljit Singh, Kulwant Singh, Bitu Samra, Lucky Khaira, Ravinder Johal (Johal Patrolum Inc.), Major S. Bains (Smog Wizards), Jasvir S. Dhami (Curry Leaf Restuarnt), Bobby Gosal, Peter Dosanjh (US Truck Driving School), Sai Sohal (Baba Exp), Mohabatpal Kala & Sukhraj Kang, Sukhjiwan Singh (Pal's liquor), Chinna Jewellers Inc., Tarlochan S. Atwal, Baljit Dhoot (Joe's Travel Plaza), Raja & Harry (LTA Bos.), Sukhwinder Mann & Jarnail Dhaliwal (Jimco Truck Plaza), Sabbi (KTS Exp.), Gurnek Dhillon (Fat Ducks Pizza) Tirath Sahota, Folsom Trucking, Davinder Singh (U.S. Truck & Trailer Repair), Charan Budwal, Lakhvir Aujla (Aujla Trucking), Iqbal Dhanoa, Harnek Sandhu (SSS Trucking), Jassi Sahota (STP Truck Plaza),Dalip Gupta (Golden One Realty), Joga Singh (ShopLess Market), H.S.D Transports, Taran (Kings Exp.), Resham Singh (Power Truck Line), Ajaib Singh (Commander Transport), Sam Gill (Sunrise Trucking), Jaswant & Bawa Singh (Golden State Truck Parking), Salim (Expo Furniture Gallery), Sarbjit S. Bajwa (Bajwa Trucking), Ranbir Nijjar, Harry Pooni, Legend Transport, Malkit S. Boparai (Vanco Truck Stop), Harjider S. Gill, Harry Galt, Gursevak Brar Tracy, Harry Sangha (A1 Liquor), Sakinder Grewal (Punjabi Dhaba), Baljinder Purewal (B.J Gear), Manjit Sandar, Kuldeep Johal, Kala Tracy, Mangal Johal Fresno, Balvir S. Dhillon Fresno, DK Transport Corp. (Fresno), Shri Guru Ravidass Temple (Rio Linda), Narinderpal S. Hundal, Sital Nijjar & Manjit Singh (Punjab Insurance), G&S Truck Wash Sacramento, Jasvir Thandi, JST Real Eastate, Amolak Singh (N.K.R.S.), Kewal Sidhu Corp., Naranjan S. Bains
ਸਪਾਂਸਰ
ਗਰੇਟ ਖਲੀ ਅਤੇ ਸੱਜਣ ਸਿੰਘ ਚੀਮਾ ਦਾ ਗੋਲਡ ਮੈਡਲ ਨਾਲ ਸਨਮਾਨ
Harjinder Manns Liquor, Jaswinder Rai (Bittu), Jaswinder Shergill, Kuldip Singh Cheema, Parmjit Singh Khaira, Seva Singh Sidhu, Malaghar Singh Khaira, Kuldip Singh Sidhu, Gurdev Singh Sohal, Nachattar Singh
GOLD SPONSORS: Jatinder Bassi, Cheema (Natomas Golf Center), Rio Food&Liquor, Gurmail S. Bassi (Bullet Exp. Inc.), Top Carrier, Davinder Nijjar, Surjit Nijjar, Mangal S. Sanghera, TR Transportation, Johni (Bagga Palace), Nirmal S. Dhillon, Super Quick Food Store, A&J Friends Inc., Malkit S. Mann, Harpinder Thandi, Deepa Lalli, Varinder S. Sahota, Rajvir S. Nahal, Shangara S. Aujla, Gurpal S. Aujla, Ali Truck & Trailer Repair, Bhinda (HMB Trucking), Raj (MGM Whole Sale), HB Transportation, Jatinder Singh Sonu, Lal S. Atwal, Gurjit Singh Doctor, Gary & Gary, Arcade Market, Paramjit & Chuhar S. Sanghera, Iqbal Singh, Sandeep Singh, Amritpal & Ranjit Singh, A Pauun Transport Modesto, Sukhi Sanghera (TRY US Trucking), Maghar S. Basra Modesto, Karnail Singh (World Wine& Liquor), Bombay Bar & Grill, Iqbal Aujla, Daljit Singh Dhanda, Manjit S. Grewal (ZebraTown Market), Bhai Ghanaya International Mission, Balwant S. Virk, Jason Dhami, Grewal Trucking, Daljit Brar, Raj Trucking, Paramjit S. Johal, Kesar Singh, Makhan S. Mehat, Jaskaran S. Atwal, Jassi Banga, Pritam S. Gill (A1 Realty Fresno) Faridkot Enterprice Inc., Parminder Singh (Clovis), Kuldeep S. Kang (Fresno), Satvinder S. Reehal( One Stop Smog), Reliance Exp., Ajit Pal Kahalon, Rajash Kumar, Inderjit Sidhu (Stop & Shop)
ਵਿਸ਼ੇਸ਼ ਸਨਮਾਨ:
ਪ੍ਰੀਤਮ ਸਿੰਘ ਪ੍ਰੀਤਾ
(ਆਇਆ ਪ੍ਰੀਤਾ ਗਿਆ ਪ੍ਰੀਤਾ)
ਤੀਰਥ ਗਾਖਲ
SILVER SPONSORS: Jaswant Singh, Samosa Garden, Discount Liquor& Food, Pooja Indian Grill, SMT Repair Services, Capital Truck Tires, Dharminder Singh, Raju Aulakh, Rajvir Singh, Jagjit Singh, Gurvinder S. Bains, Rajvirpal S. Bains, Jaggi Tut, Mandeep Sahota, Pindee Sandhu, Rajvir Dhami, AB Indian Sweet Restaurant, Amarjit Dhillon, Santokh Mann (Auto Exp.), Manpreet Brar, Baljinder Johal, Randhawa Transport, Balbir Singh, Surjit S. Atwal, Gurwinder Kang, Narinder Sanghera, Mandar Singh, Baljit Singh Dhindsa, Mandhir Singh, Harnek Sanghera, Amarjit S. Kang, Mangat Singh, Paramjit Singh, Jagraj Singh, Kirandeep S. Kailay, Balwinder S. Virk, Surinder S. Dhadda, Onkar Dhillon, Mandeep Singh, Paramjit S. Dosanjh, Narinder S. Dosanjh, Tirath S. Mann, Phangan Dhami. Amercian Travel& Tours, Gurpal Singh, Sajan Singh, Jassi Gill, Lakhmeer Singh, Sukhi Sohi, Davinder Shoker, Happy Khela, Kapoor S. Atwal
ਕੁਮੈਂਟਰੀ: ਰਾਜਵਿੰਦਰ ਰੰਡਿਆਲਾ
ਇਕਬਾਲ ਗਾਲਿਬ ਅਤੇ ਸੁਖਵਿੰਦਰ ਸੰਘੇੜਾ
PLAYERS
Meek
Moula
Sandeep Nagal
Shipu
Sukhi Sarawan
Dulla
Manga Mithapuria
Arshi
Chetan Mahal
Dounte
Hardip Tauo
Johnny
Kinda Beharipuria
Labhi
Any team under 21 can get three players from anywhere must provide passport or birth certificate only, Each team can not have no more than 10 players in play ground. Official decision is final NO argument.
ਚਾਹ ਪਾਣੀ: ਡਾਇਮੰਡ ਕਲੱਬ ਆਫ਼ ਕੈਲੀਫੋਰਨੀਆ, ਸੈਕਰਾਮੈਂਟੋ
Video: Moon Light Studio 916.267.8784 • Sound: Unlimted DJ
ਜ਼ਰੂਰੀ ਹਦਾਇਤਾਂ: ਇਹ ਟੂਰਨਾਮੈਂਟ ਗੁਰਦੁਆਰਾ ਬਰਾਡਸ਼ਾਅ ਰੋਡ ਦੇ ਹਦੂਦ ਅੰਦਰ ਹੋਰ ਰਿਹਾ ਹੈ। ਸੋ ਬੇਨਤੀ ਹੈ ਕਿ ਕੋਈ ਵੀ ਸੱਜਣ ਕਿਸੇ ਵੀ ਨਸ਼ੇ ਦਾ ਸੇਵਨ ਕਰਕੇ ਨਾ ਆਵੇ ਅਤੇ ਨਾ ਹੀ ਗੈਰ ਕਾਨੂੰਨੀ ਵਸਤੂ ਲੈ ਕੇ ਅੰਦਰ ਆਵੇ। ਪ੍ਰਬੰਧਕਾਂ ਵਲੋਂ ਪੁਲਿਸ ਦਾ ਸਖਤ ਪ੍ਰਬੰਧ ਹੋਵੇਗਾ। ਔਰਤਾਂ ਤੇ ਬੱਚਿਆਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।
ਟੂਰਨਾਮੈਂਟ ਨੂੰ ਲਾਈਵ ਦੇਖਣ ਲਈ www.bc.kabaddilive.com
General Info: Major Randhawa (916) 747-0952 • Gurnek Dhillon (916) 201-1863 | Kabaddi: Kindu Ramidi (916) 870-3303 • Sukhi Sekhon (209) 589-5664
Basketball: Gurpreet Toor (916) 617-6836 • Sukhdeep Singh (916) 627-9689 | Vollyball: Narinder Singh (916) 257-8658 • Santokh Dusanjh (916) 439-0081
design: Post13.com | 510.657.8110

# ਹੌਂਦ ਚਿੱਲੜ ਮਾਮਲੇ ਦੀ ਸੁਣਵਾਈ ਮੁੜ ਲੀਹੇ ਪਈ

## ਕਮਿਸ਼ਨ ਕੋਲ 200 ਦੇ ਕਰੀਬ ਪਟੀਸ਼ਨਾਂ ਦਾਇਰ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹੋਂਦ ਚਿੱਲੜ ਸਿੱਖ ਕਤਲੇਆਮ ਕੇਸ ਦੀ ਸੁਣਵਾਈ ਮੁੜ ਸ਼ੁਰੂ ਹੋ ਗਈ ਹੈ। ਜਸਟਿਸ ਗਰਗ ਕਮਿਸ਼ਨ ਨੇ ਪੀੜਤਾਂ ਦੇ ਬਿਆਨ ਦਰਜ ਕਰਨ ਲਈ ਅੱਠ ਤੇ ਨੌਂ ਅਕਤੂਬਰ ਦੀ ਤਾਰੀਖ਼ ਤੈਅ ਕੀਤੀ ਹੈ। ਜਸਟਿਸ ਟੀ.ਪੀ. ਗਰਗ ਨੇ ਹੋਰ ਪੀੜਤਾਂ ਨੂੰ ਵੀ ਆਪਣੀ ਪਟੀਸ਼ਨ ਜਲਦ ਦਾਇਰ ਕਰਨ ਦੀ ਅਪੀਲ ਕੀਤੀ ਹੈ। ਜਸਟਿਸ ਗਰਗ ਕਮਿਸ਼ਨ ਦੀ ਮਿਆਦ ਦੋ ਸਤੰਬਰ ਨੂੰ ਖ਼ਤਮ ਹੋ ਗਈ ਸੀ ਇਸ ਕਰਕੇ ਦਸ ਸਤੰਬਰ ਨੂੰ ਕੇਸ ਦੀ ਸੁਣਵਾਈ ਹੋਣ ਤੋਂ ਰਹਿ ਗਈ ਸੀ।

ਹਰਿਆਣਾ ਸਰਕਾਰ ਵੱਲੋਂ ਕਮਿਸ਼ਨ ਦੀ ਮਿਆਦ ਵਿਚ ਛੇ ਮਹੀਨੇ ਦੇ ਵਾਧੇ ਦਾ ਨੋਟੀਫਿਕੇਸ਼ਟ ਜਾਰੀ ਕਰਨ ਤੋਂ ਬਾਅਦ ਮੁੜ ਸੁਣਵਾਈ ਸ਼ੁਰੂ ਹੋਈ ਹੈ। ਇਸ ਤੋਂ ਪਹਿਲਾਂ ਵੀ ਕਮਿਸ਼ਨ ਦੀ ਮਿਆਦ ਵਿਚ ਇਕ ਵਾਰ ਛੇ ਮਹੀਨੇ ਦਾ ਵਾਧਾ ਕੀਤਾ ਗਿਆ ਸੀ। ਹਰਿਆਣਾ ਸਰਕਾਰ ਨੇ ਕਮਿਸ਼ਨ ਦਾ ਗਠਨ ਦੋ ਸਤੰਬਰ, 2011 ਨੂੰ ਕਰਕੇ ਜਾਂਚ ਦਾ ਕੰਮ ਇਕ ਸਾਲ ਵਿਚ ਖ਼ਤਮ ਕਰਨ ਲਈ ਕਿਹਾ ਸੀ। ਕਮਿਸ਼ਨ ਦੀ ਮਿਆਦ ਵਿਚ ਪਹਿਲੀ ਵਾਰ ਵਾਧਾ ਕਰਨ ਵੇਲੇ ਸਰਕਾਰ ਨੇ ਇਸ ਦੀ ਜਾਂਚ ਵਿਚ ਹੋਂਦ ਚਿੱਲੜ ਦੇ ਨਾਲ ਗੁੜਗਾਉਂ ਤੇ ਪਟੌਦੀ ਨੂੰ ਸ਼ਾਮਲ ਕਰ ਦਿੱਤਾ ਸੀ ਜਦੋਂਕਿ ਹੁਣ ਕਮਿਸ਼ਨ ਦੇ ਘੇਰੇ ਨੂੰ ਹੋਰ ਵਧਾ ਕੇ ਇਸ ਵਿਚ ਪੂਰੇ ਗੁੜਗਾਉਂ ਜ਼ਿਲ੍ਹੇ ਨੂੰ ਸ਼ਾਮਲ ਕੀਤਾ ਗਿਆ ਹੈ।

ਉਂਜ ਹੋਂਦ ਚਿੱਲੜ ਯਾਦਗਾਰ ਤਾਲਮੇਲ ਕਮੇਟੀ ਵੱਲੋਂ ਹਰਿਆਣਾ ਰਾਜ ਵਿਚ 1984 ਦੇ ਸਿੱਖ ਕਤਲੇਆਮ ਦੀਆਂ ਘਟਨਾਵਾਂ ਨੂੰ ਵੀ ਇਸ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਜਸਟਿਸ ਗਰਗ ਵੱਲੋਂ 24 ਸਤੰਬਰ ਨੂੰ ਹਿਸਾਰ ਵਿਚ ਬਾਕਾਇਦਾ ਅਦਾਲਤ ਲਾ ਕੇ ਕਮਿਸ਼ਨ ਦੀ ਮਿਆਦ ਵਿਚ ਵਾਧੇ ਦੀ ਜਾਣਕਾਰੀ ਦਿੱਤੀ ਗਈ। ਪੀੜਤਾਂ ਦੇ ਵਕੀਲ ਰਣਜੀਤ ਸਿੰਘ ਯਾਦਵ ਨੇ ਦੱਸਿਆ ਕਿ ਅਗਲੀ ਸੁਣਵਾਈ ਅੱਠ ਤੇ ਨੌਂ ਅਕਤੂਬਰ ਨੂੰ ਹੋਵੇਗੀ ਜਦੋਂਕਿ ਰਹਿੰਦੀਆਂ ਗਵਾਹੀਆਂ ਦਾ ਕੰਮ ਵੀ ਦੁਸਹਿਰੇ ਦੀਆਂ ਛੁੱਟੀਆਂ ਤੋਂ ਪਹਿਲਾਂ ਖ਼ਤਮ ਕਰ ਲਿਆ ਜਾਵੇਗਾ।

ਉਨ੍ਹਾਂ ਪਿੰਡ ਹੋਂਦ ਚਿੱਲੜ, ਪਟੌਦੀ ਤੇ ਗੁੜਗਾਉਂ ਦੇ ਸਿੱਖ ਕਤਲੇਆਮ ਨਾਲ ਸਬੰਧਤ ਹੋਰ ਪੀੜਤਾਂ ਨੂੰ ਵੀ ਕਮਿਸ਼ਨ ਅੱਗੇ ਅਪੀਲ ਲਈ ਹਾਜ਼ਰ ਹੋਣ ਲਈ ਕਿਹਾ ਹੈ। ਤਾਲਮੇਲ ਕਮੇਟੀ ਦੇ ਮੈਂਬਰ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਕਮਿਸ਼ਨ ਕੋਲ 198 ਪਟੀਸ਼ਨਾਂ ਦਾਇਰ ਹੋ ਚੁੱਕੀਆਂ ਹਨ। ਇਸ ਤੋਂ ਪਹਿਲਾਂ ਹੋਂਦ ਚਿੱਲੜ ਪਿੰਡ ਤੋਂ ਪ੍ਰਾਪਤ ਹੋਈਆਂ 92 ਸ਼ਿਕਾਇਤਾਂ ਦੀ ਗਿਣਤੀ ਵੱਖਰੀ ਹੈ। ਹਰਿਆਣਾ ਸਰਕਾਰ ਵੱਲੋਂ ਕਮਿਸ਼ਨ ਦਾ ਗਠਨ ਮੁਢਲੇ ਪੜਾਅ 'ਚ ਹੋਂਦ ਤੋਂ ਮਿਲੀਆਂ ਸਿਰਫ 25 ਦਰਖ਼ਾਸਤਾਂ ਨੂੰ ਲੈ ਕੇ ਕੀਤਾ ਗਿਆ ਸੀ।

ਪਤਾ ਲੱਗਾ ਹੈ ਕਿ 102 ਨਵੀਆਂ ਸ਼ਿਕਾਇਤਾਂ ਪੀੜਤ ਸਿੱਖ ਤੇ ਗੁੜਗਾਉਂ ਵਾਸੀ ਗੁਰਚਰਨ ਸਿੰਘ ਸਾਹਨੀਆਂ ਵੱਲੋਂ ਦਾਇਰ ਕੀਤੀਆਂ ਗਈਆਂ ਹਨ। ਸਰਕਾਰ ਨੇ ਕਮਿਸ਼ਨ ਨੂੰ ਹੋਂਦ ਚਿੱਲੜ ਸਿੱਖ ਕਤਲੇਆਮ ਕਾਂਡ ਦੀ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਸੀ ਪਰ ਬਾਅਦ ਵਿਚ ਗੁੜਗਾਉਂ ਤੇ ਪਟੌਦੀ ਵਿਚ ਸਿੱਖ ਕਤਲੇਆਮ ਦੀਆਂ ਘਟਨਾਵਾਂ ਸਾਹਮਣੇ ਆਉਣ 'ਤੇ ਇਸ ਦੇ ਘੇਰੇ ਵਿਚ ਦੋਵਾਂ ਥਾਂਵਾਂ ਨੂੰ ਵੀ ਸ਼ਾਮਲ ਕਰ ਦਿੱਤਾ ਗਿਆ ਸੀ।

ਸਾਬਕਾ ਪ੍ਰਧਾਨ ਮੰਤਰੀ ਮਰਹੂਮ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਸਮੇਤ ਦੇਸ਼ ਦੇ ਹੋਰ ਕਈ ਸ਼ਹਿਰਾਂ ਵਿਚ ਸਿੱਖ ਵਿਰੋਧੀ ਦੰਗੇ ਹੋਏ ਸਨ ਜਿਨ੍ਹਾਂ ਦੌਰਾਨ ਰਾਜਧਾਨੀ ਨਾਲ ਲਗਦੇ ਸ਼ਹਿਰ ਗੁੜਗਾਉਂ ਤੇ ਕਸਬੇ ਪਟੌਦੀ ਸਮੇਤ ਪਿੰਡ ਹੋਂਦ ਚਿੱਲੜ ਵਿਚ ਦੋ ਨਵੰਬਰ ਦੀ ਸਵੇਰ ਤੋਂ ਲੈ ਕੇ ਰਾਤ ਤੱਕ ਕਾਤਲਾਨਾ ਹਮਲੇ ਹੁੰਦੇ ਰਹੇ।

ਇਨ੍ਹਾਂ ਹਮਲਿਆਂ ਵਿਚ ਵੱਡੀ ਗਿਣਤੀ ਸਿੱਖਾਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਤੇ ਉਨ੍ਹਾਂ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਗਿਆ ਸੀ। ਭਾਰਤ ਸਰਕਾਰ ਵੱਲੋਂ 1984 ਦੇ ਸਿੱਖ ਕਤਲੇਆਮ ਦੀ ਜਾਂਚ ਲਈ ਨਾਨਾਵਤੀ ਕਮਿਸ਼ਨ ਦਾ ਗਠਨ ਕੀਤਾ ਗਿਆ। ਹੋਂਦ ਚਿੱਲੜ ਕਤਲੇਆਮ ਦਾ ਮਾਮਲਾ ਬਾਅਦ ਵਿਚ ਸਾਹਮਣੇ ਆਉਣ 'ਤੇ ਹਰਿਆਣਾ ਸਰਕਾਰ ਵੱਲੋਂ ਜਸਟਿਸ ਗਰਗ ਕਮਿਸ਼ਨ ਬਿਠਾ ਦਿੱਤਾ ਗਿਆ। ਸ. ਘੋਲੀਆ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਮੰਗ ਕੀਤੀ ਹੈ ਕਿ ਉਹ ਹਰਿਆਣਾ ਸਰਕਾਰ 'ਤੇ ਜਾਂਚ ਦੇ ਕੰਮ ਵਿਚ ਤੇਜ਼ੀ ਲਿਆਉਣ ਲਈ ਦਬਾਅ ਪਾਉਣ।

# ਤਾਂਤਰਿਕ ਦੇ ਕਹਿਣ 'ਤੇ ਜਿਉਂਦਾ ਬੱਚਾ ਖੂਹ 'ਚ ਸੁੱਟਿਆ

**ਪੱਟੀ:** 'ਕ੍ਰਾਈਮ ਫਰੀ ਇੰਡੀਆ ਬਿਊਰੋ' ਦਾ ਜ਼ਿਲ੍ਹਾ ਚੇਅਰਮੈਨ ਤੇ ਕਰਾਈਮ ਐਂਡ ਕੁਰੱਪਸ਼ਨ ਆਰਗੇਨਾਈਜ਼ੇਸ਼ਨ' ਦਾ ਕਾਨੂੰਨੀ ਸਲਾਹਕਾਰ ਅਖਵਾਉਣ ਵਾਲੇ ਸਵਾਮੀ ਪਰਮਾਨੰਦ ਜੋ ਲੁਕ ਛਿਪ ਕੇ ਤਾਂਤਰਿਕ ਦਾ ਕੰਮ ਕਰਦਾ ਸੀ, ਨੂੰ ਪੁਲਿਸ ਥਾਣਾ ਪੱਟੀ ਨੇ ਇਕ ਬੱਚੇ ਨੂੰ ਅਗਵਾ ਕਰ ਕੇ ਖੂਹ ਵਿਚ ਸੁੱਟਣ 'ਤੇ ਇਕ ਔਰਤ ਤੇ ਆਦਮੀ ਸਮੇਤ ਗ੍ਰਿਫਤਾਰ ਕੀਤਾ ਹੈ।

ਹਾਸਲ ਜਾਣਕਾਰੀ ਅਨੁਸਾਰ ਚਰਨਜੀਤ ਕੌਰ ਪਤਨੀ ਅਵਤਾਰ ਸਿੰਘ ਦੀ 12 ਸਾਲ ਦੀ ਪੁੱਤਰੀ ਲਾਪਤਾ ਸੀ। ਚਰਨਜੀਤ ਕੌਰ ਵੱਲੋਂ ਇਸ ਦੀ ਗੁੰਮਸ਼ੁਦਗੀ ਦੀ ਰਿਪੋਰਟ ਥਾਣਾ ਪੱਟੀ ਵਿਚ ਦਰਜ ਕਰਵਾਈ ਗਈ ਸੀ ਪਰ ਨਿਰਵੈਲ ਸਿੰਘ ਦੇ ਕਹਿਣ 'ਤੇ ਇਹ ਅਖੌਤੀ ਤਾਂਤਰਿਕ ਦੇ ਕੋਲ ਚਲੀ ਗਈ। ਉਸ ਨੇ ਕਿਹਾ ਕਿ ਜੇਕਰ ਤੂੰ ਕਿਸੇ ਬੱਚੇ ਦੀ ਬਲੀ ਦੇਵੇਂ ਤਾਂ ਤੇਰੀ ਲੜਕੀ ਵਾਪਸ ਆ ਸਕਦੀ ਹੈ ਜਿਸ 'ਤੇ ਚਰਨਜੀਤ ਨੇ ਤਾਂਤਰਿਕ ਪਰਮਾਨੰਦ ਤੇ ਨਿਰਵੈਲ ਸਿੰਘ ਨਾਲ ਮਿਲ ਕੇ ਮੁਹੱਲਾ ਤੇਲੀਆ ਵਾਲਾ ਵਾਰਡ ਨੰਬਰ 12 ਤੋਂ 8 ਸਾਲ ਦੇ ਬੱਚੇ ਪ੍ਰਿੰਸ ਪੁੱਤਰ ਜਗਦੀਪ ਸਿੰਘ ਨੂੰ ਬਹਿਕਾਵੇ ਵਿਚ ਲੈ ਕੇ ਅਗਵਾ ਕਰਕੇ ਲੈ ਗਿਆ ਤੇ ਰਾਤ ਦੇ ਸਮੇਂ ਡੀ.ਐਸ.ਪੀ. ਦਫ਼ਤਰ ਦੇ ਨਜ਼ਦੀਕ ਬਣੇ ਪੁਰਾਣੇ ਖੂਹ ਵਿਚ ਸੁੱਟ ਦਿੱਤਾ ਤੇ ਉਪਰੋਂ ਇੱਟਾਂ ਰੋੜੇ ਮਾਰਨੇ ਸ਼ੁਰੂ ਕਰ ਦਿੱਤੇ।

ਬੱਚਾ ਬੇਹੋਸ਼ ਹੋ ਗਿਆ,ਜਿਸ ਨੂੰ ਇਹ ਤਿੰਨੋ ਜਾਣੇ ਮਰਿਆ ਸਮਝ ਕੇ ਵਾਪਸ ਆਪਣੇ ਆਪਣੇ ਘਰਾਂ ਨੂੰ ਚਲੇ ਗਏ। ਸਾਰੀ ਰਾਤ ਬੱਚਾ ਖੂਹ ਵਿਚ ਰਿਹਾ ਤੇ ਜਦੋਂ ਦਿਨ ਚੜ੍ਹਿਆ ਤਾਂ ਗੰਗਲਾ ਯੂਨੀਅਨ ਦੇ ਆਗੂ ਜੰਗਲ ਪਾਣੀ ਲਈ ਗਏ ਤਾਂ ਖੂਹ ਵਿਚੋਂ ਬੱਚਾ ਉੱਚੀ ਉੱਚੀ ਬਚਾਓ-ਬਚਾਓ ਦੀ ਦੁਹਾਈ ਪਾ ਰਿਹਾ ਸੀ। ਇਨ੍ਹਾਂ ਆਗੂਆਂ ਨੇ ਤੁਰੰਤ ਸੂਚਨਾ ਪੁਲਿਸ ਨੂੰ ਦਿੱਤੀ। ਪੁਲਿਸ ਨੇ ਖੂਹ ਵਿਚ ਵੜ ਕੇ ਬੱਚੇ ਨੂੰ ਬਾਹਰ ਕੱਢ ਲਿਆ ਤੇ ਵਾਰਿਸਾਂ ਦੇ ਹਵਾਲੇ ਕਰ ਕੇ ਇਲਾਜ ਲਈ ਹਸਪਤਾਲ 'ਚ ਦਾਖ਼ਲ ਕਰਵਾ ਦਿੱਤਾ।

# ਪੀਪਲਜ਼ ਪਾਰਟੀ ਦੇ ਆਗੂ ਲੱਖਾ ਸਧਾਣਾ ਖ਼ਿਲਾਫ਼ ਕੇਸ ਦਰਜ

**ਬਠਿੰਡਾ:** ਪੁਲਿਸ ਨੇ ਕਚਹਿਰੀ ਵਿਚ ਪੇਸ਼ੀ ਭੁਗਤਣ ਆਏ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੇ ਆਗੂ ਲਖਵੀਰ ਸਿੰਘ ਉਰਫ ਲੱਖਾ ਸਧਾਣਾ ਤੇ ਉਸ ਦੇ ਸਾਥੀ ਅਮਨਦੀਪ ਸਿੰਘ ਉਰਫ ਅਮਨਾ ਨੂੰ ਗ਼ੈਰਕਾਨੂੰਨੀ ਹਥਿਆਰਾਂ ਸਮੇਤ ਗ੍ਰਿਫ਼ਤਾਰ ਕਰ ਲਿਆ। ਲੱਖਾ ਸਧਾਣਾ ਨੇ ਰਾਮਪੁਰਾ ਹਲਕੇ ਤੋਂ ਪੀ.ਪੀ.ਪੀ. ਦੇ ਉਮੀਦਵਾਰ ਵਜੋਂ ਵਿਧਾਨ ਸਭਾ ਚੋਣ ਲੜੀ ਸੀ ਤੇ ਕਰੀਬ 10 ਹਜ਼ਾਰ ਵੋਟਾਂ ਹਾਸਲ ਕੀਤੀਆਂ ਸਨ।

ਉਨ੍ਹਾਂ 'ਤੇ ਕੁਝ ਸਮਾਂ ਪਹਿਲਾਂ ਜਾਨਲੇਵਾ ਹਮਲਾ ਵੀ ਹੋਇਆ ਸੀ ਤੇ ਕਾਫ਼ੀ ਸਮਾਂ ਹਸਪਤਾਲ ਵਿਚ ਇਲਾਜ ਮਗਰੋਂ ਉਹ ਹੁਣ ਮੁੜ ਸਿਆਸਤ ਵਿਚ ਸਰਗਰਮ ਹੋਏ ਸਨ। ਪੁਲਿਸ ਨੇ ਉਨ੍ਹਾਂ ਸਮੇਤ ਕਰੀਬ ਸੱਤ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਜਿਨ੍ਹਾਂ ਵਿਚ ਅਮਨਦੀਪ ਸਿੰਘ ਦਾ ਭਰਾ ਤੇ ਪਿਤਾ ਵੀ ਸ਼ਾਮਲ ਹਨ ਪਰ ਫ਼ਿਲਹਾਲ ਲੱਖਾ ਸਧਾਣਾ ਤੇ ਅਮਨਦੀਪ ਸਿੰਘ 'ਤੇ ਹੀ ਕੇਸ ਦਰਜ ਕੀਤਾ ਗਿਆ ਹੈ। ਲੱਖਾ ਸਧਾਣਾ ਦੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਕਿ ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਿਸ ਨੇ ਉਨ੍ਹਾਂ ਖ਼ਿਲਾਫ਼ ਇਹ ਕੇਸ ਦਰਜ ਕੀਤਾ ਹੈ।

ਜ਼ਿਲ੍ਹਾ ਪੁਲੀਸ ਕਪਤਾਨ ਡਾ. ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਤਲਾਸ਼ੀ ਦੌਰਾਨ ਪੀ.ਪੀ.ਪੀ. ਆਗੂ ਕੋਲੋਂ ਇਕ ਵਿਦੇਸ਼ੀ ਪਿਸਤੌਲ ਸਮੇਤ 10 ਕਾਰਤੂਸ, ਅਮਨਦੀਪ ਸਿੰਘ ਵਾਸੀ ਸਿਧਾਣਾ ਤੋਂ ਵੀ ਇਕ ਵਿਦੇਸ਼ੀ ਪਿਸਤੌਲ ਤੇ 21 ਕਾਰਤੂਸ ਬਰਾਮਦ ਹੋਏ ਹਨ। ਇਸ ਮਾਮਲੇ ਵਿਚ ਉਨ੍ਹਾਂ ਦੋਹਾਂ ਖ਼ਿਲਾਫ਼ ਅਸਲਾ ਐਕਟ ਤਹਿਤ ਥਾਣਾ ਸਿਵਲ ਲਾਈਨ ਵਿਚ ਕੇਸ ਦਰਜ ਕੀਤੇ ਗਏ ਹਨ। ਪੁਲੀਸ ਦਾ ਦਾਅਵਾ ਹੈ ਕਿ ਇਨ੍ਹਾਂ ਆਗੂਆਂ ਨੇ ਮੰਨਿਆ ਹੈ ਕਿ ਉਨ੍ਹਾਂ ਨੇ ਇਹ ਅਸਲਾ ਰਣਜੀਤ ਸਿੰਘ ਉਰਫ ਡਪਲਾ ਹਾਲ ਵਾਸੀ ਮੁਹਾਲੀ ਜੋ ਫਿਰੌਤੀ ਦੇ ਕੇਸ ਵਿਚ ਜੇਲ੍ਹ ਵਿੱਚ ਹੈ, ਤੋਂ ਲਿਆ ਸੀ।

## ਭਾਰਤੀ ਨਾਂ ਰੱਖਣ ਤੋਂ ਰੋਕਿਆ ਗਿਆ ਸੀ: ਰਸ਼ਦੀ

**ਨਿਊ ਯਾਰਕ:** ਭਾਰਤ ਦੇ ਜੰਮਪਲ ਲੇਖਕ ਸਲਮਾਨ ਰਸ਼ਦੀ ਦਾ ਕਹਿਣਾ ਹੈ ਕਿ ਇਰਾਨੀ ਆਗੂ ਵੱਲੋਂ ਜਾਰੀ ਫਤਵੇ ਮਗਰੋਂ ਰੂਪੋਸ਼ ਹੋਣ ਦੇ ਸਾਲਾਂ ਦੌਰਾਨ ਉਸ ਨੇ ਆਪਣਾ ਜੋ ਨਾਂ "ਜੋਸਫ ਐਂਟੋਨ" ਚੁਣਿਆ ਸੀ, ਉਹ ਸਲਾਹ ਮਿਲਣ 'ਤੇ ਹੀ ਚੁਣਿਆ ਸੀ। ਉਸ ਨੂੰ ਸਲਾਹ ਦਿੱਤੀ ਗਈ ਸੀ ਕਿ ਉਹ ਆਪਣੇ ਲਈ ਭਾਰਤੀ ਨਾਂ ਕਦੇ ਨਾ ਚੁਣੇ। ਲੇਖਕ ਨੇ ਕਿਹਾ ਕਿ ਇਹ ਉਸ ਲਈ ਬੇਹੱਦ ਔਖ ਭਰੀ ਗੱਲ ਸੀ ਕਿ ਆਪਣਾ ਨਾਂ ਤਾਂ ਉਸ ਨੂੰ ਹਾਲ ਦੀ ਘੜੀ ਛੱਡਣਾ ਹੀ ਪੈ ਰਿਹਾ ਹੈ ਬਲਕਿ ਮੂਲ ਨਾਲੋਂ ਵੀ ਟੁੱਟਣਾ ਪੈ ਰਿਹਾ ਹੈ। 65 ਸਾਲਾ ਰਸ਼ਦੀ ਨੇ ਕਿਹਾ ਕਿ ਉਸ ਨੂੰ ਦੱਸਿਆ ਗਿਆ ਕਿ ਉਹ ਭਾਰਤੀ ਨਾਂ ਨਾ ਰੱਖੇ। ਆਪਣੀਆਂ ਯਾਦਾਂ "ਜੋਸਫ ਐਂਟੋਨ" ਬਾਰੇ ਬੋਲਣ ਲਈ ਨਿਊਯਾਰਕ ਪਬਲਿਕ ਲਾਇਬਰੇਰੀ ਵਿਚ ਸਾਹਮਣੇ ਆਏ ਰਸ਼ਦੀ ਨੇ ਇਹ ਖ਼ੁਲਾਸੇ ਕੀਤੇ। ਉਸ ਨੇ ਦੱਸਿਆ ਕਿ ਉਸ ਨੇ ਇਹ ਮੰਨ ਲਿਆ ਕਿ ਸਾਹਿਤ ਹੀ ਉਸ ਦਾ ਵਤਨ ਹੈ ਤੇ ਇਸੇ ਕਰਕੇ ਉਸ ਨੇ ਆਪਣੇ ਪਸੰਦੀਦਾ ਲੇਖਕਾਂ ਜੋਸਫ ਕੋਨਰਾਡ ਤੇ ਐਂਟੋਨ ਚੈਖੋਵ ਦੇ ਨਾਵਾਂ ਵਿਚੋਂ ਆਪਣਾ ਨਾਂ ਰੱਖ ਲਿਆ। ਉਸ ਨੇ ਮਜ਼ਾਕ ਵਿਚ ਕਿਹਾ ਕਿ ਉਹ ਸਦਾ ਤਾਂਘਦਾ ਰਿਹਾ ਕਿ ਅਜਿਹੀ ਪੁਸਤਕ ਲਿਖੇ ਜਿਸ ਵਿਚ ਵਿਅਕਤੀ ਦਾ ਨਾਮ ਟਾਈਟਲ ਵਿਚ ਆਵੇ।

# ਕੈਨੇਡਾ ਜਾ ਕੇ ਵਸਣ ਦੀ ਆਸ ਨੂੰ ਲੱਗਾ ਗ੍ਰਹਿਣ

## ਸੱਠ ਹਜ਼ਾਰ ਪੰਜਾਬੀ ਪਰਿਵਾਰ ਪ੍ਰਭਾਵਿਤ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪਰਿਵਾਰ ਸਮੇਤ ਕੈਨੇਡਾ ਜਾ ਕੇ ਵਸਣ ਦਾ ਸੁਪਨਾ ਸੰਜੋਈ ਬੈਠੇ ਤਕਰੀਬਨ 60 ਹਜ਼ਾਰ ਪੰਜਾਬੀ ਪਰਿਵਾਰਾਂ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ ਹੈ। ਇਹ ਪਰਿਵਾਰ ਪਿਛਲੇ ਅੱਠ ਸਾਲਾਂ ਤੋਂ ਕੈਨੇਡਾ ਜਾਣ ਦਾ ਇੰਤਜ਼ਾਰ ਕਰ ਰਹੇ ਸਨ ਪਰ ਕੈਨੇਡਾ ਸਰਕਾਰ ਨੇ ਬੀਤੀ 29 ਜੂਨ ਨੂੰ ਇਮੀਗਰੇਸ਼ਨ ਤੇ ਰਿਫਊਜੀ ਪ੍ਰੋਟੈਕਸ਼ਨ ਐਕਟ ਵਿਚ ਸੋਧ ਕਰਕੇ ਸਾਲ 2008 ਤੋਂ ਪਹਿਲਾਂ ਪ੍ਰਾਪਤ ਹੋਈਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਹਨ।

ਇਹ ਖ਼ੁਲਾਸਾ ਕੈਨੇਡੀਅਨ ਬੈਕਲੌਗਰਜ਼ ਪਰੀ 2008 ਐਸੋਸੀਏਸ਼ਨ ਦੇ ਪ੍ਰਧਾਨ ਰਕੇਸ਼ ਕੁਮਾਰ ਗਰਗ ਨੇ ਕੀਤਾ।

ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਦੇ ਇਸ ਫੈਸਲੇ ਨਾਲ ਇਕ ਲੱਖ ਤੋਂ ਵੱਧ ਭਾਰਤੀ ਦਰਖ਼ਾਸਤਕਰਤਾ ਪ੍ਰਭਾਵਿਤ ਹੋਏ ਹਨ ਤੇ 60 ਹਜ਼ਾਰ ਤੋਂ ਵੀ ਵੱਧ ਪੰਜਾਬੀ ਪਰਿਵਾਰ ਕਿਸਮਤ ਨੂੰ ਰੋ ਰਹੇ ਹਨ। ਪੀੜਤਾਂ ਵੱਲੋਂ ਕੈਨੇਡਾ ਦੀ ਫੈਡਰਲ ਅਦਾਲਤ ਵਿਚ ਅਪੀਲ ਪਾ ਕੇ ਇਨਸਾਫ ਦੀ ਮੰਗ ਕੀਤੀ ਗਈ ਹੈ। ਸ੍ਰੀ ਗਰਗ ਨੇ ਦੱਸਿਆ ਕਿ 2004 ਵਿਚ ਕੈਨੇਡਾ ਸਰਕਾਰ ਨੇ ਕੈਨੇਡਾ ਵਿਚ ਪੱਕੇ ਤੌਰ 'ਤੇ ਜਜ਼ਬ ਹੋਣ ਲਈ ਸਕਿਲਡ ਵਰਕਰਾਂ ਦੀ ਮੰਗ ਕੀਤੀ ਸੀ ਜਿਸ ਤਹਿਤ ਯੋਗਤਾ ਮੁਤਾਬਕ 200 ਸ਼੍ਰੇਣੀਆਂ ਬਣਾਈਆਂ ਗਈਆਂ ਸਨ।

ਅਪਲਾਈ ਕਰਨ ਲਈ 50 ਹਜ਼ਾਰ ਰੁਪਏ ਫਾਈਲ ਫੀਸ ਤੈਅ ਕੀਤੀ ਗਈ। ਇਸ ਤੋਂ ਇਲਾਵਾ ਉਮੀਦਵਾਰਾਂ ਨੂੰ ਕਰੀਬ ਦਸ ਲੱਖ ਰੁਪਏ ਕੰਸਲਟੈਂਟ ਫੀਸ ਦਾ ਖਰਚਾ ਵੀ ਸਹਿਣ ਕਰਨਾ ਪਿਆ ਸੀ। ਕੈਨੇਡਾ ਸਰਕਾਰ ਵੱਲੋਂ ਉਨ੍ਹਾਂ ਦੀਆਂ ਅਰਜ਼ੀਆਂ ਦੀ 67 ਅੰਕਾਂ 'ਤੇ ਆਧਾਰਤ ਮੈਰਿਟ ਸੂਚੀ ਤਿਆਰ ਕੀਤੀ ਗਈ ਸੀ ਤੇ ਇਹ ਭਰੋਸਾ ਦਿੱਤਾ ਗਿਆ ਸੀ ਕਿ 32 ਮਹੀਨਿਆਂ ਦੇ ਅੰਦਰ ਫਾਈਲ ਕਲੀਅਰ ਕਰ ਦਿੱਤੀ ਜਾਵੇਗੀ। ਚਾਰ ਮੈਂਬਰੀ ਪਰਿਵਾਰ ਨੂੰ 20 ਲੱਖ ਰੁਪਏ ਦੀ ਰਾਸ਼ੀ ਵੀ ਆਪਣੇ ਬੈਂਕ ਖਾਤੇ ਵਿਚ ਦਿਖਾਉਣ ਦੀ ਸ਼ਰਤ ਰੱਖੀ ਗਈ ਸੀ।

ਉਨ੍ਹਾਂ ਕਿਹਾ ਕਿ ਆਪਣੇ ਪਰਿਵਾਰ ਦੇ ਉਜਵਲ ਭਵਿੱਖ ਲਈ ਕਈ ਲੋਕਾਂ ਨੇ ਆਪਣੀ ਜ਼ਮੀਨ ਜਾਇਦਾਦ ਤੇ ਘਰ ਵੇਚ ਕੇ ਇਹ ਰਾਸ਼ੀ ਇਕੱਠੀ ਕੀਤੀ ਤੇ ਕਈਆਂ ਨੇ ਸਰਕਾਰੀ ਨੌਕਰੀਆਂ ਤਿਆਗ ਦਿੱਤੀਆਂ। ਉਨ੍ਹਾਂ ਕਿਹਾ ਕਿ ਪਹਿਲਾਂ ਤਾਂ ਕੈਨੇਡਾ ਅੰਬੈਸੀ ਵੱਲੋਂ ਵਾਰ-ਵਾਰ ਸਮਾਂ ਵਧਾਇਆ ਜਾਂਦਾ ਰਿਹਾ ਪਰ ਹੁਣ ਕੈਨੇਡਾ ਵਿਚ ਬਦਲੇ ਸਿਆਸੀ ਹਾਲਾਤਾਂ ਕਾਰਨ ਸਰਕਾਰ ਨੇ ਬੀਤੀ 29 ਜੂਨ ਨੂੰ ਐਕਟ ਵਿਚ ਸੋਧ ਕਰਕੇ ਫਰਵਰੀ 2008 ਤੋਂ ਪਹਿਲਾਂ ਅਪਲਾਈ ਕੀਤੇ ਸਾਰੇ ਕੇਸਾਂ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ।

ਹੁਣ ਕੈਨੇਡਾ ਸਰਕਾਰ ਨਸਲਵਾਦ ਦਾ ਸ਼ਿਕਾਰ ਹੋਏ ਏਸ਼ੀਅਨ ਲੋਕਾਂ ਦੇ ਕੇਸਾਂ ਨਾਲ ਨਾ ਸਿਰਫ ਨਰਮੀ ਵਰਤ ਰਹੀ ਹੈ ਸਗੋਂ 2008 ਤੋਂ ਬਾਅਦ ਅਪਲਾਈ ਕਰਨ ਵਾਲੇ ਯੂਰਪੀ ਦੇਸ਼ਾਂ ਦੇ ਲੋਕਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਪੀੜਤ ਪਰਿਵਾਰਾਂ ਨੇ ਦੱਸਿਆ ਕਿ ਉਨ੍ਹਾਂ ਇਸ ਬੇਇਨਸਾਫ਼ੀ ਖ਼ਿਲਾਫ਼ ਕੈਨੇਡਾ ਸਰਕਾਰ ਦੇ ਪ੍ਰਧਾਨ ਮੰਤਰੀ, ਵਿਦੇਸ਼ ਮੰਤਰੀ ਸਮੇਤ ਸਾਰੇ ਸੰਸਦ ਮੈਂਬਰਾਂ ਕੋਲੋਂ ਇਨਸਾਫ ਦੀ ਮੰਗ ਕੀਤੀ ਸੀ ਪਰ ਅਜੇ ਤਾਈਂ ਉਨ੍ਹਾਂ ਨੂੰ ਕੋਈ ਆਸ ਨਜ਼ਰ ਨਹੀਂ ਆ ਰਹੀ ਹੈ। ਪੀੜਤ ਪਰਿਵਾਰਾਂ ਦਾ ਵਫ਼ਦ ਕੇਂਦਰੀ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੂੰ ਵੀ ਮਿਲਿਆ ਸੀ ਜਿਨ੍ਹਾਂ ਭਰੋਸਾ ਦਿੱਤਾ ਸੀ ਕਿ ਉਹ ਕੈਨੇਡਾ ਦੇ ਵਿਦੇਸ਼ ਮੰਤਰੀ ਤੇ ਕੈਨੇਡੀਅਨ ਅੰਬੈਸੀ ਨਾਲ ਰਾਬਤਾ ਕਾਇਮ ਕਰਨਗੇ ਪਰ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਐਲਾਨ ਕੀਤਾ ਕਿ ਇੰਟਰਨੈਟ ਰਾਹੀਂ ਭਾਰਤ, ਪਾਕਿਸਤਾਨ, ਚੀਨ ਤੇ ਫਿਲਪੀਨਜ਼ ਦੇ ਪੀੜਤ ਲੋਕਾਂ ਨਾਲ ਸੰਪਰਕ ਕਰਕੇ ਇਨਸਾਫ਼ ਪ੍ਰਾਪਤੀ ਤੱਕ ਸੰਘਰਸ਼ ਕਰਨਗੇ।


# ਹੁਸੈਨੀਵਾਲਾ ਸਰਹੱਦ ਜਲਦੀ ਖੁੱਲ੍ਹਣ ਦੀ ਉਮੀਦ

## ■ ਦੋਵਾਂ ਮੁਲਕਾਂ ਵੱਲੋਂ ਸਿਧਾਂਤਕ ਸਹਿਮਤੀ ■ ਪੰਜਾਬ ਦੇ ਵਪਾਰ ਨੂੰ ਮਿਲੇਗਾ ਹੁਲਾਰਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵੱਲੋਂ ਹੁਸੈਨੀਵਾਲਾ ਸਰਹੱਦ ਖੋਲ੍ਹਣ ਦੀ ਕੀਤੀ ਜਾ ਰਹੀ ਮੰਗ ਪ੍ਰਵਾਨ ਚੜ੍ਹਨ ਦੀ ਉਮੀਦ ਹੈ। ਭਾਰਤ ਤੇ ਪਾਕਿਸਤਾਨ ਨੇ ਹੁਸੈਨੀਵਾਲਾ ਸਰਹੱਦ ਤੇ ਫਾਜ਼ਿਲਕਾ ਦੀ ਸਾਦਿਕੀ ਚੌਕੀ ਰਾਹੀਂ ਦੋਹਾਂ ਮੁਲਕਾਂ ਵਿਚਾਲੇ ਵਪਾਰ ਖੋਲ੍ਹਣ ਲਈ ਸਿਧਾਂਤਕ ਤੌਰ 'ਤੇ ਸਹਿਮਤੀ ਦੇ ਦਿੱਤੀ ਹੈ। ਰਾਜ ਦੇ ਮੁੱਖ ਸਕੱਤਰ ਰਾਕੇਸ਼ ਸਿੰਘ ਜੋ ਪਿਛਲੇ ਹਫ਼ਤੇ ਇਸਲਾਮਾਬਾਦ 'ਚ ਦੋਹਾਂ ਮੁਲਕਾਂ ਦੇ ਵਣਜ ਸਕੱਤਰਾਂ ਦੀ ਮੀਟਿੰਗ ਵਿਚ ਸ਼ਮੂਲੀਅਤ ਕਰਕੇ ਵਤਨ ਪਰਤੇ ਹਨ, ਨੇ ਖੁਲਾਸਾ ਕੀਤਾ ਹੈ ਕਿ ਦੋ ਸਾਲ ਦੇ ਅੰਦਰ ਅੰਦਰ ਹੁਸੈਨੀਵਾਲਾ ਸਰਹੱਦ ਰਾਹੀਂ ਵਪਾਰ ਸ਼ੁਰੂ ਹੋਣ ਦੇ ਆਸਾਰ ਹਨ।

ਉਨ੍ਹਾਂ ਕਿਹਾ ਕਿ ਭਾਰਤ-ਪਾਕਿ ਦੇ ਵਣਜ ਸਕੱਤਰਾਂ ਦੀ ਮੀਟਿੰਗ ਦੌਰਾਨ ਹੋਈ ਗੱਲਬਾਤ ਵਿਚ ਹੁਸੈਨੀਵਾਲਾ ਸਰਹੱਦ ਖੋਲ੍ਹਣ ਦਾ ਮੁੱਦਾ ਭਾਰਤ ਦੇ ਏਜੰਡੇ ਵਿਚ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਵਾਹਗਾ ਸਰਹੱਦ ਰਾਹੀਂ 600 ਵਸਤਾਂ ਦੀ ਦਰਾਮਦ ਬਾਰੇ ਵੀ ਦੋਹਾਂ ਮੁਲਕਾਂ ਵਿਚ ਸਹਿਮਤੀ ਬਣ ਗਈ ਹੈ। ਇਸਲਾਮਾਬਾਦ ਤੇ ਕਰਾਚੀ ਤੋਂ ਜਿੰਨਾ ਵਪਾਰ ਸਮੁੰਦਰੀ ਰਸਤੇ ਰਾਹੀਂ ਦੇਸ਼ ਦੀ ਵਪਾਰਕ ਰਾਜਧਾਨੀ ਮੁੰਬਈ ਨੂੰ ਹੁੰਦਾ ਹੈ, ਓਨਾ ਹੀ ਸੜਕੀ ਰਸਤੇ ਹੋਵੇਗਾ।

ਰਾਕੇਸ਼ ਸਿੰਘ ਨੇ ਦੱਸਿਆ ਕਿ ਇਸ ਬਾਰੇ ਅਕਤੂਬਰ ਮਹੀਨੇ ਪਾਕਿ ਮੰਤਰੀ ਮੰਡਲ ਵੱਲੋਂ ਪ੍ਰਵਾਨਗੀ ਦਿੱਤੀ ਜਾਵੇਗੀ। ਮੁੱਖ ਸਕੱਤਰ ਨੇ ਦੱਸਿਆ ਕਿ ਭਾਰਤ ਤੇ ਪਾਕਿਸਤਾਨ ਇਸ ਮੁੱਦੇ 'ਤੇ ਗੰਭੀਰ ਹਨ ਕਿ ਵਾਹਗਾ ਸਰਹੱਦ ਰਾਹੀਂ ਸਿਰਫ਼ ਵਿਅਕਤੀਆਂ ਦਾ ਆਉਣ ਜਾਣ ਹੋਵੇ ਜਦੋਂ ਕਿ ਵਪਾਰ ਹੁਸੈਨੀਵਾਲਾ ਸਾਦਕੀ ਚੌਕੀ ਰਾਹੀਂ ਹੀ ਹੋਵੇ। ਉਨ੍ਹਾਂ ਕਿਹਾ ਕਿ ਵਪਾਰ ਤੇ ਵਿਅਕਤੀਗਤ ਆਉਣ ਜਾਣ ਨੂੰ ਇਕੋ ਸਰਹੱਦ ਰਾਹੀਂ ਰੱਖਣ ਕਾਰਨ ਕਈ ਸਮੱਸਿਆਵਾਂ ਪੈਦਾ ਹੁੰਦੀਆਂ ਹਨ।



ਉਨ੍ਹਾਂ ਕਿਹਾ ਕਿ ਹੁਸੈਨੀਵਾਲਾ ਸਰਹੱਦ ਖੁੱਲ੍ਹਣ ਨੂੰ ਇਸ ਕਰਕੇ ਸਮਾਂ ਲੱਗ ਸਕਦਾ ਹੈ ਕਿਉਂਕਿ ਇਸ ਸਰਹੱਦ ਰਾਹੀਂ ਪਾਕਿਸਤਾਨ ਵਿਚ ਦਾਖਲ ਹੋਣ ਵਾਲਾ ਰੇਲ ਲਿੰਕ ਖ਼ਤਮ ਹੋ ਚੁੱਕਾ ਹੈ ਜਿਸ ਦੀ ਬਹਾਲੀ ਲਈ ਜ਼ਿਆਦਾ ਸਮਾਂ ਲੱਗੇਗਾ। ਮੁੱਖ ਸਕੱਤਰ ਨੇ ਕਿਹਾ ਕਿ ਇਸ ਸਰਹੱਦੀ ਖੇਤਰ ਨੂੰ ਖੋਲ੍ਹਣ ਲਈ ਰਾਜ ਸਰਕਾਰ ਵੱਲੋਂ ਜਲਦੀ ਹੀ ਢੁਕਵੇਂ ਕਦਮ ਚੁੱਕੇ ਜਾ ਰਹੇ ਹਨ। ਲਹਿੰਦੇ ਪੰਜਾਬ ਦੇ ਸਿਆਸਤਦਾਨ ਤੇ ਅਧਿਕਾਰੀ ਵੀ ਹੁਸੈਨੀਵਾਲਾ ਸਰਹੱਦ ਖੋਲ੍ਹਣ ਲਈ ਉਤਸੁਕ ਹਨ।

ਉਨ੍ਹਾਂ ਦੱਸਿਆ ਕਿ ਵਣਜ ਸਕੱਤਰਾਂ ਦੀ ਮੀਟਿੰਗ ਦੌਰਾਨ ਇਸ ਸਰਹੱਦ ਦੇ ਖੋਲ੍ਹਣ ਬਾਰੇ ਸਿਧਾਂਤਕ ਸਹਿਮਤੀ ਬਣ ਗਈ ਹੈ। ਭਾਰਤ ਦੇ ਵਣਜ ਸਕੱਤਰ ਐਸ.ਆਰ.ਰਾਓ ਦੀ ਅਗਵਾਈ ਹੇਠ ਭਾਰਤ ਦੇ ਵਫ਼ਦ ਵਿਚ ਪੰਜਾਬ ਦੇ ਮੁੱਖ ਸਕੱਤਰ ਵੀ ਸ਼ਾਮਲ ਸਨ। ਪੰਜਾਬ ਵੱਲੋਂ ਲੰਮੇ ਸਮੇਂ ਤੋਂ ਹੁਸੈਨੀਵਾਲਾ ਸਰਹੱਦ 'ਤੇ ਸਾਦਕੀ ਚੌਕੀ ਖੋਲ੍ਹਣ ਦੀ ਮੰਗ ਕੀਤੀ ਜਾ ਰਹੀ ਹੈ।

ਲੋਕ ਸਭਾ ਚੋਣਾਂ ਮੌਕੇ ਇਹ ਸਰਹੱਦ ਅਕਸਰ ਸਿਆਸੀ ਮੁੱਦਾ ਬਣਦੀ ਹੈ। ਲਹਿੰਦੇ ਪੰਜਾਬ ਦੇ ਵਾਸੀਆਂ ਵੱਲੋਂ ਵੀ ਇਸ ਤਰ੍ਹਾਂ ਦੀ ਮੰਗ ਕੀਤੀ ਜਾਂਦੀ ਹੈ। ਇਸ ਸਰਹੱਦੀ ਖੇਤਰ ਦੀ ਵੱਡੀ ਇਤਿਹਾਸਕ ਮਹੱਤਤਾ ਇਹ ਹੈ ਕਿ ਇਸ ਥਾਂ 'ਤੇ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦੇਣ ਤੋਂ ਬਾਅਦ ਹੁਸੈਨੀਵਾਲਾ ਨਜ਼ਦੀਕ ਸਤਲੁਜ ਦਰਿਆ ਦੇ ਕੰਢੇ 'ਤੇ ਤਿੰਨਾਂ ਦਾ ਸਸਕਾਰ ਕੀਤਾ ਸੀ। ਇਨ੍ਹਾਂ ਤਿੰਨਾਂ ਸ਼ਹੀਦਾਂ ਦੀ ਯਾਦਗਾਰ ਇੱਥੇ ਬਣੀ ਹੋਈ ਹੈ। ਇਸ ਸਰਹੱਦ ਦੇ ਖੁੱਲ੍ਹਣ ਨਾਲ ਲਹਿੰਦੇ ਤੇ ਚੜ੍ਹਦੇ ਪੰਜਾਬ ਦੋਹਾਂ ਸੂਬਿਆਂ ਦੀ ਆਰਥਿਕਤਾ ਨੂੰ ਜਿੱਥੇ ਵੱਡਾ ਹੁਲਾਰਾ ਮਿਲਣ ਦੀ ਉਮੀਦ ਹੈ, ਉਥੇ ਦੋਵੇਂ ਸੂਬੇ ਦੂਜੇ ਦੇ ਨਜ਼ਦੀਕ ਵੀ ਆ ਜਾਣਗੇ। ਵਣਜ ਸਕੱਤਰਾਂ ਦੀ ਇਸ ਮੀਟਿੰਗ ਤੋਂ ਬਾਅਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪਾਕਿ ਫੇਰੀ ਦੀ ਵੀ ਉਮੀਦ ਹੈ। ਇਹ ਵੀ ਚਰਚਾ ਹੈ ਕਿ ਇਸ ਸਰਹੱਦ ਨੂੰ ਖੋਲ੍ਹਣ ਬਾਰੇ ਪ੍ਰਧਾਨ ਮੰਤਰੀ ਦੀ ਫੇਰੀ ਦੌਰਾਨ ਰਸਮੀ ਐਲਾਨ ਹੋ ਸਕਦਾ ਹੈ।

# ਸੱਜਣ ਨੇ ਉਠਾਇਆ ਜਗਦੀਸ਼ ਕੌਰ ਦੇ ਰਵੱਈਏ 'ਤੇ ਸਵਾਲ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਸਬੰਧੀ ਮੁਕੱਦਮੇ ਦਾ ਸਾਹਮਣਾ ਕਰ ਰਹੇ ਕਾਂਗਰਸੀ ਆਗੂ ਸੱਜਣ ਕੁਮਾਰ ਨੇ ਪ੍ਰਮੁੱਖ ਗਵਾਹ ਦੇ ਰਵੱਈਏ 'ਤੇ ਪ੍ਰਸ਼ਨ ਲਾਉਂਦਿਆਂ ਅਦਾਲਤ ਵਿਚ ਸ਼ਿਕਾਇਤ ਕੀਤੀ ਹੈ ਕਿ ਉਸ ਨੇ ਦਿੱਲੀ ਪੁਲਿਸ ਦੀ ਜਾਂਚ 'ਤੇ ਭਰੋਸਾ ਨਾ ਹੋਣ ਬਾਰੇ 22 ਸਾਲਾਂ ਤੱਕ ਕਿਸੇ ਅਥਾਰਟੀ ਨੂੰ ਨਹੀਂ ਦੱਸਿਆ।

ਮੁਕੱਦਮੇ ਦੀ ਅੰਤਿਮ ਸੁਣਵਾਈ ਦੌਰਾਨ ਸੱਜਣ ਦੇ ਵਕੀਲ ਆਈ.ਯੂ.ਖਾਨ ਨੇ ਜ਼ਿਲ੍ਹਾ ਜੱਜ ਜੇ.ਆਰ. ਆਰਿਅਨ ਨੂੰ ਸ਼ਿਕਾਇਤ ਕੀਤੀ ਕਿ ਬੀਬੀ ਜਗਦੀਸ਼ ਕੌਰ ਜਿਸ ਦੇ ਪਰਿਵਾਰ ਦੇ ਪੰਜ ਮੈਂਬਰਾਂ ਦੀ ਦੰਗਿਆਂ ਦੌਰਾਨ ਜਾਨ ਚਲੇ ਗਈ ਸੀ, ਪਹਿਲਾਂ ਤਾਂ ਦੋ ਦਹਾਕੇ ਦਿੱਲੀ ਪੁਲਿਸ ਦੀ ਜਾਂਚ ਵਿਚ ਕੋਈ ਸਹਿਯੋਗ ਨਹੀਂ ਦਿੱਤਾ ਤੇ ਬਾਅਦ ਵਿਚ 2006 ਵਿਚ ਜਾਂਚ ਏਜੰਸੀ ਵਿਚ ਭਰੋਸਾ ਨਾ ਹੋਣ ਦੀ ਗੱਲ ਕਹਿ ਦਿੱਤੀ।

ਦਿੱਲੀ ਪੁਲਿਸ ਨੇ ਕਤਲੇਆਮ ਦੇ ਸਾਰੇ ਮਾਮਲਿਆਂ ਦੀ ਜਾਂਚ ਕੀਤੀ ਤੇ 2005 ਵਿਚ ਇਸ ਨੂੰ ਸੀ.ਬੀ.ਆਈ. ਦੇ ਹਵਾਲੇ ਕਰ ਦਿੱਤਾ। ਜਗਦੀਸ਼ ਕੌਰ ਨੂੰ 2003 ਤੇ 2004 ਵਿਚ ਪੰਜਾਬ ਵਿਚ ਸੰਮਨ ਭੇਜ ਕੇ ਜਾਂਚ ਵਿਚ ਸ਼ਾਮਿਲ ਹੋਣ ਲਈ ਕਿਹਾ ਗਿਆ ਪਰ ਉਸ ਨੇ ਨਾਂਹ ਕਰ ਦਿੱਤੀ ਤੇ 22 ਸਾਲਾਂ ਦੇ ਬਾਅਦ 2006 ਵਿਚ ਸੀ.ਬੀ.ਆਈ. ਦੇ ਸਾਹਮਣੇ ਪਹਿਲੀ ਵਾਰ ਕਿਹਾ ਕਿ ਉਸ ਨੂੰ ਦਿੱਲੀ ਪੁਲਿਸ 'ਤੇ ਭਰੋਸਾ ਨਹੀਂ ਸੀ। ਖਾਨ ਨੇ ਕਿਹਾ ਕਿ ਬੀਬੀ ਨੇ ਨਾਨਾਵਤੀ ਕਮਿਸ਼ਨ ਤੇ ਜਸਟਿਸ ਰੰਗਾਨਾਥ ਕਮਿਸ਼ਨ ਸਾਹਮਣੇ ਵੀ ਇਹ ਗੱਲ ਨਹੀਂ ਆਖੀ। ਉਨ੍ਹਾਂ ਕਿਹਾ ਕਿ ਬੀਬੀ ਬਹਾਨੇ ਬਣਾ ਰਹੀ ਹੈ ਤੇ ਉਸ ਨੇ ਜਾਂਚ ਦੌਰਾਨ ਕੋਈ ਸਹਿਯੋਗ ਨਹੀਂ ਦਿੱਤਾ। ਸੱਜਣ ਕੁਮਾਰ ਦੇ ਨਾਲ ਬਲਵਾਨ ਖੋਖਰ, ਕਿਸ਼ਨ ਖੋਖਰ, ਮਹਿੰਦਰ ਯਾਦਵ, ਗਿਰਧਾਰੀ ਲਾਲ ਤੇ ਕੈਪਟਨ ਭਾਗਮਲ ਵੀ ਲੋਕਾਂ ਨੂੰ ਸਿੱਖ ਭਾਈਚਾਰੇ ਵਿਰੁੱਧ ਭੜਕਾਉਣ ਦੇ ਮਾਮਲੇ ਦਾ ਸਾਹਮਣਾ ਕਰ ਰਹੇ ਹਨ।

# ਪੰਜਾਬ ਨਾਲੋਂ ਤਾਮਿਲਨਾਡੂ 'ਚ ਕਣਕ ਸਸਤੀ !

**ਨਵੀਂ ਦਿੱਲੀ:** ਸਰਕਾਰ ਦੀਆਂ ਗ਼ਲਤ ਨੀਤੀਆਂ ਦਾ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ। ਦੇਸ਼ ਵਿਚ ਸਭ ਤੋਂ ਵੱਧ ਕਣਕ ਉਤਪਾਦਨ ਕਰਨ ਵਾਲੇ ਪੰਜਾਬ ਵਿਚ ਤਾਮਿਲਨਾਡੂ ਤੇ ਕੇਰਲ ਨਾਲੋਂ ਵੱਧ ਕੀਮਤ 'ਤੇ ਕਣਕ ਵਿਕ ਰਹੀ ਹੈ। ਦੱਖਣ ਦੇ ਇਨ੍ਹਾਂ ਦੋਹਾਂ ਰਾਜਾਂ ਵਿਚ ਮਾਮੂਲੀ ਪੱਧਰ 'ਤੇ ਕਣਕ ਉਗਾਈ ਜਾਂਦੀ ਹੈ। ਸਰਕਾਰੀ ਨੀਤੀਆਂ ਕਾਰਨ ਆਟਾ ਮਿਲਾਂ ਤੇ ਕਣਕ ਦਾ ਉਤਪਾਦਨ ਬਣਾਉਣ ਵਾਲੀਆਂ ਸਨਅਤਾਂ ਦਾ ਸੰਕਟ ਵਧ ਗਿਆ ਹੈ।

ਖੁੱਲ੍ਹੇ ਬਾਜ਼ਾਰ ਦੀ ਕਮੀ ਨੂੰ ਪੂਰਾ ਕਰਨ ਲਈ ਐਫ਼.ਸੀ.ਆਈ. ਸਮੇਂ-ਸਮੇਂ 'ਤੇ ਕਣਕ ਜਾਰੀ ਕਰਦਾ ਹੈ ਪਰ ਇਸ ਦੀਆਂ ਮੌਜੂਦਾ ਨੀਤੀਆਂ ਕਾਰਨ ਜਿਨਸਾਂ ਨਾਲ ਸਬੰਧਤ ਬਾਜ਼ਾਰ ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਿਹਾ ਹੈ। ਇਸੇ ਦਾ ਨਤੀਜਾ ਹੈ ਕਿ ਪੰਜਾਬ ਵਿਚ ਕਣਕ 1557 ਰੁਪਏ, ਦਿੱਲੀ ਵਿਚ 1324 ਰੁਪਏ ਤੇ ਤਾਮਿਲਨਾਡੂ 'ਚ 1501 ਰੁਪਏ ਪ੍ਰਤੀ ਕੁਇੰਟਲ ਵਿਕ ਰਹੀ ਹੈ।

ਪੰਜਾਬ ਕੇਂਦਰੀ ਪੂਲ ਲਈ ਸਭ ਤੋਂ ਵੱਧ ਕਣਕ ਦਾ ਯੋਗਦਾਨ ਪਾਉਂਦਾ ਹੈ। ਇਸੇ ਕਾਰਨ ਜ਼ਿਆਦਾਤਰ ਮਿੱਲਾਂ ਵੀ ਇਥੇ ਹੀ ਹਨ। ਅਸਾਵੀਆਂ ਨੀਤੀਆਂ ਕਾਰਨ ਐਫ਼.ਸੀ.ਆਈ. ਵੱਲੋਂ ਮਿਥੀ ਰਿਜ਼ਰਵ ਕੀਮਤ ਵੱਧ ਹੈ ਜਦਕਿ ਰਾਜ ਸਰਕਾਰ ਨੇ ਵੀ ਪੰਜ ਫ਼ੀਸਦੀ ਵੈਟ ਲਾ ਦਿੱਤਾ ਹੈ। ਇਸ ਨਾਲ ਇਥੋਂ ਦੇ ਵਪਾਰੀਆਂ ਅਤੇ ਸਨਅਤਕਾਰਾਂ ਸਾਹਮਣੇ ਭਾਰੀ ਮੁਸ਼ਕਲਾਂ ਆ ਰਹੀਆਂ ਹਨ। ਕਣਕ ਦੇ ਉਤਪਾਦਨ ਬਣਾਉਣ ਵਾਲੀਆਂ ਸਨਅਤਾਂ ਨੇ ਵੀ ਅਪਣਾ ਉਤਪਾਦਨ ਘਟਾਉਣਾ ਸ਼ੁਰੂ ਕਰ ਦਿਤਾ ਹੈ।


Global Multi Services

ਕੈਲੀਫੋਰਨੀਆ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਦੀਆਂ ਪਲੇਟਾਂ ਤੁਸੀਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਦੀ ਲੋੜ ਨਹੀਂ
> ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ

ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

ਉਪਲਬਧ ਸੇਵਾਵਾਂ

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant



ਰਾਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997


DMV Lic No. 62822

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay



Gurbans Singh Gill
Realtor

15 Years Experiance in Real Estate
e-mail: gurbans@gotracy.com

Fax: 209-836-0706
www.gotracy.com

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD®
Millennium

Gurbans Gill 209-815-1869

# ਅਮਰੀਕੀ ਅਮੀਰਾਂ 'ਚ ਬਿੱਲ ਗੇਟਸ ਦੀ ਝੰਡੀ ਬਰਕਰਾਰ

ਨਿਊ ਯਾਰਕ: ਫੋਰਬਜ਼ ਰਸਾਲੇ ਵੱਲੋਂ ਜਾਰੀ ਅਮੀਰ ਲੋਕਾਂ ਦੀ ਤਾਜ਼ਾ ਦਰਜਾਬੰਦੀ ਮੁਤਾਬਕ ਮਾਈਕਰੋਸਾਫਟ ਦੇ ਸਹਿ-ਬਾਨੀ ਬਿਲ ਗੇਟਸ ਨੇ ਲਗਾਤਾਰ 19ਵੇਂ ਸਾਲ ਅਮਰੀਕਾ ਦੇ ਸਭ ਤੋਂ ਅਮੀਰ ਵਿਅਕਤੀ ਦਾ ਰੁਤਬਾ ਕਾਇਮ ਰੱਖਿਆ ਹੈ। ਫੋਰਬਜ਼ ਨੇ ਅਮਰੀਕਾ ਦੇ 400 ਸਿਰੇ ਦੇ ਅਮੀਰਾਂ ਦੀ ਸੂਚੀ ਜਾਰੀ ਕੀਤੀ ਹੈ ਜਿਨ੍ਹਾਂ ਦੀ ਸਮੁੱਚੀ ਦੌਲਤ 1.7 ਖਰਬ ਅਮਰੀਕੀ ਡਾਲਰ ਬਣਦੀ ਹੈ। ਇਨ੍ਹਾਂ 400 ਅਮੀਰ ਅਮਰੀਕੀਆਂ ਦੀ ਸੂਚੀ ਵਿਚ ਪੰਜ ਭਾਰਤੀ ਮੂਲ ਦੇ ਕਾਰੋਬਾਰੀ ਵੀ ਸ਼ਾਮਲ ਹਨ।

ਸ੍ਰੀ ਗੇਟਸ ਦੀ ਆਪਣੀ ਦੌਲਤ 66 ਅਰਬ ਡਾਲਰ ਹੈ। ਉਹ ਸਿਰਫ ਅਮਰੀਕਾ ਦੇ ਸਭ ਤੋਂ ਅਮੀਰ ਵਿਅਕਤੀ ਹੀ ਨਹੀਂ ਹਨ ਸਗੋਂ 'ਧਰਤੀ ਦੇ ਸਭ ਤੋਂ ਰਹਿਮ ਦਿਲ ਵਿਅਕਤੀ' ਵੀ ਹਨ। ਰਸਾਲੇ ਮੁਤਾਬਕ ਸ੍ਰੀ ਗੇਟਸ ਨੇ ਭਾਰਤ ਸਮੇਤ ਵੱਖ-ਵੱਖ ਵਿਕਾਸਸ਼ੀਲ ਮੁਲਕਾਂ ਵਿਚ ਭਲਾਈ ਦੇ ਕੰਮਾਂ ਉਤੇ ਬਹੁਤ ਪੈਸਾ ਖਰਚਿਆ ਹੈ। ਹਾਰਵਰਡ ਯੂਨੀਵਰਸਿਟੀ ਦੀ ਪੜ੍ਹਾਈ ਅੱਧ ਵਿਚਾਲੇ ਛੱਡਣ ਵਾਲੇ 56 ਸਾਲਾ ਸ੍ਰੀ ਗੇਟਸ ਹੁਣ ਤਕ 28 ਅਰਬ ਡਾਲਰ ਦੀ ਰਕਮ ਪਰਉਪਕਾਰ ਲਈ ਦਾਨ ਦੇ ਚੁੱਕੇ ਹਨ।

### 28 ਅਰਬ ਡਾਲਰ ਸਮਾਜ ਭਲਾਈ ਦੇ ਕੰਮਾਂ ਲਈ ਦਾਨ



ਇਸ ਸੂਚੀ ਵਿਚ ਦੂਜੀ ਥਾਂ 'ਤੇ ਵਾਰਨ ਬੁਫੈਟ ਹਨ। ਸ੍ਰੀ ਬੁਫੈਟ (82 ਸਾਲ) ਦੀ ਦੌਲਤ 46 ਅਰਬ ਡਾਲਰ ਹੈ ਤੇ ਬਰਕਸ਼ਾਇਰ ਹਾਥਵੇਅ ਦੇ ਚੇਅਰਮੈਨ ਹਨ। ਉਨ੍ਹਾਂ ਹਾਲ ਹੀ ਵਿਚ ਆਪਣੇ ਪ੍ਰਾਸਟੇਟ ਕੈਂਸਰ ਦਾ ਰੇਡੀਏਸ਼ਨ ਰਾਹੀਂ ਇਲਾਜ ਕਰਵਾਇਆ ਹੈ। ਇਸੇ ਸਾਲ ਉਨ੍ਹਾਂ ਐਲਾਨ ਕੀਤਾ ਸੀ ਕਿ ਉਨ੍ਹਾਂ ਕੰਪਨੀ ਦੇ ਮੁਖੀ ਵਜੋਂ ਆਪਣੇ ਜਾਨਸ਼ੀਨ ਦੀ ਚੋਣ ਕਰ ਲਈ ਹੈ ਪਰ ਉਨ੍ਹਾਂ ਉਸ ਦਾ ਨਾਂ ਦੱਸਣ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਦੇ ਸੰਭਾਵਤ ਜਾਨਸ਼ੀਨਾਂ ਵਿਚ ਬਰਕਸ਼ਾਇਰ ਦੇ ਰੀ-ਇਨਸ਼ੋਰੈਂਸ ਕਾਰੋਬਾਰ ਦੇ ਮੁਖੀ ਤੇ ਭਾਰਤ ਵਿਚ ਜਨਮੇ ਅਜੀਤ ਜੈਨ ਦਾ ਨਾਂ ਲਿਆ ਜਾ ਰਿਹਾ ਹੈ।

ਤੀਜੇ ਨੰਬਰ ਉਤੇ ਓਰੈਕਲ ਦੇ ਮੁਖੀ ਲੈਰੀ ਐਲੀਸਨ ਹਨ ਜਿਨ੍ਹਾਂ ਦੀ ਦੌਲਤ ਇਕ ਸਾਲ ਵਿਚ 8 ਅਰਬ ਡਾਲਰ ਵਧ ਕੇ 41 ਅਰਬ ਡਾਲਰ ਹੋ ਗਈ ਹੈ। ਇਸ ਸੂਚੀ ਵਿਚ ਇਹ ਕਿਸੇ ਇਕ ਵਿਅਕਤੀ ਦੀ ਦੌਲਤ ਵਿਚ ਹੋਇਆ ਸਭ ਤੋਂ ਵੱਡਾ ਵਾਧਾ ਹੈ। ਦੂਜੇ ਪਾਸੇ ਫੇਸਬੁੱਕ ਦੇ ਮਾਰਕ ਜ਼ਕਰਬਰਗ ਦੀ ਦੌਲਤ ਹੈਰਾਨੀਜਨਕ ਢੰਗ ਨਾਲ 8.1 ਅਰਬ ਡਾਲਰ ਘਟ ਗਈ ਹੈ ਤੇ ਉਹ 9.4 ਅਰਬ ਡਾਲਰ ਨਾਲ ਸੂਚੀ 'ਚ 36ਵੇਂ ਨੰਬਰ ਉਤੇ ਚਲੇ ਗਏ ਹਨ। ਗੌਰਤਲਬ ਹੈ ਕਿ ਬੀਤੇ ਮਈ ਵਿਚ ਫੇਸਬੁੱਕ ਦਾ ਪਬਲਿਕ ਇਸ਼ੂ ਜਾਰੀ ਕੀਤੇ ਜਾਣ ਤੋਂ ਬਾਅਦ ਸ੍ਰੀ ਜ਼ਕਰਬਰਗ ਦੀ ਹਾਲਤ ਮਾੜੀ ਚੱਲ ਰਹੀ ਹੈ ਕਿਉਂਕਿ ਇਹ ਸੋਸ਼ਲ ਨੈੱਟਵਰਕਿੰਗ ਕੰਪਨੀ ਸ਼ੇਅਰ ਬਾਜ਼ਾਰ ਵਿਚ ਵਧੀਆ ਕਾਰਗੁਜ਼ਾਰੀ ਨਹੀਂ ਦਿਖਾ ਸਕੀ।

ਇਨ੍ਹਾਂ 400 ਅਮਰੀਕੀ ਅਮੀਰਾਂ ਵਿਚ ਭਾਰਤੀ ਮੂਲ ਦੇ ਪੰਜ ਕਾਰੋਬਾਰੀ ਵੀ ਸ਼ਾਮਲ ਹਨ ਜਿਨ੍ਹਾਂ ਵਿਚ ਸਭ ਤੋਂ ਪਹਿਲਾ ਨਾਂ ਆਈ ਟੀ ਕੰਪਨੀ ਸਿੰਟੈਲ ਦੇ ਬਾਨੀ ਭਾਰਤ ਦੇਸਾਈ ਦਾ ਹੈ। ਉਹ ਦੋ ਅਰਬ ਡਾਲਰ ਦੀ ਦੌਲਤ ਨਾਲ ਸੂਚੀ ਵਿਚ 239ਵੇਂ ਨੰਬਰ ਉਤੇ ਹਨ। ਉਨ੍ਹਾਂ ਤੋਂ ਬਾਅਦ ਸਿੰਫਨੀ ਟੈਕਨਾਲੋਜੀ ਗਰੁੱਪ ਦੇ ਬਾਨੀ ਤੇ ਚੇਅਰਮੈਨ ਰੋਮੇਸ਼ ਵਧਵਾਨੀ ਆਉਂਦੇ ਹਨ ਜੋ 1.9 ਅਰਬ ਡਾਲਰ ਨਾਲ 250ਵੇਂ ਨੰਬਰ 'ਤੇ ਹਨ।

ਸੂਚੀ ਵਿਚ ਤੀਜੇ ਨੰਬਰ 'ਤੇ ਗੂਗਲ ਦੇ ਬੋਰਡ ਮੈਂਬਰ ਤੇ ਸ਼ੇਅਰ ਹੋਲਡਰ ਕਵਿਤਾਰਕ ਰਾਮ ਸ੍ਰੀ ਰਾਮ ਹਨ ਜਿਨ੍ਹਾਂ ਦੀ ਦੌਲਤ 1.6 ਅਰਬ ਡਾਲਰ ਤੇ ਨੰਬਰ 298ਵਾਂ ਹੈ। ਮਸ਼ਹੂਰ ਐਨਰਜੀ ਡਰਿੰਕ '5-ਆਵਰ ਐਨਰਜੀ' ਦੇ ਬਾਨੀ ਤੇ ਸੀ.ਈ.ਓ. ਮਨੋਜ ਭਾਰਗਵ ਇਸ ਸੂਚੀ ਵਿਚ ਚੌਥੇ ਭਾਰਤੀ ਹਨ ਜਿਨ੍ਹਾਂ ਦੀ ਦੌਲਤ 1.5 ਅਰਬ ਡਾਲਰ ਦੱਸੀ ਗਈ ਹੈ ਤੇ ਉਨ੍ਹਾਂ ਦਾ ਨੰਬਰ 311ਵਾਂ ਹੈ। ਸੂਚੀ ਵਿਚ ਪੰਜਵੇਂ ਭਾਰਤੀ ਹਨ ਵੱਡੀ ਆਈਟੀ ਕੰਪਨੀ ਸਿੰਟੈਲ ਦੇ ਬਾਨੀ ਤੇ ਮੁਖੀ ਵਿਨੋਦ ਖੋਸਲਾ। ਉਹ 1.4 ਅਰਬ ਡਾਲਰ ਦੀ ਜਾਇਦਾਦ ਨਾਲ ਸੂਚੀ ਵਿਚ 328ਵੇਂ ਨੰਬਰ 'ਤੇ ਹਨ।

## ਨਿਊ ਯਾਰਕ ਵਿਚ ਹੋਵੇਗੀ ਹਿੰਦ-ਅਮਰੀਕਾ-ਅਫ਼ਗਾਨ ਵਾਰਤਾ

ਵਾਸ਼ਿੰਗਟਨ: ਭਾਰਤ, ਅਮਰੀਕਾ ਤੇ ਅਫ਼ਗਾਨਿਸਤਾਨ ਵਿਚਾਲੇ ਪਹਿਲੀ ਤ੍ਰੈ-ਪੱਖੀ ਗੱਲਬਾਤ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਦੇ ਛੇਵੇਂ ਸੈਸ਼ਨ ਮੌਕੇ ਨਿਊਯਾਰਕ ਵਿਖੇ ਹੋਵੇਗੀ। ਸੂਤਰਾਂ ਮੁਤਾਬਕ ਇਹ ਪਹਿਲੀ ਅਜਿਹੀ ਮੀਟਿੰਗ ਹੈ ਜਿਸ ਵਿਚ ਤਿੰਨਾਂ ਮੁਲਕਾਂ ਦੇ ਆਗੂ ਇਕੱਠੇ ਹਿੱਸਾ ਲੈ ਰਹੇ ਹਨ। ਉਪ ਵਿਦੇਸ਼ ਮੰਤਰੀ ਪੱਧਰ ਦੀ ਇਸ ਮੀਟਿੰਗ ਬਾਰੇ ਐਲਾਨ ਇਸ ਸਾਲ ਵਾਸ਼ਿੰਗਟਨ ਵਿਚ ਚੱਲੀ ਭਾਰਤ-ਅਮਰੀਕਾ ਦੁਪੱਖੀ ਗੱਲਬਾਤ ਮੌਕੇ ਹੀ ਕਰ ਦਿੱਤਾ ਗਿਆ ਸੀ।

ਬੀਤੀ 13 ਜੂਨ ਨੂੰ ਹੋਈ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਇਸ ਮੀਟਿੰਗ ਬਾਰੇ ਐਲਾਨ ਕਰਦਿਆਂ ਕਿਹਾ ਸੀ ਕਿ ਇਨ੍ਹਾਂ ਤਿੰਨਾਂ ਮੁਲਕਾਂ ਵਿਚਾਲੇ ਸਾਂਝੇ ਮੰਚ 'ਤੇ ਗੱਲਬਾਤ ਹੋਣੀ ਬਹੁਤ ਜ਼ਰੂਰੀ ਹੈ। ਹਾਲਾਂਕਿ ਭਾਰਤ ਤੇ ਅਮਰੀਕਾ ਨੇ ਪਹਿਲਾਂ ਹੀ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਤ੍ਰੈ-ਪੱਖੀ ਗੱਲਬਾਤ ਪਾਕਿਸਤਾਨ ਵਿਰੋਧੀ ਨਹੀਂ ਹੋਵੇਗੀ ਭਾਵੇਂ ਪਾਕਿਸਤਾਨ ਹਮੇਸ਼ਾ ਭਾਰਤ ਦੀ ਅਫ਼ਗਾਨਿਸਤਾਨ ਵਿਚ ਭੂਮਿਕਾ ਬਾਰੇ ਸ਼ੰਕੇ ਖੜ੍ਹੇ ਕਰਦਾ ਰਹਿੰਦਾ ਹੈ।

# ਅਮਰੀਕੀ ਸੰਸਦ ਮੈਂਬਰ ਵੱਲੋਂ ਬਲੋਚਾਂ ਲਈ ਹਾਅ ਦਾ ਨਾਅਰਾ

ਵਾਸ਼ਿੰਗਟਨ: ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿਚ ਮਾਨਵੀ ਹੱਕਾਂ ਦੇ ਹੋ ਰਹੇ ਕਥਿਤ ਘਾਣ 'ਤੇ ਫਿਕਰਮੰਦੀ ਜ਼ਾਹਿਰ ਕਰਦਿਆਂ ਅਮਰੀਕੀ ਕਾਂਗਰਸ ਦੇ ਸੀਨੀਅਰ ਮੈਂਬਰ ਨੇ ਕਿਹਾ ਹੈ ਕਿ ਬਲੋਚ ਲੋਕਾਂ ਨੂੰ ਸਵੈ-ਨਿਰਨੇ ਦਾ ਅਧਿਕਾਰ ਹੈ। ਡਾਨਾ ਰੋਹਰਾਬੈਸ਼ਰ ਨੇ ਪਿਛਲੇ ਦਿਨੀਂ ਅਮਰੀਕੀ ਪ੍ਰਤੀਨਿਧ ਸਦਨ ਵਿਚ ਆਪਣੀਆਂ ਟਿੱਪਣੀਆਂ ਵਿਚ ਕਿਹਾ ਕਿ ਪਾਕਿ ਸਰਕਾਰ ਦਾ ਮਾਨਵੀ ਹੱਕਾਂ ਦੇ ਮਾਮਲੇ ਵਿਚ ਇੰਨਾ ਮਾੜਾ ਹਾਲ ਸ਼ਰਮਿੰਦਗੀ ਵਾਲੀ ਗੱਲ ਹੈ। ਇਹ ਹੋਰ ਵੀ ਮਾੜੀ ਗੱਲ ਹੈ ਕਿ ਅਮਰੀਕੀ ਵਿਦੇਸ਼ੀ ਤੇ ਫੌਜੀ ਮਦਦ ਪਾਕਿ ਦੇ ਸੁਰੱਖਿਆ ਬਲਾਂ ਨੂੰ ਮਜ਼ਬੂਤ ਕਰ ਰਹੀ ਹੈ ਜੋ ਅੱਗਿਓਂ ਨਿਰਦੋਸ਼ ਬਲੋਚਾਂ ਨੂੰ ਮਾਰ ਰਹੇ ਹਨ।



ਉਨ੍ਹਾਂ ਕਿਹਾ ਕਿ ਬਲੋਚ ਲੋਕਾਂ ਨੂੰ ਸਵੈ-ਨਿਰਨੇ ਦਾ ਅਧਿਕਾਰ ਹੈ ਤੇ ਜੇਕਰ ਉਹ ਨਹੀਂ ਚਾਹੁੰਦੇ ਤਾਂ ਉਨ੍ਹਾਂ ਨੂੰ ਇਸਲਾਮਾਬਾਦ ਦੇ ਦਾਬੇ ਹੇਠ ਨਹੀਂ ਰੱਖਿਆ ਜਾ ਸਕਦਾ ਹੈ। ਉਨ੍ਹਾਂ ਨੇ ਸਦਨ ਨੂੰ ਦੱਸਿਆ ਕਿ ਬਲੋਚ ਨਸਲ ਦੇ ਲੋਕ ਦੱਖਣੀ ਏਸ਼ੀਆ ਦੇ ਉਸ ਖਿੱਤੇ ਵਿਚ ਰਹਿ ਰਹੇ ਹਨ ਜੋ ਹੁਣ ਪਾਕਿਸਤਾਨ, ਅਫਗਾਨਿਸਤਾਨ ਤੇ ਇਰਾਨ ਵੱਲੋਂ ਆਪਣਾ ਖਿੱਤਾ ਐਲਾਨਿਆ ਜਾ ਰਿਹਾ ਹੈ।

ਡਾਨਾ ਅਨੁਸਾਰ ਪਾਕਿਸਤਾਨ ਵਿਚ ਵਿਸ਼ੇਸ਼ ਕਰ, ਉਹ ਆਬਾਦੀ ਦਾ ਅਹਿਮ ਹਿੱਸਾ ਹਨ ਤੇ ਸਭ ਤੋਂ ਘੱਟ ਵਿਕਸਤ ਸੂਬੇ ਵਿਚ ਰਹਿ ਰਹੇ ਹਨ, ਹਾਲਾਂਕਿ ਉੱਥੇ ਕੁਦਰਤੀ ਸਰੋਤਾਂ ਦੀ ਭਰਪੂਰਤਾ ਹੈ। ਕਾਂਗਰਸ ਮੈਂਬਰ ਨੇ ਕਿਹਾ ਕਿ ਬਲੋਚਾਂ ਦੀ ਆਜ਼ਾਦੀ ਦੀ ਤਾਂਘ ਨੂੰ ਫੌਜ ਰਾਹੀਂ ਦਬਾਇਆ ਜਾ ਰਿਹਾ ਹੈ ਤੇ ਪਾਕਿਸਤਾਨ ਸਰਕਾਰ ਉਨ੍ਹਾਂ ਦੇ ਮੁੱਢਲੇ ਮਾਨਵੀ ਹੱਕਾਂ 'ਤੇ ਛਾਪੇ ਮਾਰ ਰਹੀ ਹੈ। ਪਾਕਿਸਤਾਨ ਸਰਕਾਰ ਤੇ ਫੌਜ ਵਿਚ ਪੰਜਾਬ ਮੂਲ ਦੇ ਗਰੁੱਪਾਂ ਦਾ ਦਬਦਬਾ ਹੈ। ਮੈਂਬਰ ਨੇ ਦੱਸਿਆ ਕਿ ਬਲੋਚਾਂ ਵੱਲੋਂ ਪਹਿਲੀ ਵੱਡੀ ਬਗਾਵਤ 1973 ਵਿਚ ਕੀਤੀ ਗਈ ਸੀ ਜੋ ਦੋ ਸਾਲ ਮਗਰੋਂ ਕੁਚਲ ਦਿੱਤੀ ਗਈ ਸੀ। 2005 ਵਿਚ ਬਲੋਚਾਂ ਨੇ ਫਿਰ ਸਿਰ ਚੁੱਕਿਆ ਤੇ ਇਹ ਸਿਲਸਿਲਾ ਜਾਰੀ ਹੈ। ਡਾਨਾ ਅਨੁਸਾਰ ਪਾਕਿਸਤਾਨ ਇਸ ਸਿਆਸੀ ਤੱਟ ਲਾਈਨ ਜਾਂ ਕੁਦਰਤੀ ਸਾਧਨਾਂ ਨਾਲ ਲਬਰੇਜ਼ ਬਲੋਚਿਸਤਾਨ ਤੋਂ ਕਬਜ਼ਾ ਨਹੀਂ ਛੱਡਣਾ ਚਾਹੁੰਦਾ ਤੇ ਚੀਨ ਵੀ ਉਸ ਨਾਲ ਲੱਗਿਆ ਹੋਇਆ ਹੈ। ਪਾਕਿ ਦੀਆਂ ਸੁਰੱਖਿਆ ਸੇਵਾਵਾਂ ਬੁਰੀ ਤਰ੍ਹਾਂ ਬਲੋਚਾਂ ਦਾ ਮਦਨ ਕਰ ਰਹੀਆਂ ਹਨ।

# ਰਸ਼ਦੀ ਨੇ ਰਾਜੀਵ ਗਾਂਧੀ ਨੂੰ ਲਿਖੀ ਸੀ ਗੁਸਤਾਖ਼ੀ ਭਰੀ ਚਿੱਠੀ

**ਲੰਡਨ:** ਭਾਰਤੀ ਮੂਲ ਦੇ ਲੇਖਕ ਸਲਮਾਨ ਰਸ਼ਦੀ ਨੇ ਭਾਰਤ 'ਚ ਆਪਣੀ ਵਿਵਾਦਗ੍ਰਸਤ ਕਿਤਾਬ 'ਸ਼ੈਤਾਨ ਦੀਆਂ ਆਇਤਾਂ' 'ਤੇ ਪਾਬੰਦੀ ਲਾਏ ਜਾਣ ਖ਼ਿਲਾਫ਼ ਉਦੋਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਖੁੱਲ੍ਹੀ ਚਿੱਠੀ ਲਿਖਣ ਦੇ 24 ਸਾਲਾਂ ਪਿੱਛੋਂ ਹੁਣ ਮੰਨਿਆ ਹੈ ਕਿ ਉਸ ਦੀ ਇਹ ਚਿੱਠੀ ਤੇ ਇਸ ਵਿਚਲੀ ਪ੍ਰਤੀਕਿਰਿਆ 'ਹੰਕਾਰ, 'ਗੁੱਸੇ ਤੇ 'ਗੁਸਤਾਖ਼ੀ' ਭਰੀ ਸੀ। ਇਸ 65 ਸਾਲਾ ਲੇਖਕ ਦੀ ਨਵੀਂ ਕਿਤਾਬ 'ਜੋਸਫ ਐਂਟੋਨ' ਬੀਤੇ ਦੀਨੀਂ ਬਾਜ਼ਾਰ ਵਿਚ ਆਈ ਹੈ। ਇਹ ਕਿਤਾਬ ਜਨਾਬ ਰਸ਼ਦੀ ਵੱਲੋਂ ਲੁਕ ਕੇ ਬਿਤਾਏ ਆਪਣੀ ਜ਼ਿੰਦਗੀ ਦੇ ਨੌਂ ਸਾਲਾਂ ਦੀਆਂ ਯਾਦਾਂ 'ਤੇ ਆਧਾਰਤ ਹਨ। ਜਨਾਬ ਰਸ਼ਦੀ ਨੂੰ ਉਦੋਂ ਇਹ ਰੂਪੋਸ਼ ਜ਼ਿੰਦਗੀ ਜਿਉਣੀ ਪਈ ਸੀ ਜਦੋਂ ਉਨ੍ਹਾਂ ਵੱਲੋਂ ਕਿਤਾਬ 'ਸ਼ੈਤਾਨ ਦੀਆਂ ਆਇਤਾਂ' ਲਿਖਣ ਖ਼ਿਲਾਫ਼ ਇਰਾਨ ਦੇ ਚੋਟੀ ਦੇ ਮਜ਼੍ਹਬੀ ਆਗੂ ਆਇਤੁੱਲਾ ਖੁਮੇਨੀ ਨੇ ਉਨ੍ਹਾਂ ਵਿਰੁੱਧ ਮੌਤ ਦਾ 'ਫ਼ਤਵਾ' ਜਾਰੀ ਕਰ ਦਿੱਤਾ ਸੀ। ਉਨ੍ਹਾਂ ਆਪਣੀ ਤਾਜ਼ਾ ਕਿਤਾਬ ਵਿਚ ਲਿਖਿਆ ਹੈ ਕਿ ਉਨ੍ਹਾਂ ਨੂੰ ਉਸ ਵੇਲੇ ਲੰਡਨ 'ਚ ਭਾਰਤ ਦੇ ਡਿਪਟੀ ਹਾਈ ਕਮਿਸ਼ਨਰ ਤੇ ਉਨ੍ਹਾਂ ਦੇ ਚੰਗੇ ਦੋਸਤ ਸਲਮਾਨ ਹੈਦਰ ਨੇ ਰਸਮੀ ਤੌਰ 'ਤੇ ਜਾਣਕਾਰੀ ਦਿੱਤੀ ਕਿ ਭਾਰਤ ਵਿਚ ਵਿਵਾਦਗ੍ਰਸਤ ਕਿਤਾਬ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਉਨ੍ਹਾਂ ਲਿਖਿਆ ਕਿ ਭਾਰਤ ਵਿਚ ਪਾਬੰਦੀ ਲੱਗਣ ਦਾ ਉਨ੍ਹਾਂ ਨੂੰ ਬਹੁਤ ਦੁਖ ਹੋਇਆ। ਇਸ ਕਾਰਨ ਵੀ ਕਿ ਉਨ੍ਹਾਂ ਦੀ ਪਿਛਲੀ ਕਿਤਾਬ 'ਮਿਡਨਾਈਟਸ ਚਿਲਡਰਨ' ਭਾਰਤ ਵਿਚ ਬਹੁਤ ਪਸੰਦ ਕੀਤੀ ਗਈ ਸੀ। ਉਨ੍ਹਾਂ ਉਸ ਵੇਲੇ ਸ੍ਰੀ ਰਾਜੀਵ ਗਾਂਧੀ ਨੂੰ ਲਿਖੀ ਖੁੱਲ੍ਹੀ ਚਿੱਠੀ ਬਾਰੇ ਮੰਨਿਆ ਸੀ ਕਿ ਇਹ 'ਹੰਕਾਰ' ਭਰੀ ਸੀ। ਉਨ੍ਹਾਂ ਲਿਖਿਆ ਹੈ ਕਿ ਇਹ ਬਿਲਕੁਲ ਉਸ ਤਰ੍ਹਾਂ ਨਹੀਂ ਸੀ ਜਿਵੇਂ ਦੇ ਰਵੱਈਏ ਦੀ ਇਕ ਨਾਵਲਕਾਰ ਤੋਂ ਤਵੱਕੋ ਕੀਤੀ ਜਾਂਦੀ ਹੈ। ਭਾਵ ਇਕ ਪ੍ਰਧਾਨ ਮੰਤਰੀ ਨੂੰ ਫਿਟਕਾਰਨਾ। ਇਹੜ ਹੰਕਾਰ ਭਰਿਆ ਸੀ ਤੇ ਗ਼ੁਸਤਾਖ਼ੀ ਵੀ ਸੀ। ਉਨ੍ਹਾਂ ਨਾਲ ਹੀ ਕਿਹਾ ਹੈ ਕਿ ਇਹ ਚਿੱਠੀ ਕਲਾ ਦਾ ਵਡੱਪਣ ਕਾਇਮ ਰੱਖਣ ਲਈ ਲਿਖੀ ਗਈ ਸੀ। ਉਨ੍ਹਾਂ ਲਿਖਿਆ ਸੀ ਕਿ ਸ੍ਰੀ ਪ੍ਰਧਾਨ ਮੰਤਰੀ (ਰਾਜੀਵ ਗਾਂਧੀ) ਅੱਜ ਜ਼ਰੂਰ ਤੁਹਾਡਾ ਹੈ ਪਰ ਆਉਣ ਵਾਲੀਆਂ ਸਦੀਆਂ ਕਲਾ ਦੀਆਂ ਹਨ। ਉਨ੍ਹਾਂ ਲਿਖਿਆ ਹੈ ਕਿ ਮੱਧ 70ਵਿਆਂ ਤੋਂ ਹੀ ਸ੍ਰੀਮਤੀ ਇੰਦਰਾ ਗਾਂਧੀ ਤੇ ਸ੍ਰੀ ਸੰਜੇ ਗਾਂਧੀ ਦੇ ਵੇਲੇ ਤੋਂ ਸਰਕਾਰ ਧਾਰਮਿਕ ਦਬਾਅ ਅੱਗੇ ਝੁਕ ਜਾਂਦੀ ਸੀ।

# ਅਮਰੀਕਾ ਵੱਲੋਂ ਮਿਲੇ ਮਾਣ ਸਨਮਾਨ ਤੋਂ ਸੂ ਚੀ ਬਾਗ਼ੋਬਾਗ਼

**ਵਾਸ਼ਿੰਗਟਨ:** ਅਮਰੀਕੀ ਕਾਂਗਰਸ ਵੱਲੋਂ ਮਿਆਂਮਾਰ ਦੀ ਵਿਰੋਧੀ ਧਿਰ ਦੀ ਆਗੂ ਸੂ ਚੀ ਦਾ ਸੋਨ ਤਗਮੇ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਕਿਸੇ ਵਿਦੇਸ਼ੀ ਆਗੂ ਨੂੰ ਅਮਰੀਕੀ ਪ੍ਰਸ਼ਾਸਨ ਵੱਲੋਂ ਦਿੱਤੇ ਜਾਣ ਵਾਲਾ ਇਹ ਵਿਸ਼ੇਸ਼ ਤੇ ਅਤਿ ਅਹਿਮ ਸਨਮਾਨ ਹੈ। ਨੈਸ਼ਨਲ ਲੀਗ ਫਾਰ ਡੈਮੋਕਰੇਸੀ ਦੀ ਆਗੂ ਆਂਗ ਸੇਨ ਸੂ ਚੀ ਨੇ ਇਸ ਦੌਰਾਨ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਵੀ ਮੁਲਾਕਾਤ ਕੀਤੀ। ਇਸ ਦੇ ਨਾਲ ਹੀ ਅਮਰੀਕਾ ਨੇ ਮਿਆਂਮਾਰ ਵਿਰੁੱਧ ਲਾਈਆਂ ਪਾਬੰਦੀਆਂ ਨੂੰ ਇਕਤਰਫਾ ਹਟਾ ਲਿਆ ਹੈ।

ਅਮਰੀਕੀ ਕਾਂਗਰਸ ਵੱਲੋਂ ਸਨਮਾਨ ਮਿਲਣ ਉਪਰੰਤ ਸੂ ਚੀ ਨੇ ਕਿਹਾ ਕਿ ਇਹ ਉਸ ਦੇ ਜੀਵਨ ਵਿਚ ਅਤਿ ਅਹਿਮ ਦਿਨ ਹੈ ਜਦੋਂ ਕਿਸੇ ਦੂਰ ਦੇ ਮੁਲਕ ਤੋਂ ਪੁੱਜੇ ਆਗੂ ਦਾ ਅਮਰੀਕੀ ਸੰਸਦ ਨੇ ਇਕਜੁੱਟ ਹੋ ਕੇ ਸਵਾਗਤ ਕੀਤਾ ਹੈ। ਉਹ ਇਸ ਦਿਨ ਨੂੰ ਲੰਮੇ ਸਮੇਂ ਤੋਂ ਉਡੀਕ ਰਹੇ ਸਨ। ਇਸ ਮੌਕੇ ਸੂ ਚੀ ਨੇ ਚੋਣਵੇਂ ਅਮਰੀਕੀ ਸੰਸਦ ਮੈਂਬਰਾਂ ਨੂੰ ਵੀ ਸੰਬੋਧਨ ਕੀਤਾ। ਅਮਰੀਕਾ ਦੀ ਸਾਬਕਾ ਪ੍ਰਥਮ ਮਹਿਲਾ ਲੌਰਾ ਬੁਸ਼ ਤੇ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਵੀ ਹਾਜ਼ਰ ਸਨ।

### ਮਿਆਂਮਾਰ ਵਿਰੁੱਧ ਲਾਈਆਂ ਪਾਬੰਦੀਆਂ ਹਟਾਈਆਂ



ਅਮਰੀਕੀ ਕਾਂਗਰਸ ਵੱਲੋਂ ਸੋਨ ਤਗਮੇ ਨਾਲ ਸਨਮਾਨ ਪਿੱਛੋਂ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਹਮੇਸ਼ਾ ਹੀ ਇਹ ਰਾਏ ਰਹੀ ਹੈ ਕਿ ਜਮਹੂਰੀਅਤ ਹਮੇਸ਼ਾ ਹੀ ਸਾਰਿਆਂ ਨੂੰ ਆਜ਼ਾਦੀ ਤੇ ਸੁਰੱਖਿਆ ਵਿਚ ਸਭ ਤੋਂ ਢੁਕਵਾਂ ਸੰਤੁਲਨ ਮੁਹੱਈਆ ਕਰਵਾਉਂਦੀ ਹੈ। ਸੰਪੂਰਨ ਮਨੁੱਖ ਹੋਣ ਦੇ ਨਾਤੇ ਸੁਰੱਖਿਆ ਤੇ ਆਜ਼ਾਦੀ ਦੋਵਾਂ ਦੀ ਹੀ ਲੋੜ ਹੈ। ਇਸ ਮੌਕੇ ਬੀਬੀ ਕਲਿੰਟਨ ਨੇ ਵੀ ਸੂ ਚੀ ਦੀ ਪ੍ਰਸੰਸਾ ਕੀਤੀ ਕਿ ਉਹ ਆਪਣੇ ਦੇਸ਼ ਵਿਚ ਜਮਹੂਰੀਅਤ ਲਈ ਲੰਬੇ ਸਮੇਂ ਤੱਕ ਦੇਸ਼ ਵਾਸੀਆਂ ਲਈ ਸੰਘਰਸ਼ਸ਼ੀਲ ਰਹੇ ਹਨ।

ਸੂ ਚੀ ਨੇ ਪਹਿਲੀ ਵਾਰ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਮੁਲਾਕਾਤ ਕੀਤੀ ਤੇ ਓਬਾਮਾ ਨੇ ਮਿਆਂਮਾਰ ਵਿਚ ਜਮਹੂਰੀਅਤ ਦੀ ਬਹਾਲੀ ਦੀਆਂ ਕੋਸ਼ਿਸ਼ਾਂ ਦੀ ਪ੍ਰਸੰਸਾ ਕੀਤੀ। ਇਸ ਮੌਕੇ ਓਬਾਮਾ ਨੇ ਸੂ ਚੀ ਮਿਆਂਮਾਰ ਵਿਚ ਜਮਹੂਰੀਅਤ ਨੂੰ ਪੱਕੇ ਪੈਰੀਂ ਕਰਨ, ਮਨੁੱਖੀ ਅਧਿਕਾਰਾਂ ਦੀ ਬਹਾਲੀ, ਆਰਥਿਕ ਤੇ ਰਾਜਸੀ ਸੁਧਾਰਾਂ ਪ੍ਰਤੀ ਅਮਰੀਕੀ ਪ੍ਰਤੀਬੱਧਤਾ ਦਾ ਭਰੋਸਾ ਪ੍ਰਗਟਾਇਆ।

## ਗਾਂਧੀ ਤੇ ਨਹਿਰੂ ਦੀ ਵਿਚਾਰਧਾਰਾ ਰੋਮ ਰੋਮ 'ਚ ਵਸੀ:ਸੂ ਚੀ

ਨਿਊ ਯਾਰਕ: ਮਿਆਂਮਾਰ ਦੀ ਜਮਹੂਰੀਅਤ ਪਸੰਦ ਨੇਤਾ ਆਂਗ ਸਾਨ ਸੂ ਚੀ ਨੇ ਖੁਲਾਸਾ ਕੀਤਾ ਹੈ ਕਿ ਮਹਾਤਮਾ ਗਾਂਧੀ ਤੇ ਪੰਡਤ ਜਵਾਹਰ ਲਾਲ ਨਹਿਰੂ ਦੀ ਵਿਚਾਰਧਾਰਾ ਉਨ੍ਹਾਂ ਦੇ ਰੋਮ ਰੋਮ ਵਿਚ ਵਸੀ ਹੋਈ ਹੈ। ਉਨ੍ਹਾਂ ਅਮਰੀਕੀ ਵਿਦਿਆਰਥੀਆਂ ਨੂੰ ਮਹਾਤਮਾ ਗਾਂਧੀ ਵੱਲੋਂ ਕੀਤੇ ਗਏ ਕੰਮਾਂ ਨੂੰ ਪੜ੍ਹਨ ਲਈ ਪ੍ਰੇਰਿਤ ਕੀਤਾ। ਬੀਤੇ ਦਿਨ ਕੋਲੰਬੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਖਚਾਖਚ ਭਰੇ ਹਾਲ ਵਿਚ ਸੂ ਚੀ ਨੇ ਕਿਹਾ ਕਿ "ਮਹਾਤਮਾ ਗਾਂਧੀ, ਮਾਰਟਿਨ ਲੂਥਰ ਕਿੰਗ, ਜਵਾਹਰ ਲਾਲ ਨਹਿਰੂ ਤੇ ਉਸ ਦੇ ਪਿਤਾ ਉਨ੍ਹਾਂ ਸ਼ਖਸੀਅਤਾਂ ਵਿਚੋਂ ਹਨ ਜਿਨ੍ਹਾਂ ਦੇ ਵਿਚਾਰਾਂ ਤੋਂ ਉਹ ਪ੍ਰਭਾਵਿਤ ਹੋਈ ਹੈ। ਇਹ ਸਾਰੇ ਸਿਧਾਂਤਾਂ ਦੇ ਪੱਕੇ ਸਨ ਤੇ ਜਦੋਂ ਦੇਸ਼ ਦੇ ਫੌਜੀ ਹਾਕਮਾਂ ਨੇ ਉਸ ਨੂੰ ਨਜ਼ਰਬੰਦ ਰੱਖਿਆ ਉਸ ਸਮੇਂ ਇਨ੍ਹਾਂ ਸ਼ਖਸੀਅਤਾਂ ਦੇ ਵਿਚਾਰਾਂ ਨੇ ਉਸ ਦੇ ਅੰਦਰ ਤਾਕਤ ਭਰੀ ਤੇ ਉਸ ਨੂੰ ਆਪਣੇ ਟੀਚੇ 'ਤੇ ਅਟੱਲ ਰਹਿਣ ਲਈ ਪ੍ਰੇਰਿਤ ਕੀਤਾ।

ਉਸ ਦੀ ਵਿਚਾਰਧਾਰਾ ਤੇ ਜੀਵਨਸ਼ੈਲੀ ਉਪਰ ਸਭ ਤੋਂ ਵੱਧ ਅਸਰ ਮਹਾਤਮਾ ਗਾਂਧੀ ਦਾ ਹੈ। ਇਸ ਲਈ ਉਹ ਸਾਰੇ ਅਮਰੀਕੀ ਵਿਦਿਆਰਥੀਆਂ ਨੂੰ ਸਲਾਹ ਦਿੰਦੀ ਹੈ ਕਿ ਉਹ ਇਨ੍ਹਾਂ ਮਹਾਨ ਸ਼ਖਸੀਅਤਾਂ ਵੱਲੋਂ ਕੀਤੇ ਕੰਮਾਂ ਨੂੰ ਜ਼ਰੂਰ ਪੜ੍ਹਨ। ਮਹਾਤਮਾ ਗਾਂਧੀ ਹੀ ਅਜਿਹੀ ਪਹਿਲੀ ਹਸਤੀ ਸਨ ਜਿਨ੍ਹਾਂ ਨੇ ਬਗ਼ੈਰ ਹਿੰਸਾ ਤੋਂ ਕ੍ਰਾਂਤੀ ਪੈਦਾ ਕੀਤੀ।" 67 ਸਾਲ ਇਹ ਆਗੂ ਭਾਰਤ ਵਿਚ ਪੜ੍ਹੀ-ਲਿਖੀ ਹੈ ਤੇ ਆਪਣੇ-ਆਪ ਨੂੰ ਪੰਡਤ ਜਵਾਹਰ ਲਾਲ ਨਹਿਰੂ ਦੇ ਜ਼ਿਆਦਾ ਨੇੜੇ ਮਹਿਸੂਸ ਕਰਦੀ ਹੈ ਕਿਉਂਕਿ ਦੋਵਾਂ ਦੀ ਪੜ੍ਹਾਈ ਤਕਰੀਬਨ ਇਕੋ ਜਿਹੀ ਹੋਈ। ਦੋਵੇਂ ਲੰਡਨ ਵਿਚ ਪੜ੍ਹੇ ਹਨ। ਉਨ੍ਹਾਂ ਕਿਹਾ ਕਿ ਪੰਡਤ ਨਹਿਰੂ ਉਨ੍ਹਾਂ ਦੇ ਪਿਤਾ ਦੇ ਚੰਗੇ ਮਿੱਤਰਾਂ ਵਿਚੋਂ ਇਕ ਸਨ। ਭਾਰਤ ਦਾ ਜੰਗੇ-ਆਜ਼ਾਦੀ ਅੰਦੋਲਨ ਵੀ ਤਕਰੀਬਨ ਉਸੇ ਸਮੇਂ ਦਾ ਹੈ ਜਦੋਂ ਬਰਮਾ ਵਿਚ ਆਜ਼ਾਦੀ ਦੀ ਲੜਾਈ ਚੱਲ ਰਹੀ ਸੀ। ਇਸ ਲਈ ਦੋਵੇਂ ਮੁਲਕਾਂ ਦੇ ਆਗੂਆਂ ਵਿਚਾਲੇ ਬੜੇ ਨੇੜਲੇ ਸਬੰਧ ਸਨ।


ਸੂ ਚੀ ਨੂੰ ਭਾਰਤ ਸਰਕਾਰ ਨੇ ਸਾਲ 1992 ਵਿਚ ਜਵਾਹਰ ਲਾਲ ਨਹਿਰੂ ਕੌਮਾਂਤਰੀ ਪੁਰਸਕਾਰ ਨਾਲ ਸਨਮਾਨਤ ਕੀਤਾ ਸੀ। ਇਸ ਆਗੂ ਨੇ ਦੱਸਿਆ ਕਿ ਆਪਣੀ 15 ਸਾਲਾਂ ਦੀ ਨਜ਼ਰਬੰਦੀ ਦੌਰਾਨ ਉਨ੍ਹਾਂ ਨੇ ਆਪਣੇ ਪਿਤਾ, ਮਹਾਤਮਾ ਗਾਂਧੀ ਤੇ ਲੂਥਰ ਕਿੰਗ ਦੇ ਲੇਖਾਂ ਤੇ ਭਾਸ਼ਨਾਂ ਨੂੰ ਪੜ੍ਹਿਆ।

# ਅਜੋਕੀ ਸਿੱਖ ਰਾਜਨੀਤੀ 'ਚ ਜਥੇਦਾਰ ਟੌਹੜਾ ਦੀ ਪ੍ਰਸੰਗਿਕਤਾ



***ਜਥੇਦਾਰ ਗੁਰਚਰਨ ਸਿੰਘ ਟੌਹੜਾ 20ਵੀਂ ਸਦੀ ਦੇ ਸਿੱਖ ਆਗੂਆਂ ਵਿਚੋਂ ਮੋਹਰੀ ਆਗੂ ਰਹੇ ਹਨ। ਉਨ੍ਹਾਂ ਨਾਲ ਕਿਸੇ ਨੂੰ ਮਤਭੇਦ ਹੋ ਸਕਦੇ ਹਨ, ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੋਈ ਚਾਰ ਦਹਾਕੇ ਉਹ ਸਿੱਧੇ ਜਾਂ ਅਸਿੱਧੇ ਤੌਰ 'ਤੇ ਪੰਜਾਬ ਦੀ ਸਿੱਖ ਸਿਆਸਤ ਉਤੇ ਪੂਰੀ ਤਰ੍ਹਾਂ ਅਸਰ ਅੰਦਾਜ਼ ਰਹੇ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਵਜੋਂ ਰਿਟਾਇਰ ਹੋਏ ਡਾ. ਬਲਕਾਰ ਸਿੰਘ ਉਨ੍ਹਾਂ ਦੇ ਬਹੁਤ ਕਰੀਬ ਰਹੇ ਹਨ ਅਤੇ ਜਥੇਦਾਰ ਟੌਹੜਾ ਬਾਰੇ ਇਕ ਪੁਸਤਕ ਵੀ ਲਿਖ ਚੁਕੇ ਹਨ। ਹਥਲਾ ਲੇਖ ਉਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਵਲੋਂ ਪਿੰਡ ਪੰਜੋਲੀ ਵਿਚ ਲੰਘੀ 22 ਸਤੰਬਰ ਨੂੰ ਕਰਵਾਏ ਗਏ ਸੈਮੀਨਾਰ ਵਿਚ ਪੜ੍ਹਿਆ ਗਿਆ ਸੀ। ਪਟਿਆਲਾ ਰਹਿੰਦੇ ਡਾ. ਬਲਕਾਰ ਸਿੰਘ ਅਗਲੇ ਦਿਨੀਂ ਸਟਾਕਟਨ ਵਿਚ ਹੋ ਰਹੇ ਸੈਮੀਨਾਰ ਵਿਚ ਸ਼ਾਮਲ ਹੋਣ ਲਈ ਪਹੁੰਚ ਰਹੇ ਹਨ। ਪਾਠਕਾਂ ਦੀ ਜਾਣਕਾਰੀ ਲਈ ਇਥੇ ਛਾਪ ਰਹੇ ਹਾਂ। -ਸੰਪਾਦਕ***

ਸਿੱਖ ਰਾਜਨੀਤੀ ਦੇ ਜਿੰਨੇ ਰੰਗ ਇਸ ਵੇਲੇ ਪ੍ਰਾਪਤ ਹਨ, ਪਹਿਲਾਂ ਕਦੇ ਵੀ ਨਹੀਂ ਸਨ। ਇਹ ਰਾਜਨੀਤਕ-ਵੰਨਸਵੰਨਤਾ ਨਹੀਂ ਹੈ ਕਿਉਂਕਿ ਇਹ ਪੰਥਕ ਇਜਾਰੇਦਾਰੀ ਵਲ ਸੇਧਤ ਸਿਆਸੀ ਧੜੇ ਹਨ। ਇਸ ਬਾਰੇ ਗੱਲ ਇਥੋਂ ਸ਼ੁਰੂ ਕੀਤੀ ਜਾ ਸਕਦੀ ਹੈ ਕਿ ਸਿੱਖ ਤਾਂ ਉਨ੍ਹਾਂ ਰਾਜਨੀਤਕ ਪਾਰਟੀਆਂ ਵਿਚ ਵੀ ਸ਼ਾਮਲ ਹਨ, ਜਿਨ੍ਹਾਂ ਦਾ ਸਿੱਖ ਰਾਜਨੀਤੀ ਨਾਲ ਕੋਈ ਸਬੰਧ ਨਹੀਂ ਹੈ ਜਾਂ ਸਬੰਧ ਨਹੀਂ ਹੋ ਸਕਦਾ? ਬੇਸ਼ੱਕ ਇਸ ਮਸਲੇ ਨੂੰ ਇਸ ਪਰਚੇ ਵਿਚ



**ਡਾ. ਬਲਕਾਰ ਸਿੰਘ**
**ਫੋਨ: 91-93163-01328**

ਨਹੀਂ ਵਿਚਾਰਿਆ ਜਾ ਰਿਹਾ; ਪਰ ਇਸ ਪ੍ਰਸ਼ਨ ਦੇ ਸਨਮੁੱਖ ਤਾਂ ਹੋਣਾ ਹੀ ਪੈਣਾ ਹੈ ਕਿ ਕੀ ਸਿੱਖ ਅਤੇ ਸਿੱਖ ਰਾਜਨੀਤੀ ਵਿਚ ਲਕੀਰ ਖਿੱਚੀ ਜਾ ਸਕਦੀ ਹੈ? ਇਸ ਨੁਕਤੇ ਨੂੰ ਵਿਚਾਰਨ ਲੱਗਿਆਂ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਕੀ ਸਿੱਖ ਰਾਜਨੀਤੀ ਸਿੱਖ ਧਰਮ ਦਾ ਮੂਲ-ਸਰੋਕਾਰ ਜਾਂ ਕੇਂਦਰੀ-ਸਰੋਕਾਰ ਹੋ ਸਕਦੀ ਹੈ? ਇਹ ਸਵਾਲ ਇਸ ਲਈ ਪੈਦਾ ਹੋਇਆ ਕਿ ਸਿੱਖ ਧਰਮ ਦਾ ਮੂਲ ਸਿੱਖ-ਅਧਿਆਤਮਿਕਤਾ ਹੈ ਅਤੇ ਸਿੱਖ-ਅਧਿਆਤਮਿਕਤਾ ਦੀ ਧੁਰੋਹਰ ਸ੍ਰੀ ਗੁਰੂ ਗ੍ਰੰਥ ਸਾਹਿਬ (ਗੁਰਬਾਣੀ) ਹੈ। ਗੁਰਬਾਣੀ ਨੇ ਹੀ ਇਸ ਸੱਚ ਦਾ ਇਤਿਹਾਸ ਵਿਚ ਪ੍ਰਗਟਾਵਾ ਪਹਿਲੀ ਵਾਰ ਕਰਦਿਆਂ ਸਥਾਪਤ ਕਰ ਦਿੱਤਾ ਸੀ ਕਿ ਭਰਪੂਰ ਜੀਵਨ ਜਿਊਂਦਿਆਂ, ਅਧਿਆਤਮਿਕਤਾ ਨਾਲ ਨਿਭਿਆ ਜਾ ਸਕਦਾ ਹੈ। ਰਾਜਨੀਤੀ, ਨਿਰਸੰਦੇਹ ਭਰਪੂਰ ਜੀਵਨ ਦਾ ਹਿੱਸਾ ਹੈ, ਪਰ ਸਿੱਖ-ਗੋਲਾਕਾਰ ਵਿਚ ਰੱਖ ਕੇ ਪਰਖੀਏ ਤਾਂ ਰਾਜਨੀਤੀ ਹਾਸ਼ੀਏ 'ਤੇ ਹੀ ਰਹਿੰਦੀ ਨਜ਼ਰ ਆ ਜਾਂਦੀ ਹੈ। ਜੇ ਹਾਸ਼ੀਆ ਸਰੋਕਾਰ, ਕੇਂਦਰੀ ਸਰੋਕਾਰਾਂ ਦੀ ਥਾਂ ਲੈਣਗੇ ਤਾਂ ਮੂਲ ਢਾਂਚਾ ਹਿੱਲ ਜਾਵੇਗਾ। ਇਹੀ ਸਮੱਸਿਆ ਹੈ, ਜਿਸ ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਹਵਾਲੇ ਨਾਲ ਸਮਝਣ/ਸਮਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿਉਂਕਿ ਸਿੱਖ ਰਾਜਨੀਤੀ ਦੇ ਵਰਤਮਾਨ ਵਿਚ ਇਹ ਵਾਪਰ ਗਿਆ ਹੈ।

ਜਥੇਦਾਰ ਟੌਹੜਾ ਦੇ ਆਖਰੀ ਤਿੰਨ ਮਹੀਨਿਆਂ ਦੀਆਂ ਮੁਲਾਕਾਤਾਂ ਇਸ ਲਈ ਅਹਿਮ ਸਨ ਕਿ ਉਹ ਵਲੇਟਵੀਂ-ਸਿਆਸਤ ਵਿਚ ਗੱਲ ਨਾ ਕਰਨਾ ਮੰਨ ਗਏ ਸਨ। ਜਿਸ ਦਿਨ ਉਹ ਰਾਜ-ਸਭਾ ਦੇ ਮੈਂਬਰ ਬਣੇ ਸਨ (ਇਸ ਵਾਸਤੇ ਉਹ ਸੌਂਹ ਨਹੀਂ ਚੁੱਕ ਸਕੇ ਸਨ), ਉਸ ਦਿਨ ਚੰਡੀਗੜ੍ਹ ਵਾਲੇ ਸ਼੍ਰੋਮਣੀ ਕਮੇਟੀ ਦੇ ਦਫਤਰ ਦੇ ਸੌਣ ਵਾਲੇ ਕਮਰੇ ਵਿਚ ਉਨ੍ਹਾਂ ਨੇ ਜਾਗਦਿਆਂ ਆਰਾਮ ਕਰਨਾ ਸੀ ਅਤੇ ਮੇਰੇ ਨਾਲ ਗੱਲਾਂ ਕਰਨੀਆਂ ਸਨ। ਮੈਂ ਚਿੱਟੇ ਕਾਗਜ਼ ਉਤੇ ਇੱਕ ਗੋਲ ਦਾਇਰਾ ਵਾਹਿਆ ਅਤੇ ਉਸ ਦੇ ਕੇਂਦਰ ਵਿਚ ਸਿੱਖੀ ਅਤੇ ਹਾਸ਼ੀਏ ਤੇ ਸਿਆਸਤ ਲਿਖ ਲਿਆ। ਇਹ ਧਾਰਨਾ ਇਸ ਗੁਰਵਾਕ ਦੇ ਸਹਾਰੇ ਨਾਲ ਬਣਾਈ ਗਈ ਸੀ:

ਆਸਾ ਮਹਲਾ ੫॥
ਹਰਿ ਬਿਸਰਤ ਸੋ ਮੂਆ॥ ਰਹਾਉ॥
ਨਾਮੁ ਧਿਆਵੈ ਸਰਬ ਫਲ ਪਾਵੈ
ਸੋ ਜਨੁ ਸੁਖੀਆ ਹੂਆ॥1॥
ਰਾਜੁ ਕਹਾਵੈ ਹਉ ਕਰਮ ਕਮਾਵੈ
ਬਾਧਿਓ ਨਲਿਨੀ ਭ੍ਰਮਿ ਸੂਆ॥2॥
ਕਹੁ ਨਾਨਕ ਜਿਸੁ ਸਤਿਗੁਰੁ ਭੇਟਿਆ
ਸੋ ਜਨੁ ਨਿਰਮਲੁ ਥੀਆ॥ ੩-407

ਇਸ ਵੇਲੇ ਇਸ ਵਿਚ ਸ੍ਰੀ ਰਾਗ ਦੇ ਪਹਿਲੇ ਸ਼ਬਦ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ, ਜਿਸ ਦੀ ਟੇਕ ਇਹ ਹੈ:

ਮਤੁ ਦੇਖਿ ਭੁਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ॥1॥
ਹਰਿ ਬਿਨੁ ਜੀਉ
ਜਲਿ ਬਲਿ ਜਾਉ॥
ਮੈ ਆਪਣਾ ਗੁਰੁ ਪੂਛਿ ਦੇਖਿਆ
ਅਵਰੁ ਨਾਹੀ ਥਾਉ॥ ਰਹਾਉ॥-14

ਟੌਹੜਾ ਸਾਹਿਬ ਨੂੰ ਵਿਖਾਉਣ ਵਾਸਤੇ ਖਿੱਚੇ ਗਏ ਗੋਲ ਦਾਇਰੇ ਦੇ ਬਾਹਰ ਤਿੰਨ ਲਫਜ਼ ਲਿਖੇ ਗਏ ਸਨ-ਸ੍ਰੀ ਗੁਰੂ ਗ੍ਰੰਥ ਸਾਹਿਬ, ਅਕਾਲ ਤਖਤ ਸਾਹਿਬ ਅਤੇ ਗੁਰਦੁਆਰਾ ਸਾਹਿਬ। ਉਨ੍ਹਾਂ ਨੂੰ ਵਿਖਾ ਕੇ ਕਿਹਾ ਕਿ ਇਨ੍ਹਾਂ ਪੰਜ ਲਫਜ਼ਾਂ ਨਾਲ ਜੁੜੀਆਂ ਹੋਈਆਂ ਗੱਲਾਂ ਹੀ ਕਰਾਂਗੇ। ਕੋਈ ਵੀ ਗੱਲ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਟਿਪਣੀ ਸੀ ਕਿ ਗੱਲਾਂ ਕਰ ਪ੍ਰੋਫੈਸਰਾ! ਜਵਾਬ ਵੀ ਦੇ ਦਿਆਂਗਾ ਪਰ ਕਰ ਕੁਝ ਨਹੀਂ ਸਕਾਂਗਾ? ਇਹ ਟੌਹੜਾ ਸਾਹਿਬ ਹੀ ਕਹਿ ਸਕਦੇ ਸਨ ਅਤੇ ਉਨ੍ਹਾਂ ਦੀ ਇਹ ਪਾਰਦਰਸ਼ੀ-ਮਜਬੂਰੀ ਹੀ ਉਨ੍ਹਾਂ ਦੀ ਵਿਲਖਣਤਾ ਸੀ ਅਤੇ ਇਸੇ ਦੀ ਪ੍ਰਸੰਗਕਤਾ ਦੀ ਗੱਲ ਹੀ ਕਰਨ ਦੀ ਕੋਸ਼ਿਸ਼ ਇਸ ਪਰਚੇ ਵਿਚ ਕਰ ਰਿਹਾ ਹਾਂ। ਮੇਰਾ ਤਜਰਬਾ ਇਹ ਹੈ ਕਿ ਜਦੋਂ ਕੋਈ ਵੀ ਸਿਆਸਤਦਾਨ ਬਿਨਾਂ ਹੀਲ-ਹੁੱਜਤ ਕਹਿਣ ਵਾਲੇ ਦੀ ਗੱਲ ਮੰਨ ਜਾਵੇ ਤਾਂ ਸਥਿਤੀ ਅਕਸਰ ਇਹ ਹੁੰਦੀ ਹੈ: ਖਹਿੜਾ ਛੁਡਾਉਣ ਦੀ ਕੋਸ਼ਿਸ਼, ਜੇ ਉਸ ਦਾ ਨੁਕਸਾਨ ਸਿਆਸਤਦਾਨ ਨੂੰ ਨਾ ਹੁੰਦਾ ਹੋਵੇ। ਸਮਝਣ ਦੀ ਲੋੜ ਹੀ ਮਹਿਸੂਸ ਨਹੀਂ ਕੀਤੀ ਜਾਂਦੀ, ਜੇ ਗੱਲ ਕਰਨ ਵਾਲਾ ਭਰੋਸੇਯੋਗ ਹੋਵੇ।

ਅੱਜ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਜਥੇਦਾਰ ਟੌਹੜਾ 'ਤੇ ਇਹ ਦੋਵੇਂ ਗੱਲਾਂ ਉਸ ਦਿਨ ਹੋ ਰਹੀ ਗੱਲਬਾਤ ਉਤੇ ਲਾਗੂ ਨਹੀਂ ਹੁੰਦੀਆਂ ਸਨ। ਉਹ ਸਹਿਮਤ ਹੋ ਗਏ ਸਨ ਕਿ ਸਿੱਖ-ਸਿਆਸਤ ਨੂੰ ਹਾਸ਼ੀਏ 'ਤੇ ਰਹਿਣਾ ਚਾਹੀਦਾ ਹੈ ਅਤੇ ਸਿੱਖ-ਧਰਮ ਨੂੰ ਕੇਂਦਰ ਵਿਚ ਰਹਿਣਾ ਚਾਹੀਦਾ ਹੈ। ਉਹ ਇਹ ਵੀ ਮੰਨ ਗਏ ਸਨ ਕਿ ਸਿੱਖ-ਧਰਮ ਦੀ ਪ੍ਰਵਾਨਤ ਧੁਰੋਹਰ ਇਹ ਤਿੰਨ ਸੰਸਥਾਵਾਂ-ਸ੍ਰੀ ਗੁਰੂ ਗ੍ਰੰਥ ਸਾਹਿਬ, ਅਕਾਲ ਤਖਤ ਸਾਹਿਬ ਅਤੇ ਗੁਰਦੁਆਰਾ ਸਾਹਿਬ ਨੂੰ ਸਿਆਸਤ ਤੋਂ ਬਚਾਏ ਬਿਨਾਂ ਧਰਮ ਨੂੰ ਸਿੱਖ-ਸਿਆਸਤਦਾਨਾਂ ਨੂੰ ਹਾਸ਼ੀਏ ਤੇ ਧੱਕੇ ਜਾਣ ਦੀ ਸਿਆਸਤ ਕਰਨ ਤੋਂ ਨਹੀਂ ਰੋਕਿਆ ਜਾ ਸਕਦਾ? ਇਨ੍ਹਾਂ ਸਵਾਲਾਂ ਨਾਲ ਨਜਿੱਠਣ ਦਾ ਉਨ੍ਹਾਂ ਨੂੰ ਸਮਾਂ ਵੀ ਨਹੀਂ ਮਿਲਿਆ ਸੀ ਅਤੇ ਉਹ ਇਨ੍ਹਾਂ ਸਵਾਲਾਂ ਨਾਲ ਨਜਿੱਠਣ ਵਾਸਤੇ ਆਪਣੇ ਆਪ ਨੂੰ ਸੁਤੰਤਰ ਵੀ ਨਹੀਂ ਸਮਝਦੇ ਸਨ। ਉਨ੍ਹਾਂ ਦੀ ਇਹੀ ਮਜਬੂਰੀ ਅਜੋਕੀ ਸਿੱਖ ਰਾਜਨੀਤੀ ਦਾ ਪ੍ਰਸੰਗ ਸਥਾਪਨ ਕਰਨ ਵਾਸਤੇ ਸਹਾਇਕ ਵੀ ਹੋ ਸਕਦੀ ਹੈ ਅਤੇ ਵੰਗਾਰ ਵੀ ਸਮਝੀ ਜਾ ਸਕਦੀ ਹੈ।

ਸਿੱਖ-ਸਿਆਸਤ ਦੀਆਂ ਸਾਰੀਆਂ ਦੁਸ਼ਵਾਰੀਆਂ ਗੁਰਦੁਆਰਾ ਐਕਟ 1925 ਬਣਨ ਤੋਂ ਪਿੱਛੋਂ ਸ਼ੁਰੂ ਹੋਈਆਂ ਹਨ ਕਿਉਂਕਿ ਅਜੋਕੀ ਸਿੱਖ ਰਾਜਨੀਤੀ, ਜਿਸ ਦਾ ਇਥੇ ਜ਼ਿਕਰ ਚੱਲ ਰਿਹਾ ਹੈ, ਦਾ ਆਰੰਭ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਤੀ ਨਾਲ ਹੀ ਹੁੰਦਾ ਹੈ। ਸਿੱਖ-ਸਿਆਸਤ ਦੇ ਆਗਾਜ਼ ਅਤੇ ਇਸ ਦੇ ਸਮਕਾਲੀ ਅੰਜਾਮ ਵਿਚਕਾਰ ਰਿਸ਼ਤੇ, ਪ੍ਰਾਪਤ ਸਿਆਸੀ-ਯਥਾਰਥ ਦੋ ਸਿਰਿਆਂ ਵਰਗੇ ਹੋ ਗਏ ਹਨ। ਰਿਸ਼ਤਿਆਂ ਦੀ ਇਹ ਸਿਆਸੀ-ਸਮਾਨੰਤਰਤਾ, ਨਤੀਜਿਆਂ ਦੀ ਪਰਵਾਹ ਕੀਤੇ ਬਿਨਾਂ, ਸਿਆਸੀ-ਪ੍ਰਾਪਤੀਆਂ ਦੇ ਰਾਹ ਪੈ ਜਾਂਦੀ ਰਹੀ ਹੈ। ਅਕਾਲੀ ਦਲ ਦੀ ਸਥਾਪਤੀ ਨਾਲ ਹੀ ਦੋ-ਧਾਰਾਵੀ ਸਿੱਖ-ਸਿਆਸਤ ਸ਼ੁਰੂ ਹੋ ਗਈ ਸੀ। ਇਕ ਧਿਰ ਇਹ ਸੀ ਕਿ ਧਰਮ ਦੀ ਕੀਮਤ 'ਤੇ ਕਿਸੇ ਕਿਸਮ ਦੀ ਸਿਆਸੀ ਪ੍ਰਾਪਤੀ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਇਸ ਧਾਰਾ ਦੇ ਪ੍ਰਤੀਨਿਧ ਮਾਸਟਰ ਤਾਰਾ ਸਿੰਘ ਸਨ ਅਤੇ ਇਸ ਧਾਰਾ ਨਾਲ ਜਥੇਦਾਰ ਟੌਹੜਾ ਕੇਸਾਂ ਸੁਆਸਾਂ ਸੰਗ ਨਿਭਦੇ ਰਹੇ ਸਨ। ਦੂਜੀ ਧਿਰ ਸੀ ਕਿ ਸਿੱਖ-ਭਾਈਚਾਰੇ ਦੀ ਭਲਾਈ ਇਸ ਵਿਚ ਹੈ ਕਿ ਜਿਵੇਂ ਵੀ ਮਿਲੇ ਸਿਆਸੀ-ਸ਼ਕਤੀ ਹਾਸਲ ਕੀਤੀ ਜਾਵੇ ਅਤੇ ਇਸ ਸ਼ਕਤੀ ਨੂੰ ਸਿੱਖ ਭਾਈਚਾਰੇ ਦੀ ਬਿਹਤਰੀ ਵਾਸਤੇ ਵਰਤਿਆ ਜਾਵੇ। ਅਜਿਹਾ ਕਰਦਿਆਂ ਸਿਆਸਤ ਨੂੰ ਧਰਮ ਦੇ ਬੰਧਨ ਤੋਂ ਮੁਕਤ ਰਖਣ ਦੀ ਲੋੜ ਪਵੇ ਤਾਂ ਰਖਣਾ ਚਾਹੀਦਾ ਹੈ। ਇਸ ਦੇ ਪ੍ਰਤੀਨਿਧ ਗਿਆਨੀ ਕਰਤਾਰ ਸਿੰਘ ਸਨ ਅਤੇ ਇਸ ਦੇ ਵਰਤਮਾਨ ਸਿਆਸੀ-ਵਾਰਸ ਸ. ਪ੍ਰਕਾਸ਼ ਸਿੰਘ ਬਾਦਲ ਹਨ। ਇਸੇ ਦੀਆਂ ਹੋਰ ਸਿਆਸੀ-ਸਿੱਖ-ਪਰਤਾਂ ਵੀ ਪ੍ਰਾਪਤ ਹਨ ਅਤੇ ਇਹ ਸੰਗਠਤ ਨਾ ਹੋਣ ਕਰਕੇ ਤੀਜੀ ਧਾਰਾ ਵਜੋਂ ਸਾਹਮਣੇ ਨਹੀਂ ਆ ਸਕੀਆਂ। ਇਹ ਧਿਰ, ਸਿੱਖ ਸਿਆਸਤ ਦੀ ਮੰਜ਼ਲ ਸਿੱਖ ਰਾਜ ਨੂੰ ਮੰਨਦੀ ਹੈ।

ਜਥੇਦਾਰ ਟੌਹੜਾ ਇਸ ਧਿਰ ਨੂੰ ਵੀ "ਆਪਣੇ ਹੀ" ਆਖਦੇ ਹੁੰਦੇ ਸਨ ਅਤੇ ਇਨ੍ਹਾਂ ਦੀਆਂ ਵਧੀਕੀਆਂ ਨੂੰ ਵੀ "ਵਿਗੜੇ ਹੋਏ ਬੱਚਿਆਂ" ਦੀਆਂ ਵਧੀਕੀਆਂ ਵਾਂਗ ਝੇਲਣ ਲਈ ਤਿਆਰ ਰਹਿੰਦੇ ਸਨ। ਇਸ ਦੇ ਵਿਸਥਾਰ ਵਿਚ ਜਾਏ ਬਿਨਾਂ ਇਸ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਤਿੰਨਾਂ ਧਿਰਾਂ ਨਾਲ ਨਿਭਣ ਦੀ ਕੋਸ਼ਿਸ਼ ਵਿਚ ਜਥੇਦਾਰ ਟੌਹੜਾ ਲਗਾਤਾਰ ਖੁਰਦੇ ਰਹੇ। ਉਨ੍ਹਾਂ ਦੇ ਜਾਣ ਨਾਲ ਉਹ ਪੰਥਕ ਮੋਢਾ ਹੀ ਨਹੀਂ ਰਿਹਾ, ਜਿਸ ਤੇ ਸਿਰ ਰੱਖ ਕੇ ਪੰਥਕ ਹੰਝੂ ਕੇਰੇ ਜਾ ਸਕਦੇ ਸਨ?



*ਗੁਰਚਰਨ ਸਿੰਘ ਟੌਹੜਾ*

ਇਹੋ ਜਿਹਾ ਲਿਖਤੀ ਮਸੌਦਾ ਮਿਲ ਜਾਂਦਾ ਹੈ, ਜਿਸ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਜ. ਟੌਹੜਾ ਇਕੱਲੇ ਹੀ ਅਜਿਹੇ ਅਕਾਲੀ ਸਨ, ਜਿਹੜੇ ਰਾਏ ਦੇ ਵਿਰੋਧ ਨੂੰ ਦੁਸ਼ਮਣੀ ਨਹੀਂ ਸਮਝਦੇ ਸਨ। ਇਸੇ ਲਈ ਉਹ ਬਹੁਤੀ ਵਾਰ ਆਪਣੇ ਵਿਰੁਧ ਬਾਹਾਂ ਚੜ੍ਹਾਉਣ ਵਾਲਿਆਂ ਅਤੇ ਉਲਾਰ ਵਿਰੋਧੀਆਂ ਨੂੰ ਵੀ ਕੋਈ ਜਵਾਬ ਹੀ ਨਹੀਂ ਦੇਂਦੇ ਸਨ। (ਵਿਸਥਾਰ ਲਈ ਮੇਰੀ ਪੁਸਤਕ "ਪੰਜਾਬ ਦਾ ਬਾਬਾ ਬੋਹੜ" ਵੇਖੀ ਜਾ ਸਕਦੀ ਹੈ)। ਇਸ ਵਰਤਾਰੇ ਨਾਲ ਨਿਭਣ ਵਾਸਤੇ ਸੰਤੁਲਤ-ਦਲੇਰੀ ਦੀ ਲੋੜ ਹੁੰਦੀ ਹੈ ਅਤੇ ਇਹ ਉਨ੍ਹਾਂ ਵਿਚ ਬਖਸ਼ਿਸ਼ ਵਾਂਗ ਪ੍ਰਾਪਤ ਸੀ। ਸਿਆਸਤ ਉਨ੍ਹਾਂ ਵਾਸਤੇ ਸਾਧਨ-ਮਾਤਰ ਸੀ ਅਤੇ ਸਿਆਸਤ ਨੂੰ ਉਹ ਮੰਜ਼ਲ ਨਹੀਂ ਸਮਝਦੇ ਸਨ। ਇਸੇ ਕਰਕੇ ਉਹ ਅਕਾਲੀ-ਲੀਡਰਸ਼ਿਪ ਵਿਚਕਾਰ ਘਟ ਪੜ੍ਹੇ ਹੋਣ ਦੇ ਬਾਵਜੂਦ, ਸੋਝੀਵਾਨ ਆਗੂ ਵਾਂਗ ਸਤਿਕਾਰੇ ਜਾਂਦੇ ਰਹੇ ਸਨ। ਪੜ੍ਹੇ ਹੋਏ ਅਤੇ ਗੁੜ੍ਹੇ ਹੋਏ ਵਿਚਕਾਰ ਫਰਕ ਨੂੰ ਉਨ੍ਹਾਂ ਦੇ ਹਵਾਲੇ ਨਾਲ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ। ਆਪਣੀ ਪਬਲਿਕ-ਸਾਖ ਕਰਕੇ ਉਹ ਪੰਥਕ-ਰੋਲ-ਮਾਡਲ ਹੋ ਗਏ ਸਨ। ਉਨ੍ਹਾਂ ਦੇ ਇਸ ਆਗੂ-ਬਿੰਬ ਦੀ ਵਰਤਮਾਨ ਪ੍ਰਸੰਗਕਤਾ ਉਸਾਰੇ ਜਾਣ ਨਾਲ ਅਜੋਕੀ ਸਿੱਖ ਰਾਜਨੀਤੀ ਨੂੰ ਪੰਥਕ-ਰੰਗ ਵਿਚ ਰੰਗਿਆ ਜਾ ਸਕਦਾ ਹੈ। ਅਜਿਹਾ ਤਦ ਹੀ ਸੰਭਵ ਹੈ, ਜੇ ਸਿੱਖ-ਭਾਈਚਾਰੇ ਅੰਦਰ ਰਾਜਨੀਤੀ ਕਾਰਨ ਪੈਦਾ ਹੋ ਰਹੇ ਤਣਾਵਾਂ ਦਾ ਸਹਿਜ ਸਥਾਪਨ ਕੀਤਾ ਜਾ ਸਕੇ? ਮਿਸਾਲ ਦੇ ਤੌਰ ਤੇ, ਦੇਸ਼ ਦੇ ਕਾਨੂੰਨ ਕਰਕੇ ਸਿੱਖ ਸਿਆਸਤਦਾਨਾਂ ਵੱਲੋਂ ਪੰਥਕ-ਸਿਆਸਤ ਨਹੀਂ ਕੀਤੀ ਜਾ ਸਕਦੀ। ਦੂਜੇ ਪਾਸੇ ਭਾਰਤੀ ਵਿਧਾਨ ਵੱਲੋਂ ਪ੍ਰਵਾਨਤ ਗੁਰਦੁਆਰਾ ਐਕਟ 1925 ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ-ਨਿਪੇਖਤਾ ਦਾ ਕੋਈ ਬੰਧਨ ਨਹੀਂ ਹੈ। ਇਸੇ ਕਰਕੇ ਸਿੱਖ-ਸੰਸਥਾਵਾਂ ਨੂੰ ਧਰਮ-ਨਿਰਪੇਖਤਾ ਦੇ ਬੰਧਨ ਵਿਚ ਪਾ ਕੇ ਇਨ੍ਹਾਂ ਦੀ ਪੰਥਕ-ਛਵੀ ਨੂੰ ਨਹੀਂ ਧੁਆਂਖਿਆ ਜਾ ਸਕਦਾ।

ਇਹ ਸਿੱਖਾਂ ਦੀ ਕੌਮੀ-ਬਦਕਿਸਮਤੀ ਕਹਿਣੀ ਚਾਹੀਦੀ ਹੈ ਕਿ ਜਦੋਂ ਵੀ ਇਸ ਸੱਚਾਈ ਦੇ ਰੂਬਰੂ ਹੋਣਾ ਪੈਂਦਾ ਹੈ ਕਿ ਸਿੱਖ-ਸਿਆਸਤ ਦੇ ਪੈਰੋਂ ਸ਼੍ਰੋਮਣੀ ਕਮੇਟੀ ਨੂੰ ਆਪਣੀ ਪੰਥਕ-ਭੂਮਿਕਾ ਨਿਭਾਉਣ ਵਿਚ ਮੁਸ਼ਕਲਾਂ ਆ ਰਹੀਆਂ ਹਨ, ਤਾਂ ਫੈਸਲੇ ਧਾਰਮਿਕ-ਸਪਿਰਟ ਮੁਤਾਬਿਕ ਨਹੀਂ, ਸਿਆਸੀ-ਲੋੜਾਂ ਮੁਤਾਬਿਕ ਲਏ ਜਾਂਦੇ ਰਹੇ ਹਨ। ਇਸ ਹਾਲਤ ਵਿਚ ਸਿੱਖ-ਭਾਈਚਾਰੇ ਦੀ ਸਿਆਸੀ-ਸੰਸਥਾ ਅਤੇ ਧਾਰਮਿਕ-ਸੰਸਥਾ ਇਕ ਦੂਜੇ ਵਾਸਤੇ ਸਹਾਇਕ-ਭੂਮਿਕਾ ਨਿਭਾਉਣ ਦੀ ਥਾਂ ਇਕ ਦੂਜੇ ਨੂੰ ਫੇਲ੍ਹ ਕਰਨ ਵਾਲੇ ਰਾਹ ਪੈਂਦੀਆਂ ਰਹੀਆਂ ਹਨ। ਦੋਵੇਂ ਸੰਸਥਾਵਾਂ, ਸੁਤੰਤਰ ਚਿਤਵੀਆਂ ਗਈਆਂ ਸਨ। ਜੇ ਅਜਿਹਾ ਨਾ ਹੁੰਦਾ ਤਾਂ ਕਿਸੇ ਇਕ ਨਾਲ ਵੀ ਕੰਮ ਚਲਾਇਆ ਜਾ ਸਕਦਾ ਸੀ। ਇਸ ਪਾਸੇ ਜੇ ਜਥੇਦਾਰ ਟੌਹੜਾ ਵਰਗਾ ਕੱਦਾਵਾਰ ਲੀਡਰ ਨਹੀਂ ਤੁਰ ਸਕਿਆ ਤਾਂ ਇਸ ਪਾਸੇ ਤੁਰਨਾ ਬਿਲਕੁਲ ਸੌਖਾ ਨਹੀਂ ਹੈ। ਪਰ ਸਿੱਖ-ਸਿਮਰਤੀ ਵਿਚ ਇਸ ਦੇ ਬੀਜ ਪਏ ਹਨ ਕਿ ਸਿੱਖ-ਸਪਿਰਟ ਨੂੰ ਕਿਸੇ ਕਿਸਮ ਦੀ ਇਜਾਰੇਦਾਰੀ ਦਾ ਕੋਈ ਬੰਧਨ ਨਹੀਂ ਹੈ। ਜਦੋਂ ਵੀ ਇਸ ਪੰਥਕ-ਭਾਵਨਾ ਨੂੰ ਯੋਗ ਮਾਹੌਲ ਮਿਲਿਆ, ਇਸ ਨੇ ਪੁੰਗਰਨਾ ਹੀ ਪੁੰਗਰਨਾ ਹੈ।

ਅਜੋਕੀ ਸਿੱਖ ਰਾਜਨੀਤੀ ਆਪਣੇ ਵਿਰਾਸਤੀ-ਜਲੌਅ ਨਾਲੋਂ ਵਿਛੜ ਕੇ ਵੋਟ-ਬੈਂਕ ਦੀ ਰਾਜਨੀਤੀ ਤੱਕ ਸੁੰਗੜ ਗਈ ਹੈ। ਇੱਥੋਂ ਤੱਕ ਪਹੁੰਚਾਣ ਦੀ ਜੁੰਮੇਵਾਰੀ ਤੋਂ ਕੋਈ ਸਿੱਖ ਵੀ ਨਹੀਂ ਭੱਜ ਸਕਦਾ? ਇਸ ਵਿਚ ਵਾਧਾ ਇਸ ਪ੍ਰਸ਼ਨ ਦਾ ਹੋ ਗਿਆ ਹੈ ਕਿ ਹਰੇਕ ਸਿੱਖ ਦੀ ਉਂਗਲੀ ਦੂਜੇ ਸਿੱਖ ਵੱਲ ਹੀ ਉਠਦੀ ਹੈ? ਅਕਾਦਮੀਸ਼ਨ ਹੋਣ ਦੇ ਨਾਤੇ ਜੇ ਉਦਾਹਰਣ ਅਕਾਦਮਿਕਤਾ ਵਿਚੋਂ ਦੇਣੀ ਹੋਵੇ ਤਾਂ ਇਹ ਦਿੱਤੀ ਜਾ ਸਕਦੀ ਹੈ ਕਿ ਸਿਰਦਾਰ ਕਪੂਰ ਸਿੰਘ ਇੱਕ ਸਿੱਖ ਵਰਗ ਨਾਲ ਨਰਾਜ਼ਗੀ ਨੂੰ "ਸਟੂਪਿਡ ਸਿੱਖ" ਕਹਿ ਕੇ ਪ੍ਰਗਟ ਕਰਦੇ ਹੁੰਦੇ ਸਨ। ਇਸੇ ਭਾਵਨਾ ਨੂੰ ਡਾ. ਜਸਬੀਰ ਸਿੰਘ ਆਹਲੂਵਾਲੀਆਂ ਨੇ "ਸਿੱਖੀ ਨੂੰ ਸਿੱਖਾਂ ਤੋਂ ਬਚਾਉ" ਰਾਹੀਂ ਪ੍ਰਗਟ ਕੀਤਾ ਹੋਇਆ ਹੈ। ਸਿੱਖ ਅਕਾਦਮਿਕਤਾ ਦੇ ਉਸਾਰੂ ਪੱਖ ਵੀ ਹਨ ਜਿਵੇਂ ਕਿ ਡਾ. ਜਸਪਾਲ ਸਿੰਘ "ਰਾਜ ਦੇ ਸਿੱਖ ਸੰਕਲਪ" ਨੂੰ ਅਕਾਦਮਿਕ ਮਾਨਤਾ ਦੁਆ ਚੁੱਕੇ ਹਨ। ਇਸ ਸਾਰੇ ਕੁਝ ਬਾਰੇ ਸਿਆਸੀ-ਲੀਡਰਸ਼ਿਪ ਵਲੋਂ ਹੁੰਗਾਰਾ ਵੀ ਜਥੇਦਾਰ ਟੌਹੜਾ ਦੇ ਨਾਲ ਹੀ ਅਗਨ ਭੇਟ ਹੋ ਗਿਆ ਜਾਪਦਾ ਹੈ। ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਇਸ ਹੁੰਗਾਰੇ ਬਾਰੇ ਗੱਲ ਕਰਨ ਦਾ ਅਵਸਰ ਪੈਦਾ ਕਰਕੇ, ਸ਼ਲਾਘਾਯੋਗ ਕਦਮ ਚੁੱਕਿਆ ਹੈ। ਇਸ ਸ਼ੁਰੂਆਤ ਨੂੰ ਅੱਗੇ ਤੁਰਦਾ ਰਖਣ ਲਈ ਯਤਨ ਹੁੰਦੇ ਰਹਿਣੇ ਚਾਹੀਦੇ ਹਨ।

ਮੈਂ ਆਪਣੀ ਗੱਲ ਨੂੰ ਅਜੋਕੀ ਸਿੱਖ ਰਾਜਨੀਤੀ ਉਤੇ ਟਿਪਣੀ ਨਾਲ ਸਮੇਟਣਾ ਚਾਹੁੰਦਾ ਹਾਂ। 19ਵੀਂ ਸਦੀ ਦਾ ਅਖੀਰ ਅਤੇ 20ਵੀਂ ਸਦੀ ਦਾ ਆਰੰਭ ਵੱਖ ਵੱਖ ਧਰਮਾਂ ਦੀ ਵੱਖਰੀ-ਪਛਾਣ ਸਥਾਪਤ ਕਰਨ ਦੇ ਸੰਘਰਸ਼ ਦਾ ਸਮਾਂ ਕਿਹਾ ਜਾ ਸਕਦਾ ਹੈ। ਦੇਸ਼ ਦੀ ਆਜ਼ਾਦੀ ਦੀ ਲੜਾਈ ਵੀ ਨਾਲ ਨਾਲ ਲੜੀ ਜਾ ਰਹੀ ਸੀ। ਇਸ ਵਿਚ 1930, 1942 ਅਤੇ 1947 ਨੂੰ ਸਿੱਖ ਰਾਜਨੀਤੀ ਵਾਸਤੇ ਮਹੱਤਵਪੂਰਨ ਮੰਨਿਆ ਜਾ ਸਕਦਾ ਹੈ। 1930 ਵਿਚ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਪਾਰਟੀ ਨੇ ਇਹ ਫੈਸਲਾ ਲਿਆ ਸੀ ਕਿ ਸਿੱਖਾਂ ਨੂੰ ਅਜਿਹਾ ਖਿੱਤਾ ਦਿੱਤਾ ਜਾਏਗਾ ਜਿਥੇ ਉਹ ਆਜ਼ਾਦੀ ਦਾ ਨਿਘ ਮਾਣ ਸਕਣਗੇ। 1942 ਵਿਚ ਸਿੱਖਾਂ ਨੇ ਪਾਕਿਸਤਾਨ ਦੀ ਤਰਜ਼ ਤੇ ਸਿੱਖ-ਸਟੇਟ ਦੀ ਮੰਗ ਕੀਤੀ ਸੀ। 1947 ਵਿਚ ਸਿੱਖ ਭਾਰਤ ਦਾ ਹਿੱਸਾ ਹੋ ਗਏ ਸਨ। ਇੱਥੇ ਇਨ੍ਹਾਂ ਤਿੰਨਾਂ ਨਾਲ ਜੁੜੀ ਹੋਈ ਸਿਆਸਤ ਦੇ ਵਿਸਥਾਰ ਵਿਚ ਜਾਏ ਬਿਨਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਵਰਤਮਾਨ ਪੰਜਾਬੀ ਸੂਬਾ, ਪ੍ਰਾਪਤ ਹਾਲਾਤ ਵਿਚ ਉਪਰੋਕਤ ਤਿੰਨਾਂ ਸਵਾਲਾਂ ਦਾ ਜਵਾਬ ਹੈ। ਅੰਮ੍ਰਿਤਸਰ ਤੋਂ ਅੰਬਾਲੇ ਤੱਕ ਦੇ ਪੰਜਾਬੀ ਸੂਬੇ ਵਿਚ ਕੇਵਲ ਸਿੱਖ ਦੀ ਅਗਵਾਈ ਵਿਚ ਹੀ ਸਰਕਾਰ ਬਣ ਸਕਦੀ ਹੈ। ਅਕਾਲੀਆਂ ਦੀ ਲਗਾਤਾਰ ਦੂਜੀ ਜਿੱਤ ਨਾਲ ਕਹੀ ਜਾ ਰਹੀ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ। ਪੰਜਾਬੀ ਸੂਬੇ ਦੀ ਸਿਆਸੀ ਅਗਵਾਈ ਇਸ ਖਿੱਤੇ ਦੀ ਮੁੱਖਧਾਰਾ ਨੂੰ ਨਾਲ ਲੈ ਕੇ ਹੀ ਪ੍ਰਾਪਤ ਹੋ ਸਕਦੀ ਹੈ। ਇਸ ਨਾਲ ਖਿੱਤੇ ਦੀ ਨਿਸ਼ਾਨਦੇਹੀ ਤਾਂ ਹੋ ਗਈ ਹੈ। ਪਰ ਇਸ ਵਿਚ ਸਿੱਖ-ਭਾਵਨਾ ਵਾਲੀ ਸਰਕਾਰ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਹੀ ਸਿਆਸਤ ਹੋ ਰਹੀ ਹੈ।

ਸਿੱਖ ਭਾਈਚਾਰੇ ਦੀਆਂ ਸਿਆਸੀ-ਅਕਾਂਖਿਆਵਾਂ ਨਾਲ ਟਕਰਾਉਣ ਲਈ ਭਾਰਤ 'ਤੇ ਰਾਜ ਕਰਦੀਆਂ ਪਾਰਟੀਆਂ ਵੀ ਤਿਆਰ ਨਹੀਂ ਹਨ। ਇਹ ਸਥਿਤੀ ਸਿੱਖਾਂ ਨੇ ਬਹੁਤ ਕੁਰਬਾਨੀਆਂ ਦੇ ਕੇ ਹਾਸਲ ਕੀਤੀ ਹੈ। ਇਹ ਪਰਵਾਨ ਕਰਨ ਤੋਂ ਬਿਨਾਂ ਕੋਈ ਰਾਹ ਹੀ ਨਹੀਂ ਹੈ ਕਿ ਲੋਕਤਾਂਤ੍ਰਿਕ ਭਾਵਨਾ ਵਿਚ ਪ੍ਰਵਾਨਤ ਲੀਡਰ ਹੀ ਸਿੱਖ ਲੀਡਰ ਹੈ ਅਤੇ ਵਰਤਮਾਨ ਵਿਚ ਇਹ ਮਾਨਤਾ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਪ੍ਰਾਪਤ ਹੈ। ਜਿਹੜੀਆਂ ਪ੍ਰਾਪਤੀਆਂ ਦੇਸ਼ ਦੀ ਸਿਆਸਤ ਨਾਲ ਜੁੜੀਆਂ ਹੋਈਆਂ ਹਨ, ਉਨ੍ਹਾਂ ਦੇ ਵਿਸਥਾਰ ਵਿਚ ਜਾਏ ਬਿਨਾਂ ਕਹਿਣਾ ਚਾਹੁੰਦਾ ਹਾਂ ਕਿ ਦੁਨੀਆਂ ਵਿਚ ਇਹੀ ਖਿੱਤਾ ਹੈ, ਜਿੱਥੇ ਸਿੱਖ ਆਪਣਾ ਰਾਜ ਸਥਾਪਤ ਕਰ ਸਕਦੇ ਹਨ। ਇਸ ਵਾਸਤੇ ਅਗਵਾਈ ਕਿਸ ਸਿੱਖ ਲੀਡਰ ਨੇ ਕਰਨੀ ਹੈ, ਇਸ ਦਾ ਫੈਸਲਾ, ਇਸ ਖਿੱਤੇ ਦੀ ਹੱਦ ਵਿਚ ਰਹਿ ਕੇ ਹੀ ਕਰਨਾ ਚਾਹੀਦਾ ਹੈ? ਪੰਜਾਬ ਜਦੋਂ ਵੱਡਾ ਸੀ, ਉਦੋਂ ਵੀ ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਗੁਰੂ ਦੇ ਨਾਮ ਤੇ ਹੀ ਜਿਊਂਦਾ ਸੀ (ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ ਤੇ)। ਬਦਲੇ ਹੋਏ ਹਾਲਾਤ ਵਿਚ ਇਸ ਪੰਜਾਬ (ਪੰਜਾਬੀ ਸੂਬਾ) ਨੂੰ ਸਿੱਖ-ਭਾਵਨਾ ਮੁਤਾਬਿਕ ਉਸਾਰਨ ਵਾਸਤੇ ਦੁਨੀਆਂ ਭਰ ਵਿਚ ਫੈਲ ਚੁੱਕੇ ਪੰਜਾਬੀਆਂ ਨੂੰ ਸਹਿਯੋਗੀ ਭੂਮਿਕਾ ਨਿਭਾਉਣੀ ਪਵੇਗੀ। ਇਸ ਵਾਸਤੇ ਸਿੱਖ ਸੰਸਥਾਵਾਂ ਅਤੇ ਸਿੱਖ ਵਿਧੀਆਂ ਕੰਮ ਆ ਸਕਦੀਆਂ ਹਨ। ਇਸ ਵਿਚ ਰੁਕਾਵਟਾਂ ਸ਼੍ਰੋਮਣੀ ਕਮੇਟੀ ਦੇ ਸਿਆਸੀ-ਅਪਹਰਣ ਨਾਲ ਪੈਦਾ ਹੋਈਆਂ ਹਨ। ਇਸ ਨਾਲ ਮਸਲਾ ਧਰਮ ਅਤੇ ਸਿਆਸਤ ਦੇ ਸਿੱਖ-ਪ੍ਰਸੰਗ ਨਾਲ ਜੁੜ ਗਿਆ ਹੈ। ਇਸ ਬਾਰੇ ਗੁਰਮਤੇ ਦੀ ਭਾਵਨਾ ਵਿਚ ਸਾਂਝੀ-ਸਿੱਖ-ਸਮਝ ਬਣਾਉਣ ਵਾਸਤੇ ਯਤਨ ਹੋਣੇ ਚਾਹੀਦੇ ਹਨ। ਇਸ ਰਾਹੇ ਤੁਰ ਕੇ ਪ੍ਰਾਪਤ ਹੋ ਗਏ ਖਿੱਤੇ (ਪੰਜਾਬੀ ਸੂਬਾ) ਨੂੰ ਸਿੱਖ-ਅਕਾਂਖਿਆਵਾਂ ਅਨੁਸਾਰ ਉਸਾਰਿਆ ਜਾ ਸਕਦਾ ਹੈ। ਇਹ ਇਸ ਆਧਾਰ 'ਤੇ ਕਹਿ ਰਿਹਾ ਹਾਂ ਕਿ ਸਿਆਸਤ, ਸੰਤੁਸ਼ਟੀ ਮਾਡਲ ਹੈ ਅਤੇ ਧਰਮ ਤੜਪ ਮਾਡਲ ਹੈ। ਤੜਪ ਮਾਡਲ ਨੂੰ ਜੇ "ਅਗਾਂਹ ਕੂ ਤ੍ਰਾਂਘ" ਵਾਸਤੇ ਵਰਤਾਂਗੇ ਤਾਂ ਸਿੱਖ ਵਿਰਾਸਤੀ ਜਲੌਅ ਨੂੰ "ਜਗਤ ਜਲੰਦੇ" ਦੀ ਤਪਸ਼ ਘਟਾਉਣ ਵਾਸਤੇ ਵਰਤੇ ਜਾਣ ਲਈ ਸਾਹਮਣੇ ਲਿਆ ਸਕਾਂਗੇ। ਜਥੇਦਾਰ ਟੌਹੜਾ ਨੂੰ ਯਾਦ ਕਰਦਿਆਂ ਇਹੀ ਅਹੁੜਿਆ ਹੈ।

ਸਿੱਖ ਧਰਮ ਵਿਚ ਕਿਸੇ ਕਿਸਮ ਦੀ ਸ਼੍ਰੇਣੀ-ਵੰਡ ਦੀ ਆਗਿਆ ਨਹੀਂ ਹੈ, ਪਰ ਕਿਸੇ ਨਾ ਕਿਸੇ ਰੂਪ ਵਿਚ ਸ਼੍ਰੇਣੀ-ਵੰਡ ਦਾ ਭੂਤ ਸਿੱਖ-ਭਾਈਚਾਰੇ ਨੂੰ ਚਿੰਬੜਿਆ ਹੋਇਆ ਹੈ। ਇਸ ਦੋਗਲੇ ਵਰਤਾਰੇ ਨਾਲ ਪੈਦਾ ਹੋ ਗਈ ਸਿਲਕਨ-ਕਲਾਸ ਵਿਰੁਧ ਜਥੇਦਾਰ ਟੌਹੜਾ ਲਗਾਤਾਰ ਜੂਝਦੇ ਰਹੇ ਸਨ। ਗੁਰੂ-ਕਾਲ ਵਿਚ ਸਿਲਕਨ-ਕਲਾਸ ਦਾ ਪਹਿਲਾ ਪ੍ਰਤੀਨਿਧ ਸ਼ਰਧਾਲੂ ਰੂਪ ਵਿਚ ਰਾਇ ਬੁਲਾਰ ਨੂੰ ਕਿਹਾ ਜਾ ਸਕਦਾ ਹੈ। ਸਿੱਖ ਰੂਪ ਵਿਚ ਇਸੇ ਦਾ ਪ੍ਰਤੀਨਿਧ ਮੱਖਣ ਸ਼ਾਹ ਲੁਬਾਣਾ ਹੋ ਗਿਆ ਸੀ। 1708 ਤੋਂ ਬਾਅਦ ਸਿਲਕਨ-ਕਲਾਸ ਦੇ ਪ੍ਰਤੀਨਿਧ ਮਿਸਲਦਾਰ ਅਰਥਾਤ ਜਗੀਦਾਰ ਹੋ ਗਏ ਸਨ। ਇਸ ਵੇਲੇ ਅਸੀਂ ਸਾਰੇ ਜੋ ਪਿੰਡਾਂ ਵਿਚੋਂ ਕਿਸੇ ਨਾ ਕਿਸੇ ਬਹਾਨੇ ਸ਼ਹਿਰਾਂ ਵਿਚ ਹਿਜਰਤ ਕਰ ਗਏ ਹਾਂ, ਆਪਣੇ ਆਪਣੇ ਪਰਿਵਾਰਾਂ ਦੀ ਸਿਲਕਨ-ਕਲਾਸ ਹੀ ਤਾਂ ਹੋ ਗਏ ਹਾਂ। ਜਥੇਦਾਰ ਟੌਹੜਾ ਕੋਲ ਸਿਲਕਨ-ਕਲਾਸ ਹੋ ਜਾਣ ਦੇ ਅਵਸਰ ਸਨ, ਪਰ ਉਨ੍ਹਾਂ ਨੇ ਇਸ ਦਾ ਹਿੱਸਾ ਹੋ ਜਾਣ ਤੋਂ ਇਨਕਾਰ ਕੀਤਾ ਸੀ। ਉਨ੍ਹਾਂ ਨੂੰ ਇਸ ਨਾਬਰੀ ਦਾ ਖਮਿਆਜ਼ਾ ਲਗਾਤਾਰ ਭੁਗਤਣਾ ਪੈਂਦਾ ਰਿਹਾ ਸੀ। ਅਜੋਕੀ ਸਿਆਸਤ ਦੇ ਸਿਲਕਨ ਪ੍ਰਸੰਗ ਵਿਚ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਨੂੰ ਜੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਤੁਲਨਾਇਆ ਜਾ ਰਿਹਾ ਹੈ, ਤਾਂ ਫਿਰ ਇਸ ਫੋਰਮ ਤੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਸ਼ਾਮ ਸਿੰਘ ਅਟਾਰੀਵਾਲੇ ਨਾਲ ਤੁਲਨਾਇਆ ਜਾਣਾ ਚਾਹੀਦਾ ਹੈ।

#


**ਗਦਰ ਦੀਆਂ ਗੱਲਾਂ**

# ਕੱਟੜਵਾਦੀਆਂ ਹੱਥੋਂ ਮੌਤ ਦੰਡ

## ਇੰਡੋਨੇਸ਼ੀਆ ਦੀ ਮਾਸੂਮੀ ਪਾਰਟੀ

***ਗਦਰੀ ਬਾਬਾ ਹਰੀ ਸਿੰਘ ਉਸਮਾਨ (ਬੱਦੋਵਾਲ, ਲੁਧਿਆਣਾ) ਦਾ ਜਨਮ 20 ਅਕਤੂਬਰ 1879 ਨੂੰ ਹੋਇਆ ਸੀ। ਸਾਢੇ ਕੁ ਛੇ ਸਾਲ ਉਹ ਫੌਜ 'ਚ ਰਹੇ ਅਤੇ ਫਿਰ 1907 'ਚ ਵਿਦੇਸ਼ ਪਹੁੰਚੇ। ਉਨ੍ਹਾਂ ਦਾ ਗਦਰ ਪਾਰਟੀ ਨਾਲ ਰਾਬਤਾ 15 ਅਕਤੂਬਰ 1914 ਨੂੰ ਹੋਇਆ ਸੀ ਅਤੇ ਉਹ 15 ਅਪਰੈਲ 1915 ਨੂੰ ਹਥਿਆਰਾਂ ਦਾ ਜਹਾਜ਼ ਲੈ ਕੇ ਅਮਰੀਕਾ ਤੋਂ ਰਵਾਨਾ ਹੋਏ ਸਨ। ਉਹ ਵੱਖ-ਵੱਖ ਥਾਂਵਾਂ 'ਤੇ ਉਸਮਾਨ ਖਾਨ, ਬਾਬਾ ਉਸਮਾਨ, ਬਾਗੀ ਉਸਮਾਨ ਅਤੇ ਬਾਬਾ ਹਰੀ ਸਿੰਘ ਉਸਮਾਨ ਦੇ ਨਾਂ ਨਾਲ ਜਾਣੇ ਜਾਂਦੇ ਰਹੇ। 15 ਅਕਤੂਬਰ 1969 ਨੂੰ ਇਸ ਫਾਨੀ ਸੰਸਾਰ ਤੋਂ ਰੁਖਸਤ ਹੋਣ ਤੋਂ ਪਹਿਲਾਂ ਬਾਬਾ ਉਸਮਾਨ ਨੇ ਆਪਣੀ ਡਾਇਰੀ 'ਚ ਆਪਣੀ ਜ਼ਿੰਦਗੀ ਅਤੇ ਗਦਰ ਬਾਰੇ ਬਹੁਤ ਸਾਰੀਆਂ ਗੱਲਾਂ ਸਾਂਝੀਆਂ ਕੀਤੀਆਂ। ਉਨ੍ਹਾਂ ਦੀ ਇਸ ਡਾਇਰੀ ਦਾ ਇਕ ਅਧਿਆਇ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। ਅਗਲਾ ਵਰ੍ਹਾ ਗਦਰ ਦਾ ਸ਼ਤਾਬਦੀ ਵਰ੍ਹਾ ਹੈ। ਅਸੀਂ ਇਸੇ ਤਰ੍ਹਾਂ ਗਦਰ ਬਾਰੇ ਪਾਠਕਾਂ ਨਾਲ ਹੋਰ ਗੱਲਾਂ ਵੀ ਸਾਂਝੀਆਂ ਕਰਦੇ ਰਹਾਂਗੇ। -ਸੰਪਾਦਕ***

17 ਅਗਸਤ, 1945 ਵਾਲੇ ਦਿਨ ਜਾਵਾ ਵਿਚ ਮਜ਼ਬੀ ਸੁਸਾਇਟੀ ਕਾਇਮ ਕੀਤੀ ਗਈ ਜਿਸ ਦਾ ਨਾਂ ਮਾਸੂਮੀ ਰੱਖਿਆ ਗਿਆ। ਇਸ ਪਾਰਟੀ ਨੇ ਕੁਰਾਨ ਸ਼ਰੀਫ਼ ਦੇ ਪੁਰਾਣੇ ਅਸੂਲਾਂ ਦੇ ਆਧਾਰ 'ਤੇ ਗ਼ਦਰ ਦਾ ਐਲਾਨ ਕਰ ਦਿੱਤਾ। ਨਾਲ ਹੀ ਬਾਂਡੂੰਗ ਸ਼ਹਿਰ ਦੇ ਆਲੇ-ਦੁਆਲੇ ਇਸਲਾਮੀ ਹੁਕਮਾਂ ਨੂੰ ਪੂਰੀ ਤਰ੍ਹਾਂ ਲਾਗੂ ਕਰ ਦਿੱਤਾ ਗਿਆ। ਸ਼ਹਿਰ ਦੇ ਨੇੜੇ-ਤੇੜੇ ਮੁਲਾਣਿਆਂ ਨੇ ਮਸਜਿਦਾਂ 'ਚ ਐਲਾਨ ਕਰ ਦਿੱਤੇ ਕਿ ਮੁਸਲਮਾਨਾਂ ਤੋਂ ਬਿਨਾ ਬਾਕੀ ਸਭ ਮਜ਼ਬਾਂ ਵਾਲਿਆਂ ਨੂੰ ਕਤਲ ਕਰ ਦਿਉ ਅਤੇ ਉਨ੍ਹਾਂ ਦੀ ਜਾਇਦਾਦ ਲੁੱਟ ਲਵੋ, ਭਾਵੇਂ ਇਹ ਕਿਸੇ ਵੀ ਮੁਲਕ ਦੇ ਕਿਉਂ ਨਾ ਹੋਣ। ਇਹ ਸੁਣਦਿਆਂ ਹੀ ਸਾਰੇ ਪੇਂਡੂ ਲੋਕ ਗ਼ੈਰ-ਮੁਸਲਮਾਨਾਂ ਨੂੰ ਮਾਰਨ ਅਤੇ



**ਬਾਬਾ ਹਰੀ ਸਿੰਘ ਉਸਮਾਨ**

ਲੁੱਟਣ ਲਈ ਬਾਂਡੂੰਗ ਸ਼ਹਿਰ 'ਤੇ ਟੁੱਟ ਪਏ।

ਉਸ ਵੇਲੇ 20 ਹਜ਼ਾਰ ਡੱਚ ਅਤੇ ਮਿਲੀ-ਜੁਲੀ ਨਸਲ (ਹਾਫ਼ ਕਾਸਟ) ਦੇ ਲੋਕ ਈਸਾਈ ਮੱਤ ਵਾਲੇ ਬਾਂਡੂੰਗ ਸ਼ਹਿਰ ਵਿਚ ਰਹਿੰਦੇ ਸਨ। ਜਾਵਾ ਦੇ ਮੁਸਲਮਾਨਾਂ ਨੇ ਇਨ੍ਹਾਂ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਵਿਚ ਬਹੁਗਿਣਤੀ ਔਰਤਾਂ ਤੇ ਬੱਚੇ ਸਨ। ਗਰਭਵਤੀ ਔਰਤਾਂ ਤੇ ਬੱਚੇ ਜਿਉਂਦੇ ਹੀ ਰੰਦਾ ਨਦੀ ਵਿਚ ਸੁੱਟ ਦਿੱਤੇ ਗਏ।

ਇਸੇ ਤਰ੍ਹਾਂ ਚੀਨੀਆਂ ਅਤੇ ਹਿੰਦੁਸਤਾਨੀਆਂ 'ਤੇ ਵੀ ਹਮਲੇ ਸ਼ੁਰੂ ਹੋ ਗਏ। ਜਾਇਦਾਦ ਵਗੈਰਾ ਲੁੱਟਣ ਤੋਂ ਇਲਾਵਾ ਇਨ੍ਹਾਂ ਉਤੇ ਇਹ 'ਫ਼ਤਵਾ' (ਇਲਜ਼ਾਮ) ਵੀ ਲਾਇਆ ਗਿਆ ਕਿ ਇਨ੍ਹਾਂ ਦੀ ਸੁੰਨਤ ਕਰ ਦਿੱਤੀ ਜਾਏ ਜਾਂ ਫਿਰ ਗਲਾ ਕੱਟ ਦਿੱਤਾ ਜਾਵੇ। ਬਹੁਤ ਸਾਰੇ ਚੀਨਿਆਂ (ਜਿਹੜੇ ਜਾਵਾ ਦੇਸ਼ ਵਿਚ ਹੀ ਪੈਦਾ ਹੋਏ ਸਨ) ਦੀ ਜ਼ਬਰਦਸਤੀ ਫੜ ਫੜ ਕੇ ਸੁੰਨਤ ਕਰਨੀ ਸ਼ੁਰੂ ਕਰ ਦਿੱਤੀ ਗਈ।

ਜਦ ਬਾਂਡੂੰਗ ਅਤੇ ਇਹਦੇ ਨਾਲ ਲੱਗਦੇ ਇਲਾਕਿਆਂ ਵਿਚ ਇਸ ਤਰ੍ਹਾਂ ਮਜ਼ਬ ਦੀ ਤਲਵਾਰ ਚੱਲਣੀ ਸ਼ੁਰੂ ਹੋਈ ਤਾਂ ਅੰਗਰੇਜ਼ਾਂ ਨੇ ਸਿੱਖ ਤੇ ਗੋਰਖਾ ਫ਼ੌਜ ਮੰਗਵਾ ਕੇ ਇਨ੍ਹਾਂ ਕੱਟੜਵਾਦੀਆਂ ਨੂੰ ਹੁਕਮ ਦੇ ਦਿੱਤਾ ਕਿ ਛੇਤੀ ਤੋਂ ਛੇਤੀ ਬਾਂਡੂੰਗ ਵਿਚੋਂ ਨਿਕਲ ਜਾਓ ਅਤੇ ਜੋ ਵੀ ਹਥਿਆਰਬੰਦ ਹੈ, ਉਹ ਵੀ ਸ਼ਹਿਰ ਵਿਚੋਂ ਨਿਕਲ ਜਾਏ। ਉਸ ਵੇਲੇ ਲਗਭਗ ਇਕ ਲੱਖ ਜਾਵਾ ਵਾਲੇ ਬਾਂਡੂੰਗ ਵਿਚ ਰਹਿ ਰਹੇ ਸਨ। ਇਨ੍ਹਾਂ ਲੋਕਾਂ ਨੇ ਘਰ ਛੱਡਣ ਵੇਲੇ ਮਕਾਨਾਂ ਨੂੰ ਅੱਗ ਲਾ ਦਿੱਤੀ। ਇਨ੍ਹਾਂ 'ਚ ਬਹੁਗਿਣਤੀ ਦਫ਼ਤਰਾਂ ਵਿਚ ਕੰਮ ਕਰਦੇ ਕਲਰਕ ਪੇਸ਼ਾ ਲੋਕਾਂ ਦੀ ਸੀ।

ਜਦੋਂ ਇਹ ਲੋਕ ਸ਼ਹਿਰੋਂ ਨਿਕਲ ਕੇ ਪਿੰਡਾਂ ਵਿਚ ਫੈਲੇ ਤਾਂ ਨਾ ਇਨ੍ਹਾਂ ਕੋਲ ਕੋਈ ਪੈਸਾ-ਧੇਲਾ ਸੀ ਅਤੇ ਨਾ ਹੀ ਕੋਈ ਰਾਸ਼ਨ-ਪਾਣੀ ਪਰ ਇਨ੍ਹਾਂ ਨੇ ਆਪ ਔਖੇ ਹੋਣ ਦੀ ਬਜਾਏ ਪੇਂਡੂ ਵਸੋਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਕਈ ਗ਼ਰੀਬ ਭੁੱਖ ਨਾਲ ਮਰਨ ਲੱਗੇ। ਸੋ, ਇਨ੍ਹਾਂ ਨੂੰ ਬਿਲਕੁਲ ਉਹੀ ਸਜ਼ਾ ਮਿਲੀ ਜੋ ਇਹ ਗ਼ੈਰ-ਮੁਲਕੀ ਲੋਕਾਂ ਨੂੰ ਦੇਣਾ ਚਾਹੁੰਦੇ ਸਨ। ਬਾਂਡੂੰਗ ਸ਼ਹਿਰ ਨੇੜਲੇ ਇਲਾਕੇ ਅੰਦਰ ਡਾਕੂ ਪਾਰਟੀ ਚੋਣੀ ਫੈਲ ਗਈ ਕਿ ਆਪਸ ਵਿਚ ਇਕ-ਦੂਜੇ ਦੀ ਭੇਡ-ਬੱਕਰੀ ਵੀ ਵੱਢ ਕੇ ਖਾ ਗਏ। ਸਭ ਗ਼ਰੀਬਾਂ ਅਤੇ ਅਮੀਰਾਂ ਦਾ ਇਕੋ ਜਿਹਾ ਹਸ਼ਰ ਹੋਣ ਲੱਗਾ। ਬੱਸ, ਡਾਕੂਆਂ ਦਾ ਹੀ ਬੋਲਬਾਲਾ ਸੀ। ਸਾਰਾ ਕਾਰੋਬਾਰ ਬਦਮਾਸ਼ਾਂ ਦੇ ਹੱਥ ਆ ਗਿਆ। ਦੋ ਸਾਲ ਲੋਕਾਂ ਕੋਲੋਂ ਜ਼ਮੀਨ ਦਾ ਮਾਮਲਾ (ਟੈਕਸ) ਵੀ ਇਨ੍ਹਾਂ (ਗੁੰਡਿਆਂ) ਨੇ ਹੀ ਉਗਰਾਹਿਆ।

ਸਾਨੂੰ ਇਹ ਖ਼ਿਆਲ ਕਰਨਾ ਚਾਹੀਦੈ ਕਿ ਜਿਸ ਦੇਸ਼ ਵਿਚ ਪੁਲਿਸ ਚੋਰ, ਫ਼ੌਜ ਚੋਰ, ਮਾਂ-ਬਾਪ ਚੋਰ, ਲੜਕੇ-ਲੜਕੀਆਂ ਤੇ ਸਾਕ-ਸਬੰਧੀ ਵੀ ਚੋਰ ਹੋਣ ਤਾਂ ਅਜਿਹੇ ਹਾਲਾਤ ਵਿਚ ਵਿਦੇਸ਼ੀ ਵਿਚਾਰਿਆਂ ਦੀ ਖ਼ਬਰ-ਸਾਰ ਕੌਣ ਲਵੇ? ਜਿਹੜੇ ਵਿਦੇਸ਼ੀ ਲੋਕ ਬਾਹਰ ਪਿੰਡਾਂ ਵਿਚ ਰਹਿੰਦੇ ਸਨ, ਉਨ੍ਹਾਂ ਨੂੰ ਤਾਂ ਬਿਲਕੁਲ ਖ਼ਤਮ ਹੀ ਕਰ ਦਿੱਤਾ ਗਿਆ। ਜਾਇਦਾਦਾਂ ਬਰਬਾਦ ਕਰਨ ਤੋਂ ਇਲਾਵਾ ਇਨ੍ਹਾਂ ਦੀ ਸੁੰਨਤ ਵੀ ਕਰ ਦਿੱਤੀ ਗਈ। ਦੁਨੀਆਂ ਦਾ ਇਤਿਹਾਸ ਵਾਚਣ ਤੋਂ ਪਤਾ ਲੱਗਦਾ ਹੈ ਕਿ ਜਦ ਕਿਸੇ ਦੇਸ਼ ਅੰਦਰ ਖਾਨਾਜੰਗੀ ਸ਼ੁਰੂ ਹੋਵੇ ਅਤੇ ਲੋਕਾਂ ਨੇ ਆਪਣੀ ਸਰਕਾਰ ਵਿਰੁਧ ਹਥਿਆਰ ਉਠਾਏ ਹੋਣ, (ਉਨ੍ਹਾਂ) ਕਿਸੇ ਪਰਦੇਸੀ ਵਪਾਰੀ ਅਤੇ ਮੁਸਾਫ਼ਰ ਨੂੰ ਕਦੇ ਤੰਗ ਨਹੀਂ ਕੀਤਾ ਪਰ ਜਾਵਾ ਵਾਲਿਆਂ ਇਸ ਦੇ ਬਿਲਕੁਲ ਉਲਟ ਕੀਤਾ। ਪਹਿਲਾਂ ਇਨ੍ਹਾਂ ਨੇ ਗ਼ੈਰ-ਕੌਮਾਂ 'ਤੇ ਹਮਲਾ ਕੀਤਾ ਜਿਹੜੇ ਇਸ ਦੇਸ਼ ਵਿਚ ਪ੍ਰਾਹੁਣੇ ਸਮਝੇ ਜਾਣੇ ਚਾਹੀਦੇ ਸਨ।

ਹੁਣ ਇਸ ਮੁਕੱਦਮੇ ਦਾ ਫ਼ੈਸਲਾ ਕਰਨ ਲਈ ਸਾਰੀਆਂ ਕੌਮਾਂ ਨੇ ਅਮਰੀਕਾ ਨੂੰ ਅਖ਼ਤਿਆਰ ਦਿੱਤੇ ਸਨ। ਸਾਰੇ ਲੋਕੀਂ ਇਸ ਉਡੀਕ ਵਿਚ ਸਨ ਕਿ ਅਮਰੀਕੀ ਜੱਜ ਕੀ ਫ਼ੈਸਲਾ ਕਰਦੇ ਹਨ? ਡੱਚ ਸਰਕਾਰ ਨੇ ਜਾਵਾ ਵਾਲਿਆਂ ਨੂੰ ਬਾਂਦਰ ਦਾ ਖ਼ਿਤਾਬ ਦਿੱਤਾ ਸੀ। ਗੱਲੇ ਗੱਲੇ ਇਨ੍ਹਾਂ ਨੂੰ ਬਾਂਦਰ ਕਹਿ ਕੇ ਬੁਲਾਉਂਦੇ ਸਨ ਪਰ ਹਾਲਤ ਨੇ 'ਬਾਂਦਰ ਪਾਰਟੀ' ਨੂੰ ਐਸੀ ਤਾਕਤ ਦਿੱਤੀ ਕਿ ਢਾਈ ਸਾਲ ਤੱਕ ਉਨ੍ਹਾਂ ਨੂੰ ਬਾਂਦਰ ਕਹਿਣ ਵਾਲਿਆਂ ਦੀ ਹੋਸ਼ ਭੁਲਾਈ ਰੱਖੀ ਅਤੇ ਇਨ੍ਹਾਂ 'ਬਾਂਦਰਾਂ' ਨੇ ਦੁਨੀਆਂ ਨੂੰ ਦਿਖਾ ਦਿੱਤਾ ਕਿ ਜਦ ਜ਼ਮਾਨਾ ਬਦਲਦਾ ਹੈ ਤਾਂ ਬਾਂਦਰ ਵੀ ਆਪਣੇ ਜੰਗਲ ਦੇ ਬਾਦਸ਼ਾਹ ਬਣ ਜਾਂਦੇ ਹਨ। ਇਹ ਬਿਲਕੁਲ ਨਹੀਂ ਪ੍ਰਵਾਨ ਕਰਦੇ ਕਿ ਧਰਮ ਕਿਹੜੀ ਬਲਾ ਦਾ ਨਾਂ ਹੈ ਅਤੇ ਸ਼ਰਮ ਕਾਹਦੇ ਨਾਲ ਖਾਈਦੀ ਹੈ! ਇਸ ਲਈ ਇਨ੍ਹਾਂ ਨੂੰ ਬਾਂਦਰ ਦਾ ਨਾਂ ਦਿੱਤਾ ਗਿਆ ਸੀ। ਇਨ੍ਹਾਂ ਲੋਕਾਂ ਨੇ ਵੀ ਕਿਸੇ ਮੁਲਕ ਵਾਲੇ ਨਾਲ ਚੰਗਾ ਸਲੂਕ ਨਹੀਂ ਕੀਤਾ। ਇਸ ਦੇਸ਼ (ਜਾਵਾ) ਵਿਚ 500 ਤੋਂ ਵੱਧ ਚਾਹ ਦੇ ਕਾਰਖ਼ਾਨੇ ਸਨ ਅਤੇ ਖੰਡ ਦੇ ਕਾਰਖ਼ਾਨੇ ਵੀ ਇਸ ਤੋਂ ਘੱਟ ਨਹੀਂ ਸਨ। ਇਸ ਤੋਂ ਇਲਾਵਾ ਰਬੜ ਅਤੇ ਕੌਫੀ ਵਗੈਰਾ ਦਾ ਉਤਪਾਦਨ ਵੀ ਕਾਫ਼ੀ ਵੱਡੀ ਪੱਧਰ 'ਤੇ ਸੀ। ਇਹ ਸਾਰਾ ਕਾਰੋਬਾਰ ਵਿਦੇਸ਼ੀ ਲੋਕਾਂ ਨੇ ਆਪਣੇ ਆਪਣੇ ਦੇਸ਼ ਤੋਂ ਸਰਮਾਇਆ ਲਿਆ ਕੇ ਸ਼ੁਰੂ ਕੀਤਾ ਹੋਇਆ ਸੀ। ਜਾਵਾ ਵਾਲਿਆਂ ਨੇ ਇਹ ਸਾਰੇ ਖੇਤ ਅਤੇ ਕਾਰਖ਼ਾਨੇ ਤਬਾਹ ਕਰ ਦਿੱਤੇ। ਇਨ੍ਹਾਂ ਵਿਚ ਕੰਮ ਕਰ ਕੇ ਜਾਵਾ ਵਾਲੇ ਖ਼ੁਦ ਪੈਸੇ ਕਮਾਉਂਦੇ ਸਨ ਅਤੇ ਚੰਗੇ ਚੰਗੇ ਘਰ ਬਣਾ ਕੇ ਉਨ੍ਹਾਂ ਵਿਚ ਰਹਿੰਦੇ ਸਨ, ਚੰਗਾ ਪਹਿਨਦੇ, ਖਾਂਦੇ ਵੀ ਸਨ ਪਰ ਹੁਣ ਆਪਣੀ ਹੀ ਗ਼ਲਤੀ ਕਾਰਨ ਖ਼ਾਲੀ ਪੇਟ ਅਤੇ ਨੰਗੇ ਪਿੰਡੇ ਧੱਕੇ ਖਾ ਰਹੇ ਸਨ।

ਮੇਰਾ ਵਿਸ਼ਵਾਸ ਹੈ ਕਿ ਕੁੱਲ ਦੁਨੀਆਂ ਅੰਦਰ ਹੀ ਲੋਕ ਮਜ਼ਬਾਂ ਦੀ ਘੁੰਮਣਘੇਰੀ ਵਿਚ ਡੁੱਬੀ ਜਾ ਰਹੇ ਹਨ। ਇਨਸਾਨ ਕਿਸੇ ਵੀ ਮਜ਼ਬ ਤੋਂ (ਸਹੀ ਅਰਥਾਂ ਵਿਚ) ਰੂਹਾਨੀ ਇਲਮ ਹਾਸਲ ਨਹੀਂ ਕਰ ਸਕਦਾ। ਸੋ, ਮੇਰੀ ਇਹੋ ਦੁਆ ਹੈ ਕਿ ਖ਼ੁਦਾ ਮਜ਼ਬਪ੍ਰਸਤਾਂ ਨੂੰ ਇਸ ਤੋਂ ਵੀ ਜ਼ਿਆਦਾ ਹਿੰਮਤ ਬਖ਼ਸ਼ੇ ਤਾਂ ਜੋ ਮਜ਼ਬਪ੍ਰਸਤੀ ਕਾਇਮ ਰਹੇ ਅਤੇ ਇਨ੍ਹਾਂ ਦਾ ਖ਼ਿਆਲ ਰੂਹਾਨੀ ਇਲਮ ਤਕ ਨਾ ਪਹੁੰਚੇ!!

ਦੂਜੇ ਕਈ ਮੁਲਕਾਂ ਵਿਚ ਮਜ਼ਬ ਦਾ ਹਨੇਰਾ ਉੱਡਦਾ ਜਾ ਰਿਹਾ ਹੈ ਅਤੇ ਹਿੰਦੁਸਤਾਨ ਵਿਚ ਮਜ਼ਬਾਂ ਦਾ ਜਾਲ ਵਿਛਿਆ ਹੋਇਆ ਹੈ। ਹਿੰਦੁਸਤਾਨ ਨੂੰ ਐਸੀ ਆਜ਼ਾਦ ਖ਼ਿਆਲ ਤਾਕਤਵਰ ਪਾਰਟੀ ਦੀ ਲੋੜ ਹੈ ਜੋ ਆਪਣੀ ਅਕਲ ਦੇ ਹਥਿਆਰ ਬਣਾ ਕੇ ਇਸ ਜਾਲ ਨੂੰ ਤੋੜ ਸੁੱਟੇ ਅਤੇ ਇਸ ਨੂੰ ਸਵਰਗ ਦਾ ਨਮੂਨਾ ਬਣਾਏ, ਤੇ ਦੁਨੀਆਂ ਨੂੰ ਦਿਖਾ ਦੇਵੇ ਕਿ ਅਸੀਂ ਵੀ ਰੂਹਾਨੀ ਇਲਮ ਦੀ ਯੂਨੀਵਰਸਿਟੀ ਵਿਚ ਦਾਖ਼ਲ ਹੋ ਗਏ ਹਾਂ, ਅਤੇ ਹੁਣ ਇਸ ਬਿਮਾਰੀ ਨੂੰ ਹਿੰਦੁਸਤਾਨ ਦੇ ਨੇੜੇ ਫਟਕਣ ਨਹੀਂ ਦਿਆਂਗੇ।

ਮੈਂ ਕੋਈ ਤੀਹ ਸਾਲ ਜਾਵਾ ਵਿਚ ਬਿਤਾਏ ਹਨ। ਅਮਰੀਕਾ ਵਿਚ ਗ਼ਦਰ ਪਾਰਟੀ ਦਾ ਵਰਕਰ ਹੋਣ ਕਰਕੇ ਹਿੰਦੁਸਤਾਨ ਦੀ ਜ਼ਮੀਨ 'ਤੇ ਪੈਰ ਰੱਖਣ ਦਾ ਸਵਾਲ ਹੀ ਨਹੀਂ ਸੀ ਉਠਦਾ। ਸੋ, ਜੀਵਨ ਨਿਰਬਾਹ ਲਈ ਮੈਂ ਜਾਵਾ ਔਰਤ ਨਾਲ ਸ਼ਾਦੀ ਕਰ ਲਈ। ਸਾਡੇ ਪੰਜ ਬੱਚੇ ਪੈਦਾ ਹੋਏ-ਦੋ ਲੜਕੇ ਤੇ ਤਿੰਨ ਲੜਕੀਆਂ। ਜਦ ਚੀਨ ਜਾਪਾਨ ਦੀ ਜੰਗ ਸ਼ੁਰੂ ਹੋਈ ਤਾਂ ਜਾਵਾ ਦੇ ਸਾਰੇ ਅਖ਼ਬਾਰਾਂ ਨੇ ਰੌਲਾ ਪਾਇਆ ਕਿ ਜਾਪਾਨ ਅਤੇ ਅੰਗਰੇਜ਼ ਵਿਚਾਲੇ ਜੰਗ ਬਗ਼ੈਰ ਗੱਲ ਨਿਬੜਨੀ ਨਹੀਂ। ਤਦ ਮੈਂ ਵੀ ਜਾਵਾ ਛੱਡ ਕੇ ਸ਼ੰਘਾਈ ਚਲਾ ਗਿਆ ਸੀ ਤਾਂ ਜੋ ਹਿੰਦੁਸਤਾਨ ਦੀ ਆਜ਼ਾਦੀ ਲਈ ਕਿਸੇ ਤਰ੍ਹਾਂ ਫਿਰ ਹੰਭਲਾ ਮਾਰਿਆ ਜਾਏ।

ਜਾਵਾ ਵਿਚ ਮੇਰਾ ਘਰ ਬਾਂਡੂੰਗ ਤੋਂ 60 ਕਿਲੋਮੀਟਰ ਦੂਰ ਬਿਲਕੁਲ ਜੰਗਲ ਵਿਚ 'ਰੰਗ ਹਾਲੂ' ਵਿਚ ਸੀ। ਮੇਰੀ ਗ਼ੈਰ-ਹਾਜ਼ਰੀ ਵਿਚ ਮੇਰੇ ਲੜਕੇ ਦੀ ਸੁੰਨਤ ਕਰ ਦਿੱਤੀ ਗਈ। ਖ਼ੈਰ, ਇਸ 'ਤੇ ਮੈਨੂੰ ਕੋਈ ਇਤਰਾਜ਼ ਨਹੀਂ ਸੀ ਕਿਉਂਕਿ ਮੇਰੀ ਬੀਵੀ ਉਨ੍ਹਾਂ ਮੁਸਲਮਾਨਾਂ ਦੀ ਹੀ ਬੇਟੀ ਸੀ ਜਿਨ੍ਹਾਂ ਸੁੰਨਤ ਕੀਤੀ ਸੀ।

ਸਭ ਤੋਂ ਵੱਡਾ ਲੜਕਾ ਹੀਰਾ ਸਿੰਘ ਹਿੰਦੁਸਤਾਨ ਦੀ ਆਜ਼ਾਦੀ ਲਈ ਸ਼ਹੀਦ ਹੋ ਕੇ ਆਪਣਾ ਫ਼ਰਜ਼ ਨਿਭਾ ਗਿਆ। ਛੋਟੇ ਲੜਕੇ ਦੀ ਉਮਰ ਉਸ ਵੇਲੇ 14 ਸਾਲ ਸੀ, ਇਸ ਲਈ ਨਾਬਾਲਗ ਹੋਣ ਕਰਕੇ ਅਜੇ ਲੜਾਈ ਯੋਗ ਨਹੀਂ ਸੀ, ਉਹ ਮੇਰੇ ਨਾਲ ਪਰਤ ਆਇਆ ਸੀ। ਜਾਵਾ ਵਿਚ ਆਜ਼ਾਦੀ ਦੀ ਜੰਗ ਸ਼ੁਰੂ ਹੋਈ ਤਾਂ ਮੇਰਾ ਛੋਟਾ ਲੜਕਾ ਵੀ ਜਾਵਾ ਦੀ ਨੈਸ਼ਨਲ ਆਰਮੀ ਵਿਚ ਭਰਤੀ ਹੋ ਗਿਆ।

ਅਮਰੀਕਾ ਤੇ ਅੰਗਰੇਜ਼ ਨੇ ਹਾਰੀ ਹੋਈ ਡੱਚ ਫੌਜ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ। ਜਾਵਾ ਦੀ ਗਦਰ ਪਾਰਟੀ ਕੋਲ ਗੋਲੀ ਸਿੱਕੇ ਦੀ ਕਮੀ ਸੀ। ਇਸ ਲਈ ਉਹ ਹਾਰ ਗਈ ਤੇ ਸ਼ਹਿਰਾਂ ਉਪਰ ਡੱਚਾਂ ਦਾ ਕਬਜ਼ਾ ਹੋ ਗਿਆ।

ਕੁਝ ਚਿਰ ਪਿੱਛੋਂ ਜਦੋਂ ਜਾਵਾ ਵਿਚ ਗਦਰ ਦੀ ਅੱਗ ਭੜਕੀ ਤਾਂ ਉਨ੍ਹਾਂ ਹੀ ਲੋਕਾਂ ਨੇ ਜੋ ਮੇਰੇ ਰਿਸ਼ਤੇਦਾਰ ਸਨ ਤੇ ਮੇਰੇ ਲੜਕੇ ਦੀ ਸੁੰਨਤ ਕੀਤੀ ਸੀ, 19 ਨਵੰਬਰ 1945 ਦੀ ਰਾਤ ਨੂੰ ਮੇਰੇ ਦੋਹਾਂ ਹੱਥਾਂ ਨੂੰ ਹੱਥਕੜੀ ਲਾ ਕੇ ਮੈਨੂੰ ਇਕ ਹੋਰ ਘਰ



*ਜਾਵਾ ਵਿਚ ਚਾਹ ਦੇ ਬਾਗ ਲਾਉਣ ਦਾ ਦ੍ਰਿਸ਼। ਇਹ ਤਸਵੀਰ 1926 ਦੀ ਹੈ।*

ਅੰਦਰ ਬੰਦ ਕਰ ਦਿੱਤਾ ਤੇ ਮੇਰੇ ਲੜਕੇ ਨੂੰ ਦੂਸਰੇ ਕਮਰੇ ਵਿਚ ਡੱਕ ਦਿੱਤਾ। ਇਹ ਦੇਖ ਕੇ ਮੇਰੀਆਂ ਲੜਕੀਆਂ ਘਬਰਾ ਗਈਆਂ ਤੇ ਘਰ ਛੱਡ ਕੇ ਆਪਣੇ ਨਾਨਾ ਨਾਨੀ ਦੇ ਘਰ ਚਲੀਆਂ ਗਈਆਂ। ਮੁਲਾਂ ਲੋਕਾਂ ਨੇ ਮੇਰੇ ਤੇ ਗੈਰ ਮੁਸਲਮਾਨ ਹੋਣ ਦੇ ਜੁਰਮ ਵਿਚ ਮੌਤ ਦਾ ਫਤਵਾ ਲਾ ਦਿੱਤਾ ਅਤੇ ਇਹ ਵੀ ਸੁਣਾ ਦਿੱਤਾ ਕਿ ਮੈਨੂੰ ਤੇ ਮੇਰੇ ਬੇਟੇ ਨੂੰ ਕਬਰਸਤਾਨ ਦੀ ਬਜਾਏ ਆਪਣੀਆਂ ਪੈਲੀਆਂ ਵਿਚ ਖਾਦ ਵਜੋਂ ਦਬਾਇਆ ਜਾਏ।

ਤਦ ਮੁਲਾਂ ਦੇ ਹੁਕਮ ਨਾਲ ਮੇਰੀ ਹੀ ਜ਼ਮੀਨ ਵਿਚ ਦੋ ਗਜ਼ ਲੰਬਾ, ਦੋ ਗਜ਼ ਡੂੰਘਾ ਤੇ ਇਕ ਗਜ਼ ਚੌੜਾ ਟੋਆ ਪੁੱਟਿਆ ਗਿਆ ਤੇ ਸਾਰੇ ਪਿੰਡ ਵਿਚ ਮੁਨਾਦੀ ਕਰਵਾ ਦਿੱਤੀ ਗਈ ਕਿ ਕੁਰਾਨ ਸ਼ਰੀਫ਼ ਦੇ ਹੁਕਮ ਅਧੀਨ ਜੁਮੇ (ਸ਼ੁੱਕਰਵਾਰ) ਵਾਲੇ ਦਿਨ ਬਾਪ ਬੇਟੇ ਨੂੰ ਵੱਢਿਆ ਜਾਏਗਾ। 23 ਨਵੰਬਰ 1945 ਰਾਤ ਦੇ ਨੌਂ ਵਜੇ ਫਿਰ ਉਸੇ ਤਰ੍ਹਾਂ ਮੇਰੇ ਦੋਵੇਂ ਹੱਥ ਪਿੱਛੇ ਕਰਕੇ ਹੱਥਕੜੀ ਲਾ ਦਿੱਤੀ ਗਈ ਤੇ ਹੁਕਮ ਦਿੱਤਾ ਗਿਆ ਕਿ ਤੈਨੂੰ ਬਾਂਡੂੰਗ ਜਾਣਾ ਹੋਵੇਗਾ ਤੇ ਤੇਰੀ ਜ਼ਿੰਦਗੀ ਦਾ ਫੈਸਲਾ ਉਥੇ ਕੀਤਾ ਜਾਏਗਾ। ਕਾਲੀ ਬੋਲੀ ਰਾਤ ਸੀ ਤੇ ਕਿਣ-ਮਿਣ ਹੋ ਰਹੀ ਸੀ। ਮੈਨੂੰ ਲੈ ਕੇ ਕਬਰਸਤਾਨ ਵੱਲ ਚੱਲ ਪਏ। ਮੇਰੇ ਨਾਲ ਕਿਸੇ ਨੂੰ ਗੱਲਬਾਤ ਕਰਨ ਦੀ ਇਜਾਜ਼ਤ ਨਹੀਂ ਸੀ। ਕੋਈ ਮੇਰੇ ਨਾਲ ਗੱਲ ਕਰਨ ਦੀ ਹਿੰਮਤ ਹੀ ਨਾ ਕਰਦਾ। ਉਸ ਵੇਲੇ ਮੈਨੂੰ ਹਿੰਦੋਸਤਾਨ ਦਾ ਪੁਰਾਣਾ ਇਤਿਹਾਸ ਯਾਦ ਆਇਆ ਕਿ ਕਿਵੇਂ ਜਾਬਰਾਂ ਨੇ ਕੁਰਾਨ ਦਾ ਨਾਂ ਲੈ ਕੇ ਕਿੰਨੇ ਨੇਕ ਲੋਕਾਂ ਨੂੰ ਮੌਤ ਦੀ ਸਜ਼ਾ ਦਿੱਤੀ, ਕਿਸੇ ਨੂੰ ਤੱਤੇ ਲੋਹੇ 'ਤੇ ਬਿਠਾਇਆ, ਕਿਸੇ ਦੇ ਪਿੰਡੇ 'ਤੇ ਸੜਦੀ ਰੇਤ ਪਾਈ, ਕਿਸੇ ਨੂੰ ਉਬਲਦੇ ਪਾਣੀ ਵਿਚ ਬਿਠਾਇਆ, ਕਿਸੇ ਨੂੰ ਆਰੇ ਨਾਲ ਚੀਰਿਆ, ਕਿਸੇ ਦੀ ਚਮੜੀ ਉਤਰਵਾਈ, ਕਿਸੇ ਨੂੰ ਸੂਲੀ ਟੰਗਿਆ, ਕਿਸੇ ਦਾ ਬੰਦ ਬੰਦ ਕੱਟਿਆ ਗਿਆ। ਗੁਰੂ ਤੇਗ ਬਹਾਦਰ ਦਾ ਸੀਸ ਦਿੱਲੀ ਵਿਚ ਉਤਾਰ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਦੇ ਦੋ ਸਾਹਿਬਜ਼ਾਦੇ ਦੀਵਾਰਾਂ ਵਿਚ ਚਿਣ ਦਿੱਤੇ ਗਏ। ਕੁਦਰਤ ਨੇ ਮੇਰੇ ਦਿਲ ਵਿਚ ਖ਼ੌਫ ਦੀ ਬਜਾਏ ਇਕ ਨਸ਼ਾ ਜਿਹਾ ਪੈਦਾ ਕਰ ਦਿੱਤਾ। ਕਬਰਸਤਾਨ ਦੇ ਨੇੜੇ ਪਹੁੰਚ ਕੇ ਆਪ ਮੁਹਾਰੇ ਮੈਂ ਹੱਸ ਪਿਆ ਤਾਂ ਇਕ ਜਲਾਦ ਤੇ ਉਹਦੇ ਪੰਜ ਮੱਦਦਗਾਰ ਜੋ ਮੈਨੂੰ ਲਿਜਾ ਰਹੇ ਸਨ, ਬਹੁਤ ਹੈਰਾਨ ਹੋਏ।

ਮੇਰੀ ਜ਼ਮੀਨ ਕਬਰਸਤਾਨ ਤੋਂ ਕਰੀਬ 200 ਗਜ਼ ਦੀ ਵਿੱਥ 'ਤੇ ਸੀ ਜਿਥੇ ਮੇਰੇ ਲਈ ਟੋਆ ਪੁੱਟਿਆ ਗਿਆ ਸੀ। ਸੋ ਚੰਦ ਹੀ ਮਿੰਟਾਂ ਵਿਚ ਅਸੀਂ ਉਥੇ ਪਹੁੰਚ ਗਏ। ਜਦੋਂ ਮੈਨੂੰ ਮੇਰੇ ਘਰੋਂ ਲੈ ਕੇ ਚਲੇ ਸਨ ਤਾਂ ਮੈਨੂੰ ਪੁੱਛਿਆ ਗਿਆ ਸੀ ਕਿ ਜੇ ਤੂੰ ਆਪਣੇ ਬੇਟੇ ਨਾਲ ਕੋਈ ਗੱਲ ਕਰਨੀ ਚਾਹੁੰਦਾ ਹੈ ਤਾਂ ਕਰ ਲੈ ਮੈਂ ਜਵਾਬ ਦਿੱਤਾ ਕਿ ਹਾਂ, ਮੈਂ ਏਨਾ ਕਹਿਣਾ ਚਾਹੁੰਦਾ ਹਾਂ ਕਿ ਜਿਸ ਰਸਤੇ ਸਾਡੇ ਬਜ਼ੁਰਗ ਗਏ ਹਨ ਮੈਂ ਵੀ ਉਸੇ ਰਸਤੇ ਜਾ ਰਿਹਾ ਹਾਂ ਤੇ ਤੈਨੂੰ ਵੀ ਇਸੇ ਰਸਤੇ ਆਉਣਾ ਹੋਵੇਗਾ। ਜਲਾਦ ਨੇ ਕਿਹਾ ਕਿ ਤੂੰ ਇਸ ਤਰ੍ਹਾਂ ਨਹੀਂ ਕਹਿ ਸਕਦਾ। ਤਾਂ ਮੈਂ ਜਵਾਬ ਦਿੱਤਾ ਕਿ ਫਿਰ ਮੇਰੇ ਤੋਂ ਪੁੱਛਣ ਦੀ ਲੋੜ ਹੀ ਕੀ ਸੀ।

ਜਦ ਮੈਨੂੰ ਲੈ ਕੇ ਖੇਤ ਵਿਚ ਪਹੁੰਚੇ ਤਾਂ ਰਾਤ ਦੇ ਕੋਈ ਦਸ ਵਜੇ ਹੋਣਗੇ। ਜਿਹੜੇ ਬੰਦੇ ਮੈਨੂੰ ਲੈ ਕੇ ਗਏ ਸਨ ਉਨ੍ਹਾਂ ਵਿਚ ਇਕ ਕੋਲ ਬੰਦੂਕ, ਦੋ ਪਾਸ ਨੇਜ਼ੇ ਤੇ ਤਿੰਨ ਕੋਲ ਤਲਵਾਰਾਂ ਸਨ। ਜਿਹੜਾ ਟੋਆ ਮੇਰੇ ਲਈ ਪੁੱਟਿਆ ਗਿਆ ਸੀ, ਉਹਦੇ ਕੰਢੇ ਤੋਂ ਮੈਨੂੰ ਆਖਿਆ ਗਿਆ ਕਿ ਜੇ ਤੂੰ ਕੁਝ ਕਹਿਣਾ ਚਾਹਵੇਂ ਤਾਂ ਤੈਨੂੰ ਪੰਜ ਮਿੰਟ ਦਾ ਵਕਤ ਦਿੱਤਾ ਜਾਂਦਾ ਹੈ।

ਮੈਂ ਜਵਾਬ ਦਿੱਤਾ ਕਿ ਤੇਰੇ ਹੱਥ ਵਿਚ ਤਲਵਾਰ ਹੈ ਤੇ ਮੇਰੇ ਵਾਸਤੇ ਟੋਆ ਹੈ, ਪਰ ਮੈਨੂੰ ਵੱਢਣ ਤੋਂ ਪਹਿਲਾਂ ਸਿਰਫ਼ ਏਨਾ ਦੱਸ ਦਿਓ ਕਿ ਮੈਨੂੰ ਕਿਹੜੇ ਕਸੂਰ ਵਿਚ ਮਾਰਿਆ ਜਾ ਰਿਹਾ ਹੈ? ਜਲਾਦ ਨੇ ਬੜੇ ਗੁੱਸੇ ਨਾਲ ਜਵਾਬ ਦਿੱਤਾ ਕਿ ਤੇਰੇ ਘਰ ਦੇ ਸਾਹਮਣੇ ਮਸਜਦ ਹੈ, ਤੂੰ ਕਦੇ ਮੁਸਲਮਾਨਾਂ ਨਾਲ ਮਿਲ ਕੇ ਨਮਾਜ਼ ਨਹੀਂ ਪੜ੍ਹੀ। ਦੂਜੀ ਗੱਲ ਤੂੰ ਮਾਲਦਾਰ ਹੈ, ਤੀਜੀ ਇਹ ਕਿ ਤੂੰ ਡੱਚ ਔਰਤ ਨੂੰ ਖਾਣੇ ਦੀ ਸਹਾਇਤਾ ਦਿੱਤੀ ਹੈ। ਇਨ੍ਹਾਂ ਗੱਲਾਂ ਕਰਕੇ ਮੁੱਲਾਂ ਨੇ ਤੇਰੇ ਕਤਲ ਦਾ ਹੁਕਮ ਦਿੱਤਾ ਹੈ। ਇਨ੍ਹਾਂ ਗੱਲਾਂ ਦਾ ਕੋਈ ਜਵਾਬ ਤੇਰੇ ਕੋਲ ਹੈ ਤਾਂ ਬੋਲ।

ਮੈਂ ਕਿਹਾ, "ਜੇ ਸੁਣੋਂ ਤਾਂ।" ਜਲਾਦ ਨੇ ਕਿਹਾ, "ਬੋਲ, ਕੀ ਕਹਿਣਾ ਚਾਹੁੰਦਾ ਹੈ।" ਉਸ ਵੇਲੇ ਮੈਂ ਰਾਜਨੀਤੀ ਅਨੁਸਾਰ ਕੁਝ ਝੂਠ ਬੋਲਦਿਆਂ ਜਵਾਬ ਦਿੱਤਾ, "ਮੈਂ ਮਜ਼ਹਬੀ ਕਾਨੂੰਨ ਮੁਤਾਬਕ ਮਸਜਦ ਵਿਚ ਜਾ ਕੇ ਸ਼ਾਦੀ ਕੀਤੀ ਸੀ। ਗੈਰ ਮੁਸਲਮ ਹੋਣ ਤੇ ਕੋਈ ਵੀ ਆਦਮੀ ਮਸਜਦ ਵਿਚ ਜਾ ਕੇ ਸ਼ਾਦੀ ਨਹੀਂ ਕਰ ਸਕਦਾ ਤੇ ਜਿਥੋਂ ਤੀਕ ਨਮਾਜ਼ ਦਾ ਤੁਅਲਕ ਹੈ ਕਿਸੇ ਨੇ ਮੈਨੂੰ ਇਸ ਬਾਬਤ ਕਦੀ ਪੁੱਛਿਆ ਹੀ ਨਹੀਂ। ਜੇ ਮੇਰਾ ਇਹੀ ਕਸੂਰ ਹੈ ਤਾਂ ਮੈਂ ਅੱਗੇ ਤੋਂ ਸਾਰੇ ਮਜ਼ਹਬੀ ਨਿਯਮਾਂ ਦੀ ਪਾਲਣਾ, ਜਿਸ ਵਿਚ ਤੁਹਾਡੇ ਨਾਲ ਮਿਲ ਕੇ ਨਮਾਜ਼ ਪੜ੍ਹਨਾ ਵੀ ਸ਼ਾਮਲ ਹੋਵੇਗਾ, ਕਰਿਆ ਕਰਾਂਗਾ। ਬਾਕੀ ਰਹੀ ਮੇਰੀ ਜਾਇਦਾਦ, ਉਹ ਮੈਂ ਆਪਣੀ ਖ਼ੁਸ਼ੀ ਨਾਲ ਦਿੰਦਾ ਹਾਂ।

ਜਿਥੋਂ ਤੀਕ 'ਬਲੰਡਾ' ਔਰਤ ਨੂੰ ਖਾਣੇ ਦੀ ਮਦਦ ਦਾ ਸਵਾਲ ਹੈ, ਇਹ ਤਾਂ ਕੁਰਾਨ ਸ਼ਰੀਫ਼ ਵਿਚ ਦਰਜ ਹੈ ਕਿ ਇਨਸਾਨ ਇਨਸਾਨ ਦੀ ਮਦਦ ਲਈ ਪੈਦਾ ਹੋਇਆ ਹੈ। ਲੋੜਵੰਦ ਔਰਤ, ਬੱਚਾ ਭਾਵੇਂ ਕਿਸੇ ਕੌਮ ਜਾਂ ਮਜ਼ਹਬ ਦਾ ਹੋਵੇ, ਉਸ ਦੀ ਮਦਦ ਕਰਨਾ ਜਾਇਜ਼ ਦੱਸਿਆ ਗਿਆ ਹੈ। ਸੋ ਜੇ ਕੁਰਾਨ ਵਿਚ ਵੀ ਇਹੀ ਲਿਖਿਆ ਹੈ ਕਿ ਜੋ ਆਦਮੀ ਮੁਸਲਮਾਨਾਂ ਦੇ ਮਜ਼ਹਬੀ ਅਸੂਲਾਂ ਨੂੰ ਪ੍ਰਵਾਨ ਕਰਦਾ ਹੋਵੇ ਤੇ ਨਮਾਜ਼ ਪੜ੍ਹਨ ਦਾ ਇਕਰਾਰ ਕਰ ਲਵੇ, ਉਨ੍ਹਾਂ ਨੂੰ ਵੀ ਕਤਲ ਕਰ ਦਿਓ, ਤਾਂ ਮੈਂ ਬੜੀ ਖ਼ੁਸ਼ੀ ਨਾਲ ਕੁਰਬਾਨੀ ਦੇਣੀ ਚਾਹੁੰਦਾ ਹਾਂ।" ਇਹ ਕਹਿੰਦੇ ਹੋਏ ਮੈਂ ਕਬਰ ਵੱਲ ਨੂੰ ਸਿਰ ਝੁਕਾ ਦਿੱਤਾ ਤੇ ਕਿਹਾ ਕਿ ਮਾਰੋ! ਇਹ ਸੁਣ ਕੇ ਜਲਾਦ ਦਾ ਹੱਥ ਢਿੱਲਾ ਹੋ ਗਿਆ ਤੇ ਕਹਿਣ ਲੱਗਾ ਕਿ ਇਹ ਤਾਂ ਕਿਤੇ ਲਿਖਿਆ ਨਹੀਂ ਕਿ ਮੁਸਲਮਾਨ ਆਪਣੇ ਮਜ਼ਹਬ ਵਾਲੇ ਨੂੰ ਮਾਰ ਦੇਵੇ।

ਮੇਰੇ ਖੇਤ ਵਿਚ ਮੇਰੀ ਕਬਰ ਦੇ ਨੇੜੇ ਬਾਂਸ ਦਾ ਇਕ ਘਰ ਬਣਾਇਆ ਹੋਇਆ ਸੀ, ਉਹਦੇ ਅੰਦਰ ਮੈਨੂੰ ਬੰਦ ਕਰਕੇ ਦੋ ਆਦਮੀ ਪਹਿਰੇ 'ਤੇ ਬਿਠਾ ਦਿੱਤੇ ਗਏ। ਬਾਕੀ ਚਾਰ ਆਦਮੀ ਮੁੱਲਾਂ ਪਾਸ ਗਏ ਤੇ ਜੋ ਕੁਝ ਮੈਂ ਬਿਆਨ ਦਿੱਤਾ ਸੀ, ਮੁੱਲਾਂ ਨੇ ਇਕ ਇਕਰਾਰਨਾਮਾ ਕਾਗਜ਼ 'ਤੇ ਲਿਖ ਕੇ ਮੈਨੂੰ ਭੇਜਿਆ ਤੇ ਕਿਹਾ ਕਿ ਇਸ 'ਤੇ ਦਸਤਖ਼ਤ ਕਰੋ। ਮੈਨੂੰ ਕੋਈ ਇਤਰਾਜ਼ ਨਹੀਂ ਸੀ, ਮੈਂ ਦਸਤਖ਼ਤ ਕਰ ਦਿੱਤੇ। ਮੈਨੂੰ ਉਥੇ ਤਿੰਨ ਦਿਨ ਬੰਦ ਰੱਖਣ ਪਿੱਛੋਂ ਜਲਾਦ ਆਪਣੇ ਘਰ ਲੈ ਗਿਆ। ਮੁੱਲਾਂ ਨੇ ਇਹ ਫੈਸਲਾ ਦਿੱਤਾ ਕਿ ਮੈਂ ਆਪਣੇ ਘਰ ਵਾਪਸ ਨਹੀਂ ਜਾ ਸਕਦਾ, ਕਿਉਂਕਿ ਘਰ, ਜ਼ਮੀਨ ਅਤੇ ਹੋਰ ਸਾਮਾਨ ਵਗੈਰਾ ਸਭ ਉਨ੍ਹਾਂ ਲੋਕਾਂ ਦੀ ਜਾਇਦਾਦ ਬਣ ਚੁੱਕੀ ਸੀ।

ਇਸ ਘਟਨਾ ਤੋਂ ਕੋਈ ਇਕ ਮਹੀਨਾ ਪਹਿਲਾਂ ਮੇਰੀ ਬੀਵੀ ਗੁਜ਼ਰ ਚੁੱਕੀ ਸੀ। ਘਰ ਦੀ ਸੰਭਾਲ ਕਰਨ ਵਾਲਾ ਕੋਈ ਨਹੀਂ ਸੀ ਰਿਹਾ। ਜੋ ਮੇਰੀਆਂ ਗਾਂਵਾਂ-ਮੱਝਾਂ ਸਨ, ਉਨ੍ਹਾਂ ਨੂੰ ਵੱਢ ਕੇ ਖਾਣ ਲੱਗੇ। ਬਾਕੀ ਸਾਮਾਨ ਦੀ ਤਾਂ ਗੱਲ ਹੀ ਕੀ, ਘਰੋਂ ਚਾਵਲ ਤੇ ਕੌਫੀ ਤੀਕ ਵੀ (ਉਹੀ ਲੋਕ) ਚੁੱਕ ਕੇ ਲੈ ਗਏ। ਦਿਲੋਂ ਉਨ੍ਹਾਂ ਨੂੰ ਮੇਰੇ 'ਤੇ ਇਹੀ ਸ਼ੱਕ ਸੀ ਕਿ ਮੈਂ ਨਕਲੀ ਮੁਸਲਮਾਨ ਹਾਂ ਤੇ ਮੇਰੀ ਸੁੰਨਤ ਨਹੀਂ ਹੋਈ। ਇਕ ਦਿਨ ਜਲਾਦ ਨੇ ਸਾਰਿਆਂ ਦੇ ਸਾਹਮਣੇ ਮੇਰੇ ਕੱਪੜੇ ਲੁਹਾ ਦਿੱਤੇ। ਮੈਂ ਅੱਗੋਂ ਕੁਝ ਨਾ ਕਹਿ ਸਕਿਆ, ਤੇ ਨਾ ਹੀ ਭੱਜ ਕੇ ਕਿਤੇ ਜਾ ਸਕਦਾ ਸੀ। ਜਦੋਂ ਜਲਾਦ ਨੇ ਆਪਣੀ ਤਸੱਲੀ ਕਰ ਲਈ ਤਾਂ ਮੈਨੂੰ ਕਿਹਾ ਕਿ ਕੱਪੜੇ ਪਾ ਲੈ। ਸ਼ਰਮ ਦੇ ਮਾਰੇ ਆਪਣੀ ਚਿਟਾਈ ਚੁੱਕੀ ਤੇ ਕਬਰਸਤਾਨ ਵੱਲ ਨੂੰ ਚੱਲ ਪਿਆ, ਜਿਥੇ ਮੇਰੀ ਕਬਰ ਸੀ। ਉਥੇ ਬਾਂਸ ਦੇ ਬਣਾਏ ਆਪਣੇ ਘਰ ਵਿਚ ਜਾ ਕੇ ਰਹਿਣ ਲੱਗਾ। ਪਰ ਮੇਰੇ ਲੜਕੇ ਤੇ ਲੜਕੀਆਂ ਨੂੰ ਮੇਰੇ ਕੋਲ ਆਉਣ ਦੀ ਇਜਾਜ਼ਤ ਨਹੀਂ ਸੀ। ਚੌਵੀ ਘੰਟਿਆਂ ਦੌਰਾਨ ਇਕ ਵਾਰੀ ਮੇਰਾ ਨੌਕਰ ਘਰੋਂ ਖਾਣਾ ਮੈਨੂੰ ਪਹੁੰਚਾ ਦਿੰਦਾ।

ਇਸ ਤਰ੍ਹਾਂ 4 ਮਹੀਨੇ ਲੰਘਣ ਪਿੱਛੋਂ ਲੜਕੇ ਤੇ ਲੜਕੀਆਂ ਨੂੰ ਮੈਨੂੰ ਮਿਲਣ ਦੀ ਇਜਾਜ਼ਤ ਦੇ ਦਿੱਤੀ ਗਈ। ਕੁਝ ਦਿਨਾਂ ਪਿੱਛੋਂ ਮੈਨੂੰ ਆਪਣੇ ਘਰ ਪਰਤਣ ਦੀ ਇਜਾਜ਼ਤ ਵੀ ਮਿਲ ਗਈ। ਉਸ ਵੇਲੇ ਤੀਕ ਘਰ ਵਿਚ ਖਾਣ-ਪੀਣ ਦਾ ਸਾਮਾਨ ਖ਼ਤਮ ਹੋ ਚੁੱਕਾ ਸੀ।

ਇਕ ਦਿਨ ਮੈਂ ਕਿਤੇ ਜਾ ਰਿਹਾ ਸਾਂ ਕਿ ਰਾਹ ਵਿਚ ਕਿਸੇ ਦੀ ਡਿੱਗੀ ਹੋਈ ਪੈਨਸਲ ਮਿਲ ਗਈ, ਪਰ ਕਾਗ਼ਜ਼ ਮਿਲਣਾ ਮੁਸ਼ਕਲ ਸੀ। ਇਕ ਕਾਪੀ ਮਿਲੀ ਜੀਹਦੇ ਕੁਝ ਵਰਕੇ ਖਾਲੀ ਸਨ। ਕਰੀਬ ਇਕ ਮਹੀਨਾ ਲੰਘ ਜਾਣ ਪਿੱਛੋਂ (23 ਮਾਰਚ, 1947 ਨੂੰ) ਇਹ ਵਿਥਿਆ ਲਿਖਣ ਦਾ ਮੌਕਾ ਮਿਲਿਆ। ਜਿਸ ਜਲਾਦ ਨੇ ਮੇਰਾ ਮੁਲਾਹਜ਼ਾ ਕੀਤਾ ਸੀ, ਉਹਦਾ ਕੰਮ ਹੀ ਹਜਾਮਤ ਕਰਨਾ ਤੇ ਬੱਚਿਆਂ ਦੀ ਸੁੰਨਤ ਕਰਨਾ ਸੀ। ਪਰ ਉਸ ਜ਼ਮਾਨੇ ਵਿਚ ਉਹ ਡਾਕੂ ਪਾਰਟੀ ਦਾ ਲੀਡਰ ਬਣ ਗਿਆ ਸੀ। 1940 ਵਿਚ ਨੌਂ ਮਹੀਨੇ ਪਾਗ਼ਲਖਾਨੇ ਵਿਚ ਵੀ ਰਹਿ ਚੁੱਕਾ ਸੀ। ਇਕ ਦਿਨ ਉਸ ਨੇ ਕਸਮ ਖਾ ਕੇ ਕਿਹਾ ਕਿ ਮੁਲਾਂ ਦੇ ਹੁਕਮ 'ਤੇ ਮੈਂ 25 ਔਰਤਾਂ, ਮਰਦ ਤੇ ਬੱਚੇ ਕਤਲ ਕਰ ਚੁੱਕਾ ਹਾਂ।

ਮੈਂ ਇਹ ਵੀ ਦਸਣਾ ਚਾਹਾਂਗਾ ਕਿ ਮੈਂ ਨਿਸ਼ਚੇ ਹੀ ਮੁਸਲਮਾਨ ਨਹੀਂ ਹਾਂ (ਮੇਰੀ ਸੁੰਨਤ ਵੀ ਨਹੀਂ ਹੋਈ ਹੋਈ) ਪਰ ਜਿਸ ਵੇਲੇ ਉਸ ਜਲਾਦ ਨੇ ਮੇਰਾ ਮੁਲਾਹਜ਼ਾ ਕੀਤਾ ਸੀ, ਉਹਦੀਆਂ ਸਮਝੋ ਅੱਖਾਂ ਬੰਦ ਹੋ ਗਈਆਂ ਸਨ ਤੇ ਦਿਮਾਗ ਫਿਰ ਗਿਆ ਸੀ। ਉਹਨੇ ਮੁਲਾਹਜ਼ਾ ਕਰਨ ਪਿੱਛੋਂ ਉੱਚੀ ਸਾਰੀ ਕਿਹਾ ਕਿ ਉਸਮਾਨ ਦੀ ਸੁੰਨਤ ਹੋ ਚੁੱਕੀ ਹੈ। ਇਹ ਸਾਡਾ ਮੁਸਲਮਾਨ ਭਾਈ ਹੈ।


# ਕਵੀਆਂ ਨੂੰ ਤਰਸੇਂਗੀ ਛੱਡ ਕੇ ਦੇਸ ਦੋਆਬਾ

ਮਾਸਟਰ ਫਤਿਹਜੀਤ ਸਾਨੂੰ ਪੜ੍ਹਾਉਂਦੇ ਸਨ। ਨਕਸਲਬਾੜੀ ਲਹਿਰ ਦੇ ਦਿਨ ਸਨ ਤੇ ਮੈਂ ਅੱਠਵੀਂ-ਦਸਵੀਂ ਵਿਚ ਪੜ੍ਹਦਾ ਸੀ। ਮੈਨੂੰ ਇਹ ਮਾਸਟਰ ਚੰਗਾ ਲੱਗਦਾ, ਕਿਉਂਕਿ ਮੈਨੂੰ ਛੋਟੇ ਜਿਹੇ ਨੂੰ ਪਤਾ ਸੀ ਕਿ ਇਹ ਕਵਿਤਾ ਲਿਖਣ ਵਾਲਾ ਮਾਸਟਰ ਹੈ। ਫਿਰ ਵੱਡੇ ਸਕੂਲੇ ਚਲੇ ਗਏ। ਫਤਿਹਜੀਤ ਦਾ ਨਾਂ ਨਕਸਲਬਾੜੀਆਂ ਦੀ ਲਿਸਟ ਵਿਚ ਆ ਗਿਆ। ਇਕ ਦਿਨ ਸ਼ਹਿਰ ਵਿਚ ਰੌਲਾ ਪਿਆ ਹੋਇਆ ਸੀ ਕਿ ਨਕਸਲਬਾੜੀਆਂ ਨੇ ਕਣਕ ਦੇ ਭਰੇ ਗੁਦਾਮਾਂ ਨੂੰ ਅੱਗ



**ਜਸਵੰਤ ਦੀਦ**


ਲਾ ਦਿੱਤੀ। ਮੇਰੇ ਲਈ ਕਵੀ ਵੀ ਫਤਿਹਜੀਤ ਹੀ ਸੀ ਤੇ ਨਕਸਲਬਾੜੀਆ ਵੀ ਉਹੀ। ਕਵਿਤਾ ਲਿਖਣ ਵਾਲੇ ਨੇ ਅੰਨ ਨੂੰ ਅੱਗ ਲਾ ਦਿੱਤੀ? ਕਣਕ ਨੂੰ? ਅਸੀਂ ਬੱਚੇ ਸਾਂ, ਹੈਰਾਨੀ ਨਾਲ ਭਰੀਆਂ ਅੱਖਾਂ ਤੇ ਡਰ ਨਾਲ ਖੇਤਾਂ ਤੇ ਗੁਦਾਮਾਂ ਵੱਲ ਬਿਟ-ਬਿਟ ਝਾਕ ਰਹੇ ਸਾਂ। ਸੁਣਿਆ ਸੀ ਕਿ ਨਕਸਲਬਾੜੀ ਗੋਲੀਆਂ ਮਾਰ ਕੇ ਮਾਰ ਦਿੰਦੇ ਨੇ, ਨਾਲ ਇਹ ਵੀ ਸੁਣਿਆ ਸੀ ਕਿ ਉਹ ਮਾਰਦੇ ਅਮੀਰਾਂ ਨੂੰ ਈ ਨੇ। ਫਿਰ ਸਾਨੂੰ ਕਾਹਦਾ ਡਰ? ਪਰ ਇਹ ਕਣਕਾਂ ਨੂੰ ਅੱਗ ਕਿਉਂ ਲਾਉਂਦੇ ਨੇ? ਮੇਰੇ ਬਾਲ ਮਨ ਦੇ ਇਸ ਸੁਆਲ ਨੂੰ ਕਵਿਤਾ ਨੇ ਢਾਰਸ ਦਿੱਤੀ। ਕਵੀ ਫਤਿਹਜੀਤ ਨੇ ਕਵਿਤਾ ਲਿਖੀ ਸੀ, "ਅਸੀਂ ਕਣਕਾਂ ਦੇ ਪੁੱਤ ਕਣਕਾਂ ਨੂੰ ਅੱਗ ਨਹੀਂ ਲਾਉਂਦੇ।" ਇਹ ਕਵਿਤਾ ਸ਼ਾਇਦ ਅੱਜ ਤੱਕ ਨਾ ਸ਼ਾਹਕੋਟ ਨੂੰ ਸਮਝ ਲੱਗੀ, ਨਾ



ਪਾਸ਼



ਡਾ. ਜਗਤਾਰ



ਅਮਿਤੋਜ


ਪੁਲਿਸ ਨੂੰ ਪਰ ਮੇਰੇ ਦਿਲ ਵਿਚ ਫਤਿਹਜੀਤ ਦੀ ਇਸ ਕਵਿਤਾ ਦਾ ਅਸਰ ਤਾ-ਉਮਰ ਰਹੇਗਾ। ਢੰਡੋਵਾਲੀਏ ਫਤਿਹਜੀਤ ਦੀ ਇਹ ਕਵਿਤਾ ਦੋਆਬੇ ਦੇ ਕਵੀ ਦੀ ਨਹੀਂ, ਪੰਜਾਬ ਦੇ ਕਵੀ ਦੀ ਹੈ।

'ਸੋ, ਮੇਰੇ ਲਈ ਦੋਆਬੇ ਦਾ ਪਹਿਲਾ ਕਵੀ ਸੀ ਫਤਿਹਜੀਤ'। ਅੱਜ ਸੋਚਿਆ ਤਾਂ ਹੈਰਾਨ ਹੋ ਗਿਆ। ਇੰਨੇ ਕਵੀ ਦੋਆਬੇ ਦੇ! ਨੰਦ ਲਾਲ ਨੂਰਪੁਰੀ, ਸੋਹਣ ਸਿੰਘ ਮੀਸ਼ਾ, ਤਾਰਾ ਸਿੰਘ, ਸੁਰਜੀਤ ਪਾਤਰ, ਪਾਸ਼, ਫਤਿਹਜੀਤ, ਡਾ. ਰਣਧੀਰ ਸਿੰਘ ਚੰਦ, ਡਾ. ਜਗਤਾਰ, ਅਮਿਤੋਜ, ਜਗਤਾਰ ਢਾਅ। ਰਹਿ ਕੌਣ ਗਿਆ? ਇਉਂ ਲੱਗਦਾ ਜਿਵੇਂ ਪੰਜਾਬੀ ਕਵਿਤਾ ਟਿਕੀ ਹੀ ਦੋਆਬੇ ਦੇ ਕਵੀਆਂ 'ਤੇ ਹੈ। ਨੰਦ ਲਾਲ ਨੂਰਪੁਰੀ ਦੀ ਕਵਿਤਾ ਦੋਆਬੇ ਦੀਆਂ ਸੰਧੂਰੀ ਅੰਬੀਆਂ ਵਰਗੀ। 'ਅੰਬੀਆਂ ਨੂੰ ਤਰਸੇਂਗੀ, ਛੱਡ ਕੇ ਦੇਸ ਦੋਆਬਾ'। ਮੈਂ ਨੂਰਪੁਰੀ 'ਤੇ ਡਾਕੂਮੈਂਟਰੀ ਬਣਾਈ ਤਾਂ ਪਤਾ ਲੱਗਾ, ਜਿਹੜੇ ਮੈਂ ਲੋਕ ਗੀਤ ਸਮਝਦਾ ਸਾਂ, ਉਹ ਤਾਂ ਨੂਰਪੁਰੀ ਦੇ ਲਿਖੇ ਹੋਏ ਗੀਤ ਸਨ, 'ਚੁੰਮ ਚੁੰਮ ਰੱਖੋ ਨੀਂ ਇਹ ਕਲਗੀ ਜੁਝਾਰ ਦੀ', 'ਮੇਰਾ ਸਹੁਰਿਆਂ ਨੇ ਚੁਣ ਚੁਣ ਨਾਂ ਰੱਖਿਆ, ਰਾਵੀ ਰੱਖਿਆ ਕਿ ਝਨਾਂ ਰੱਖਿਆ', 'ਘੁੰਡ ਕੱਢ ਲੈ ਪਤਲੀਏ ਨਾਰੇ ਕਿ ਸਹੁਰਿਆਂ ਦਾ ਪਿੰਡ ਆ ਗਿਆ'।

ਜਲੰਧਰ ਬਸਤੀ ਗੁਜ਼ਾਂ ਵਿਚ ਗਰੀਬੜੇ ਜਿਹੇ ਘਰ ਵਿਚ ਰਹਿੰਦਾ, ਪਿੱਪਲ ਦੀ ਛਾਵੇਂ ਖੂਹ 'ਤੇ ਬਹਿੰਦਾ ਗੀਤਾਂ ਦਾ ਬਾਦਸ਼ਾਹ ਨੰਦ ਲਾਲ ਨੂਰਪੁਰੀ ਉਸੇ ਖੂਹ ਵਿਚ ਛਾਲ ਮਾਰ ਕੇ ਮਰ ਗਿਆ। ਭੁੱਖ ਦੁੱਖੋਂ, ਰੋਟੀ ਦੁੱਖੋਂ। ਗਰੀਬੀ ਹੱਥੋਂ ਮਾਰਿਆ ਗਿਆ ਗੀਤਾਂ ਦਾ ਬਾਦਸ਼ਾਹ। ਦੁਆਬੇ ਵਿਚ ਸਟੇਜੀ ਕਵਿਤਾ ਟਪਕੇ ਅੰਬ ਵਰਗੀ ਸੀ। ਇਸ ਵਿਚ ਰਸ ਭਰਨ ਵਾਲੇ ਸਟੇਜੀ ਕਵੀ ਸਨ-ਸਾਧੂ ਸਿੰਘ ਹਮਦਰਦ, ਹੁਮਾ ਹਰਨਾਲਵੀ, ਚਾਨਣ ਗੋਬਿੰਦਪੁਰੀ, ਮੇਲਾ ਰਾਮ ਵਫ਼ਾ, ਚਰਨ ਸਿੰਘ ਸਫਰੀ, ਗੁਰਦਿੱਤ ਸਿੰਘ ਕੁੰਦਨ ਤੇ ਗੁਰਦਾਸ ਰਾਮ ਆਲਮ। ਹੋਰ ਤਾਂ ਹੋਰ ਉਰਦੂ ਦਾ ਪ੍ਰਸਿੱਧ ਸ਼ਾਇਰ ਜੋਸ਼ ਮਲਸੀਆਨੀ ਵੀ, ਮਲਸੀਆਂ ਸ਼ਾਹਕੋਟ ਦਾ ਰਹਿਣ ਵਾਲਾ।

ਪਾਸ਼ ਦਾ ਨਾਂ ਮੈਂ ਨਕਸਲਬਾੜੀ ਲਹਿਰ ਕਰਕੇ ਸੁਣਿਆ ਸੀ। ਨਕੋਦਰ ਕਾਲਜ ਪੜ੍ਹਨ ਲੱਗੇ ਤਾਂ ਪਾਸ਼ ਦੀ ਕਵਿਤਾ ਦੀ ਕਿਤਾਬ ਉਨ੍ਹੀਂ ਦਿਨੀਂ ਆਈ ਹੀ ਆਈ ਸੀ। ਕਾਲੇ ਰੰਗ ਦੀ ਜਿਲਦ, ਤੇ ਵਿਚ ਚਿੱਟੇ ਦੁੱਧ ਅੱਖਰ। ਹਨੇਰੇ ਵਿਚ ਉਡਦੇ ਸਫੇਦ ਅੱਖਰ। ਕਾਲੇ ਅਸਮਾਨ 'ਚ ਜਿਵੇਂ ਦੁੱਧ ਚਿੱਟੇ ਬਾਜ਼। ਬਾਜ਼ਾਂ ਮਗਰ ਹਨੇਰਾ ਪਿਆ ਹੋਇਆ ਸੀ ਤੇ ਬਾਜ਼ ਹਨੇਰੇ ਮਗਰ ਪਏ ਹੋਏ ਸਨ, ਪਰ ਪਾਸ਼ ਉਡਦਿਆਂ ਬਾਜ਼ਾਂ ਮਗਰ ਜਾ ਰਿਹਾ ਸੀ। ਪੂਰੀ ਪੰਜਾਬੀ ਕਵਿਤਾ 'ਤੇ ਛਾਇਆ ਪਿਆ ਸੀ ਦੋਆਬੀਆ ਪਾਸ਼। ਨਕੋਦਰ ਕੋਲ ਤਲਵੰਡੀ ਸਲੇਮ ਦਾ ਰਹਿਣ ਵਾਲਾ। ਹਨੇਰੇ ਨਾਲ ਟੱਕਰਾਂ ਲੈਣ ਵਾਲਾ।

ਮੈਂ ਮੁੱਛ ਫੁੱਟ ਈ ਸੀ ਮਸੀਂ! ਗੁਰੂ ਨਾਨਕ ਕਾਲਜ ਬੀ. ਏ. ਭਾਗ ਪਹਿਲਾ ਵਿਚ ਪੜ੍ਹਦਾ। ਦਰਸ਼ਨ ਬੁਲੰਦਵੀ ਇਸੇ ਕਾਲਜ ਵਿਚੋਂ ਪੜ੍ਹ ਕੇ ਹਟਿਆ ਸੀ। ਉਦੋਂ ਲੱਗਦਾ ਸੀ ਕਵੀ ਹੋਣ ਲਈ ਕਾਮਰੇਡ ਹੋਣਾ ਜ਼ਰੂਰੀ ਹੈ, ਜਾਂ ਹੋਰ ਤਾਕਤਵਰ ਹੋਣ ਲਈ ਨਕਸਲਬਾੜੀਆ ਹੋਣਾ ਜ਼ਰੂਰੀ। ਇਸ ਤਰ੍ਹਾਂ ਦੀ ਇਨਕਲਾਬੀ ਕਵਿਤਾ ਦੀਆਂ ਅੰਧੀਆਂ ਜੜ੍ਹਾਂ ਦੁਆਬੇ ਵਿਚ ਸਨ! ਜਸਵੰਤ ਖਟਕੜ, ਦਰਸ਼ਨ ਖਟਕੜ, ਸੰਤ ਸੰਧੂ-ਸਭ ਨਕਸਲਬਾੜੀ ਦੁਆਬੀਏ ਪਰ ਮੇਰੀ ਤਾਂਘ ਦਿਲਚਸਪੀ ਜਾਂ ਚਾਹਤ ਪੁਲਿਸ ਕੋਲੋਂ ਕੁੱਟ ਖਾਣ ਵਾਲੇ, ਥਾਣੇਦਾਰ ਦੇ ਮੂੰਹ 'ਤੇ ਥੁੱਕਣ ਵਾਲੇ ਤੇ ਸਿਵਿਆਂ ਵਿਚ ਜਾ ਕੇ ਦਾਰੂ ਪੀਣ ਵਾਲੇ ਖੂੰਖਾਰ ਕਵੀ ਪਾਸ਼ ਨੂੰ ਦੇਖਣ ਦੀ ਹੁੰਦੀ ਸੀ। ਉਹਦੀ ਕਵਿਤਾ ਦੀ ਆਖਰੀ ਕਿਤਾਬ 'ਸਾਡੇ ਸਮਿਆਂ ਵਿਚ' ਯੂਨੀਵਰਸਿਟੀ ਜਾ ਕੇ ਪੜ੍ਹੀ



ਨੰਦ ਲਾਲ ਨੂਰਪੁਰੀ



ਸੁਰਜੀਤ ਪਾਤਰ



ਐਸ ਐਸ ਮੀਸ਼ਾ

ਤਾਂ ਜਾ ਕੇ ਪਤਾ ਲੱਗਾ ਕਿ ਅਸਲੀ ਪਾਸ਼ ਤਾਂ ਉਹਦੀ ਕਵਿਤਾ ਦੀ ਇਸ ਕਿਤਾਬ ਵਿਚ ਪਿਆ ਹੈ। ਮੈਂ ਉਹਦੀ ਕਵਿਤਾ ਉਸ ਦੇ ਆਖਰੀ ਦਿਨਾਂ ਵਿਚ ਆਖਰੀ ਵਾਰੀ ਉਹਦੇ ਮੂੰਹੋਂ ਸੁਣੀ ਨਕੋਦਰ ਕਾਲਜ ਦੀ ਸਟੇਜ 'ਤੇ, 'ਪੁਲੀਸ ਦੀ ਕੁੱਟ ਆਖਰੀ ਕੁੱਟ ਨਹੀਂ ਹੁੰਦੀ'। ਸਾਹ ਸੂਤ ਕੇ ਲੈ ਗਿਆ ਕਵੀ! ਪਾਸ਼ ਦੀ ਆਵਾਜ਼ ਵਿਚ, ਤੇ ਸ਼ਬਦਾਂ ਵਿਚ ਇਕੋ ਜਿਹਾ ਦਮ ਸੀ। ਦੋਆਬੇ ਦੀ ਸੱਜਰੀ ਨਰੋਈ ਤਕੜੀ ਸਵੇਰ ਵਰਗਾ।

ਪਾਸ਼ ਦੇ ਖ਼ਤਾਂ ਤੋਂ ਪਤਾ ਲੱਗਦਾ-ਉਹ ਜ਼ਹੀਨ ਤੇ ਬਰੀਕ ਬੰਦਾ ਸੀ। ਕਵਿਤਾ ਵਿਚ ਉਹ ਲਾਲ ਸਿੰਘ ਦਿਲ ਦੇ ਮੁਕਾਬਲੇ ਬਹੁਤੀ ਥਾਈਂ ਮੋਟਾ ਠੁੱਲ੍ਹਾ ਹੈ, ਪਰ ਉਸ ਦੌਰ ਦੀ ਕਵਿਤਾ ਵਿਚੋਂ ਸਿਰਫ ਪਾਸ਼ ਕਿਸੇ ਮੀਲ ਪੱਥਰ ਵਾਂਗ ਖੜ੍ਹਾ ਹੈ। ਉਸ ਕਵਿਤਾ ਦਾ ਇਤਿਹਾਸ ਤੇ ਗੌਰਵ ਬਣ ਕੇ! ਅਮਿਤੋਜ ਦੀ ਆਵਾਜ਼ ਵਿਚ ਉਦੋਂ ਪਾਸ਼ ਨਾਲੋਂ ਵੱਧ ਦਮ ਸੀ ਪਰ ਸ਼ਬਦਾਂ ਵਿਚ ਦਮ ਘੱਟ ਸੀ। ਅਮਿਤੋਜ ਕਪੂਰਥਲੇ ਵੱਲ ਦਾ ਸੀ। ਪਿੰਡ ਅਖਾੜਾ ਭੁਲੱਥਾਂ ਦਾ। ਉਸ ਦੀਆਂ ਕਵਿਤਾਵਾਂ ਕਾਲਜ ਦੇ ਮੁੰਡਿਆਂ ਨੂੰ ਯੂਨੀਵਰਸਿਟੀ ਦੇ ਪੜ੍ਹਾਕੂਆਂ ਨੂੰ ਖਿੱਚਦੀਆਂ ਸਨ। ਮੈਂ ਉਸ ਦੀ ਕਵਿਤਾ 'ਬੁੱਢਾ ਬੋਲਦ' ਪੰਜਾਬੀ ਯੂਨੀਵਰਸਿਟੀ ਪਟਿਆਲੇ ਸੁਣੀ ਸੀ। ਇੰਗਲੈਂਡ ਪਹਿਲੀ ਵਿਸ਼ਵ ਕਾਨਫਰੰਸ ਵਿਚ ਵੀ। ਅਮਿਤੋਜ ਦੀ ਕਵਿਤਾ ਵਿਚ ਸ਼ਾਬਦਿਕ ਡਰਾਮਾ ਸੀ। ਉਸ ਦੀ ਆਪਣੀ ਜ਼ਿੰਦਗੀ ਵੀ ਇਹੋ ਜਿਹੀ ਸੀ। ਉਹ ਦੂਰਦਰਸ਼ਨ ਜਲੰਧਰ ਦੇ ਪ੍ਰੋਗਰਾਮਾਂ ਦਾ ਇਕੋ ਇਕ ਕੰਪੀਅਰ ਸੀ ਜਿਸ ਦਾ ਨਾਂ ਲੈ ਕੇ ਕਿਹਾ ਜਾ ਸਕਦਾ ਹੈ, 'ਇਹੋ ਜਿਹੇ ਹੋਣੇ ਚਾਹੀਦੇ ਨੇ ਕੰਪੀਅਰ।' 'ਕੱਚ ਦੀਆਂ ਮੁੰਦਰਾਂ' ਵਿਚ ਅਮਿਤੋਜ ਨੇ ਜਾਨ ਪਾਈ ਸੀ ਪਰ ਉਸ ਦੀ ਕਵਿਤਾ ਟੀ.ਵੀ. ਤੇ ਤੀਵੀਂ ਨੇ ਖਾ ਲਈ! ਅਮਿਤੋਜ ਚੱਲ ਵਸਿਆ।

ਕਪੂਰਥਲਾ ਜ਼ਿਲ੍ਹੇ ਦੇ ਪਿੰਡ ਭੇਟਾਂ ਦਾ ਕਵੀ ਸੋਹਣ ਸਿੰਘ ਮੀਸ਼ਾ ਰੇਡੀਓ ਸਟੇਸ਼ਨ ਜਲੰਧਰ ਦਾ ਮਾਲਕ ਸੀ। ਮੀਸ਼ਾ ਪੰਜਾਬੀ ਕਵਿਤਾ ਦੇ ਚਾਰ ਕੁ ਵੱਡੇ ਮਾਲਕਾਂ ਵਿਚੋਂ ਇਕ ਸੀ। ਸੋਹਣ ਸਿੰਘ ਤੋਂ ਬਾਅਦ ਮੀਸ਼ਾ ਪੰਜਾਬੀ ਕਵਿਤਾ ਦਾ ਵਾਰਸ ਸੀ। ਇਸ ਲਈ ਨਹੀਂ ਕਿ ਉਹ ਦੋਆਬੇ ਦੇ ਪਿੰਡ ਭੇਟਾਂ ਦਾ ਰਹਿਣ ਵਾਲਾ ਸੀ, ਇਸ ਲਈ ਵੀ ਨਹੀਂ ਕਿ ਉਹ ਰੇਡੀਓ ਦਾ ਪ੍ਰੋਡਿਊਸਰ ਸੀ। ਆਪਣੀ ਕਵਿਤਾ ਕਰਕੇ ਸੋਹਣ ਸਿੰਘ ਮੀਸ਼ਾ ਸੀ ਤੇ ਹੈ, ਜਾਨਦਾਰ ਤੇ ਅਲੱਗ। ਸ਼ਾਇਰੀ ਵਿਚ ਤਕੜਾਈ ਇਸ ਲਈ ਸੀ ਕਿ ਸ਼ਬਦਾਂ ਤੇ ਸੋਚ ਵਿਚ ਸੰਜੀਦਗੀ ਸੀ, ਸ਼ਾਇਰੀ ਸੀ। ਉਹ 'ਚੀਕ ਬੁਲਬਲੀ' ਦਾ ਕਵੀ ਸੀ ਪਰ ਧੀਮੀ ਸੁਰ ਵਿਚ ਕਵਿਤਾ ਕਹਿਣ ਵਾਲਾ। ਉਸ ਦੇ ਆਸੇ-ਪਾਸੇ ਲਿਖਣ ਵਾਲੇ ਉਸ ਤੋਂ ਦੁਖੀ ਸਨ। ਉਸ ਦੀ ਆਲੋਚਨਾ ਕਰਦੇ ਸਨ ਪਰ ਉਸ ਦੀ ਕਵਿਤਾ ਅੱਗੇ ਕੋਈ ਨਹੀਂ ਸੀ ਠਹਿਰਦਾ ਭਾਵੇਂ ਉਸ ਦੇ ਪਿੰਡਾਂ ਲਾਗਲੀ ਦੋਆਬੇ ਦੀ ਕਾਂਜਲੀ ਝੀਲ ਦੇ ਗੁੰਝਲਦਾਰ ਪਾਣੀ ਨੇ ਉਸ ਨੂੰ ਮੌਤ ਦੀ ਲਪੇਟ ਵਿਚ ਲੈ ਲਿਆ ਪਰ ਮੀਸ਼ੇ ਦੀ ਕਵਿਤਾ ਅੱਜ ਵੀ ਦੋਆਬੇ ਦੀ ਸ਼ਾਮ ਦੀ ਮਿੱਠੀ ਪੌਣ ਵਰਗੀ ਹੈ ਪਰ ਬਰੀਕ ਤੇ ਵਿਵੇਕੀ।


ਸੁਰਜੀਤ ਪਾਤਰ ਨੂੰ ਕੌਣ ਨਹੀਂ ਜਾਣਦਾ? ਪਰ ਮੈਂ ਪਾਤਰ ਨੂੰ ਪਟਿਆਲੇ ਜਾਣਨ ਲੱਗਾ। ਪਤਾ ਲੱਗਾ ਕਿ 'ਜਿਸ ਆਸਣ ਹਮ ਬੈਠੇ ਕੇਤੇ ਬੈਠ ਗਏ।' ਮੈਂ ਕਵੀ, ਪਟਿਆਲੇ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਬਣਿਆ। ਪਤਾ ਲੱਗਾ ਪਾਤਰ ਤੇ ਨੂਰ ਵੀ ਇੱਥੇ ਪੜ੍ਹੇ। ਦੂਰਦਰਸ਼ਨ ਆ ਕੇ ਪਤਾ ਲੱਗਾ ਪਾਤਰ ਲੁਧਿਆਣੇ



ਦਰਸ਼ਨ ਖਟਕੜ



ਗੁਰਦਾਸ ਰਾਮ ਆਲਮ



ਲਾਲ ਸਿੰਘ ਦਿਲ

ਦਾ। ਫਿਰ ਪਤਾ ਲੱਗਾ ਪਾਤਰ ਐਵੇਂ ਨਹੀਂ ਪਾਤਰ ਬਣਿਆ-ਦੋਆਬੇ ਦੇ ਕਪੂਰਥਲੇ ਜ਼ਿਲ੍ਹੇ ਦੇ ਪਿੰਡ ਪੱਤੜਾਂ ਦਾ ਜੰਮਪਲ ਕਵੀ ਹੈ-ਦੋਆਬੀਆ। ਪਾਤਰ ਆਪਣੀ ਗ਼ਜ਼ਲ ਤੇ ਸ਼ਖ਼ਸੀਅਤ ਦੀ ਮਿਠਾਸ ਨਾਲ ਇਨ੍ਹਾਂ ਵੇਲਿਆਂ ਦਾ ਸਭ ਤੋਂ ਵੱਧ ਮਕਬੂਲ ਕਵੀ ਹੈ।

ਤਾਰਾ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਹੁਕੜਾਂ ਦਾ ਜੰਮਪਲ। ਕੋਈ ਮਨੇਗਾ? ਹੁਕੜਾਂ ਸ਼ਬਦ ਹੂਕ ਤੋਂ ਬਣਿਆ ਲੱਗਦਾ। ਤੇ ਹੁਕੜਾਂ ਲਫ਼ਜ਼ ਹੂਕ ਦਾ ਮਜ਼ਾਕ ਵੀ। ਤਾਰਾ ਸਿੰਘ ਨੇ ਕਵਿਤਾ ਲਿਖੀ, ਤਾਂ ਹੂਕ ਉਭਰੀ, 'ਪਿਆਰ ਤੇਰਾ ਜੀਵਨ ਵਿਚ ਮੈਨੂੰ ਕੁੱਲ ਏਨਾ ਚਿਰ ਮਿਲਿਆ, ਜਿਉਂ ਕੋਈ ਅੱਕ ਕੱਕੜੀ ਦਾ ਫੰਬਾ ਉਡਦਾ ਉਡਦਾ ਛਾਂ ਕਰ ਜਾਵੇ!' ਜਾਂ-'ਕਿੱਥੇ ਤੁਰ ਚੱਲਿਆਂ, ਜਿੱਥੇ ਤੁਰ ਚੱਲਿਆਂ ਉੱਥੇ ਵੀ ਤਾਂ ਰੋਸਿਆਂ ਦੇ ਸੱਪ ਬਣ ਜਾਣਗੇ।' ਇਹ ਹੁੰਦੀ ਹੈ ਕਵਿਤਾ! ਤੁਕਾਂ ਨਾਲ ਤੁਕਾਂ ਜੋੜਨ ਜਾਂ ਬੇਥਵ੍ਹੀ ਖੁੱਲ੍ਹੀ ਕਵਿਤਾ। ਜਿੱਥੇ ਅਸਲੀ ਕਵਿਤਾ ਪਈ ਹੈ, ਉੱਥੇ ਖਲੋਤਾ ਹੈ ਤਾਰਾ ਸਿੰਘ! ਤਾਰਾ ਸਿੰਘ ਮਜ਼ਾਕ ਉਡਾਉਂਦਾ ਤਾਂ ਇਕੋ ਫਿਕਰੇ ਨਾਲ ਸਿਰ ਕਲਮ ਕਰ ਦਿੰਦਾ! ਕਵਿਤਾ ਲਿਖਦਾ ਤਾਂ ਇਕੋ ਫਿਕਰੇ ਨਾਲ ਖੂਹ ਅੰਦਰੋਂ ਪਰੀ ਕੱਢ ਲਿਆਉਂਦਾ! ਹੁਕੜਾਂ ਦਾ ਜੰਮਿਆ ਦਿੱਲੀ ਵਿਚ ਰਹਿੰਦਾ ਰਿਹਾ। ਉਸ ਨੇ ਕਵਿਤਾ ਵਿਚ ਗਿਆਨੀ ਜ਼ੈਲ ਸਿੰਘ ਜਿੰਨੀ ਤਰੱਕੀ ਕੀਤੀ। ਉਸ ਦੀ ਕਵਿਤਾ ਪੰਜਾਬੀ ਕਵਿਤਾ ਦੀ ਗਰੀਬੀ ਚੱਕਦੀ ਹੈ, ਕਵਿਤਾ ਦੇ ਰਾਸ਼ਟਰਪਤੀ ਭਵਨ ਤੱਕ ਲਿਜਾਂਦੀ ਹੈ।

ਮੈਨੂੰ ਲੱਗਦਾ ਦੁਆਬਾ ਕਿਸੇ ਕਵੀ ਦਾ ਵਸਾਇਆ ਹੋਇਆ ਦੇਸ ਹੈ। ਦੋ ਆਬ ਮਿਲਾਏ ਤੇ ਰਚਿਆ ਗਿਆ ਦੋਆਬਾ। ਸਤਲੁਜ ਤੇ ਬਿਆਸ-ਇਨ੍ਹਾਂ ਦਰਿਆਵਾਂ ਦਾ ਪਾਣੀ ਲਓ, ਇਕ ਗਿਲਾਸ ਵਿਚ ਮਿਲਾਓ, ਪੀਓ, ਤੇ ਹੋ ਜਾਓ ਦੋਆਬੀਏ! ਪਰ ਦੋਆਬੇ ਦੇ ਲੋਕ ਕਹਿੰਦੇ ਨੇ ਕੋਰੇ ਬੜੇ ਹੁੰਦੇ ਹਨ, ਕੰਜੂਸ ਵੀ। ਗਰੀਬੀ ਤੋਂ ਛੁਟਕਾਰਾ ਪਾਉਣ ਲਈ ਦੁਆਬੀਏ ਵਲੈਤਾਂ ਵਿਚ ਜਾ ਵੱਸੇ। ਅੱਧਾ ਦੋਆਬਾ ਤਾਂ ਬਾਹਰ ਬੈਠਾ। ਦੋਆਬੇ ਦੇ ਹਰ ਦੂਜੇ ਘਰ ਦਾ ਬੰਦਾ ਬਾਹਰਲੇ ਮੁਲਕ ਗਿਆ ਹੋਇਐ। ਇਸੇ ਲਈ ਮੇਰੀਆਂ ਆਪਣੀਆਂ ਲਿਖਤਾਂ ਵਿਚ ਵੀ ਬਾਹਰਲੇ ਮੁਲਕ ਆਣ ਵੱਜਦੇ ਨੇ। ਭਾਣਜੇ ਦੀ ਵਲੈਤ ਫੇਰੀ, ਵਲੈਤੀ ਤੀਵੀਂ, ਬਾਹਰਲੇ ਬਾਥਰੂਮ, ਪਲਦੀ ਆਦਿ। ਦੋਆਬੇ ਦੇ ਕਵੀ ਵੀ ਬਾਹਰਲੇ ਮੁਲਕਾਂ ਵਿਚ ਜਾ ਵਸੇ।

ਕਵਿਤਾ ਵਿਚ ਆਪਣੀ ਵੱਖਰੀ ਥਾਂ ਬਣਾਉਣ ਵਾਲਾ ਜਗਤਾਰ ਢਾਅ ਜਲੰਧਰ ਜ਼ਿਲ੍ਹੇ ਦੇ ਪਿੰਡ ਸਰਗੁੰਦੀ ਦਾ ਹੈ। ਉਹ ਗੁਆਚੇ ਘਰ ਦੀ ਤਲਾਸ਼ ਨਾਲ ਨਮੂਦਾਰ ਹੋਇਆ। ਦਰਸ਼ਨ ਬੁਲੰਦਵੀ ਨਕੋਦਰ ਲਾਗਲਾ ਹੈ। ਬਲਦੇਵ ਬਾਵਾ ਸਰੀਂਹ ਦਾ। ਕੈਨੇਡਾ ਦਾ ਕਵੀ ਰਵਿੰਦਰ ਰਵੀ ਜਲੰਧਰੀ ਹੈ। ਕੈਨੇਡਾ ਦਾ ਜਲੰਧਰ ਕੋਲ ਦੇ ਪਿੰਡ ਦਾ ਹੈ। ਅਮਰੀਕਾ ਦਾ ਦਲਜੀਤ ਮੋਖਾ ਦੋਆਬੀਆ ਹੈ। ਰਵਿੰਦਰ ਸਹਿਰਾਅ ਫਗਵਾੜੇ ਕੋਲ ਦਾ। ਪਤਾ ਨਹੀਂ ਹੋਰ ਕਿਹੜੇ ਕਿਹੜੇ ਮੁਲਕ ਵਿਚ ਕਿਹੜਾ ਕਿਹੜਾ ਦੋਆਬੀਆ ਕਵੀ ਅੰਬਾਂ ਦੀ ਮਹਿਕ ਨੂੰ ਤਰਸ ਰਿਹਾ ਹੈ। ਦੋਆਬੇ ਦੇ ਕਵੀਆਂ ਦੀ ਲੰਬੀ ਲਿਸਟ ਹੈ। ਕਵੀ ਹੋਰ ਵੀ ਹੋਣਗੇ ਪਰ ਆਪਾਂ ਦੋਆਬੇ ਦੇ ਕਵੀਆਂ ਦੀ ਗੱਲ ਲੋਕ ਗੀਤ ਦੇ ਹਵਾਲੇ ਨਾਲ ਖਤਮ ਕਰ ਲਈਏ, 'ਕਵੀਆਂ (ਅੰਬੀਆਂ) ਨੂੰ ਤਰਸੇਂਗੀ, ਛੱਡ ਕੇ ਦੇਸ ਦੋਆਬਾ।'

## ਕਵੀਆਂ ਦੀ ਗੱਲ

## ਯਾਦ ਪੰਜਾਬ ਦੀ

ਸਾਨੂੰ ਵਿਚ ਪਰਦੇਸਾਂ ਬੈਠਿਆਂ ਨੂੰ,
ਦੱਸੀਂ ਯਾਰਾ ਕੀ ਹਾਲ ਪੰਜਾਬ ਦਾ ਏ।
ਕੁਝ ਹੋਰ ਤਰੱਕੀ ਕੀਤੀ ਏ,
ਕੀ ਹਾਲ ਤੁਹਾਡੀ ਸਰਕਾਰ ਦਾ ਏ।

ਸੁਣਿਆ ਕੁਰਸੀ ਖਾਤਿਰ ਨਸ਼ੇ ਵੰਡੇ ਲੋਕਾਂ ਨੂੰ,
ਬੇੜਾ ਗਰਕ ਕਰ ਦਿੱਤਾ ਜਵਾਨੀ ਦਾ।
ਵੇਖ ਵੇਖ ਸੋਹਣੇ ਜਵਾਨਾਂ ਨੂੰ,
ਦਿਲ ਪੁਕਾਰਦਾ ਏ ਹਰ ਕੋਈ ਭੁੱਬਾਂ ਮਾਰਦਾ ਏ।
ਯਾਰਾ ਕੰਮ ਗਲਤ ਕੀਤਾ ਹਰ ਕੋਈ ਆਖੇ,
ਹਰ ਕੋਈ ਲੀਡਰਾਂ ਨੂੰ ਫਟਕਾਰਦਾ ਏ।
ਸਾਨੂੰ ਵਿਚ ਪਰਦੇਸਾਂ...।

ਦੇਖੋ ਛੋਟਾ ਭਾਈ ਹਰਿਆਣਾ ਇਸ ਦਾ,
ਦਿਨ ਰਾਤ ਤਰੱਕੀ ਕਰ ਰਿਹਾ ਏ।
ਹਰ ਸ਼ਹਿਰ ਨੂੰ ਸੈਕਟਰਾਂ ਵਿਚ ਵੰਡ ਕੇ,
ਪੌੜੀ-ਪੌੜੀ ਉਪਰ ਚੜ੍ਹ ਰਿਹਾ ਏ।
ਹਰ ਇਕ ਦਾ ਇਸ ਦਿਲ ਲੁੱਟਿਆ,
ਇਹ ਸਭ ਦਾ ਸੀਨਾ ਠਾਰਦਾ ਏ।...

ਹਰ ਗੱਭਰੂ ਨੇ ਸਾਂਭ ਜਵਾਨੀ ਨੂੰ,
ਹਰਿਆਣੇ ਦਾ ਮਾਣ ਵਧਾ ਦਿੱਤਾ।
ਸੋਨੇ ਦੇ ਮੈਡਲ ਜਿੱਤ-ਜਿੱਤ ਕੇ,
ਸਰਕਾਰ ਦੇ ਮੋਹਰੇ ਢੇਰ ਲਾ ਦਿੱਤਾ।
ਆਉਂਦੇ ਗੱਭਰੂ ਨੋਟਾਂ ਨਾਲ ਤੋਲੇ,
ਜਿਹੜਾ ਹੱਕ ਬਣਦਾ ਸਰਕਾਰ ਦਾ ਏ।...

ਇਥੇ ਘਰ-ਘਰ ਘੁਲਦੇ ਮੱਲ ਵੇਖੇ,
ਵੇਖੋ ਕੁੰਡੀਆਂ ਦੇ ਸਿੰਗ ਫਸਿਆਂ ਨੂੰ।
ਇੱਥੇ ਦੁੱਧ ਘਿਉ ਦੀਆਂ ਨਦੀਆਂ ਵਗਦੀਆਂ ਨੇ,
ਲੋਕੀਂ ਜਾਣਦੇ ਨਹੀਂ ਨਸ਼ਿਆਂ ਨੂੰ।
ਸਲਾਮ ਕਰੋ ਹਰਿਆਣੇ ਦੇ ਲੋਕਾਂ ਨੂੰ,
ਤੇ ਸਤਿਕਾਰ ਬਣਦਾ
ਹਰਿਆਣਾ ਸਰਕਾਰ ਦਾ ਏ।
ਸਾਨੂੰ ਵਿਚ ਪਰਦੇਸਾਂ...।
ਮੇਰੇ ਪੰਜਾਬ ਦੀ ਰੂਹ ਪਿੰਜੀ ਹੋਈ ਏ,
ਲੀਡਰ ਨਸ਼ਾ ਵੰਡਣ ਤੋਂ ਨਹੀਂ ਬਾਜ ਆਉਂਦੇ।
ਜਵਾਨੀ ਸਾਂਭ ਲਵੋ ਲੋਕੋ ਜੇ ਸਾਂਭੀ ਜਾਂਦੀ,
ਗਲ ਇਨ੍ਹਾਂ ਦੇ ਬਿਨਾਂ ਹਾਰ ਪਾਇਆਂ।
ਕਿਉਂ ਨਹੀਂ ਸਮਝਾਉਂਦੇ,
ਸੱਚੇ-ਸੁੱਚੇ ਬੰਦਿਆਂ ਦੀ ਸਰਕਾਰ ਚੁਣੋ।
ਕੰਮ ਕਰੇ ਚੰਗਾ ਹੱਕ ਬਣਦਾ
ਹਰ ਸਰਕਾਰ ਦਾ ਏ।
ਸਾਨੂੰ ਵਿਚ ਪਰਦੇਸਾਂ...

ਸੰਧੂ ਜਸਬੀਰ ਆਖੇ
ਹੁਣ ਚੋਣਾਂ ਨੇੜੇ ਆਉਣ ਵਾਲੀਆਂ ਨੇ
ਨਸ਼ਾ ਵੰਡਣ ਆਵੇ ਕੋਈ ਪਿੰਡ ਥੋਡੇ
ਜਾਗੋ ਲੋਕੋ ਹੁਣ ਤੋਂ ਕਰੋ ਤਿਆਰੀਆਂ ਨੂੰ
ਮੋੜ ਦਿਉ ਤੇ ਕਹੋ ਲੈ ਜਾ
ਮੋੜ ਕੇ ਇਨ੍ਹਾਂ ਬਿਮਾਰੀਆਂ ਨੂੰ
ਜਿਹੜਾ ਲੀਡਰ ਕਰੇ ਵਾਅਦਾ
ਪੰਜਾਬ ਦੀ ਤਰੱਕੀ ਦਾ
ਹੱਕ ਬਣਦਾ ਉਹਦੇ ਸਤਿਕਾਰ ਦਾ ਏ।
ਸਾਨੂੰ ਵਿਚ ਪਰਦੇਸਾਂ ਬੈਠਿਆਂ ਨੂੰ
ਦੱਸੀਂ ਯਾਰਾ ਕੀ ਹਾਲ ਪੰਜਾਬ ਦਾ ਏ।

## ਦੂਜਾ ਨੰਬਰ ਮਾਂ ਦਾ

ਦੂਜਾ ਨੰਬਰ ਮਾਂ ਦਾ ਆਉਂਦਾ ਰੱਬ ਤੋਂ ਬਾਅਦ,
ਇਹਦਾ ਦੇਣ ਨਹੀਂ ਕੋਈ ਦੇ ਸਕਦਾ।
ਇਹ ਮਾਂ ਜਦ ਧੀ ਦੇ ਰੂਪ ਵਿਚ ਆਉਂਦੀ,
ਇਹਦਾ ਜੰਮਣਾ ਕਿਉਂ ਨਹੀਂ ਸਹਿ ਸਕਦਾ।
ਧੀ ਤੋਂ ਬਾਅਦ ਹੀ ਮਾਂ ਦਾ ਦਰਜਾ ਪਾਉਂਦੀ,
ਤੂੰ ਭੁੱਲ ਗਿਆ ਇਸ ਜਨਮ ਦਾਤੀ ਨੂੰ,
ਇਹੀ ਸਭ ਨੂੰ ਸੰਸਾਰ ਦਿਖਾਉਂਦੀ,
ਮਾਂ ਤਾਂ ਠੰਢੀ ਛਾਂ ਹੁੰਦੀ ਘੁੱਟ ਛਾਤੀ ਨਾਲ ਲਾਉਂਦੀ,
ਤੂੰ ਤਾਂ ਰੱਬ ਨੂੰ ਭੁੱਲਿਆ ਫਿਰਦਾ ਏਂ,
ਪਰ ਧੀ ਦਾ ਜਨਮ ਨਹੀਂ ਸਹਿ ਸਕਦਾ।
ਦੂਜਾ ਨੰਬਰ ਮਾਂ ਦਾ ਆਉਂਦਾ...।

ਮਾਂ ਦੀ ਜਿਸ ਅੰਦਰ ਕਦਰ ਨਹੀਂ,
ਉਹ ਕਿਸੇ ਦਾ ਦਰਦ ਕੀ ਵੰਡਾ ਸਕਦਾ।
ਜਿਹੜਾ ਧੀ ਨਾਲ ਨਾ ਪਿਆਰ ਕਰੇ,
ਉਹ ਮਾਂ ਦਾ ਪਿਆਰ ਕੀ ਪਾ ਸਕਦਾ।
ਭੁੱਲ ਗਿਆ ਏਂ ਮਾਂ ਦੇ ਪਿਆਰ ਨੂੰ ਸਤਿਕਾਰ ਨੂੰ,
ਏਦੂੰ ਮਾੜਾ ਕੀ ਕਹਿ ਸਕਦਾ।

## ਕਾਵਿ-ਜਗਤ

ਦੂਜਾ ਨੰਬਰ ਮਾਂ ਦਾ ਆਉਂਦਾ...।

ਮਾਂ ਜਨਮ ਦਿੰਦੀ, ਰੱਬ ਕਰਮ ਦਿੰਦਾ,
ਨਾ ਮਾਂ ਨੂੰ ਭੁਲਾਇਆ ਜਾ ਸਕਦਾ।
ਨਾ ਰੱਬ ਨੂੰ ਭੁਲਾਇਆ ਜਾ ਸਕਦਾ।
ਇਹ ਜਨਮ ਕਰਮ ਦੇ ਵਾਰਿਸ ਨੇ,
ਇਨ੍ਹਾਂ ਬਿਨਾਂ ਨਹੀਂ ਰਹਿ ਸਕਦਾ।...।

ਸੰਧੂ ਜਸਬੀਰ ਮਾਂ ਦਾ ਦਿਲ ਬੜਾ ਕੋਮਲ ਏ,
ਜ਼ਰਾ ਜਿੰਨੀ ਸੱਟ ਲੱਗੇ ਤਾਂ ਇਹ ਆਹਾਂ ਭਰਦੀ।
ਸਾਰੀ ਉਮਰ ਲੰਘਾਉਂਦੀ ਦੁੱਖ ਜਰਦੀ,
ਇਹ ਮਮਤਾ ਦੀ ਮੂਰਤ ਜੀਵਨ ਭਰਦੀ।
ਜਗਤ ਜਨਨੀ ਦਾ ਦਰਜਾ ਦਿੱਤਾ ਗੁਰੂਆਂ ਨੇ ਵੀ,
ਇਹਦਾ ਵਿਛੋੜਾ ਨਾ ਕੋਈ ਸਹਿ ਸਕਦਾ।
ਦੂਜਾ ਨੰਬਰ ਮਾਂ ਦਾ ਆਉਂਦਾ ਰੱਬ ਤੋਂ ਬਾਅਦ।

-ਸੰਧੂ ਜਸਬੀਰ ਸਿੰਘ
ਫੋਨ: 559-251-2093

# ‘ਸਿੱਖ ਕੌਮ: ਹਸਤੀ ਤੇ ਹੋਣੀ’: ਕੁਝ ਸੰਸੇ, ਕੁਝ ਸਵਾਲ-3

ਵਿਚਾਰ-ਚਰਚਾ

# ਗੁਰਦੁਆਰਾ ਸੁਧਾਰ ਲਹਿਰ ਵੇਲੇ ਬੱਬਰਾਂ ਵਿਰੁਧ ਹੁਕਮਨਾਮਾ ਕਿਵੇਂ ਗਲਤ ਸੀ?

**ਪਰੇਮ ਸਿੰਘ (ਡਾ.)**

***‘ਪੰਜਾਬ ਟਾਈਮਜ਼’ ਵਿਚ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਸਾਲ 2010-11 ਵਿਚ ਹੋਈ ਵਿਚਾਰ-ਚਰਚਾ ਦੇ ਆਧਾਰ ’ਤੇ ਛਪੀ ਪੁਸਤਕ ‘ਸਿੱਖ ਕੌਮ: ਹਸਤੀ ਤੇ ਹੋਣੀ’ ਬਾਰੇ ਅਦਾਰਾ ‘ਪੰਜਾਬ ਟਾਈਮਜ਼’ ਨੇ ਬਜ਼ੁਰਗ ਦਾਨਸ਼ਵਰ ਡਾ. ਪਰੇਮ ਸਿੰਘ ਨੂੰ ‘ਸਿੱਖ ਕੌਮ: ਹਸਤੀ ਤੇ ਹੋਣੀ ਬਾਰੇ’ ਆਪਣੀ ਰਾਏ ਲਿਖ ਭੇਜਣ ਲਈ ਬੇਨਤੀ ਕੀਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਪੁਸਤਕ ਵਿਚ ਸ਼ਾਮਲ ਲੇਖਾਂ ਨੂੰ ਉਨ੍ਹਾਂ ਨੇ ਪੂਰੀ ਨੀਝ ਨਾਲ ਪੜ੍ਹਿਆ ਹੈ ਅਤੇ ਉਹ ਇਨ੍ਹਾਂ ’ਚੋਂ ਬਹੁਤੇ ਲੇਖਾਂ ਬਾਰੇ ਵੱਖਰੀ-ਵੱਖਰੀ ਟਿੱਪਣੀ ਲਿਖਣਾ ਵੱਧ ਪਸੰਦ ਕਰਨਗੇ। ਉਨ੍ਹਾਂ ਦੀ ਇਹ ਲੰਮੀ ਟਿੱਪਣੀ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਐਤਕੀਂ ਵਾਲੇ ਲੇਖ ਵਿਚ ਡਾ. ਪਰੇਮ ਸਿੰਘ ਨੇ ਹੋਰ ਨੁਕਤਿਆਂ ਦੇ ਨਾਲ-ਨਾਲ ਸ੍ਰੀ ਹਰਿਮੰਦਰ ਸਹਿਬ ਉਤੇ ਹਮਲੇ ਬਾਰੇ ਚਰਚਾ ਕੀਤੀ ਹੈ। ਉਹ ਪੰਜਾਬ ਵਿਚ ਹਾਲਾਤ ਖਰਾਬ ਹੋਣ ਅਤੇ ਸਿੱਖਾਂ ਦੀ ਭਿਆਨਕ ਬਰਬਾਦੀ ਲਈ ਮੂਲ ਦੋਸ਼ੀ ਕਾਂਗਰਸ ਪਾਰਟੀ, ਉਸ ਦੀ ਆਗੂ ਇੰਦਰਾ ਗਾਂਧੀ ਨੂੰ ਮੰਨਦੇ ਹਨ ਪਰ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਰਾਜਨੀਤੀ ਨੂੰ ਵੀ ਠੀਕ ਨਹੀਂ ਮੰਨਦੇ। ਉਨ੍ਹਾਂ ਨੂੰ ਦੁੱਖ ਹੈ ਕਿ ਡਾ. ਬਲਕਾਰ ਸਿੰਘ, ਸ. ਕਰਮਜੀਤ ਸਿੰਘ ਅਤੇ ਪ੍ਰੋ. ਹਰਪਾਲ ਸਿੰਘ ਪੰਨੂੰ ਵਰਗੇ ਸਿਆਣੇ ਵਿਦਵਾਨ ਹੋਣ ਦੇ ਬਾਵਜੂਦ ਸਿੱਧੇ ਸਵਾਲ ਦਾ ਜਵਾਬ ਕਿਉਂ ਨਹੀਂ ਦਿੰਦੇ ਕਿ ਸ੍ਰੀ ਹਰਿਮੰਦਰ ਸਾਹਿਬ ਨੂੰ ਹਿੰਸਕ ਅਨਸਰਾਂ ਦੀ ਪਨਾਹਗਾਹ ਬਣਾ ਕੇ ਦਿੱਲੀ ਵਾਲਿਆਂ ਨੂੰ ਹਮਲੇ ਦਾ ਬਹਾਨਾ ਕਿਉਂ ਦਿੱਤਾ ਗਿਆ? ਉਨ੍ਹਾਂ ਨੂੰ ਪੰਨੂੰ ਦੀ ਹਮਲੇ ਬਾਰੇ ਦਲੀਲ ਵੀ ਹਲਕੀ ਲੱਗਦੀ ਹੈ। -ਸੰਪਾਦਕ***

‘ਸਿੱਖ ਕੌਮ: ਹਸਤੀ ਤੇ ਹੋਣੀ’ ਬਾਰੇ ਬਹਿਸ ਦੌਰਾਨ ਪ੍ਰੋ. ਹਰਪਾਲ ਸਿੰਘ ਪੰਨੂੰ ਨੇ ਸਿੱਖ ਚਿੰਤਕਾਂ ਦੀਆਂ ਕਚਿਆਈਆਂ ਵੱਲ ਸੰਕੇਤ ਕਰ ਕੇ ਬਿਨਾਂ ਸ਼ੱਕ ਵੱਡਾ ਕੰਮ ਕੀਤਾ ਹੈ। ਅਜਮੇਰ ਸਿੰਘ ਵੱਲੋਂ ਸਿੱਖਾਂ ਦੇ ਕੇਸ ਨੂੰ ਖਿੱਚ ਧੂਹ ਕੇ ਯਹੂਦੀਆਂ ਦੇ ਦੁਖਾਂਤ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਉਤੇ ਵੀ ਉਨ੍ਹਾਂ ਠੀਕ ਸਵਾਲੀਆ ਨਿਸ਼ਾਨ ਲਾਇਆ ਹੈ। ਉਂਜ ਉਨ੍ਹਾਂ ਵੱਲੋਂ ਰੱਖੇ ਇਸ ਸਿੱਧੜ ਜਿਹੇ ਨੁਕਤੇ ਕਿ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸ੍ਰੀ ਅਕਾਲ ਤਖ਼ਤ ਦੀ ਕਸਟੋਡੀਅਨ ਦੀ ਜ਼ਿੰਮੇਵਾਰੀ ਨੂੰ ਛੱਡ ਕੇ ਪਵਿੱਤਰ ਧਾਮ ਨੂੰ ਸਗੋਂ ਮਿਸਮਾਰ ਕਰ ਦਿੱਤਾ, ਇਸੇ ਕਰ ਕੇ ਸਿੱਖ ਸੂਰਬੀਰਾਂ ਨੇ ਉਸ ਨੂੰ ਮਾਰ ਦਿੱਤਾ, ਨਾਲ ਗੱਲ ਨਹੀਂ ਬਣਦੀ। ਅਜਿਹੇ ਗੰਭੀਰ ਦੁਖਾਂਤ ਬਾਰੇ ਅਜਿਹੀ ਚਲਾਊ ਜਿਹੀ ਟਿੱਪਣੀ ਜਚਦੀ ਨਹੀਂ। ਇਹ ਮਸਲਾ ਡੂੰਘੀ ਅਤੇ ਵਧੇਰੇ ਪੱਖਾਂ ਤੋਂ ਵਿਆਖਿਆ ਦੀ ਮੰਗ ਕਰਦਾ ਹੈ। ਲਗਦਾ ਇੰਜ ਹੈ ਕਿ ਡਾ. ਪੰਨੂੰ ਨੂੰ ਖਰੀਆਂ-ਖਰੀਆਂ ਗੱਲਾਂ ਕਰਦਿਆਂ ਸੰਤ ਭਿੰਡਰਾਂਵਾਲੇ ਨਾਲ ਯਾਰਾਨੇ ਦਾ ਪਾਸ ਯਾਦ ਆ ਜਾਂਦਾ ਹੈ ਅਤੇ ਉਹ ਵੀ ਅਛੋਪਲੇ ਜਿਹੇ ਹੀ ਸ. ਦਲਬੀਰ ਸਿੰਘ ਪੱਤਰਕਾਰ ਦੇ ਬਦਨਾਮ ਢਿਲਵਾਂ ਬਸ ਕਾਂਡ ਦੀ ਵੈਧਤਾ ਬਾਰੇ ਦਿੱਤੇ ਗਏ ਕੁ-ਤਰਕ ਵਾਲੇ ਪੈਂਤੜੇ ’ਤੇ ਉਤਰ ਆਉਂਦੇ ਹਨ। ਮੰਨ ਲਓ ਕਿ ਇੰਦਰਾ ਗਾਂਧੀ ਬੇਈਮਾਨ ਤੇ ਗੰਦੀ ਰਾਜਨੀਤੀ ਕਰ ਰਹੀ ਸੀ, ਇਹ ਵੀ ਮੰਨ ਲਓ ਕਿ ਦੇਸ਼ ਦੀ ਸਰਕਾਰ ਦੀ ਮੁਖੀ ਦੇ ਨਾਤੇ ਸਿੱਖਾਂ ਦੀ ਪਵਿੱਤਰ ਇਬਾਦਤਗਾਹ ਦੀ ਰਾਖੀ ਕਰਨਾ ਉਸ ਦਾ ਫ਼ਰਜ਼ ਸੀ, ਪਰ ਕੀ ਉਹ ਇਹ ਦੱਸ ਸਕਦੇ ਹਨ ਕਿ ਫਿਰ ਸ਼੍ਰੋਮਣੀ ਕਮੇਟੀ ਦੇ ਮੁਖੀ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਜੋ ਆਪਣੇ ਅਹੁਦੇ ਦੀ ਜ਼ਿੰਮੇਵਾਰੀ ਸਦਕਾ ਪਵਿੱਤਰ ਕੰਪਲੈਕਸ ਦੇ ਕਸਟੋਡੀਅਨ ਸਨ, ਦਾ ਕੀ ਫ਼ਰਜ਼ ਸੀ? ਉਨ੍ਹਾਂ ਨੇ ਵੱਡੀਆਂ-ਵੱਡੀਆਂ ਹਿੰਸਕ ਵਾਰਦਾਤਾਂ ਕਰ ਕੇ ਕੰਪਲੈਕਸ ਅੰਦਰ ਪਨਾਹ ਲੈਣ ਵਾਲੇ ਖਾੜਕੂਆਂ ਵਿਰੁਧ ਕਦੇ ਵੀ ਜ਼ਬਾਨ ਕਿਉਂ ਨਾ ਖੋਲ੍ਹੀ?

ਇਸ ਬਹਿਸ ਵਿਚ ਹਿੱਸਾ ਲੈਣ ਵਾਲੇ ਪ੍ਰੋ. ਹਰਕੀਰਤ ਸਿੰਘ ਨੇ ਆਪਣੇ ਲੇਖ ‘ਡਾ. ਬਲਕਾਰ ਸਿੰਘ ਦਾ ਅਨੋਖਾ ਰਾਜਸੀ ਵਿਗਿਆਨ’ ਵਿਚ ਪ੍ਰੋ. ਬਲਕਾਰ ਸਿੰਘ ਦੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਵੱਲੋਂ ਸੰਤ ਭਿੰਡਰਾਂਵਾਲੇ ਨੂੰ ਸਿਆਸਤਦਾਨ ਨਾ ਮੰਨਣਾ (ਕਿਉਂਕਿ ਉਨ੍ਹਾਂ ਸਿਆਸਤ ਦੀ ਕੋਈ ਨਵੀਂ ਪਿਰਤ ਨਹੀਂ ਪਾਈ) ਉਨ੍ਹਾਂ ਦੀ ਅਗਿਆਨਤਾ ਹੈ। ਅਜਮੇਰ ਸਿੰਘ ਦੀ ਲਿਖਤ ਵਿਚੋਂ ਲੰਮਾ ਹਵਾਲਾ ਦੇ ਕੇ ਸ. ਹਰਕੀਰਤ ਸਿੰਘ ਨੇ ਲਿਖਿਆ ਹੈ ਕਿ ਅਜਮੇਰ ਸਿੰਘ ਨੇ ਸੰਤ ਭਿੰਡਰਾਂਵਾਲੇ ਨੂੰ ਅਕਾਲੀ ਸਿਆਸਤ ਨਾਲੋਂ ਨਿਖੇੜ ਕੇ ਪੇਸ਼ ਕਰ ਦਿੱਤਾ। ਨਾਲ ਹੀ ਉਸ ਨੇ ਦੋ ਤਰ੍ਹਾਂ ਦੀ ਸਿਆਸਤ ਦੇ ਵਖਰੇਵਿਆਂ ਦਾ ਸਿਧਾਂਤਕ ਆਧਾਰ ਵੀ ਦਰਸਾ ਦਿੱਤਾ ਹੈ। ਅਕਾਲੀ ਸਿਆਸਤ ਸਿੱਖਾਂ ਨੂੰ ਮਹਿਜ਼ ਘੱਟ-ਗਿਣਤੀ ਮੰਨਦੀ ਹੈ, ਪਰ ਸੰਤਾਂ ਦੀ ਸਿਆਸਤ ਸਿੱਖਾਂ ਨੂੰ ਵੱਖਰੀ ਕੌਮ ਸਮਝਣ ਵਿਚੋਂ ਨਿਕਲਦੀ ਹੈ। ਪ੍ਰੋ. ਬਲਕਾਰ ਸਿੰਘ ਦੀ ਜਥੇਦਾਰ ਟੌਹੜਾ ਬਾਰੇ ਲਿਖਤ ਦੇ ਹਵਾਲੇ ਨਾਲ ਸ. ਹਰਕੀਰਤ ਸਿੰਘ ਨੇ ਲਿਖਿਆ ਹੈ ਕਿ ਅਕਾਲੀ ਦਲ ਦੀ ਸਥਾਪਤੀ ਬਾਰੇ ਪ੍ਰੋ. ਹੋਰਾਂ ਨੇ ਇਹ ਧਾਰਨਾ ਪੇਸ਼ ਕੀਤੀ ਹੈ ਕਿ ਸਿੱਖਾਂ ਦੀ ਇਸ ਸਿਆਸੀ ਪਾਰਟੀ ਤੋਂ ਸਿੱਖ ਭਾਈਚਾਰੇ ਦੇ ਸਰਬਪੱਖੀ ਹਿੱਤਾਂ ਦੀ ਰਖਵਾਲੀ ਅਤੇ ਸਿੱਖੀ ਦੇ ਬੋਲਬਾਲਿਆਂ ਵਾਸਤੇ ਅਜਿਹਾ ਦੇਸ਼ ਕਾਲ ਘੜਨ ਦੀ ਸਿਆਸਤ ਕੀਤੀ ਗਈ ਸੀ ਜਿੱਥੇ ਸਿੱਖ ਸਿਧਾਂਤਾਂ ਅਨੁਸਾਰ ਰਾਜ ਪ੍ਰਬੰਧ ਕੀਤਾ ਜਾ ਸਕੇ। ਇਸੇ ਪ੍ਰਸੰਗ ਵਿਚ ਹੀ ਅਕਾਲੀ ਦਲ ਦੇ ਰੋਲ ਨੂੰ ਪਰਖਿਆ ਜਾਣਾ ਚਾਹੀਦਾ ਹੈ।

ਸ. ਹਰਕੀਰਤ ਸਿੰਘ ਦਾ ਕਹਿਣਾ ਕਿ ਅਜਮੇਰ ਸਿੰਘ ਨੇ ਸੰਤ ਭਿੰਡਰਾਂਵਾਲੇ ਨੂੰ ਅਕਾਲੀ ਦਲ ਨਾਲੋਂ ਨਿਖੇੜ ਕੇ ਪੇਸ਼ ਕੀਤਾ ਹੈ, ਦਰੁਸਤ ਹੈ ਪਰ ਉਨ੍ਹਾਂ ਇਸ ਗੱਲ ਦੀ ਕੋਈ ਵਿਆਖਿਆ ਨਹੀਂ ਦਿੱਤੀ ਕਿ ਆਖਰ ਸੰਤਾਂ ਨੇ ਕਿਹੜਾ ਅਧਿਕਾਰ ਵਰਤਦਿਆਂ ਦਰਬਾਰ ਸਾਹਿਬ ਕੰਪਲੈਕਸ ਦੀ ਮੋਰਚਾਬੰਦੀ ਕੀਤੀ ਤੇ ਅਕਾਲ ਤਖ਼ਤ ਵਿਖੇ ਹਥਿਆਰ ਜਮ੍ਹਾਂ ਕੀਤੇ? ਅਜਿਹਾ ਕਰਦਿਆਂ ਕੀ ਉਹ ਚਾਹੇ ਅਣਚਾਹੇ ਬਲਿਊ ਸਟਾਰ ਵਰਗੇ ਘਿਨਾਉਣੇ ਅਪਰਾਧ ਲਈ ਇੰਦਰਾ ਗਾਂਧੀ ਨੂੰ ਬਹਾਨਾ ਤਾਂ ਨਹੀਂ ਦਈ ਗਏ ਸਨ?

ਚਰਚਾ ਵਿਚ ਹਿੱਸਾ ਲੈਂਦਿਆਂ ਡਾ. ਜਸਵੀਰ ਸਿੰਘ ਨੇ ਆਪਣੇ ਲੇਖ ‘ਸਿੱਖ ਇਤਿਹਾਸ ਬਿਰਤਾਂਤਕਾਰੀ ਦੇ ਪੈਂਤੜੇ’ ਵਿਚ ਡਾ. ਬਲਕਾਰ ਸਿੰਘ ਦੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਜਾਂ ਤਾਂ ਰਾਜਨੀਤਕ ਇਤਿਹਾਸਕਾਰੀ ਦੀਆਂ ਸਿਧਾਂਤਕ ਪੇਚੀਦਗੀਆਂ ਬਾਰੇ ਕਦੇ ਪੜ੍ਹਿਆ ਹੀ ਨਹੀਂ ਤੇ ਜਾਂ ਉਹ ਜਾਣਬੁੱਝ ਕੇ ਅਣਜਾਣ ਬਣ



*ਸਿੰਘ ਸਭਾ ਲਹਿਰ ਦੇ ਮੋਢੀ ਭਾਈ ਦਿੱਤ ਸਿੰਘ ਅਤੇ ਭਾਈ ਗੁਰਮੁਖ ਸਿੰਘ।*

ਰਹੇ ਹਨ। ਇਤਿਹਾਸ ਕਦੇ ਵੀ ਸਾਊਪੁਣੇ ਨਾਲ ਲਿਖਿਆ ਜਾਂ ਪੜ੍ਹਿਆ ਨਹੀਂ ਜਾਂਦਾ, ਕਿਉਂਕਿ ਇਹ ਹਮੇਸ਼ਾ ਕਿਸੇ ਨਾ ਕਿਸੇ ਧਿਰ ਲਈ ਸਿਰਜਿਆ ਗਿਆ ਹੁੰਦਾ ਹੈ। ਕੀਥ ਜੈਕਿੰਸ ਅਨੁਸਾਰ ਇਤਿਹਾਸ ਸੰਸਾਰ ਸਬੰਧੀ ਬਿਰਤਾਂਤ ਦੀ ਸਿਰਜਣਾ ਹੀ ਨਹੀਂ ਕਰਦਾ ਬਲਕਿ ਇਸ ਨੂੰ ਅਰਥ ਵੀ ਦਿੰਦਾ ਹੈ। ਹਰ ਸਮਾਜਕ ਢਾਂਚੇ ਅੰਦਰ ਅਤੇ ਵੱਖ-ਵੱਖ ਸਮਾਜਕ ਢਾਂਚਿਆਂ ਵਿਚਕਾਰ ਤਾਕਤ ਦਾ ਪਿੜ ਸਿਰਜਣ ਲਈ ਤਾਕਤਵਰ ਅਤੇ ਹਕੂਮਤੀ ਧਿਰਾਂ ਆਪਣੇ ਹਿੱਤਾਂ ਅਨੁਸਾਰ ਬਿਰਤਾਂਤ ਦੀ ਸਿਰਜਣਾ ਕਰਦੀਆਂ ਅਤੇ ਕਰਾਉਂਦੀਆਂ ਰਹਿੰਦੀਆਂ ਹਨ, ਪਰ ਕਦੇ ਵੀ ਇਹ ਬਿਰਤਾਂਤ ਸਥਾਈ ਰੂਪ ਅਖ਼ਤਿਆਰ ਨਹੀਂ ਕਰਦੇ। ਡਾ. ਜਸਵੀਰ ਸਿੰਘ ਅਨੁਸਾਰ ਇਹ ਸਿੱਖਾਂ ਦਾ ਵੱਡਾ ਦੁਖਾਂਤ ਹੈ ਕਿ ਉਨ੍ਹਾਂ ਨੇ ਸ਼ੁਰੂ ਕਾਲ ਤੋਂ ਬਾਅਦ ਆਪਣੀ ਗਿਆਨ ਪਰੰਪਰਾ, ਸਿੱਖ ਗਿਆਨ ਦੀ ਵੰਡ, ਸਿੱਖ ਸੱਚ ਦੀ ਬੌਧਿਕ ਰਾਖੀ ਅਤੇ ਇਸ ਦੀ ਵਿਆਖਿਆ ਨੂੰ ਸਿੱਖ ਰਾਜਸੀ ਤਾਕਤ ਨਾਲ ਸਬੰਧਤ ਨਹੀਂ ਕੀਤਾ। ਸਿੱਖ ਆਪਣੇ ਵਿਰੋਧੀਆਂ ਵੱਲੋਂ ਸਿਰਜੇ ਬਿਰਤਾਂਤ ਨੂੰ ਸੱਚ ਮੰਨ ਕੇ ਸਵੀਕਾਰਦੇ ਹਨ ਅਤੇ ਮਾਣ ਮਹਿਸੂਸ ਕਰਦੇ ਹਨ। ਮੈਕਲਿਊਡ ਅਤੇ ਹਰਜੋਤ ਉਬਰਾਏ ਦੀ ਸਿੱਖ ਇਤਿਹਾਸ ਹੀ ਬਿਰਤਾਂਤਕਾਰੀ ਸਿੱਖਾਂ ਦੀ ਥਾਂ ਉਨ੍ਹਾਂ ਦੀ ਵਿਰੋਧੀ ਧਿਰ ਨੂੰ ਤਾਕਤਵਰ ਬਣਾਉਣ ਵਾਲੇ ਪੈਂਤੜੇ ਦੀ ਉਪਜ ਹਨ।

ਡਾ. ਜਸਵੀਰ ਸਿੰਘ ਦੀ ਇਹ ਧਾਰਨਾ ਕਿ ਇਤਿਹਾਸ ਕਦੇ ਵੀ ਸਾਊਪੁਣੇ ਨਾਲ ਲਿਖਿਆ ਜਾਂ ਪੜ੍ਹਿਆ ਨਹੀਂ ਜਾ ਸਕਦਾ, ਅਸਪੱਸ਼ਟ ਹੈ। ਇਤਿਹਾਸ ਬਾਹਰਮੁਖੀ ਵਰਤਾਰੇ ਵਜੋਂ ਵਾਪਰਦਾ ਹੈ; ਭਾਵੇਂ ਇਤਿਹਾਸਕਾਰੀ ਅੰਤਰਮੁਖੀ ਹੋ ਸਕਦੀ ਹੈ। ਕੋਈ ਵੀ ਯੋਗ ਇਤਿਹਾਸਕਾਰ ਤੱਥਾਂ ਤੇ ਉਨ੍ਹਾਂ ਦੀ ਵਿਆਖਿਆ ਵਿਚਕਾਰ ਘਚੋਲਾ ਪੈਦਾ ਨਹੀਂ ਕਰਦਾ। ਉਹ ਅਸਲ ਵਿਚ ਵਾਪਰੀਆਂ ਘਟਨਾਵਾਂ ਦਾ ਨੋਟਿਸ ਲੈਂਦਿਆਂ ਉਨ੍ਹਾਂ ਬਾਰੇ ਆਪਣੀ ਰਾਏ ਦਿੰਦਾ ਹੈ। ਪਾਠਕ ਨੂੰ ਉਸ ਦੀ ਰਾਏ ਨੂੰ ਰੱਦ ਕਰਨ ਦਾ ਹੱਕ ਹੈ ਪਰ ਇਤਿਹਾਸਕਾਰ ਆਪਣੇ ਮੱਤ ਨੂੰ ਸਿੱਧ ਕਰਨ ਲਈ ਕੁਝ ਤੱਥਾਂ ਨੂੰ ਜਾਂ ਹਕੀਕਤ ਦੇ ਕਿਸੇ ਪੱਖ ਨੂੰ ਅੱਖੋਂ-ਓਹਲੇ ਨਹੀਂ ਕਰ ਸਕਦਾ। ਜੇ ਉਹ ਤੱਥਾਂ ਨੂੰ ਲੁਕਾਵੇਗਾ ਜਾਂ ਉਨ੍ਹਾਂ ਦੀ ਤਰਤੀਬ ਵਿਚ ਮਨਮਰਜ਼ੀ ਕਰੇਗਾ ਤਾਂ ਉਹ ਇਤਿਹਾਸ ਦੀ ਤੋੜ-ਮਰੋੜ ਦਾ ਦੋਸ਼ੀ ਮੰਨਿਆ ਜਾਵੇਗਾ। ਇਹ ਠੀਕ ਹੈ ਕਿ ਹਾਕਮ ਧਿਰਾਂ ਆਪਣੀ ਮਰਜ਼ੀ ਅਨੁਸਾਰ ਇਤਿਹਾਸ ਲਿਖਵਾਉਂਦੀਆਂ ਹਨ; ਇਸੇ ਲਈ ਮਹਿਕੂਮ ਧਿਰਾਂ ਦੇ ਪੱਖ ਦੇ ਇਤਿਹਾਸਕਾਰ ਵੀ ਮੈਦਾਨ ਵਿਚ ਨਿਤਰਦੇ ਹਨ ਪਰ ਤੱਥਾਂ ਨਾਲ ਛੇੜ-ਛਾੜ ਕਰਨ ਦਾ ਹੱਕ ਕਿਸੇ ਇਤਿਹਾਸਕਾਰ ਨੂੰ ਨਹੀਂ। ਜੇ ਸਿੱਖ ਆਪਣੀ ਦ੍ਰਿਸ਼ਟੀ ਤੋਂ ਇਤਿਹਾਸ ਨੂੰ ਲਿਖ ਜਾਂ ਲਿਖਵਾ ਨਹੀਂ ਸਕੇ ਤੇ ਦੂਜਿਆਂ ਦੀ ਇਤਿਹਾਸਕਾਰੀ ਉਤੇ ਨਿਰਭਰ ਰਹੇ ਹਨ ਤਾਂ ਉਹ ਹੁਣ ਇਸ ਘਾਟ ਨੂੰ ਪੂਰਾ ਕਰ ਸਕਦੇ ਹਨ। ਹੁਣ ਉਨ੍ਹਾਂ ਦਾ ਰਾਹ ਕੌਣ ਰੋਕਦਾ ਹੈ? ਇਹ ਦੁਹਾਈ ਦੇਣ ਦਾ ਕੋਈ ਮਤਲਬ ਨਹੀਂ ਕਿ ਸਿੱਖ ਆਹ ਨਹੀਂ ਕਰ ਸਕੇ, ਔਹ ਨਹੀਂ ਕਰ ਸਕੇ। ਸ. ਅਜਮੇਰ ਸਿੰਘ ਨੇ ਇਹ ਯਤਨ ਕੀਤਾ ਹੈ ਤੇ ਇਸ ਵਿਚ ਕਰੜੀ ਮਿਹਨਤ ਵੀ ਕੀਤੀ ਹੈ, ਪਰ ਜੇ ਇਸ ਨੂੰ ਕੁਝ ਸੱਜਣ ਮੰਨਣ ਨੂੰ ਤਿਆਰ ਨਹੀਂ ਤੇ ਇਸ ਦਾ ਵਿਰੋਧ ਲਿਖਤੀ ਰੂਪ ਵਿਚ ਕੀਤਾ ਜਾ ਰਿਹਾ ਹੈ ਤਾਂ ਇਹ ਵੀ ਕੁਦਰਤੀ ਹੈ। ਸਾਨੂੰ ਅਜਮੇਰ ਸਿੰਘ ਦੀ ਮਿਹਨਤ ਅਤੇ ਆਪਣੇ ਪੈਂਤੜੇ ਲਈ ਉਸ ਦੇ ਜਹਾਦੀ ਉਦਮ ਉਤੇ ਕੋਈ ਸ਼ੱਕ ਨਹੀਂ ਹੈ, ਪਰ ਉਸ ਦੀਆਂ ਤਿੰਨੇ ਪੁਸਤਕਾਂ ਦਾ ਪਾਠ ਪੜ੍ਹਨ ਤੋਂ ਬਾਅਦ ਸਾਨੂੰ ਉਸ ਦੀਆਂ ਧਾਰਨਾਵਾਂ ਸਹੀ ਵੀ ਨਹੀਂ ਲੱਗੀਆਂ ਅਤੇ ਪੰਜਾਬੀ ਭਾਈਚਾਰੇ ਜਾਂ ਸਿੱਖ ਭਾਈਚਾਰੇ ਦੇ ਭਲੇ ਵਿਚ ਭੁਗਤਦੀਆਂ ਵੀ ਨਹੀਂ ਲੱਗੀਆਂ। ਅਜਮੇਰ ਸਿੰਘ ਜਾਂ ਉਸ ਦੇ ਸਮਰਥਕਾਂ ਨੂੰ ਹੱਕ ਸੀ ਕਿ ਉਹ ਸਾਰੇ ਇਤਰਾਜ਼ਾਂ ਦਾ ਜਵਾਬ ਦਿੰਦੇ ਪਰ ਇਸ ਤਰ੍ਹਾਂ ਨਹੀਂ ਜਿਵੇਂ ਉਸ ਨੇ ਸਾਨੂੰ ਦਿੱਲੀ ਦਰਬਾਰ ਦੇ ਵਕੀਲ ਗਰਦਾਨ ਦਿੱਤਾ ਜਾਂ ਰਾਜਿੰਦਰ ਸਿੰਘ ਰਾਹੀ ਕੋਲੋਂ ਟੈਲੀਫੋਨ ਉਪਰ ਹੀ ਸਾਡੀ ਬੜੀ ਸਖ਼ਤ ਇੰਟੈਰੋਗੇਸ਼ਨ ਕਰਵਾ ਦਿੱਤੀ। ਇਹ ਤਾਂ ਸੰਵਾਦ ਦਾ ਕੋਈ ਸਲੀਕਾ ਨਹੀਂ।

ਬਹਿਸ ਵਿਚ ਹਿੱਸਾ ਲੈਂਦਿਆਂ ਸ. ਪ੍ਰਭਸ਼ਰਨਦੀਪ ਸਿੰਘ ਨੇ ਆਪਣੇ ਲੇਖ ‘ਅਕਾਲੀ ਦਲ, ਸਿੱਖ ਅਤੇ ਅਨੁਵਾਦ ਦੀ ਰਾਜਨੀਤੀ’ ਵਿਚ ਸਿੰਘ ਸਭਾ ਦੀ ਭੂਮਿਕਾ ਉਤੇ ਟਿੱਪਣੀ ਕੀਤੀ ਹੈ। ਉਨ੍ਹਾਂ ਅਨੁਸਾਰ ਸਿੰਘ ਸਭਾ ਦੇ ਸੰਚਾਲਕ ਨੇਕ ਸਿੱਖ ਤੇ ਪ੍ਰਤੀਬੱਧ ਬੰਦੇ ਸਨ। ਉਹ ਆਪਣੇ ਕਾਜ ਨੂੰ ਸਮਰਪਿਤ ਬੰਦੇ ਸਨ, ਪਰ ਉਹ ਇਸ ਗੱਲ ਪ੍ਰਤੀ ਸੁਚੇਤ ਨਹੀਂ ਸਨ ਕਿ ਇਹ ਕਾਜ ਉਨ੍ਹਾਂ ਦਾ ਆਪਣਾ ਸੀ ਜਾਂ ਬਾਕਾਇਦਾ ਗਿਣੇ ਮਿਥੇ ਤਰੀਕੇ ਨਾਲ ਉਨ੍ਹਾਂ ਦੇ ਗਲ ਮੜ੍ਹਿਆ ਜਾ ਰਿਹਾ ਸੀ। ਸ. ਪ੍ਰਭਸ਼ਰਨਦੀਪ ਸਿੰਘ ਅਨੁਸਾਰ ਭਾਵੇਂ ਅਸੀਂ ਅੱਜ ਤੱਕ ਸਿੰਘ ਸਭਾ ਦੇ ਦੇਣਦਾਰ ਹਾਂ ਤਾਂ ਵੀ ਇਸ ਵਰਤਾਰੇ ਨੂੰ ਨਵੇਂ ਸਿਰਿਓਂ ਸਮਝਣ ਦੀ ਲੋੜ ਹੈ। ਬਸਤੀਵਾਦੀ ਹਾਕਮ ਅੰਗਰੇਜ਼ਾਂ ਦਾ ਮਨਸ਼ਾ ਸੀ ਕਿ ਸਿੱਖਾਂ ਦੀਆਂ ਪਰੰਪਰਕ ਸੰਸਥਾਵਾਂ ਅਪ੍ਰਸੰਗਕ ਬਣਾ ਦਿੱਤੀਆਂ ਜਾਣ। ਪੱਛਮੀ ਤਰਜ਼ ਦੀਆਂ ਸਿਆਸੀ ਪਾਰਟੀਆਂ ਸਥਾਪਤ ਕਰਕੇ ਲੋਕਾਂ ਨੂੰ ਬਾਕਾਇਦਾ ਅੰਗਰੇਜ਼ੀ ਹਕੂਮਤ ਦੇ ਅਮਲ ਵਿਚ ਹਿੱਸੇਦਾਰ ਬਣਾਇਆ ਜਾਵੇ ਜਿਸ ਤਹਿਤ ਸੰਘਰਸ਼ ਦਾ ਅਰਥ ਸਿਰਫ਼ ਅੰਗਰੇਜ਼ੀ ਹਕੂਮਤ ਤੋਂ ਕੁਝ ਮੰਗਾਂ ਮੰਨਵਾਉਣ ਤੱਕ ਸੀਮਿਤ ਹੋਵੇ। ਨਿਰਲੱਜਤਾ ਨੂੰ ਰੂਪਮਾਨ ਕਰਨ ਵਾਲਾ ਇਹ ਵਰਤਾਰਾ ਉਘੜ ਕੇ ਸਾਹਮਣੇ ਤਾਂ ਗੁਰਦੁਆਰਾ ਐਕਟ ਨੂੰ ਪ੍ਰਵਾਨ ਕਰਨ ਨਾਲ ਆ ਗਿਆ ਪਰ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ ਪਾਸ ਕੀਤਾ ਗਿਆ ਬੱਬਰ ਅਕਾਲੀਆਂ ਦੇ ਹਥਿਆਰਬੰਦ ਸੰਘਰਸ਼ ਦੀ ਨਿਖੇਧੀ ਕਰਨ ਵਾਲਾ ਮਤਾ ਇਸ ਵਰਤਾਰੇ ਦੀ ਸਿਖਰ ਸੀ।

***ਜਿਸ ਮਤੇ ਨੂੰ ਸ. ਪ੍ਰਭਸ਼ਰਨਦੀਪ ਸਿੰਘ ਅਕਾਲੀ ਦਲ ਦੀ ਵਰਕਿੰਗ ਕਮੇਟੀ ਦਾ ਮਤਾ ਕਹਿ ਰਹੇ ਹਨ, ਉਹ ਅਕਾਲੀ ਦਲ ਦਾ ਨਹੀਂ ਸੀ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੀ। ਇਹ ਬੱਬਰ ਅਕਾਲੀਆਂ ਦੇ ਹਥਿਆਰਬੰਦ ਸੰਘਰਸ਼ ਦੀ ਨਿਖੇਧੀ ਦਾ ਨਹੀਂ, ਬੱਬਰਾਂ ਦੀਆਂ ਸਰਗਰਮੀਆਂ ਨਾਲੋਂ ਲਾ-ਤੁਅੱਲਕੀ ਦਾ ਸੀ। ਸ. ਸੁੰਦਰ ਸਿੰਘ ਬੱਬਰ ਰਚਿਤ ‘ਬੱਬਰ ਅਕਾਲੀ ਲਹਿਰ’ ਅਨੁਸਾਰ ਜਦ 23 ਅਪ੍ਰੈਲ 1923 ਨੂੰ ਹਕੂਮਤ ਪੰਜਾਬ ਨੇ ਐਲਾਨ ਕੀਤਾ ਕਿ “ਦੁਆਬੇ ਵਿਚ ਸਰਕਾਰ ਦੇ ਵਫਾਦਾਰਾਂ ਪਰ ਹੋ ਰਹੇ ਹਮਲਿਆਂ ਅਤੇ ਕਤਲਾਂ ਦਾ ਜ਼ਿੰਮੇਵਾਰ ਬੱਬਰ ਜੱਥਾ ਹੈ ਤਾਂ ਸ਼੍ਰੋਮਣੀ ਕਮੇਟੀ ਇਹ ਐਲਾਨ ਕਰਨ ਨੂੰ ਤਿਆਰ ਹੋ ਗਈ ਕਿ ਕਮੇਟੀ ਦਾ ਬੱਬਰ ਲਹਿਰ ਨਾਲ ਕੋਈ ਸੰਬੰਧ ਨਹੀਂ।”***

ਸ. ਪ੍ਰਭਸ਼ਰਨਦੀਪ ਸਿੰਘ ਅਨੁਸਾਰ ਪ੍ਰੋ. ਬਲਕਾਰ ਸਿੰਘ ਆਪਣੇ ਕਾਰਟੀਜ਼ੀਅਨ ਦਵੰਦ ਨੂੰ ਉਜਾਗਰ ਕਰਦੇ ਹੋਏ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਥਾਂ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਨੂੰ ਸੰਤਾਂ ਦੇ ਪੰਥਕ ਜਾਂ ਸ਼ਹੀਦ ਹੋਣ ਉਤੇ ਕੋਈ ਇਤਰਾਜ਼ ਨਹੀਂ ਪਰ ਉਨ੍ਹਾਂ ਵੱਲੋਂ ਨਿਭਾਈ ਭੂਮਿਕਾ ਬਾਰੇ ਸਿਆਸੀ ਦਲੀਲ ਬਣਾਉਣ ਵਿਚ ਮੁਸ਼ਕਲ ਪੇਸ਼ ਆ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਸਿੱਖਾਂ ਨੂੰ ਕਿਸੇ ਤਣ-ਪੱਤਣ ਲਾਉਣ ਦੀ ਕੋਈ ਆਸ ਨਹੀਂ ਬਣਾਈ ਪਰ ਸੰਤ ਜਰਨੈਲ ਸਿੰਘ ਦਾ ਸਫ਼ਰ ਸ਼ੁਰੂ ਹੀ ਕਿਸੇ ਹੋਰ ਪੜਾਅ ਤੋਂ ਹੁੰਦਾ ਹੈ। ਸੰਤ ਜਰਨੈਲ ਸਿੰਘ ਨੇ ਕਿਸੇ ਪ੍ਰਚਲਤ ਸਿਆਸੀ ਮੁਹਾਵਰੇ ਦੇ ਘੇਰੇ ਵਿਚ ਵਿਚਰਨ ਦੀ ਬਜਾਏ ਸਿੱਖ ਪ੍ਰਸੰਗ ਨੂੰ ਆਪਣੇ ਅਹਿਸਾਸ ਵਿਚ ਪਾਇਆ ਹੈ ਤੇ ਉਸ ਦੀ ਸਾਰਥਿਕਤਾ ਦਾ ਦਮ ਭਰਦਿਆਂ ਸਿੱਖਾਂ ਦੀ ਲਹਿਰ ਨੂੰ ਵੱਖਰਾ ਮੁਹਾਵਰਾ ਮੁਹੱਈਆ ਕੀਤਾ ਹੈ। ਸੰਤਾਂ ਵੱਲੋਂ ਲਾਈ ਗਈ ਜਾਗ ਦੇ ਨਤੀਜੇ ਵਜੋਂ ਨਵਾਂ ਸਿੱਖ ਸਿਆਸੀ ਚਿੰਤਨ ਪੈਦਾ ਹੋ ਰਿਹਾ ਹੈ।

ਆਪਣੇ ਦੂਜੇ ਲੇਖ ‘ਮਹਾਂਬਿਰਤਾਂਤ, ਨਵੇਂ ਦੌਰ ਦੇ ਸਿੱਖ ਰਾਜ ਦਾ ਸੁਫਨਾ’ ਵਿਚ ਸ. ਪ੍ਰਭਸ਼ਰਨਦੀਪ ਨੇ ਪ੍ਰਿੰਸੀਪਲ ਅਮਰਜੀਤ ਸਿੰਘ ਪਰਾਗ ਦੀ ਇਸ ਧਾਰਨਾ ਜਿਹੜੀ ‘ਪੰਜਾਬ ਟਾਈਮਜ਼’ ਵਿਚ ਛਪੀ ਸੀ, ਦਾ ਖੰਡਨ ਕੀਤਾ ਹੈ ਕਿ ਸਿੱਖਾਂ ਲਈ ਪਾਤਸ਼ਾਹੀ ਨਵੇਂ ਦੌਰ ਦਾ ਸੁਫਨਾ ਨਹੀਂ ਹੋ ਸਕਦੀ। ਉਨ੍ਹਾਂ ਅਨੁਸਾਰ ਇਹ ਕਹਿਣ ਦਾ ਪ੍ਰਿੰ. ਪਰਾਗ ਦਾ ਆਧਾਰ ਇਹ ਹੈ ਕਿ ਨਵੇਂ ਦੌਰ ਵਿਚ ਅਜਿਹਾ ਨਹੀਂ ਹੋ ਸਕਦਾ ਪਰ ਨਵੇਂ ਦੌਰ ਦੀ ਉਨ੍ਹਾਂ ਚੰਗੀ ਤਰ੍ਹਾਂ ਵਿਆਖਿਆ ਨਹੀਂ ਕੀਤੀ ਜਿਸ ਰਹੱਸਮਈ ਨਵੇਂ ਦੌਰ ਦੀ ਉਹ ਗੱਲ ਕਰ ਰਹੇ ਹਨ, ਉਹ ਅਸਲ ਵਿਚ ਉਤਰ-ਆਧੁਨਿਕ ਦੌਰ ਹੀ ਹੈ ਪਰ ਪ੍ਰਿੰ. ਪਰਾਗ ਨੂੰ ਲਿਓਤਾਰਦ ਜਾਂ ਉਤਰ-ਆਧੁਨਿਕਤਾਵਾਦ ਦੇ ਹੋਰ ਚਿੰਤਕਾਂ ਦੀ ਕੋਈ ਜਾਣਕਾਰੀ ਨਹੀਂ ਤੇ ਉਹ ਸੁਣੀ-ਸੁਣਾਈ ਗੱਲ ਜਿਵੇਂ-ਕਿਵੇਂ ਪ੍ਰਭਾਵ ਪਾਉਣ ਲਈ ਵਰਤ ਰਹੇ ਹਨ। ਸ. ਪ੍ਰਭਸ਼ਰਨਦੀਪ ਸਿੰਘ ਅਨੁਸਾਰ ਪ੍ਰਿੰ. ਪਰਾਗ ਕਹਿੰਦੇ ਹਨ ਕਿ ਗੁਰੂ ਨਾਨਕ ਨੇ ਭਾਰਤੀ ਪਰੰਪਰਾ ਅਨੁਸਾਰ ਧਰਮ ਚਲਾਉਣ ਲਈ ਰਾਜਸੱਤਾ ਦੀ ਲੋੜ ਨਹੀਂ ਸਮਝੀ ਸੀ। ਉਨ੍ਹਾਂ ਅਨੁਸਾਰ ਲਿਓਤਾਰਦ ਤਾਂ ਇਹ ਆਖਦਾ ਹੈ ਕਿ ਮਹਾਂ ਬਿਰਤਾਂਤ ਨਾਲ ਪ੍ਰਤੀਰੋਧ ਮਹੱਤਵਪੂਰਨ ਪਹਿਲੂ ਹੈ ਜੋ ਕੁਆਂਟਮ ਫਿਜਿਕਸ ਤੋਂ ਬਾਅਦ ਉਜਾਗਰ ਹੋਇਆ ਹੈ ਪਰ ਉਸ ਦੀ ਦਲੀਲ ਨੂੰ ਬਿਨਾਂ ਹਵਾਲਾ ਦਿੱਤਿਆਂ ਪ੍ਰਿੰ. ਪਰਾਗ ਆਪਣਾ ਨਿੱਜੀ ਇਲਹਾਮ ਬਣਾ ਕੇ ਪੇਸ਼ ਕਰਦੇ ਹਨ।

ਸ. ਪ੍ਰਭਸ਼ਰਨਦੀਪ ਸਿੰਘ ਅਨੁਸਾਰ ਸਿੱਖ ਭਾਰਤੀ ਸਾਮਰਾਜਵਾਦ ਦੇ ਧਾਰਮਿਕ, ਸੱਭਿਆਚਾਰਕ ਤੇ ਆਰਥਿਕ ਹਮਲਿਆਂ ਦੀ ਕਰੜੀ ਮਾਰ ਹੇਠ ਹਨ। ਉਹ ਹੁਣ ਇਹ ਅਹਿਸਾਸ ਕਰਨ ਦੇ ਕਾਬਲ ਹੋਏ ਹਨ ਕਿ ਉਨ੍ਹਾਂ ਦੀ ਧਰਤੀ ਅਤੇ ਹੋਣੀ ਉਤੇ ਬਿਗਾਨਿਆਂ ਦਾ ਕਬਜ਼ਾ ਹੈ। ਉਨ੍ਹਾਂ ਨੂੰ ਆਪਣਾ ਜੀਵਨ ਆਪਣੇ ਤਰੀਕੇ ਨਾਲ ਚਲਾਉਣ ਲਈ ਪ੍ਰਭੂਸੱਤਾ ਸੰਪੰਨ ਮੁਲਕ ਦੀ ਲੋੜ ਹੈ ਪਰ ਉਨ੍ਹਾਂ ਨੂੰ ਇਉਂ ਪੇਸ਼ ਕੀਤਾ ਜਾ ਰਿਹਾ ਹੈ ਜਿਵੇਂ ਉਹ ਅਪਰਾਧੀ ਧਿਰ ਹੋਣ। ਦਮਨਕਾਰੀ ਭਾਰਤੀ ਸਾਮਰਾਜ ਤੇ ਇਸ ਦੀ ਤਾਕਤ ਦਾ ਮੁਖ ਸਰੋਤ ਬਹੁਗਿਣਤੀ ਹਿੰਦੂ ਕੁਲੀਨ ਵਰਗ ਨੂੰ ਮਜ਼ਲੂਮ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਪ੍ਰਿੰ. ਪਰਾਗ ਨੇ ਪਾਠਕਾਂ ਨੂੰ ਮੂਰਖ ਸਮਝ ਰੱਖਿਆ ਹੈ ਤੇ ਬੇਸਿਰ ਪੈਰ ਦੀਆਂ ਗੱਲਾਂ ਕਰ ਰਹੇ ਹਨ। ਜਿਸ ਭਾਰਤ ਨੂੰ ਉਹ ਸ਼ਾਂਤੀ ਤੇ ਸਹਿਹੋਂਦ ਦੇ ਕੇਂਦਰ ਵਜੋਂ ਵਡਿਆ ਕੇ ਪੇਸ਼ ਕਰ ਰਹੇ ਹਨ, ਉਹ ਅਸਲ ਵਿਚ ਘੋਰ ਜ਼ੁਲਮ ਤੇ ਧਾਰਮਿਕ ਤੇ ਭਾਈਚਾਰਕ

*(ਬਾਕੀ ਅਗਲੇ ਸਫੇ ’ਤੇ)*

ਅਸਹਿਣਸ਼ੀਲਤਾ ਦਾ ਅੱਡਾ ਹੈ। ਇਹ ਭਾਰਤ ਵਰਸ਼ ਅੱਜਕੱਲ੍ਹ ਘੱਟ-ਗਿਣਤੀਆਂ ਉਤੇ ਅਕਹਿ ਅਤੇ ਅਸਹਿ ਜ਼ੁਲਮ ਢਾਹੁਣ ਲਈ ਤੇ ਉਨ੍ਹਾਂ ਨੂੰ ਬੇਕਿਰਕੀ ਨਾਲ ਮਾਰ-ਮੁਕਾਉਣ ਲਈ ਜਾਣਿਆ ਜਾਂਦਾ ਹੈ।

ਸ. ਪ੍ਰਭਸ਼ਰਨਦੀਪ ਸਿੰਘ ਇਨ੍ਹਾਂ ਦੋ ਲਿਖਤਾਂ ਵਿਚ ਅਜਿਹੇ ਵਿਚਾਰ ਪੇਸ਼ ਕਰ ਰਹੇ ਹਨ ਜਿਨ੍ਹਾਂ ਨੂੰ ਯਥਾਰਥਕ ਨਹੀਂ ਮੰਨਿਆ ਜਾ ਸਕਦਾ। ਮਿਸਾਲ ਵਜੋਂ ਉਨ੍ਹਾਂ ਦਾ ਇਹ ਕਹਿਣਾ ਹੈ ਕਿ ਸਿੰਘ ਸਭਾ ਦੇ ਸੰਚਾਲਕ ਇਹ ਨਹੀਂ ਜਾਣਦੇ ਸਨ ਕਿ ਜਿਸ ਕਾਜ ਨੂੰ ਲੈ ਕੇ ਉਹ ਤੁਰੇ ਸਨ, ਉਹ ਉਨ੍ਹਾਂ ਦੇ ਗਲ ਅੰਗਰੇਜ਼ਾਂ ਨੇ ਮੜ੍ਹਿਆ ਸੀ। ਸਿੰਘ ਸਭਾ ਦੇ ਮੁਖੀ ਸੋਚ ਸਮਝ ਕੇ ਇਕ ਵਿਸ਼ੇਸ਼ ਰਸਤੇ ਉਤੇ ਤੁਰ ਰਹੇ ਸਨ। ਉਹ ਸਿੱਖ ਸਮਾਜ ਵਿਚ ਬਿਹਤਰੀ ਲਿਆਉਣ ਲਈ ਯਤਨਸ਼ੀਲ ਸਨ ਤੇ ਉਨ੍ਹਾਂ ਨੇ ਇਸ ਮੰਤਵ ਲਈ ਕਈ ਵੱਡਮੁੱਲੇ ਕੰਮ ਵੀ ਕੀਤੇ ਸਨ। ਜੇ ਉਨ੍ਹਾਂ ਨੇ ਅੰਗਰੇਜ਼ਾਂ ਨਾਲ ਮਿਲਵਰਤਣ ਦਾ ਰਾਹ ਚੁਣਿਆ ਤਾਂ ਇਹ ਉਨ੍ਹਾਂ ਦੀ ਇਸ ਸੋਚ ਦਾ ਹੀ ਨਤੀਜਾ ਸੀ ਕਿ ਇਉਂ ਕਰਨ ਨਾਲ ਸਿੱਖ ਸਮਾਜ ਵਿਚ ਬਿਹਤਰੀ ਲਿਆਂਦੀ ਜਾ ਸਕਦੀ ਹੈ। ਅੰਗਰੇਜ਼ਾਂ ਵੱਲੋਂ ਉਨ੍ਹਾਂ ਉਤੇ ਇਹ ਕੰਮ ਮੜ੍ਹਨ ਦਾ ਕੋਈ ਤਰਕ ਨਹੀਂ ਬਣਦਾ। ਇਸ ਮਿਲਵਰਤਣ ਦਾ ਦੋਹਾਂ ਧਿਰਾਂ ਨੂੰ ਲਾਭ ਪੁੱਜਾ। ਸਿੱਖਾਂ ਦਾ ਪੜ੍ਹਿਆ ਲਿਖਿਆ ਵਰਗ ਅੰਗਰੇਜ਼ਾਂ ਦੀ ਧਿਰ ਬਣ ਗਿਆ। ਨਾਲ ਹੀ ਅੰਗਰੇਜ਼ਾਂ ਦੀ ਇਹ ਲੋੜ ਪੂਰੀ ਹੋਈ ਕਿ ਉਨ੍ਹਾਂ ਦਾ ਹਾਂ-ਪੱਖੀ ਪ੍ਰਭਾਵ ਸਿੱਖਾਂ ਦੇ ਪ੍ਰਭਾਵੀ ਵਰਗ ਉਤੇ ਪਏ।

ਜਿੱਥੋਂ ਤੱਕ ਗੁਰਦੁਆਰਾ ਐਕਟ ਦਾ ਸਬੰਧ ਹੈ, ਇਸ ਨੂੰ ਅਕਾਲੀ ਲਹਿਰ ਦੀ ਪ੍ਰਾਪਤੀ ਹੀ ਸਮਝਿਆ ਜਾਣਾ ਚਾਹੀਦਾ ਹੈ। ਇਹ ਲਹਿਰ ਉਸ ਸਥਿਤੀ ਦੇ ਪ੍ਰਤੀਕਰਮ ਵਜੋਂ ਉਠੀ ਸੀ ਜਿਹੜਾ ਮਹੰਤਾਂ ਦੀਆਂ ਗਲਤ ਕਾਰਗੁਜ਼ਾਰੀਆਂ ਨੇ ਪੈਦਾ ਕੀਤਾ ਸੀ। ਗੁਰਦੁਆਰਿਆਂ ਦੀਆਂ ਜ਼ਮੀਨਾਂ ਤੋਂ ਆਉਂਦੇ ਲੱਖਾਂ ਰੁਪਇਆਂ ਨੂੰ ਉਹ ਆਪਣੇ ਐਸ਼ੋ-ਆਰਾਮ ਲਈ ਵਰਤਦੇ ਸਨ, ਸ਼ਰਾਬਾਂ ਪੀਂਦੇ ਤੇ ਮੁਜਰੇ ਕਰਾਉਂਦੇ ਸਨ। ਗੁਰਦੁਆਰਿਆਂ ਉਤੇ ਜਮਹੂਰੀ ਕੰਟਰੋਲ ਵੀ ਆਵਾਜ਼ ਨੂੰ ਦਬਾਉਣ ਲਈ ਗੁੰਡਾ ਗਰੁਪ ਘੱਲਦੇ ਸਨ। ਉਪਰੰਤ ਇਹ ਅਕਾਲੀ ਲਹਿਰ ਹੀ ਸੀ ਜਿਸ ਰਾਹੀਂ ਦੇਸ਼ ਦੀ ਆਜ਼ਾਦੀ ਦਾ ਸੰਗਰਾਮ ਪੰਜਾਬ ਵਿਚ ਹਰਮਨਪਿਆਰਾ ਹੋਇਆ। ਇਸ ਲਹਿਰ ਨੂੰ ਕਾਂਗਰਸ ਨੇ ਸਮਰਥਨ ਦਿੱਤਾ। ਮਹਾਤਮਾ ਗਾਂਧੀ ਨੇ 'ਚਾਬੀਆਂ ਦੇ ਮੋਰਚੇ' ਦੀ ਜਿੱਤ ਨੂੰ ਆਜ਼ਾਦੀ ਦੀ ਲਹਿਰ ਦੀ ਪਹਿਲੀ ਜਿੱਤ ਕਿਹਾ ਤੇ ਸਿੱਖਾਂ ਨੂੰ ਸੱਦਾ ਦਿੱਤਾ ਕਿ ਉਹ ਹੁਣ ਵੱਡੇ ਗੁਰਦੁਆਰੇ, ਭਾਵ ਦੇਸ਼ ਨੂੰ ਆਜ਼ਾਦ ਕਰਾਉਣ ਦੇ ਸੰਘਰਸ਼ ਵਿਚ ਵੀ ਆਪਣਾ ਹਿੱਸਾ ਪਾਉਣ।

ਜਿਸ ਮਤੇ ਨੂੰ ਸ. ਪ੍ਰਭਸ਼ਰਨਦੀਪ ਸਿੰਘ ਅਕਾਲੀ ਦਲ ਦੀ ਵਰਕਿੰਗ ਕਮੇਟੀ ਦਾ ਮਤਾ ਕਹਿ ਰਹੇ ਹਨ, ਉਹ ਅਕਾਲੀ ਦਲ ਦਾ ਨਹੀਂ ਸੀ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੀ। ਇਹ ਬੱਬਰ ਅਕਾਲੀਆਂ ਦੇ ਹਥਿਆਰਬੰਦ ਸੰਘਰਸ਼ ਦੀ ਨਿਖੇਧੀ ਦਾ ਨਹੀਂ, ਬੱਬਰਾਂ ਦੀਆਂ ਸਰਗਰਮੀਆਂ ਨਾਲੋਂ ਲਾ-ਤੁਅੱਲਕੀ ਦਾ ਸੀ। ਸ. ਸੁੰਦਰ ਸਿੰਘ ਬੱਬਰ ਰਚਿਤ 'ਬੱਬਰ ਅਕਾਲੀ ਲਹਿਰ' ਅਨੁਸਾਰ ਜਦ 23 ਅਪ੍ਰੈਲ 1923 ਨੂੰ ਹਕੂਮਤ ਪੰਜਾਬ ਨੇ ਐਲਾਨ ਕੀਤਾ ਕਿ "ਦੁਆਬੇ ਵਿਚ ਸਰਕਾਰ ਦੇ ਵਫਾਦਾਰਾਂ ਪਰ ਹੋ ਰਹੇ ਹਮਲਿਆਂ ਅਤੇ ਕਤਲਾਂ ਦਾ ਜ਼ਿੰਮੇਵਾਰ ਬੱਬਰ ਜਥਾ ਹੈ ਤਾਂ ਸ਼੍ਰੋਮਣੀ ਕਮੇਟੀ ਇਹ ਐਲਾਨ ਕਰਨ ਨੂੰ ਤਿਆਰ ਹੋ ਗਈ ਕਿ ਕਮੇਟੀ ਦਾ ਬੱਬਰ ਲਹਿਰ ਨਾਲ ਕੋਈ ਸੰਬੰਧ ਨਹੀਂ।" (ਪੰਨਾ 210-211)

ਸ਼੍ਰੋਮਣੀ ਕਮੇਟੀ ਅਜਿਹਾ ਪ੍ਰਸਤਾਵ ਖਾਸ ਕਰਨ ਵਿਚ ਹੱਕ-ਬਜਾਨਬ ਸੀ ਕਿਉਂਕਿ ਉਹ ਉਸ ਦੌਰ ਵਿਚ ਅਹਿੰਸਾ ਦੀ ਨੀਤੀ ਦਾ ਦ੍ਰਿੜਤਾ ਨਾਲ ਪਾਲਣ ਕਰ ਰਹੀ ਸੀ। ਅਕਾਲੀ ਲਹਿਰ ਵਿਚ ਲੱਗੇ ਮੋਰਚਿਆਂ ਵਿਚ ਇਸ ਨੀਤੀ ਉਤੇ ਅਮਲ ਕੀਤਾ ਗਿਆ ਸੀ। ਬੱਬਰ ਅਕਾਲੀ, ਅਕਾਲੀਆਂ ਦਾ ਹੀ ਅੰਗ ਸਨ ਤੇ ਉਸ ਸਮੇਂ ਦੀ ਵਿਸ਼ੇਸ਼ ਸਥਿਤੀ ਦੀ ਉਪਜ ਸਨ ਪਰ ਕਿਉਂਕਿ ਉਹ ਹਥਿਆਰਬੰਦ ਐਕਸ਼ਨ ਸ਼੍ਰੋਮਣੀ ਕਮੇਟੀ ਦੇ ਆਦੇਸ਼ ਅਨੁਸਾਰ ਜਾਂ ਉਸ ਦੀ ਪ੍ਰਵਾਨਗੀ ਨਾਲ ਨਹੀਂ ਕਰਦੇ ਸਨ, ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੀਆਂ ਸਰਗਰਮੀਆਂ ਨਾਲੋਂ ਆਪਣੇ-ਆਪ ਨੂੰ ਵੱਖ ਕਰ ਲੈਣ ਵਿਚ ਕੁਝ ਵੀ ਤਰਕ ਰਹਿਤ ਨਹੀਂ ਸੀ। ਹਾਲੀਆ ਧਰਮ ਯੁੱਧ ਮੋਰਚਾ ਵੀ ਸ਼ਾਂਤਮਈ ਅੰਦੋਲਨ ਵਜੋਂ ਸ਼ੁਰੂ ਹੋਇਆ ਸੀ। ਅਫ਼ਸੋਸ ਤਾਂ ਇਸੇ ਗੱਲ ਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਹੀ ਜਦੋਂ ਹਿੰਸਕ ਕਾਰਵਾਈਆਂ ਸ਼ੁਰੂ ਹੋ ਗਈਆਂ ਤਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਪ੍ਰਕਾਸ਼ ਸਿੰਘ ਬਾਦਲ ਜਾਂ ਸੰਤ ਹਰਚੰਦ ਸਿੰਘ ਲੌਂਗੋਵਾਲ; ਕਿਸੇ ਨੇ ਵੀ ਸਪਸ਼ਟ ਪੁਜੀਸ਼ਨ ਨਾ ਲਈ? ਗੁਰਦੁਆਰਾ ਸੁਧਾਰ ਲਹਿਰ ਦੌਰਾਨ ਉਨ੍ਹਾਂ ਵਕਤਾਂ ਦੀ ਲੀਡਰਸ਼ਿਪ ਵੱਲੋਂ ਬੱਬਰਾਂ ਅਕਾਲੀਆਂ ਵਿਰੁਧ ਲਏ ਸਪੱਸ਼ਟ ਪੈਂਤੜੇ ਤੋਂ ਕੋਈ ਵੀ ਸਬਕ ਕਿਉਂ ਨਾ ਸਿੱਖਿਆ? ਅਸੀਂ ਆਸ ਰੱਖਾਂਗੇ ਕਿ ਸ. ਪ੍ਰਭਸ਼ਰਨਦੀਪ ਸਿੰਘ ਇਸ ਗੱਲ ਦਾ ਜਵਾਬ ਵਧੇਰੇ ਸਬਰ ਅਤੇ ਠੰਢੇ ਮਨ ਨਾਲ ਦੇਣ ਦਾ ਯਤਨ ਕਰਨਗੇ।

ਇਉਂ ਹੀ ਉਹ ਨਵਾਂ ਸਿੱਖ ਸਿਆਸੀ ਚਿੰਤਨ ਕੀ ਹੈ ਜਿਸ ਨੂੰ ਸ. ਪ੍ਰਭਸ਼ਰਨਦੀਪ ਸਿੰਘ ਸੰਤ ਜਰਨੈਲ ਸਿੰਘ ਦੀ ਦੇਣ ਕਹਿ ਰਹੇ ਹਨ? ਉਹ ਹੋਰ ਪੜਾਅ ਕਿਹੜਾ ਸੀ ਜਿਥੋਂ ਸੰਤਾਂ ਦਾ ਸਫਰ ਸ਼ੁਰੂ ਹੋਇਆ ਤੇ ਕੀ ਇਸ ਰਾਹ ਨੂੰ ਅਕਾਲੀ ਦਲ ਦੀ ਪ੍ਰਵਾਨਗੀ ਹਾਸਲ ਸੀ? ਜੋ ਕੁਝ ਸਾਡੇ ਸਾਹਮਣੇ ਹੈ, ਉਹ ਸੰਤਾਂ ਦੇ ਭਾਸ਼ਨ ਹਨ ਜਾਂ ਪ੍ਰੈਸ ਨੂੰ ਦਿੱਤੇ ਬਿਆਨ ਹਨ। ਉਨ੍ਹਾਂ ਵਿਚੋਂ ਤਾਂ ਕਿਸੇ ਗਹਿਰ-ਗੰਭੀਰ ਸਿਆਸੀ ਚਿੰਤਨ ਦੀ ਝਲਕ ਨਹੀਂ ਮਿਲਦੀ।

ਸੰਤ ਦੇ ਭਾਸ਼ਣਾਂ ਤੇ ਮੁਲਾਕਾਤਾਂ ਦਾ ਇਕ ਰਿਕਾਰਡ 'ਸਿੰਘ ਗਰਜ' ਨਾਂ ਦੀ ਪੁਸਤਕ ਵਿਚ ਦਰਜ ਹੈ। ਇਸ ਦਾ ਸੰਪਾਦਨ ਸ. ਨਾਰਾਇਣ ਸਿੰਘ ਨੇ ਕੀਤਾ ਹੈ ਜਿਹੜੇ ਪੁਲੀਟੀਕਲ ਸਾਇੰਸ ਤੇ ਪੰਜਾਬੀ ਦੀ ਐਮ.ਏ. ਹਨ। ਉਹ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਰਹੇ ਤੇ ਸੰਤਾਂ ਨਾਲ ਨੇੜਤਾ ਕਾਰਨ 'ਟਾਡਾ' ਅਧੀਨ ਕੈਦ ਵੀ ਰਹੇ। ਇਨ੍ਹਾਂ ਭਾਸ਼ਣਾਂ ਦਾ ਇਕ-ਇਕ ਲਫ਼ਜ਼ ਹਥਿਆਰ ਚੁੱਕਣ ਦਾ ਸੱਦਾ ਹੈ। ਸਿੱਖਾਂ ਨੂੰ ਕਿਹਾ ਗਿਆ ਹੈ ਕਿ ਉਹ ਸ਼ਸਤਰਧਾਰੀ ਹੋਣ ਅਤੇ ਇਸ ਕੰਮ ਲਈ ਲਾਈਸੈਂਸਾਂ ਦੀ ਕੋਈ ਲੋੜ ਨਹੀਂ। ਇਹ ਵੀ ਕਿਹਾ ਗਿਆ ਹੈ ਕਿ ਜਿਸ ਦਿਨ ਦਰਬਾਰ ਸਾਹਿਬ ਉਤੇ ਪੁਲਿਸ ਹਮਲਾ ਕਰੇ, ਕੋਈ ਮੋਨਾ ਨਜ਼ਰ ਨਹੀਂ ਆਉਣਾ ਚਾਹੀਦਾ। ਇਹ ਮੰਗ ਵੀ ਕੀਤੀ ਗਈ ਹੈ ਕਿ ਸਿੱਖਾਂ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਦੇ ਹਿਸਾਬ ਨਾਲ ਦੇਸ਼ ਦੀ ਧਰਤੀ ਦਿੱਤੀ ਜਾਵੇ। ਵਧੇਰੇ ਭਾਸ਼ਣਾਂ ਵਿਚ ਸਰਕਾਰ ਵੱਲੋਂ ਹਿੰਦੂਆਂ ਦੇ ਪੱਖ ਵਿਚ ਤੇ ਸਿੱਖਾਂ ਵਿਰੁਧ ਕੀਤੇ ਜਾਂਦੇ ਵਿਤਕਰਿਆਂ ਦਾ ਵੇਰਵਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਨੂੰ ਮੌਕੇ ਉਤੇ ਝਟਕਾ ਦੇਣ ਦਾ ਸੱਦਾ ਵੀ ਹੈ। ਇੱਥੋਂ ਤੱਕ ਕਿਹਾ ਗਿਆ ਕਿ ਜਿਹੜਾ ਕੋਈ ਸਿੱਖ, ਦੋਖੀ ਹਿੰਦੂਆਂ ਨੂੰ ਮਾਰ ਕੇ ਸੰਤ ਕੋਲ ਆਵੇਗਾ, ਉਹ ਉਸ ਨੂੰ ਸੋਨੇ ਨਾਲ ਤੋਲੇਗਾ। ਇਸ ਤਰ੍ਹਾਂ ਦੇ ਵਿਚਾਰਾਂ ਵਿਚ 'ਨਵਾਂ ਸਿੱਖ ਚਿੰਤਨ' ਕਿੱਥੇ ਹੈ?

***(ਚੱਲਦਾ)***

> ***ਧਰਮ ਯੁੱਧ ਮੋਰਚਾ ਵੀ ਸ਼ਾਂਤਮਈ ਅੰਦੋਲਨ ਵਜੋਂ ਸ਼ੁਰੂ ਹੋਇਆ ਸੀ। ਅਫ਼ਸੋਸ ਤਾਂ ਇਸੇ ਗੱਲ ਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਹੀ ਜਦੋਂ ਹਿੰਸਕ ਕਾਰਵਾਈਆਂ ਸ਼ੁਰੂ ਹੋ ਗਈਆਂ ਤਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਪ੍ਰਕਾਸ਼ ਸਿੰਘ ਬਾਦਲ ਜਾਂ ਸੰਤ ਹਰਚੰਦ ਸਿੰਘ ਲੌਂਗੋਵਾਲ; ਕਿਸੇ ਨੇ ਵੀ ਸਪਸ਼ਟ ਪੁਜੀਸ਼ਨ ਨਾ ਲਈ? ਗੁਰਦੁਆਰਾ ਸੁਧਾਰ ਲਹਿਰ ਦੌਰਾਨ ਉਨ੍ਹਾਂ ਵਕਤਾਂ ਦੀ ਲੀਡਰਸ਼ਿਪ ਵੱਲੋਂ ਬੱਬਰ ਅਕਾਲੀਆਂ ਵਿਰੁਧ ਲਏ ਸਪੱਸ਼ਟ ਪੈਂਤੜੇ ਤੋਂ ਕੋਈ ਵੀ ਸਬਕ ਕਿਉਂ ਨਾ ਸਿੱਖਿਆ?***

---

# ਗੁਰੂ ਗੁਰੂ ਏਕੋ ਵੇਸ ਅਨੇਕ

**ਸ਼ਬਦ ਝਰੋਖਾ**



ਬਲਜੀਤ ਬਾਸੀ

***ਫੋਨ: 734-454-4958***

ਭਾਰਤ ਦੀ ਸਮਾਜਕ ਅਧਿਆਤਮਕ ਪਰੰਪਰਾ ਵਿਚ ਗੁਰੂ-ਸ਼ਿਸ਼ ਪ੍ਰਣਾਲੀ ਦਾ ਪ੍ਰਮੁਖ ਸਥਾਨ ਹੈ। ਗੁਰੂ ਸਬੰਧੀ ਕਹਾਵਤਾਂ ਤੋਂ ਹੀ ਇਸ ਗੱਲ ਦਾ ਪ੍ਰਮਾਣ ਮਿਲ ਜਾਂਦਾ ਹੈ: ਗੁਰੂ ਬਿਨਾ ਗਤ ਨਹੀਂ, ਸ਼ਾਹ ਬਿਨਾ ਪੱਤ ਨਹੀਂ; ਗੁਰੂ ਜਿਨਾਂ ਦੇ ਟੱਪਣੇ ਚੇਲੇ ਜਾਣ ਛੜੱਪ; ਗੁਰੂ ਹੋ ਜਾ ਸ਼ੁਰੂ। ਇਕ ਸਿਰੇ 'ਤੇ ਇਹ ਸ਼ਬਦ ਕੋਈ ਵੀ ਸਿਖਿਆ ਦਿੰਦਾ ਸਾਧਾਰਨ ਅਧਿਆਪਕ ਜਿਹੇ ਅਰਥ ਦਿੰਦਾ ਹੈ ਪਰ ਦੂਜੇ ਸਿਰੇ 'ਤੇ ਪਰਮਾਤਮਾ ਦਾ ਅਰਥਾਵਾਂ ਬਣ ਜਾਂਦਾ ਹੈ ਜਿਵੇਂ ਸਿਰਲੇਖ ਵਾਲੀ ਤੁਕ ਵਿਚ। ਭਾਰਤ ਦੀ ਗਿਆਨ/ਭਗਤੀ ਦੀ ਧਾਰਮਿਕ ਪਰਿਪਾਟੀ ਅਧੀਨ ਗੁਰੂ ਨੇ ਇਕ ਤਰ੍ਹਾਂ ਕੇਂਦਰੀ ਸਥਾਨ ਗ੍ਰਹਿਣ ਕਰ ਲਿਆ। ਮਿਸਾਲ ਵਜੋਂ ਨਾਥ ਪੰਥ ਵਿਚ ਗੁਰੂ-ਚੇਲੇ ਦਾ ਸਿਲਸਿਲਾ ਚਲਦਾ ਰਿਹਾ ਹੈ। ਨੇਪਾਲ ਵਿਚ ਅਜੇ ਤੱਕ ਸਿਧੀ ਪੰਥ ਦੇ ਮੁਰੀਦ 'ਗੁਰਭਾਜੂ' (ਗੁਰੂ ਦੇ ਪੁਜਾਰੀ) ਕਹਾਉਂਦੇ ਹਨ। ਸੂਫੀਆਂ ਵਿਚ ਵੀ ਅਜਿਹਾ ਹੀ ਹੈ। ਹਾਲਾਂਕਿ ਗੁਰੂ ਇਕ ਉਚਤਮ ਇਸ਼ਟ ਦਾ ਮਾਧਿਅਮ ਹੋਣਾ ਚਾਹੀਦਾ ਹੈ ਪਰ ਵਿਹਾਰਕ ਤੌਰ 'ਤੇ ਇਹ ਆਪਣੇ ਆਪ ਵਿਚ ਹੀ ਇਸ਼ਟ ਬਣ ਜਾਂਦਾ ਹੈ। ਲਗਭਗ ਹਰ ਧਰਮ ਵਿਚ ਇਹੋ ਵਾਪਰਦਾ ਹੈ, ਧਰਮ ਦਾ ਬਾਨੀ ਅੰਤਮ ਇਸ਼ਟ ਤੋਂ ਵੀ ਵਧੇਰੇ ਪੂਜਨੀਕ ਬਣ ਜਾਂਦਾ ਹੈ।

ਗੁਰੂ ਦੀ ਮਹੱਤਤਾ ਮੂਲਮੰਤਰ ਦੇ ਅਖੀਰ 'ਚ ਦਿੱਤੇ 'ਗੁਰ ਪ੍ਰਸਾਦਿ' ਸ਼ਬਦ ਜੁੱਟ ਤੋਂ ਹੀ ਭਲੀਭਾਂਤ ਉਜਾਗਰ ਹੋ ਜਾਂਦੀ ਹੈ। ਭੱਟ ਗਯੰਦ ਨੇ ਆਪਣੇ ਸਵੱਈਏ ਵਿਚ ਗੁਰੂ ਸਾਹਿਬ ਦੀ ਵਡਿਆਈ ਕਰਦਿਆਂ 'ਗੁਰੂ' ਦੇ ਅੱਗੇ ਵਿਸ਼ੇਸ਼ਣ ਵਜੋਂ 'ਵਾਹ' ਅਗੇਤਰ ਲਾ ਦਿੱਤਾ ਤੇ ਨਾਲ ਹੀ 'ਆਦਿ ਪੁਰਖ' ਵੀ ਪੁਕਾਰ ਦਿੱਤਾ, "ਆਦਿਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ।" ਇਥੇ ਵਾਹਿਗੁਰੂ ਭਾਵੇਂ ਇਕ ਅਤਿਸ਼ਉਕਤੀ ਅਲੰਕਾਰ ਵਜੋਂ ਹੀ ਵਰਤਿਆ ਗਿਆ ਹੋਵੇ ਪਰ ਉਪਰੰਤ ਗੁਰੂ ਤੇ ਪਰਮਾਤਮਾ ਇਕ ਮਿੱਕ ਹੁੰਦੇ ਗਏ। ਇਸ ਤਰ੍ਹਾਂ ਸਿੱਖਾਂ ਲਈ ਪਰਮਾਤਮਾ ਵਾਸਤੇ ਇਕ ਹੋਰ ਵਖਰਾ ਸ਼ਬਦ ਮਿਲ ਗਿਆ ਜੋ ਬਾਅਦ ਵਿਚ ਆ ਕੇ ਸਿੱਖ ਧਰਮ ਵਲੋਂ ਸੰਕਲਪਤ ਪਰਮਾਤਮਾ ਦਾ ਅਰਥਾਵਾਂ ਬਣ ਗਿਆ। ਵਾਹਿਗੁਰੂ ਸ਼ਬਦ ਭਾਵੇਂ ਸਰਬਸ਼ਕਤੀਮਾਨ ਲਈ ਹੈ ਪਰ ਇਸ ਵਿਚੋਂ ਗੁਰੂ ਦੇ ਉਸਤਾਦ ਵਾਲੇ ਅਰਥ ਖਾਰਜ ਨਹੀਂ ਹੁੰਦੇ। ਗੁਰੂ ਨੂੰ ਸਤਿਗੁਰੂ ਵੀ ਕਿਹਾ ਗਿਆ ਹੈ ਜਿਸ ਦਾ ਆਸ਼ਾ ਮਿਥਿਆ ਗੁਰੂਆਂ ਨਾਲੋਂ ਨਿਖੇੜਨਾ ਹੈ।

ਗੁਰੂ ਸ਼ਬਦ ਦੇ ਸੰਸਕ੍ਰਿਤ ਵਿਚ ਅਨੇਕਾਂ ਅਰਥ ਮਿਲਦੇ ਹਨ ਜਿਨ੍ਹਾਂ ਵਿਚੋਂ ਬਹੁਤ ਸਾਰੇ ਪੰਜਾਬੀ ਵਿਚ ਵੀ ਪ੍ਰਵੇਸ਼ ਕਰ ਗਏ ਹਨ। ਇਨ੍ਹਾਂ ਦਾ ਵੇਰਵਾ ਦੇਣ ਤੋਂ ਪਹਿਲਾਂ ਇਸ ਸ਼ਬਦ ਦੇ ਵਿਕਾਸ 'ਤੇ ਕੁਝ ਝਾਤ ਮਾਰ ਲਈਏ। ਬਹੁਤ ਸਾਰੇ ਸਿੱਖ ਅਤੇ ਗੈਰ-ਸਿੱਖ ਸ੍ਰੋਤ ਇਸ ਸ਼ਬਦ ਦੀ ਅਜੀਬ ਜਿਹੀ ਵਿਉਤਪਤੀ ਕਰਦੇ ਹਨ ਜਿਸ ਦਾ ਸੱਚਾਈ ਨਾਲ ਕੋਈ ਵਾਸਤਾ ਨਹੀਂ। ਇਸ ਸ਼ਬਦ ਦੀ ਗਲਤ ਵਿਆਖਿਆ ਦਾ ਮੁਢ ਅਦਵਯਤਰਕ ਉਪਨਿਸ਼ਦ ਵਿਚ ਦਿੱਤੀ ਇਸ ਦੀ ਨਿਰੁਕਤੀ ਹੈ, 'ਗੁ' ਦਾ ਅਰਥ ਹੈ ਛਾਂ ਅਤੇ 'ਰੂ' ਦਾ ਅਰਥ ਹੈ ਛਾਂ ਨੂੰ ਖਿੰਡਾਉਣ ਵਾਲਾ। ਭਾਵ ਗੁਰੂ ਅਗਿਆਨ ਦਾ ਹਨੇਰਾ ਦੂਰ ਕਰਨ ਵਾਲਾ ਵਿਅਕਤੀ ਹੈ। ਸੰਭਵ ਹੈ ਭਾਈ ਗੁਰਦਾਸ ਦੇ ਮਨ ਵਿਚ ਗੁਰੂ ਦੇ ਇਹੀ ਅਰਥ ਹੋਣ ਜਦ ਉਹ ਗੁਰੂ ਨਾਨਕ ਦੇਵ ਜੀ ਦੇ ਆਗਮਨ ਬਾਰੇ ਸ਼ਬਦ ਉਚਾਰਦੇ ਹਨ, "ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ।" ਉਂਜ ਗਿਆਨ ਨੂੰ ਚਾਨਣ ਨਾਲ ਅਤੇ ਅਗਿਆਨ ਨੂੰ ਹਨੇਰੇ ਨਾਲ ਤੁਲਨਾ ਇਕ ਪ੍ਰਾਚੀਨ ਰੀਤ ਹੀ ਹੈ। ਮਹਾਨ ਕੋਸ਼ ਵਿਚ 'ਵਾਹਿਗੁਰੂ' ਦੇ ਇੰਦਰਾਜ ਅਧੀਨ ਭਾਈ ਸੰਤੋਖ ਸਿੰਘ ਦਾ ਹਵਾਲਾ ਦਿੰਦਿਆਂ ਗੁਰੂ ਦੀ ਵਿਉਤਪਤੀ ਇਸ ਤਰ੍ਹਾਂ ਕੀਤੀ ਗਈ ਹੈ, "ਗੁ (ਅੰਧਕਾਰ ਵਿਚ) ਰੁ (ਪ੍ਰਕਾਸ਼ ਕਰਨ ਵਾਲਾ)।" ਹੈਰਾਨੀ ਦੀ ਗੱਲ ਹੈ ਕਿ ਗੁਰੂ ਦੇ ਇੰਦਰਾਜ ਵਿਚ ਇਸ ਦੀ ਵਿਉਤਪਤੀ ਬਿਲਕੁਲ ਹੋਰ ਤਰ੍ਹਾਂ ਹੈ, "ਇਹ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੈ, ਇਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ ਜੋ ਅਗਯਾਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤਵਗਯਾਨ ਸਮਝਾਉਂਦਾ ਹੈ, ਉਹ ਗੁਰੂ ਹੈ।" ਇਕੋ ਸ਼ਬਦ ਦੇ ਦੋ ਅਲੱਗ ਅਲੱਗ ਥਾਂਵਾਂ 'ਤੇ ਇਕ ਦੂਜੇ ਤੋਂ ਅਲੱਗ ਅਰਥ ਕਰਨੇ ਕੋਸ਼ਕਾਰੀ ਦੇ ਬੁਨਿਆਦੀ ਅਸੂਲਾਂ ਦੇ ਵਿਰੁਧ ਹੈ।



ਉਪਨਿਸ਼ਦ ਅਨੁਸਾਰ ਦਿੱਤੀ ਉਪਰੋਕਤ ਵਿਆਖਿਆ ਦਾ ਥੋੜੇ ਬਹੁਤੇ ਫਰਕ ਨਾਲ ਸਿੱਖ ਪ੍ਰਚਾਰਕਾਂ ਵਲੋਂ ਖੂਬ ਪ੍ਰਚਾਰ ਕੀਤਾ ਜਾਂਦਾ ਹੈ। ਸੰਸਕ੍ਰਿਤ ਵਿਚ ਜਾਅਲੀ ਜਿਹੇ ਗਿਆਨ ਦਾ ਦਿਖਾਵਾ ਕਰਨ ਦੀ ਪਰੰਪਰਾ ਵੀ ਖੂਬ ਰਹੀ ਹੈ। 'ਗੁ' ਅਤੇ 'ਰੁ' ਦੋ ਧਾਤੂ ਜ਼ਰੂਰ ਹਨ ਪਰ ਇਨ੍ਹਾਂ ਦੇ ਅਰਥ ਹੋਰ ਹਨ। 'ਗੁ' ਧਾਤੂ ਦਾ ਅਰਥ 'ਆਵਾਜ਼' ਹੁੰਦਾ ਹੈ, ਆਮ ਤੌਰ 'ਤੇ ਪੰਛੀਆਂ ਦੀ ਜਿਵੇਂ ਗੁਟਕਣਾ। 'ਗੁ' ਦਾ ਅਰਥ ਵਿਸ਼ਟਾ ਕਰਨਾ ਵੀ ਹੈ ਜਿਸ ਤੋਂ ਗੂੰਹ ਸ਼ਬਦ ਵੀ ਬਣਿਆ। 'ਰੁ' ਧਾਤੂ ਰੋਣ ਦਾ ਭਾਵ ਦਿੰਦਾ ਹੈ, ਰੋਣਾ ਸ਼ਬਦ ਬਣਿਆ ਹੀ ਇਸੇ ਤੋਂ ਹੈ। ਇਸ ਧਾਤੂ ਦਾ ਅਰਥ ਕਿਰਨ ਤਾਂ ਹੈ ਪਰ ਪ੍ਰਕਾਸ਼ ਦੇਣਾ ਮੈਨੂੰ ਕਿਧਰੇ ਨਹੀਂ ਮਿਲਿਆ। ਇਨ੍ਹਾਂ ਧਾਤੂਆਂ ਦੇ ਜੋੜ ਤੋਂ ਤੁਸੀਂ ਅੰਦਾਜ਼ਾ ਲਾ ਸਕਦੇ ਹੋ ਕਿ ਗੁਰੂ ਤੋਂ ਫਿਰ ਕੀ ਅਰਥ ਨਿਕਲ ਸਕਦਾ ਹੈ। ਨਾਲੇ ਦੋ ਧਾਤੂਆਂ ਦੇ ਹੀ ਜੋੜ ਤੋਂ ਘਟ ਹੀ ਕਦੇ ਕਿਸੇ ਸ਼ਬਦ ਦਾ ਨਿਰਮਾਣ ਹੋਇਆ ਹੈ। ਨਿਆਂਇਕ ਗੱਲ ਹੈ ਕਿ 'ਮਹਾਨ ਕੋਸ਼' ਵਿਚ ਗੁਰੂ ਦੇ ਇੰਦਰਾਜ ਅਧੀਨ ਦਿੱਤੀ ਧਾਤੂਮੂਲਕ ਵਿਆਖਿਆ ਸੱਚਾਈ ਦੇ ਵਧੇਰੇ ਨਜ਼ਦੀਕ ਹੈ ਪਰ ਇਸ ਦੇ ਅਗਾਂਹ ਅਰਥ "ਨਿਗਲਣਾ ਅਤੇ ਸਮਝਾਉਣਾ ਜੋ ਅਗਯਾਨ ਨੂੰ ਖਾ ਜਾਂਦਾ ਹੈ" ਕਰਨਾ ਸਹੀ ਨਹੀਂ ਹੈ। ਇਕ ਹੋਰ ਗੱਲ ਨੋਟ ਕਰਨ ਵਾਲੀ ਹੈ। ਟੀਕਾਕਾਰਾਂ ਨੂੰ ਇਸ ਗੱਲ ਦਾ ਜ਼ਰੂਰ ਜਾਇਜ਼ ਧਿਆਨ ਹੈ ਕਿ ਗੁਰੂ ਦਾ ਮੁਖ ਸਰੋਕਾਰ ਗਿਆਨ ਦੇਣਾ ਹੈ ਤੇ ਇਹੀ ਅਰਥ ਉਹ ਮਨਮਾਨੇ ਤੇ ਉਲਟੇ ਸਿਧੇ ਢੰਗ ਨਾਲ ਸ਼ਬਦ ਦੇ ਤੱਤਾਂ ਵਿਚੋਂ ਕੱਢਣ ਦੀ ਕੋਸ਼ਿਸ਼ ਕਰਦੇ ਹਨ।

'ਗ੍ਰੀ' ਧਾਤੂ ਦਾ ਅਰਥ ਹੁੰਦਾ ਹੈ ਪਕੜਨਾ, ਖਿਚਣਾ ਆਦਿ। ਇਸੇ ਤੋਂ 'ਗ੍ਰਹਿਣ' 'ਗ੍ਰਸਣ' ਸ਼ਬਦ ਬਣੇ ਜਿਨ੍ਹਾਂ ਵਿਚ ਪਕੜਨ ਦਾ ਭਾਵ ਹੈ। 'ਗਰਾਹੀ', 'ਉਗਰਾਹੀ' ਵੀ ਇਸੇ ਤੋਂ ਬਣੇ। ਅਸਲ ਵਿਚ ਗੁਰੂ ਦੇ ਅਨੇਕਾਂ ਅਰਥਾਂ ਵਿਚੋਂ ਮੁਖ ਅਰਥ 'ਭਾਰਾ, ਵਜ਼ਨੀ' ਹੁੰਦਾ ਹੈ ਜੋ ਅੱਗੇ ਵਿਕਸਤ ਹੋ ਕੇ ਵੱਡਾ, ਮਹਾਨ, ਪੂਜਨੀਕ, ਸਤਿਕਾਰਯੋਗ, ਜ਼ਿਮੇਵਾਰ, ਲੰਬਾ ਆਦਿ ਦੇ ਅਰਥ ਧਾਰਨ ਕਰ ਲੈਂਦਾ ਹੈ। ਸਪਸ਼ਟ ਹੈ ਕਿ ਭਾਰੀ ਚੀਜ਼ ਹੋਰ ਵਸਤਾਂ ਨੂੰ ਆਪਣੇ ਵੱਲ ਖਿਚਦੀ ਹੈ। ਇਸ ਤੋਂ ਧਰਤੀ ਦੀ ਖਿਚ ਦੇ ਅਰਥ ਦਿੰਦਾ 'ਗੁਰੂਤਾ' ਸ਼ਬਦ ਬਣਿਆ, ਅੰਗਰੇਜ਼ੀ ਸ਼ਬਦ ਗਰੈਵਿਟੀ (gravity) ਵਿਚ ਇਹੀ ਭਾਵ ਹੈ ਤੇ ਇਹ ਇਸ ਦਾ ਸੁਜਾਤੀ ਵੀ ਹੈ। ਧਰਤੀ ਵਿਸ਼ਾਲ ਮਾਦੇ ਕਾਰਨ ਭਾਰੀ ਹੈ, ਇਸ ਲਈ ਹਰ ਸ਼ੈਅ ਨੂੰ ਆਪਣੇ ਵੱਲ ਖਿਚਦੀ ਹੈ। ਉਸਤਾਦ ਦੇ ਅਰਥਾਂ ਵਾਲਾ 'ਗੁਰੂ' ਗਿਆਨ ਨਾਲ ਭਰਪੂਰ ਹੈ, ਇਸੇ ਲਈ ਉਹ ਅਧਿਆਪਕ ਹੈ; ਉਹ ਆਪਣਾ ਗਿਆਨ ਆਪਣੇ ਸ਼ਿਸ਼ਾਂ ਨੂੰ ਦਿੰਦਾ ਹੈ; ਉਨ੍ਹਾਂ ਨੂੰ ਆਪਣੇ ਵੱਲ ਖਿਚਦਾ ਹੈ। 'ਗੁਰੂ' ਸ਼ਬਦ ਦੀ ਇਹੀ ਤਾਰਕਿਕ ਵਿਉਤਪਤੀ ਭਾਸ਼ਾ-ਵਿਗਿਆਨੀਆਂ ਨੇ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਲਈ ਗੁਰ ਤੇ ਗੁਰੁ ਸ਼ਬਦ ਵੀ ਆਏ ਹਨ।

ਗੁਰੂ ਦੇ ਕੁਝ ਹੋਰ ਅਰਥ ਲੈ ਕੇ ਇਸ ਦਲੀਲ ਦੀ ਪੁਸ਼ਟੀ ਕਰਦੇ ਹਾਂ। ਬ੍ਰਿਹਸਪਤੀ ਦੇਵਤੇ ਤੇ ਗ੍ਰਹਿ ਨੂੰ ਗੁਰੂ ਕਿਹਾ ਜਾਂਦਾ ਹੈ ਕਿਉਂਕਿ ਇਹ ਦੇਵਤਿਆਂ ਦਾ ਵੀ ਗੁਰੂ ਹੈ ਉਂਜ ਇਹ ਸਭ ਤੋਂ ਵੱਡਾ ਗ੍ਰਹਿ ਹੈ। ਇਸੇ ਤੋਂ ਵੀਰਵਾਰ ਨੂੰ ਬ੍ਰਿਹਸਪਤੀ ਦੇ ਨਾਲ ਨਾਲ ਗੁਰੂਵਾਰ ਵੀ ਕਿਹਾ ਜਾਂਦਾ ਹੈ, "ਕਹੁ ਗੁਰ ਗਜ ਸਿਵ ਸਭਕੋ ਜਾਨੈ॥" (ਭਗਤ ਕਬੀਰ) ਪਿੰਗਲ ਵਿਚ ਗੁਰੂ ਦਾ ਅਰਥ ਵੱਡੀ ਅਰਥਾਤ ਦੂਹਰੀ ਮਾਤਰਾ ਹੁੰਦੀ ਹੈ ਜਿਵੇਂ ਅੱਖਰਾਂ ਨੂੰ ਦੁਲਾਵਾਂ, ਕੰਨਾ, ਦੁਲੈਂਕੜ ਆਦਿ ਸਵਰ ਲੱਗਣ ਨਾਲ। ਗੁਰੂ ਮਾਤਰਾ ਬੋਲਣ ਵਿਚ ਲਘੂ ਮਾਤਰਾ ਨਾਲੋਂ ਦੁੱਗਣਾ ਸਮਾਂ ਲਗਦਾ ਹੈ। ਇਥੇ ਸਮੇਂ ਦਾ ਭਾਰ ਹੈ। ਪਤੀ, ਪਿਤਾ ਦੇ ਅਰਥਾਂ ਵਿਚ ਵੀ ਗੁਰੂ ਸ਼ਬਦ ਵਰਤਿਆ ਗਿਆ ਹੈ ਕਿਉਂਕਿ ਉਹ ਸਾਡੇ ਸਮਾਜਕ ਢਾਂਚੇ ਅਨੁਸਾਰ ਵੱਡੇ ਜਾਂ ਜ਼ਿਮੇਵਾਰ ਸਮਝੇ ਜਾਂਦੇ ਹਨ, "ਸੋਭਵੰਤੀ ਸੋਹਾਗਣੀ ਜਿਨਿ ਗੁਰ ਕਾ ਹੇਤ ਅਪਾਰੁ॥" (ਗੁਰੂ ਅਮਰ ਦਾਸ) ਵਿਚ ਗੁਰੂ ਦੇ ਅਰਥ ਪਤੀ ਕੀਤੇ ਜਾਂਦੇ ਹਨ। ਗੁਰੂ ਨਾਲ ਹੋਰ ਸ਼ਬਦ ਸੰਯੁਕਤ ਹੋ ਕੇ ਸਮਾਸੀ ਸ਼ਬਦ ਬਣੇ ਹਨ ਜਿਵੇਂ ਗੁਰਭਾਈ (ਜਿਨ੍ਹਾਂ ਦਾ ਇਕੋ ਗੁਰੂ ਹੋਵੇ), ਗੁਰਮੁਖ (ਇਹ ਸ਼ਬਦ ਨਾਥ ਪਰੰਪਰਾ ਦੀ ਉਪਜ ਹੈ), ਗੁਰਮੁਖੀ, ਗੁਰੂਜਨ, ਗੁਰੂਦੱਛਣਾ, ਗੁਰਦਵਾਰਾ, ਗੁਰੂਦੇਵ, ਗੁਰੂ ਰਤਨ (ਪੁਖਰਾਜ), ਗੁਰੂ ਘੰਟਾਲ (ਗਲੇ ਵਿਚ ਬਧੀਆਂ ਘੰਟੀਆਂ ਵਾਲਾ, ਇਸ ਦੇ ਅਰਥਾਂ ਵਿਚ ਅਵਨਤੀ ਆ ਗਈ ਹੈ।), ਗੁਰਬਾਣੀ, ਗੁਰਮਤਾ, ਗੁਰਪੁਰਬ, ਗੁਰਿਆਈ, ਗੁਰੂਡੰਮ, ਗੁਰਧਾਮ, ਗੁਰਪ੍ਰਕਾਰ, ਜਗਤਗੁਰੂ। ਗੁਰੂ ਸ਼ਬਦ ਵਿਚ ਵੀ ਅਵਨਤੀ ਆਈ ਹੈ, ਜਦ ਅਸੀਂ ਕਹਿੰਦੇ ਹਾਂ, "ਤੂੰ ਤਾਂ ਸਭ ਦਾ ਗੁਰੂ ਹੈਂ!" ਤਾਂ ਸਾਡਾ ਭਾਵ ਚੁਸਤੀ ਚਲਾਕੀ ਵਿਚ ਮਾਹਰ ਹੋਣ ਤੋਂ ਹੁੰਦਾ ਹੈ। ਸਿੱਖਾਂ ਨੇ ਗੁਰੂਆਂ ਪ੍ਰਤੀ ਸ਼ਰਧਾ ਵਜੋਂ ਗੁਰੂ ਅਗੇਤਰ ਲਾ ਕੇ ਬਹੁਤ ਸਾਰੇ ਖਾਸ ਨਾਂ ਵੀ ਬਣਾ ਲਏ ਹਨ ਜਿਵੇਂ ਗੁਰਨਾਮ, ਗੁਰਮੇਲ, ਗੁਰਜੰਟ, ਗੁਰਪਾਲ, ਗੁਰਪ੍ਰਤਾਪ, ਗੁਰਪ੍ਰੀਤ, ਗੁਰਨੀਸ਼ ਆਦਿ।

ਪਰ ਇਸ ਧਾਤੂ ਤੋਂ ਵਿਕਸੇ ਹੋਰ ਵੀ ਬਹੁਤ ਸਾਰੇ ਸ਼ਬਦ ਸਾਡੇ ਸਾਹਮਣੇ ਆਉਂਦੇ ਹਨ। ਗੌਰਵ ਜਾਂ ਗਰਵ/ਗਰਬ ਸ਼ਬਦ ਵੀ ਇਸ ਤੋਂ ਨਿਰਮਿਤ ਹੋਇਆ ਹੈ ਭਾਵ ਮਾਣ ਨਾਲ ਭਰੇ ਹੋਣ ਤੋਂ ਹੈ। ਨਿਗੁਰਾ (ਗੁਰੂਰਹਿਤ), "ਸੋ ਨਿਗੁਰਾ ਮਰਿ ਮਰਿ ਜੰਮੈ ਨਿਗੁਰੇ ਅਵਣ ਜਾਵਣਿਆ।" (ਗੁਰੂ ਅਮਰ ਦਾਸ) ਭਾਰੇ ਅਤੇ ਗੰਭੀਰ ਦੇ ਅਰਥਾਂ ਵਿਚ ਗੌਰਾ ਸ਼ਬਦ ਵੀ ਪੰਜਾਬੀ ਵਿਚ ਵਰਤਿਆ ਜਾਂਦਾ ਹੈ, "ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ।"

ਗੁਰੂ ਸ਼ਬਦ ਦੇ ਹੋਰ ਭਾਰੋਪੀ ਭਾਸ਼ਾਵਾਂ ਵਿਚ ਵੀ ਸਕੇ ਸੋਹਦਰੇ ਮਿਲਦੇ ਹਨ। ਇਸ ਦਾ ਭਾਰੋਪੀ ਮੂਲ 'ਗਰੂ' ਸੁਝਾਇਆ ਗਿਆ ਹੈ। ਲਾਤੀਨੀ ਵਿਚ ਇਸ ਤੋਂ ਬਣਿਆ ਸ਼ਬਦ gravis ਅੰਗਰੇਜ਼ੀ ਵਿਚ ਜਾ ਕੇ ਗਰੇਵ (grave) ਬਣ ਗਿਆ। ਇਸ ਦਾ ਅਰਥ ਹੁੰਦਾ ਹੈ ਗੰਭੀਰ, ਸੰਜੀਦਾ। ਪੰਜਾਬੀ ਗਉਰਾ ਦਾ ਵੀ ਲਗਭਗ ਇਹੋ ਜਿਹਾ ਅਰਥ ਹੁੰਦਾ ਹੈ। ਗੁਰੂਤਾ ਦੇ ਅਰਥਾਂ ਵਾਲੇ gravity ਸ਼ਬਦ ਦਾ ਜ਼ਿਕਰ ਅਸੀਂ ਪਹਿਲਾਂ ਕਰ ਹੀ ਆਏ ਹਾਂ। ਫਾਰਸੀ ਵਿਚ ਇਸ ਦੇ ਸਕੇ ਗ੍ਰਿਫਤ, ਗ੍ਰਿਫਤਾਰ ਸ਼ਬਦਾਂ ਵਿਚ ਪਕੜਨ ਦਾ ਭਾਵ ਹੈ। ਗਰੀਕ ਵਿਚ ਭਾਰ ਦੇ ਅਰਥਾਂ ਵਾਲਾ barys ਸ਼ਬਦ ਹੈ ਜਿਸ ਤੋਂ ਅੰਗਰੇਜ਼ੀ ਬੈਰੋਮੀਟਰ ਬਣਿਆ। ਇਥੇ 'ਗ' ਧੁਨੀ 'ਬ' ਵਿਚ ਵਟ ਗਈ ਹੈ। ਬੇਰੀਅਮ ਨਾਂ ਦੀ ਧਾਤ ਵਿਚ ਵੀ ਇਹੋ ਮੂਲ ਸਮਾਇਆ ਹੋਇਆ ਹੈ। ਦੁਖ, ਸ਼ੋਕ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ grief ਵੀ ਇਸੇ ਸਿਲਸਿਲੇ ਵਿਚ ਆਉਂਦਾ ਹੈ। ਇਥੇ ਭਾਵ ਹੈ, ਮਾਨਸਿਕ ਬੋਝ, ਭਾਰੀ ਮਨ। ਅੰਗਰੇਜ਼ੀ ਸ਼ਬਦ aggravation ਦਾ ਪਹਿਲਾ ਅਰਥ ਭਾਰ ਵਧਾਉਣਾ ਸੀ, ਬਾਅਦ ਵਿਚ ਵਿਕਸਿਤ ਹੋ ਕੇ ਤਕਲੀਫ ਵਧਾਉਣਾ ਹੋ ਗਏ।

# ਅੰਮ੍ਰਿਤਾ ਪ੍ਰੀਤਮ ਦੀ ਵਿਰਾਸਤ ਤੇ ਉਸ ਦਾ ਸਾਥੀ ਇਮਰੋਜ਼

## ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਆਪਣੇ ਜੀਵਨ ਦਾ ਬਹੁਤਾ ਹਿੱਸਾ ਦਿੱਲੀ ਵਿਚ ਰਿਹਾ ਹੋਣ ਕਾਰਨ ਮੈਨੂੰ ਦਿੱਲੀ ਨਾਲ ਸਬੰਧਤ ਘਟਨਾਵਾਂ ਦੀ ਸੂਹ ਸਭ ਤੋਂ ਪਹਿਲਾਂ ਮਿਲ ਜਾਂਦੀ ਹੈ। ਅੰਮ੍ਰਿਤਾ ਪ੍ਰੀਤਮ ਦੇ ਬੇਟੇ ਨਵਰਾਜ ਕਵਾਤੜਾ ਦੀ ਦੁਖਦਾਈ ਹੱਤਿਆ ਦੀ ਖਬਰ ਵੀ ਸਭ ਤੋਂ ਪਹਿਲਾਂ ਇਸ ਖੇਤਰ ਵਿਚ ਮੈਨੂੰ ਹੀ ਮਿਲੀ ਸੀ। ਨਵਰਾਜ ਦੀ ਪਤਨੀ ਅਲਕਾ ਦੇ ਨਾਲ ਹੀ ਜਾਂ ਥੋੜ੍ਹਾ ਪਿੱਛੋਂ। ਮੈਨੂੰ ਮੁੰਬਈ ਤੋਂ ਖਬਰਾਂ ਦੇਣ ਵਾਲਾ ਪੱਤਰਕਾਰ ਬਲਜੀਤ ਪਰਮਾਰ ਹੈ। ਟਿੱਪਣੀ ਕਰਨ ਦਾ ਹੱਕ ਮੈਂ ਆਪ ਹੀ ਲੈ ਰਿਹਾ ਹਾਂ। ਪਰਿਵਾਰ, ਦਿੱਲੀ ਤੇ ਦਿੱਲੀ ਵਾਲਿਆਂ ਨੂੰ ਜਾਨਣ ਨਾਤੇ।

ਅੰਮ੍ਰਿਤਾ ਪ੍ਰੀਤਮ ਦੇ ਤੁਰ ਜਾਣ ਤੋਂ ਪਿੱਛੋਂ ਉਸ ਦੇ ਹੌਜ਼ ਖਾਸ ਵਾਲੇ ਘਰ ਵਿਚ ਉਸ ਦਾ ਲੰਮੇ ਸਮੇਂ ਦਾ ਸਾਥੀ ਇੰਦਰਜੀਤ ਆਰਟਿਸਟ ਉਰਫ ਇਮਰੋਜ਼ ਰਹਿ ਰਿਹਾ ਸੀ। ਉਸ ਨੇ ਅੰਮ੍ਰਿਤਾ ਪ੍ਰੀਤਮ ਦੀਆਂ ਲਿਖਣ ਪੜ੍ਹਨ ਨਾਲ ਸਬੰਧਤ ਵਸਤਾਂ ਅਤੇ ਪੜ੍ਹਨ ਤੇ ਆਰਾਮ ਕਰਨ ਦੀਆਂ ਥਾਂਵਾਂ ਨੂੰ ਸੰਭਾਲਣ ਦੇ ਨਾਲ ਨਾਲ ਅੰਮ੍ਰਿਤਾ ਦੀਆਂ ਕਵਿਤਾਵਾਂ ਲਿਖ ਕੇ ਤੇ ਉਸ ਦੇ ਚਿੱਤਰ ਬਣਾ ਕੇ ਸ਼ਿੰਗਾਰ ਰਖਿਆ ਸੀ। ਦਰ, ਦੀਵਾਰਾਂ ਤੇ ਖਾਲੀ ਥਾਂਵਾਂ ਭਰ ਕੇ। ਕੋਨੇ ਕੋਨੇ ਤੋਂ ਅੰਮ੍ਰਿਤਾ ਦੇ ਬੋਲ ਆ ਰਹੇ ਜਾਪਦੇ ਸਨ। ਕਿਹਾ ਜਾਂਦਾ ਸੀ ਕਿ ਅੰਮ੍ਰਿਤਾ ਦੀ ਇਸ ਵਿਰਾਸਤ ਦੀ ਸਾਂਭ ਸੰਭਾਲ ਇਮਰੋਜ਼ ਨੇ ਕਰਨੀ ਸੀ। ਘੱਟੋ ਘੱਟ ਜੀਉਂਦੇ ਜੀਅ। ਤਾ ਜ਼ਿੰਦਗੀ। ਅੰਮ੍ਰਿਤਾ ਦੀ ਧੀ ਕੰਦਲਾ ਵਿਆਹ ਤੋਂ ਪਿੱਛੋਂ ਆਪਣੇ ਘਰ ਚਲੀ ਗਈ ਸੀ ਤੇ ਬੱਲੇ ਵਾਲੇ ਭਾਗ ਵਿਚ ਬੇਟਾ ਨਵਰਾਜ ਤੇ ਉਸ ਦਾ ਪਰਿਵਾਰ ਰਹਿੰਦੇ ਸਨ। ਨਵਰਾਜ ਵਧੇਰੇ ਕਰਕੇ ਆਪਣੇ ਕੰਮ ਧੰਦੇ ਕਾਰਨ ਮੁੰਬਈ ਰਹਿੰਦਾ ਸੀ। ਉਸ ਦੀ ਪਤਨੀ ਅਲਕਾ ਤੇ ਬੱਚਿਆਂ ਸ਼ਿੰਪੀ ਤੇ ਅਮਨ ਨੂੰ ਅੰਮ੍ਰਿਤਾ ਅਤੇ ਇਮਰੋਜ਼ ਦਾ ਹੀ ਸਹਾਰਾ ਸੀ। ਇਹ ਬੋਝ ਅੰਮ੍ਰਿਤਾ ਦੇ ਤੁਰ ਜਾਣ ਤੋਂ ਪਿੱਛੋਂ ਸਿੱਧੇ ਅਸਿੱਧੇ ਰੂਪ ਵਿਚ ਇਮਰੋਜ਼ ਦੇ ਮੋਢਿਆਂ ਉਤੇ ਆ ਪਿਆ ਸੀ ਤੇ ਉਹ ਇਹ ਜ਼ਿੰਮੇਵਾਰੀ ਖੁਸ਼ੀ ਖੁਸ਼ੀ ਨਿਭਾਉਂਦਾ ਆਇਆ ਹੈ।

ਸਾਲ ਕੁ ਪਹਿਲਾਂ ਨਵਰਾਜ ਨੇ ਕਿਸੇ ਅਵੱਲੇ ਲਾਲਚ ਵੱਸ ਅੰਮ੍ਰਿਤਾ ਦੀ ਇਹ ਵਿਰਾਸਤ ਵੇਚਣ ਦਾ ਫੈਸਲਾ ਕਰ ਲਿਆ ਤੇ ਇਸ ਨੂੰ ਨੇਪਰੇ ਚਾੜ੍ਹਨ



ਇਮਰੋਜ਼



ਅੰਮ੍ਰਿਤਾ ਪ੍ਰੀਤਮ

ਲਈ ਇਮਰੋਜ਼ ਨੂੰ ਵੀ ਰਾਜ਼ੀ ਕਰ ਲਿਆ। ਕਹਿੰਦੇ ਹਨ ਕਿ ਇਸ ਸੌਦੇ ਤੋਂ ਨਵਰਾਜ ਨੂੰ ਕਰੋੜਾਂ ਰੁਪਏ ਮਿਲੇ ਜਿਨ੍ਹਾਂ ਨਾਲ ਉਸ ਨੇ ਦਿੱਲੀ ਤੇ ਮੁੰਬਈ ਵਿਚ ਕਈ ਫਲੈਟ ਖਰੀਦੇ ਅਤੇ ਆਪਣੇ ਕਾਰਜ ਖੇਤਰ ਵਿਚ ਵਾਧਾ ਕੀਤਾ। ਕਥਿਤ ਤੌਰ 'ਤੇ ਇਹ ਵਾਧਾ ਤੇ ਅਮੀਰੀ ਹੀ ਉਸ ਦੀ ਹੱਤਿਆ ਦਾ ਕਾਰਨ ਦੱਸਿਆ ਜਾਂਦਾ ਹੈ। ਹਤਿਆਰੇ ਲੁੱਟ-ਖੋਹ ਦਦੀ ਭਾਵਨਾ ਨਾਲ ਆਏ ਸਨ ਜੋ ਫੜੇ ਗਏ ਹਨ। ਉਨ੍ਹਾਂ ਨੂੰ ਯੋਗ ਸਜ਼ਾਵਾਂ ਮਿਲਦੀਆਂ ਰਹਿਣਗੀਆਂ। ਪਰ ਹੈ ਸਭ ਕੁਝ ਦੁਖਦਾਈ। ਤੁਰ ਗਏ ਜੀਵ ਦੇ ਪਰਿਵਾਰ ਲਈ ਸਭ ਤੋਂ ਵੱਧ।

ਅੰਮ੍ਰਿਤਾ ਪ੍ਰੀਤਮ ਦੀ ਵਿਰਾਸਤ ਤੇ ਪਰਿਵਾਰ ਨੂੰ ਸਾਂਭਣ ਤੇ ਮਨੋ ਬੱਲ ਦੇਣ ਦੀ ਜ਼ਿੰਮੇਵਾਰੀ ਹੁਣ ਵੀ ਉਸ ਦੇ ਨੱਬਿਆਂ ਨੂੰ ਢੁਕੇ ਸਾਥੀ ਇਮਰੋਜ਼ ਉਤੇ ਆ ਪਈ ਹੈ। ਉਸ ਨੇ ਆਪਣੇ ਉਸ ਫਲੈਟ ਨੂੰ ਜਿਸ ਵਿਚ ਮਰਹੂਮ ਨਵਰਾਜ ਕਵਾਤੜਾ ਨੇ ਉਸ ਨੂੰ ਬਿਠਾਇਆ ਸੀ, ਪਹਿਲਾਂ ਵਾਂਗ ਹੀ ਅੰਮ੍ਰਿਤਾ ਦੀਆਂ ਕਾਵਿ ਟੁਕੜੀਆਂ, ਵਸਤਾਂ ਤੇ ਚਿੱਤਰਾਂ ਨਾਲ ਸਜਾ ਲਿਆ ਹੈ। ਇਥੋਂ ਤੱਕ ਕਿ ਕੁਝ ਫੱਟੇ ਫੱਟੀਆਂ ਅੰਮ੍ਰਿਤਾ ਦੇ ਘਰ ਵਿਚੋਂ ਜਿਉਂ ਦੇ ਤਿਉਂ ਲਿਆ ਕੇ ਸੰਭਾਲ ਰੱਖੇ ਹਨ। ਹੁਣ ਨਵਰਾਜ ਦੇ ਤੁਰ ਜਾਣ ਤੋਂ ਪਿੱਛੋਂ ਉਸ ਦੀ ਪਤਨੀ ਅਲਕਾ ਤੇ ਉਨ੍ਹਾਂ ਦੇ ਬੱਚਿਆਂ ਨੂੰ ਮਨੋਬਲ ਦੇਣ ਵਾਲਾ ਵੀ ਉਹੀਓ ਰਹਿ ਗਿਆ ਹੈ। ਸ਼ਿੰਪੀ ਸ਼ਾਦੀ ਸ਼ੁਦਾ ਹੈ ਤੇ ਅਮਨ ਵਿਦਿਆ ਪ੍ਰਾਪਤ ਕਰਨ ਪਿੱਛੋਂ ਕੰਮ ਧੰਦੇ ਦੀ ਭਾਲ ਵਿਚ ਹੈ। ਜਿਹੜਾ ਅਲਿਖਤੀ ਵਚਨ ਇਮਰੋਜ਼ ਨੇ ਅੰਮ੍ਰਿਤਾ ਨੂੰ ਉਹਦੇ ਜੀਊਂਦੇ ਜੀਅ ਦਿੱਤਾ ਸੀ ਉਹ ਅੱਜ ਵੀ ਓਨੀ ਹੀ ਜ਼ਿੰਮੇਵਾਰੀ ਨਾਲ ਨਿਭਾ ਰਿਹਾ ਹੈ। ਨਵਰਾਜ ਦੀ ਹੱਤਿਆ ਸਮੇਂ ਉਹ ਪੰਜਾਬ ਵਿਚ ਹੋਣ ਕਾਰਨ ਅਲਕਾ ਦੇ ਨਾਲ ਮੁੰਬਈ ਨਹੀਂ ਸੀ ਜਾ ਸਕਿਆ ਪਰ ਖਬਰ ਮਿਲਦਿਆਂ ਹੀ ਲੁਧਿਆਣੇ ਤੋਂ ਸਿੱਧਾ ਮੁੰਬਈ ਪਹੁੰਚ ਗਿਆ ਸੀ ਤੇ ਉਥੇ ਹੀ ਹੈ। ਟੁੱਟੀਆਂ ਤੰਦਾਂ ਜੋੜਨ ਤੇ ਪਾੜੇ ਪੂਰਨ ਦੇ ਯਤਨ ਹਿੱਤ। ਵਲੂੰਧਰੇ ਜ਼ਖਮਾਂ ਦੀ ਮਲ੍ਹਮ ਪੱਟੀ ਕਰਨ ਵਾਲਾ ਹੋਰ ਹੈ ਹੀ ਕੋਈ ਨਹੀਂ।

ਇਹ ਕਿਹੋ ਜਿਹੀ ਜ਼ਿੰਮੇਵਾਰੀ ਹੈ? ਕਲਾ ਤੇ ਸਾਹਿਤ ਦੀ ਭਾਸ਼ਾ ਵਿਚ ਉਸ ਨੂੰ ਕਾਵਿਕ ਨਿਆਂ ਕਹਿੰਦੇ ਹਨ। ਇਹ ਉਨ੍ਹਾਂ ਸਾਰੇ ਨਿਆਵਾਂ ਤੋਂ ਉਚਾ ਤੇ ਅਲੌਕਿਕ ਹੈ ਜਿਹੜਾ ਪਿੱਛੇ ਰਹਿ ਗਏ ਜੀਵਾਂ ਨੂੰ ਅਮਨ ਕਾਨੂੰਨ ਦੇ ਰਾਖਿਆਂ ਨੇ ਦੇਣਾ ਹੈ। ਉਨ੍ਹਾਂ ਦੀ ਲੰਮੀ ਉਮਰ ਵਾਸਤੇ ਪ੍ਰਾਰਥਨਾ ਕਰਨੀ ਬਣਦੀ ਹੈ।

### ਮਨਮੋਹਨ, ਮਮਤਾ, ਮੁਲਾਇਮ ਤੇ ਮਾਇਆਵਤੀ

ਫੈਜ਼ ਅਹਿਮਦ ਫੈਜ਼ ਦੇ ਸ਼ਬਦਾਂ ਵਿਚ ਉਪਰ ਵਾਲੇ ਕੋਲ ਦਿਨ ਰਾਤ ਨੂੰ ਗੇੜਾ ਦੇਣ ਦੀ ਸ਼ਕਤੀ ਤਾਂ ਹੈ ਪਰ ਤਕਦੀਰ ਬਦਲਣ ਦੀ ਨਹੀਂ। ਕੁਝ ਇਸੇ ਤਰ੍ਹਾਂ ਦੀ ਭਾਵਨਾ ਨਾਲ ਭਾਰਤੀ ਰਾਜਨੀਤੀ ਦੇ ਮ, ਮੀਮ ਤੇ ਮੱਮੇ ਨਾਲ ਜੁੜੇ ਹੋਏ ਚਾਰ ਨਾਂ- ਮਨਮੋਹਨ ਸਿੰਘ, ਮਮਤਾ ਬੈਨਰਜੀ, ਮੁਲਾਇਮ ਸਿੰਘ ਯਾਦਵ ਤੇ ਮਾਇਆਵਤੀ ਆਪੋ ਆਪਣੇ ਢੰਗ ਨਾਲ ਦੇਸ਼ ਦੀ ਆਰਥਕਤਾ ਦਾ ਪਹੀਆ ਘੁਮਾਉਣ ਦੇ ਯਤਨਾਂ ਵਿਚ ਹਨ। ਚਾਰੇ ਕਰਮਵਾਰ ਕਾਂਗਰਸ, ਤ੍ਰਿਨਾਮੂਲ ਕਾਂਗਰਸ, ਸਪਾ ਤੇ ਬਸਪਾ ਦੇ ਪ੍ਰਤੀਨਿਧ ਹਨ। ਕੌਣ ਜਿੱਤੇਗਾ ਸਮੇਂ ਨੇ ਦੱਸਣਾ ਹੈ। ਪਿਛਲੇ ਦਿਨਾਂ ਵਿਚ ਇਸ ਅਭਿਆਸ ਨੇ ਆਪਣੀ ਗਤੀ ਕਾਫੀ ਤੇਜ਼ ਕਰ ਦਿੱਤੀ ਹੈ। ਹਾਲ ਦੀ ਘੜੀ ਮੈਡਮ ਮਮਤਾ ਤਾਂ ਮਾਰ ਖਾ ਗਈ ਜਾਪਦੀ ਹੈ ਤੇ ਮੁਲਾਇਮ ਨੇ ਅੰਤਾਂ ਦੀ ਰਾਜਨੀਤਕ ਸਿਆਣਪ ਦਾ ਸਬੂਤ ਦਿੱਤਾ ਹੈ, ਇੱਕ ਪਾਸੇ ਆਰਥਕ ਬੰਦ ਦਾ ਸਾਥ ਦੇ ਕੇ ਤੇ ਦੂਜੇ ਪਾਸੇ ਵਰਤਮਾਨ ਸਰਕਾਰ ਦਾ ਸਮਰਥਨ ਕਰਕੇ। ਮਨਮੋਹਨ ਸਿੰਘ ਕੋਲ ਤਕੜਾ ਪੱਤਾ ਚਲੇ ਬਿਨਾ ਕੋਈ ਚਾਰਾ ਨਹੀਂ ਸੀ ਤੇ ਮਾਇਆਵਤੀ ਕੋਲ ਤੇਲ ਤੇ ਤੇਲ ਦੀ ਧਾਰ ਦੇਖੇ ਬਿਨਾ। ਦੇਸ਼ ਦੀ ਰਾਜਨੀਤੀ ਦੇ ਨੱਕ ਵਿਚ ਆਰਥਕਤਾ ਦੀ ਨਕੇਲ ਪਈ ਹੋਈ ਹੈ ਤੇ ਆਰਥਕਤਾ ਦੀ ਮੁਹਾਰ ਨੂੰ ਖਿਚਣ ਵਾਲੇ ਕੇਵਲ ਦੋ ਹੀ ਮੱਮੇ ਹਨ ਮਨਮੋਹਨ ਤੇ ਮੁਲਾਇਮ। ਵਧੀਆ ਨਤੀਜੇ ਪ੍ਰਾਪਤ ਕਰਨ ਲਈ ਦੋਵਾਂ ਨੂੰ ਆਰਥਕਤਾ ਦੀ ਮੁਹਾਰ ਰਲ ਕੇ ਖਿੱਚਣੀ ਪਵੇਗੀ। ਜਿਸ ਲਈ ਹੁਣ ਵਾਲੇ ਵਿਰੋਧੀ ਸਿਰਿਆਂ ਨੂੰ ਤਿਆਗਣਾ ਜ਼ਰੂਰੀ ਹੈ। ਤਿਆਗਣਗੇ ਜਾਂ ਨਹੀਂ ਦੇਸ਼ ਦੀਆਂ ਨਜ਼ਰਾਂ ਏਸ ਪਾਸੇ ਲੱਗੀਆਂ ਹੋਈਆਂ ਹਨ। ਖਾਸ ਕਰਕੇ ਏਸ ਲਈ ਕਿ ਰਾਜਨੀਤੀ ਦੇ ਕੋਕੜੂ ਅਪਣੇ ਆਪ ਹੀ ਛਣ ਰਹੇ ਹਨ। ਦੇਸ਼ ਦੀ ਆਰਥਕਤਾ ਤੇ ਰਾਜਨੀਤੀ ਸੰਕਟ ਵਿਚੋਂ ਲੰਘ ਰਹੀ ਹੈ। ਨੇਤਾ ਲੋਕ ਜਾਣਦੇ ਹਨ। ਸਿਆਣਪ ਦੀ ਲੋੜ ਹੈ।

**ਅੰਤਿਕਾ: (ਦੋ ਸ਼ਾਇਰ, ਦੋ ਸ਼ਿਅਰ)**

ਦਸਤੇ ਫਲਕ ਮੇਂ ਗਰਦਸ਼ੇ ਤਕਦੀਰ ਤੋ ਨਹੀਂ
ਦਸਤੇ ਫਲਕ ਮੇਂ ਗਰਦਸ਼ੇ ਅਯਾਮ ਹੀ ਤੋ ਹੈ।
-ਫੈਜ਼ ਅਹਿਮਦ ਫੈਜ਼

---

ਤੇਰੇ ਸਾਹ 'ਚੋਂ ਮਹਿਕ ਦਾ ਘੁੱਟ ਭਰਿਆ
ਪੌਣਾਂ ਭਿੱਜੀਆਂ ਨਾਲ ਸੁਗੰਧੀਆਂ ਦੇ।
-ਅੰਮ੍ਰਿਤਾ ਪ੍ਰੀਤਮ

# ਮਾਏ ਨੀ ਮੈਂ ਕੈਨੂੰ ਆਖਾਂ...

ਰਿਸ਼ੀਆਂ-ਮੁਨੀਆਂ, ਦੇਵੀ-ਦੇਵਤਿਆਂ, ਪੀਰਾਂ-ਪੈਗੰਬਰਾਂ ਅਤੇ ਮਹਾਨ ਯੋਧਿਆਂ ਦੀ ਧਰਤੀ ਭਾਰਤ ਨੂੰ ਅੱਜ ਅਜਿਹੀ ਮਾਰ ਪਈ ਹੈ ਕਿ ਸਭ ਕੁਝ ਉਲਟਾ-ਪੁਲਟਾ ਹੋ ਗਿਆ ਜਾਪਦਾ ਹੈ। ਬਹੁਤ ਵਾਰ ਬੇਵਸੀ ਭਾਰੂ ਹੋ ਜਾਂਦੀ ਹੈ। ਹੋਰ ਤਾਂ ਹੋਰ

ਸੁਖਨਿੰਦਰ ਕੌਰ, ਸ਼ਿਕਾਗੋ
ਫੋਨ: 224-512-0500

ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ ਵਾਲੇ ਵੀ ਕਈ ਵਾਰ ਬੇਵਸੀ ਦੀ ਮਾਰ ਹੇਠ ਆ ਜਾਂਦੇ ਹਨ।

ਪੰਜਾਬ ਵੱਸਦੀ ਮੇਰੀ ਧੀ ਇਕ ਦਿਨ ਸ਼ਾਮੀਂ ਕਾਰ 'ਤੇ ਆਪਣੀਆਂ ਦੋ ਛੋਟੀਆਂ ਬੇਟੀਆਂ ਨੂੰ ਟਿਊਸ਼ਨ ਤੋਂ ਲੈਣ ਜਾ ਰਹੀ ਸੀ। ਚੌਕ ਉਤੇ ਲਾਲ ਬੱਤੀ ਹੋਣ ਕਾਰਨ ਉਹ ਕਾਰ ਅਜੇ ਹੌਲੀ ਕਰ ਹੀ ਰਹੀ ਸੀ ਕਿ ਪਿੱਛੋਂ ਕੋਈ ਸਿਰਫਿਰਿਆ ਆਇਆ ਤੇ ਦੋਪਹੀਆ ਵਾਹਨ ਕਾਰ ਵਿਚ ਲਿਆ ਮਾਰਿਆ। ਚੰਗੀ ਕਿਸਮਤ ਨੂੰ ਸੱਟ ਲੱਗਣ ਤੋਂ ਬਚਾ ਹੋ ਗਿਆ। ਬੇਟੀ ਕਾਰ 'ਚੋਂ ਉਤਰੀ, ਕਾਰ ਵੀ ਨੁਕਸਾਨੀ ਗਈ ਸੀ। ਉਹ ਉਸ ਬੰਦੇ ਨਾਲ ਖਫਾ ਵੀ ਹੋਈ। ਪੁਲਿਸ ਵਾਲਿਆਂ ਦੱਸਿਆ ਕਿ ਇਹ ਬੰਦਾ ਪਿਛਲੇ ਚੌਕ ਤੋਂ ਭੱਜ ਕੇ ਆਇਆ ਹੈ, ਕਿਉਂਕਿ ਉਥੇ ਨਾਕਾ ਲੱਗਾ ਸੀ ਤੇ ਇਸ ਕੋਲ ਕਾਗਜ਼ ਪੂਰੇ ਨਹੀਂ ਸਨ। ਪੁਲਿਸ ਨੂੰ ਇਹ ਵੀ ਪਤਾ ਸੀ ਕਿ ਕਾਰ ਵਾਲੀ ਬੀਬੀ ਦਾ ਕੋਈ ਕਸੂਰ ਨਹੀਂ। ਉਸ ਸਿਰਫਿਰੇ ਬੰਦੇ ਦਾ ਚਲਾਨ ਕੱਟਿਆ ਗਿਆ। ਉਸ ਨੇ ਉਸੇ ਵੇਲੇ ਦੋ-ਚਾਰ ਫੋਨ ਖੜਕਾ ਦਿੱਤੇ। ਬੇਟੀ ਨੇ ਪੁਲਿਸ ਵਾਲਿਆਂ ਨੂੰ ਫੋਨ ਨੰਬਰ ਅਤੇ ਘਰ ਦਾ ਪਤਾ ਦੱਸ ਕੇ ਜਾਣ ਦੀ ਇਜਾਜ਼ਤ ਮੰਗੀ ਕਿਉਂਕਿ ਉਸ ਦੀਆਂ ਬੇਟੀਆਂ ਟਿਊਸ਼ਨ 'ਤੇ ਮਾਂ ਨੂੰ ਉਡੀਕ ਰਹੀਆਂ ਸਨ। ਛੋਟਾ ਬੇਟਾ ਉਹ ਗਲੀ ਵਿਚ ਕਿਸੇ ਕੋਲ ਛੱਡ ਕੇ ਆਈ ਸੀ। ਉਸ ਦਾ ਪਤੀ ਘਰੋਂ ਬਾਹਰ ਦੂਰ ਨੌਕਰੀ ਕਰਦਾ ਹੈ। ਇੰਨੇ ਚਿਰ ਵਿਚ ਮੁੰਡੀਰ ਇਕੱਠੀ ਹੋ ਗਈ। ਮੁੰਡੀਰ ਵਿਚ ਕਿਸੇ ਸਿਆਸੀ ਆਕਾ ਦਾ ਕੋਈ ਜਾਣੂ ਵੀ ਆ ਗਿਆ, ਸਿਰਫ ਇਸ ਲਈ ਕਿ ਉਸ ਬੰਦੇ ਦਾ ਚਲਾਨ ਕਿਉਂ ਕੱਟਿਆ ਹੈ?

ਆਮ ਧਾਰਨਾ ਹੈ ਕਿ ਪੁਲਿਸ ਸਹੀ ਨਹੀਂ ਹੈ ਪਰ ਇਹ ਵੀ ਤਾਂ ਨੁਕਤਾ ਹੈ ਕਿ ਜਿਹੜੇ ਪੁਲਿਸ ਵਾਲੇ ਲੋਕਾਂ ਦੀ ਮਦਦ ਵਜੋਂ ਕੁਝ ਕਰਦੇ ਹਨ, ਉਨ੍ਹਾਂ ਦੀਆਂ ਜਵਾਬ-ਤਲਬੀਆਂ ਵੀ ਹੋ ਜਾਂਦੀਆਂ ਹਨ। ਪੰਜਾਬ ਵਿਚ ਤਾਂ ਡਰਾਈਵਿੰਗ ਕਰਨ ਵਾਲੇ ਕਾਨੂੰਨ ਦੀ ਪਾਲਨਾ ਹੀ ਨਹੀਂ ਕਰਦੇ। ਨਵੀਂ ਪਨੀਰੀ ਦਾ ਤਾਂ ਪੁੱਛੋ ਹੀ ਕੁਝ ਨਾ! ਇਕ-ਡੇਢ ਘੰਟੇ ਬਾਅਦ ਬੇਟੀ ਨੇ ਬੇਨਤੀ ਕੀਤੀ ਕਿ ਬੱਚੇ ਰੋ ਰਹੇ ਹੋਣਗੇ, ਪਤਾ ਨਹੀਂ ਕਿਵੇਂ ਤੇ ਕਿੱਥੇ ਹੋਣਗੇ? ਕੋਈ ਭਲਾ ਪੁਲਿਸ ਵਾਲਾ ਹੋਵੇਗਾ ਜਿਸ ਨੇ ਬੇਟੀ ਦੀ ਬੇਨਤੀ ਮੰਨ ਲਈ। ਇਸ ਤੋਂ ਬਾਅਦ ਮੁੰਡੀਰ ਨੇ ਉਥੇ ਇਹ ਇਸ਼ੂ ਬਣਾ ਲਿਆ ਕਿ ਕਾਰ ਪੁਲਿਸ ਵਾਲਿਆਂ ਆਪ ਭਜਾ ਦਿੱਤੀ ਹੈ। ਇਕ ਪਾਸੇ ਇਕੱਲੀ ਔਰਤ ਅਤੇ ਦੂਜੇ ਪਾਸੇ ਲੋਕਤੰਤਰ ਦਾ ਢੰਡੋਰਾ ਪਿੱਟਦੀ ਮੁੰਡੀਰ। ਜਿਥੇ ਚਾਰ ਲੋਕ ਇਕੱਠੇ ਹੋ ਜਾਣ, ਝੂਠ ਨੂੰ ਸੱਚ ਵਿਚ ਬਦਲਣ ਦੀ ਸਮਰੱਥਾ ਰੱਖਦੇ ਹਨ। ਇਹੋ ਜਿਹੀਆਂ ਗੱਲਾਂ ਸਰਕਾਰ ਦੀ ਕਾਰਜ-ਪ੍ਰਣਾਲੀ ਦੀ ਹੀ ਸੂਹ ਦਿੰਦੀਆਂ ਹਨ। ਦੁਬਿਧਾ ਵਿਚ ਫਸੇ ਅਧਿਕਾਰੀ ਤੇ ਕਰਮਚਾਰੀ ਸੱਤਾਧਾਰੀਆਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੇ। ਰਾਤ ਨੂੰ ਅੱਠ ਕੁ ਵਜੇ ਫਿਰ ਪੁਲਿਸ ਨੇ ਮੇਰੀ ਬੇਟੀ ਦੇ ਘਰ ਆ ਕੇ ਕਿਹਾ ਕਿ ਤੁਹਾਨੂੰ ਥਾਣੇਦਾਰ ਸਾਹਿਬ ਨੇ ਬੁਲਾਇਆ ਹੈ। ਮੇਰੀ ਬੇਟੀ ਜੋ ਆਪਣੇ ਬੱਚਿਆਂ ਨਾਲ ਸ਼ਹਿਰ ਵਿਚ ਇਕੱਲੀ ਰਹਿੰਦੀ ਹੈ, ਦਾ ਛੁਟਕਾਰਾ 4-5 ਘੰਟੇ ਬਾਅਦ ਹੋਇਆ, ਉਹਦੀ ਗਲਤੀ ਵੀ ਕੋਈ ਨਹੀਂ ਸੀ। ਉਹ ਵੀ ਤਾਂ ਕਿਉਂਕਿ ਬੇਟੀ ਨੇ ਆਪਣੇ ਇਕ ਰਿਸ਼ਤੇਦਾਰ ਨੂੰ ਫੋਨ ਕੀਤਾ। ਉਨ੍ਹਾਂ ਆ ਕੇ ਬੱਚੀ ਦੀ ਹੌਸਲਾ-ਅਫ਼ਜ਼ਾਈ ਕੀਤੀ ਅਤੇ ਪੁਲਿਸ ਅਫ਼ਸਰਾਂ ਨੂੰ ਅਸਲੀਅਤ ਤੋਂ ਜਾਣੂ ਕਰਵਾਇਆ। 'ਉਲਟਾ ਚੋਰ ਕੋਤਵਾਲ ਕੋ ਡਾਂਟੇ' ਵਾਲੀ ਗੱਲ ਹੋਈ। ਜਿਹੜੀ ਖੱਜਲ-ਖੁਆਰੀ ਹੋਈ, ਉਹ ਵੱਖਰੀ! ਬੱਚੇ ਇਕੱਲੇ ਸ਼ਾਮ ਦੇ ਵਕਤ ਵਿਲਕਦੇ ਰਹੇ।

ਇਹ ਗੱਲ ਲਿਖਣ ਦੀ ਇਸ ਕਰ ਕੇ ਜ਼ਰੂਰਤ ਪਈ ਕਿ ਇਕ ਮਾਂ ਆਪਣੀ ਇਕਲੌਤੀ ਧੀ ਨੂੰ ਪੰਜਾਬ ਦੇ ਆਸਰੇ ਛੱਡ ਆਈ ਹੈ, ਪਰ ਉਥੇ ਇਹ ਗੁਲ ਖਿਲ ਰਹੇ ਹਨ। ਕੋਈ ਕਿਤੇ ਸੁਰੱਖਿਅਤ ਨਹੀਂ ਹੈ। ਇਹ ਉਹ ਪੰਜਾਬ ਹੈ ਜਿਸ ਦੀ ਮਿੱਟੀ ਨੂੰ ਹਰ ਵਕਤ ਯਾਦ ਕਰੀਦਾ ਹੈ। ਇਕ ਮਾਂ ਹੁੰਦਿਆਂ ਮਨ ਵਿਚ ਵਾਰ-ਵਾਰ ਉਬਾਲ ਉਠਦਾ ਹੈ ਕਿ ਸਾਡਾ ਪੰਜਾਬ ਕਿੱਧਰ ਜਾ ਰਿਹਾ ਹੈ। ਹਰ ਮਾਂ ਦੀ ਕਮਜ਼ੋਰੀ ਉਸ ਦੀ ਔਲਾਦ ਹੁੰਦੀ ਹੈ। ਔਲਾਦ ਦੀਆਂ ਸਮੱਸਿਆਵਾਂ ਮਾਪਿਆਂ ਨੂੰ ਝੰਜੋੜ ਸੁੱਟਦੀਆਂ ਹਨ ਭਾਵੇਂ ਉਹ ਸਮੱਸਿਆਵਾਂ ਮਾਨਸਿਕ ਹੋਣ, ਸਰੀਰਕ ਹੋਣ ਜਾਂ ਫਿਰ ਆਰਥਕ।

## ਕਾਵਿ-ਕਿਆਰੀ

### ਕਾਵਿ ਉਡਾਰੀ

ਘਰ ਵਿਚ ਪੁੱਤਰ ਕਰਨ ਸਲਾਹਾਂ,
ਬਾਪੂ ਦਾ ਬਾਈ ਪਾਸ ਕਰਾਈਏ।
ਇਥੇ ਤਾਂ ਬਹੁਤ ਪੈਸਾ ਲੱਗਦਾ
ਕਹਿ-ਸੁਣ ਕੇ ਇੰਡੀਆ ਭਿਜਵਾਈਏ।
ਰੋਜ਼ ਬਹਾਨੇ ਦਰਦ-ਪੀੜਾਂ ਦੇ,
ਕਰਾ ਉਪਰੇਸ਼ਨ ਸਭ ਮਿਟਾਈਏ।
ਵਿਹਲਾ ਬੈਠਾ ਬਾਪੂ ਰੋਟੀਆਂ ਤੋੜੇ,
ਇਹਨੂੰ ਕਿਸੇ ਕੰਮ-ਕਾਰੇ ਲਗਾਈਏ।

ਇਹ ਹੈ ਦੇਸ ਅਮਰੀਕਾ ਭਾਈ,
ਇਥੇ ਸਭ ਜੀਅ ਕਰਨ ਕਮਾਈ।
ਤਾਹੀਓਂ ਇਥੇ ਝੱਟ ਹੈ ਲੰਘਦਾ,
ਕੋਈ ਗੱਲ ਕਹਿਣੋਂ ਕੋਈ ਨਹੀਂ ਸੰਗਦਾ।
ਇਥੇ ਸਭ ਥੱਲੇ ਹਨ ਕਾਰਾਂ,
ਜ਼ਿੰਦਗੀ ਦੀਆਂ ਨੇ ਤੇਜ਼ ਰਫ਼ਤਾਰਾਂ।
ਹਰ ਕੋਈ ਅੱਗੇ ਵਧਣਾ ਚਾਹਵੇ,
ਦੂਜਿਆਂ ਨੂੰ ਪਿੱਛੇ ਛੱਡਣਾ ਚਾਹਵੇ।
ਬਿਜ਼ਨਸ ਵਿਚ ਵੀ ਰੇਸ ਲਗਾਈ,
ਡਾਲਰਾਂ ਉਸ ਦੀ ਭੁੱਖ ਵਧਾਈ।
ਇਹ ਮਾਹੌਲ ਮੈਨੂੰ ਨਾ ਭਾਵੇ।
ਤਾਹੀਓਂ ਦਿਲ ਮੇਰਾ ਉਡਦਾ ਜਾਵੇ।
ਇਕ ਦਿਨ ਜਦ ਮੈਂ ਸੈਰ ਤੋਂ ਆਇਆ,
ਖੜ੍ਹੀ ਐਂਬੂਲੈਂਸ ਦੇਖ ਘਬਰਾਇਆ।
ਉਸ 'ਚੋਂ ਦੋ ਚਿਟ-ਕੱਪੜੀ ਨਿਕਲੇ,
ਮੈਨੂੰ ਜਬਰੀ ਵਿਚ ਬਿਠਾਇਆ।

ਹੌਸਪੀਟਲ ਉਹ ਲੈ ਗਏ ਮੈਨੂੰ,
ਓ.ਟੀ. ਟੇਬਲ ਜਾ ਲਿਟਾਇਆ।
ਮੈਨੂੰ ਕਰਨ ਬੇਹੋਸ਼ ਦੀ ਖ਼ਾਤਰ,
ਮੇਰੇ ਮੂੰਹ 'ਤੇ ਕੁੱਜਾ ਲਾਇਆ।
ਉਨ੍ਹਾਂ ਸਮਝਿਆ ਮੈਂ ਬੇਹੋਸ਼ ਹੋ ਗਿਆ,
ਭਾਣਾ ਰੱਬ ਨੇ ਹੋਰ ਵਰਤਾਇਆ।
ਝਟਕੇ ਜਿਹੇ ਨਾਲ ਖੁੱਲ੍ਹੀਆਂ ਅੱਖਾਂ,
ਮੈਨੂੰ ਸਭ ਕੁਝ ਨਜ਼ਰੀਂ ਆਇਆ।

ਡਾਕਟਰ ਨਰਸਾਂ ਹੱਸੀ ਜਾਵਣ,
ਆਖਣ ਮੁਰਗਾ ਹੱਥ ਹੈ ਆਇਆ।
ਫਿਰ ਦਿਸਿਆ ਇਕ ਤਗੜਾ ਬੰਦਾ,
ਗੰਡਾਸੇ ਨੂੰ ਉਹਨੇ ਹੱਥ ਪਾਇਆ।
ਫਿਰ ਉਹ ਆਪਣੇ ਕਾਰਜ ਲੱਗਾ,
ਸੀਨਾ ਮੇਰਾ ਫਾੜ ਫੈਲਾਇਆ।
ਡਾਕਟਰ, ਨਰਸਾਂ ਸਭ ਹੈਰਾਨ,
ਸੀਨਾ ਮੇਰਾ ਦੇਖ ਪ੍ਰੇਸ਼ਾਨ।
ਸਾਰੇ ਨਾੜੀਆਂ ਲੱਭੀ ਜਾਵਣ,
ਇਕ ਦੂਜੇ ਨੂੰ ਦੱਸੀ ਜਾਵਣ।

ਕਹਿੰਦੇ ਬਾਈਪਾਸ ਹੈ ਕਰਨਾ,
ਇਹਦਾ ਸਾਰਾ ਦੁੱਖ ਹੈ ਹਰਨਾ।
ਮੈਨੂੰ ਕਈ ਪਲਸੇਟੇ ਮਾਰੇ,
ਜਾਪਣ ਉਹ ਹੈਰਾਨ ਨੇ ਸਾਰੇ।
ਨਾੜੀ ਨਾੜੀ ਕਰ ਕਰ ਟੋਹੀ,
ਬੰਦ ਨਾੜ ਨਾ ਲੱਭੀ ਕੋਈ।
ਥੱਕ ਹਾਰ ਕੇ ਬਹਿ ਗਏ ਸਾਰੇ,
ਸਿਰ ਨਾ ਚੁੱਕਣ ਸ਼ਰਮ ਦੇ ਮਾਰੇ।
ਕਹਿੰਦੇ ਵਾਪਸ ਟੋਪੇ ਲਾ ਦਿਓ,
ਇਹਨੂੰ ਇਹਦੇ ਵਾਰਡ ਪਹੁੰਚਾ ਦਿਓ।
ਇਹ ਸੁਣ ਮੈਂ ਡਾਢਾ ਘਬਰਾਇਆ,
ਦੂਜੇ ਪਾਸੇ ਮੂੰਹ ਘੁਮਾਇਆ।
ਉਧਰ ਡਿੱਠਾ ਅਜਬ ਨਜ਼ਾਰਾ,
ਦੇਖਦਿਆਂ ਦਮ ਨਿਕਲਿਆ ਸਾਰਾ।
ਅਜਬ ਡਰਾਉਣਾ ਚਿਹਰਾ ਵੱਡੀਆਂ ਮੁੱਛਾਂ,
ਦੱਸ ਤੂੰ ਕੌਣ ਹੈਂ, ਮੈਂ ਪਿਆ ਪੁੱਛਾਂ।

ਆਖੇ ਯਮਰਾਜ ਮੈਂ ਹਾਂ ਆਇਆ,
ਸਵਾਰੀ ਲਈ ਭੈਂਸਾ ਲਿਆਇਆ।
ਤੈਥੋਂ ਚੱਲਿਆ ਜੇ ਨਾ ਜਾਵੇ,
ਚੱਲੇਂ ਤਾਂ ਦਿਲ ਰੁਕ ਰੁਕ ਜਾਵੇ।
ਉਸ ਕਿਹਾ ਹੁਣ ਚੱਲ ਤੂੰ ਭਾਈ,
ਰਾਹਦਾਰੀ ਅਸੀਂ ਤੇਰੀ ਪਾਈ।
ਦਰਦਾਂ ਦੀ ਪੰਡ ਤੈਂ ਬੰਨ੍ਹ ਲਈ ਭਾਰੀ,
ਹੈ ਕੋਈ ਤੇਰਾ ਅੱਜ ਹਿੱਤਕਾਰੀ।

ਤੈਨੂੰ ਪੰਡ ਜੋ ਆਣ ਚੁਕਾਵੇ,
ਤੇਰੇ ਮੋਢੇ ਨਾਲ ਮੋਢਾ ਲਾਵੇ।
ਗਮ ਪੀੜਾਂ ਸਭ ਤੇਰੇ ਹਿੱਸੇ,
ਲੋਕੀਂ ਗਾਵਣ ਪਿਆਰ ਦੇ ਕਿੱਸੇ।
ਦਿਲ ਦੀ ਖ਼ਾਤਰ ਲੁੱਟ ਹੋ ਗਿਆ,
ਘਰ ਬਾਹਰ ਤੋਂ ਪੁੱਟ ਹੋ ਗਿਆ।
ਕਿਹੜਾ ਫਰਜ਼ ਨਿਭਾਉਣ ਦੀ ਖਾਤਰ,
ਕਿਹੜਾ ਦਰਦ ਛਿਪਾਉਣ ਦੀ ਖ਼ਾਤਰ।
ਐਵੇਂ ਕਿਉਂ ਦਿਲ ਖੋਈ ਜਾਵੇ,
ਬੁੱਕ ਬੁੱਕ ਅਥਰੂ ਰੋਈ ਜਾਵੇ।
ਤੇਰੇ ਨਾਲ ਨਿਆਂ ਨਹੀਂ ਹੋਇਆ,
ਤੇਰੇ 'ਤੇ ਬੜਾ ਜ਼ੁਲਮ ਹੈ ਹੋਇਆ।
ਲੋਕਾਂ ਨੇ ਬੜੇ ਤਰਲੇ ਪਾਏ,
ਗੁਆਂਢੀ ਵੀ ਸਾਰੇ ਦੌੜੇ ਆਏ।
ਪਰ ਜਾਬਰਾਂ ਮੈਨੂੰ ਕੱਸ ਕੇ ਫੜਿਆ,
ਵਿਚ ਜ਼ੰਜੀਰਾਂ ਅੰਗ ਅੰਗ ਜੜਿਆ।

ਮੈਥੋਂ ਹਿੱਲਿਆ ਰਤਾ ਨਾ ਜਾਵੇ।
ਦਮ ਮੇਰਾ ਵੀ ਘੁਟਦਾ ਜਾਵੇ।
ਮੈਨੂੰ ਕੁਝ ਘਬਰਾਹਟ ਸੀ ਹੋਈ,
ਰੁੱਗ ਭਰ ਦਿਲ ਕੱਢ ਲੈ ਗਿਆ ਕੋਈ।
ਛੁੱਟਣ ਦਾ ਮੈਂ ਤਾਣ ਲਗਾਇਆ,
ਸਰੀਰ ਨਾ ਮੈਥੋਂ ਜਾਏ ਹਿਲਾਇਆ।
ਹਫ ਕੇ ਮੈਂ ਇਕ ਚੀਕ ਲਗਾਈ,
ਚੀਕ ਸੁਣ ਮਾਂ ਦੌੜੀ ਆਈ।
ਪੁੱਛੇ ਪੁੱਤ ਤੈਨੂੰ ਇਹ ਕੀ ਹੋਇਆ,
ਇਨ੍ਹਾਂ ਤੈਨੂੰ ਕਾਹਤੋਂ ਕੋਹਿਆ।
ਇਨ੍ਹਾਂ ਜਮਾਂ ਤੋਂ ਜੇ ਛੁੱਟ ਪਾਵੇਂ,
ਭੱਜ ਜਾਹ ਦੂਰ ਜੇ ਭੱਜ ਪਾਵੇਂ।
ਜਾਹ ਤੈਨੂੰ ਹੁਣ ਰੱਬ ਦੀਆਂ ਰੱਖਾਂ,
ਮਿਹਰ ਦਾ ਹੱਥ ਤੇਰੇ ਸਿਰ 'ਤੇ ਰੱਖਾਂ।
ਜਿੱਧਰ ਜਾਵੇਂ ਸੁੱਖ ਹੀ ਪਾਵੇਂ,
ਦੁੱਧੀਂ ਨਹਾਵੇਂ ਪੁੱਤੀਂ ਖਿਡਾਵੇਂ।

ਕਿਸੇ ਦਾ ਦਿਲ ਨਾ ਤੂੰ ਦੁਖਾਇਆ,
ਲੈਣ ਆਇਆ ਜਮ ਵੀ ਘਬਰਾਇਆ।
ਤੈਨੂੰ ਨਾ ਇਹ ਖੜਨਾ ਚਾਹਵੇ,
ਹੱਥ ਜੋੜ ਖਿਮਾਂ ਮੰਗੀ ਜਾਵੇ।
ਕਹਿੰਦਾ ਮੈਥੋਂ ਭੁੱਲ ਹੈ ਹੋਈ,
ਇਹਦੀ ਜਗ੍ਹਾ ਸੀ ਜਾਣਾ ਹੋਰ ਕੋਈ।
ਇਹ ਕਹਿ ਜਮ ਨੇ ਹੱਥ ਹਿਲਾਇਆ,
ਮੈਨੂੰ ਜਾ ਦੂਰ ਪਟਕਾਇਆ।

ਮੈਂ ਥੱਲੇ ਵੱਲ ਡਿੱਗਦਾ ਜਾਵਾਂ,
ਓਟ ਕੋਈ ਮੈਂ ਫੜ ਨਾ ਪਾਵਾਂ।
ਥੱਲਿਓਂ ਧਰਤੀ ਨਜ਼ਰ ਨਾ ਆਵੇ,
ਦੇਖ ਦੇਖ ਦਿਲ ਡੁੱਬਦਾ ਜਾਵੇ।
ਧੜਕਣ ਦਿਲ ਦੀ ਵਧ ਗਈ ਸਾਰੀ,
ਸੋਚਣ ਸ਼ਕਤੀ ਮਰ ਗਈ ਸਾਰੀ।
ਜਾਪੇ ਹੁਣ ਮੈਂ ਨਹੀਂ ਬਚ ਸਕਣਾ,
ਧੁਰ ਪਤਾਲੀਂ ਜਾ ਕੇ ਰੁਕਣਾ।
ਡਰ ਕੇ 'ਐਸ.ਪੀ.' ਹੋਇਆ ਸਾਵਧਾਨ,
ਗਿਆ ਡਰ ਦੇ ਵੱਲ ਧਿਆਨ।
ਮੁੱਖੋਂ ਫਿਰ ਗੁਰ ਮੰਤਰ ਉਚਾਰਿਆ,
ਜਿਹਨੇ ਸੁਫਨਾ ਤੋੜ ਜਗਾਇਆ।

-ਸ਼ਰਨਪਾਲ ਸਿੰਘ

# ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਪਰਿਵਾਰਕ ਪਿਛੋਕੜ

ਵਤਨ ਕੇ ਨਾਮ ਪਰ,
ਖੁਸ਼ੀ ਸੇ ਜੋ ਹੁਏ ਬੇਵਤਨ।
ਉਨ੍ਹੀਂ ਕੀ ਆਹ ਬੇਅਸਰ,
ਉਨ੍ਹੀਂ ਕੀ ਲਾਸ਼ ਬੇਕਫਨ।

ਹਿੰਦੋਸਤਾਨ ਦੀ ਆਜ਼ਾਦੀ ਲਈ 23 ਸਾਲ ਦੀ ਭਰ ਜਵਾਨੀ ਵਿਚ 23 ਮਾਰਚ 1931 ਨੂੰ ਆਪਣੇ ਦੋ ਸਾਥੀਆਂ ਰਾਜਗੁਰੂ ਤੇ ਸੁਖਦੇਵ ਨਾਲ ਲਾਹੌਰ ਸੈਂਟਰਲ ਜੇਲ੍ਹ ਅੰਦਰ ਖਿੜੇ ਮੱਥੇ ਫਾਂਸੀ ਚੜ੍ਹਨ ਵਾਲੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਤੇ ਸੁਖਦੇਵ ਨੂੰ ਪੈਦਾ



**ਕਿਰਪਾਲ ਸਿੰਘ ਸੰਧੂ**
ਫੋਨ:559-259-4844

ਹੋਇਆਂ ਇਸ ਸਾਲ (2012 ਵਿਚ) ਪੂਰੇ 105 ਸਾਲ ਹੋ ਗਏ ਹਨ। ਸਰਦਾਰ ਭਗਤ ਸਿੰਘ 28 ਸਤੰਬਰ ਅਤੇ ਸੁਖਦੇਵ 16 ਮਈ ਨੂੰ ਇਕੋ ਸਾਲ 1907 ਵਿਚ ਪੈਦਾ ਹੋਏ ਸਨ। ਸਮੁੱਚੇ ਭਾਰਤ ਵਾਸੀਆਂ, ਉਹ ਭਾਵੇਂ ਦੇਸ-ਪਰਦੇਸ ਵਿਚ ਕਿਤੇ ਵੀ ਰਹਿ ਰਹੇ ਹਨ, ਨੇ 2007 ਵਿਚ ਇਨ੍ਹਾਂ ਦੀਆਂ ਜਨਮ ਸ਼ਤਾਬਦੀਆਂ ਆਪਣੇ-ਆਪਣੇ ਢੰਗ ਤਰੀਕੇ ਨਾਲ ਮਨਾਈਆਂ। ਹੁਣ ਅਸੀਂ ਜਨਮ ਦਿਵਸ ਮਨਾ ਰਹੇ ਹਾਂ।


ਮੈਂ ਆਪਣੀ ਉਮਰ ਦਾ ਪਹਿਲਾ ਦਹਾਕਾ ਪੂਰਾ ਕਰਨ ਵੱਲ ਪੁਲਾਂਘ ਵੀ ਨਹੀਂ ਸੀ ਪੁੱਟੀ ਕਿ ਆਪਣੀ ਮਾਂ ਨੂੰ ਚੇਤ ਦੇ ਮਹੀਨੇ ਚਰਖੇ ਤੰਦ ਪਾਉਂਦੀ ਨੂੰ ਇਹ ਗੁਣ-ਗੁਣਾਉਂਦਿਆਂ ਸੁਣਿਆ ਸੀ, 'ਭਗਤ ਸਿਆਂ ਵੀਰਾ ਹਿੰਦ ਵੱਲ ਵਾਗਾਂ ਮੋੜ।'



*ਬੀਬੀ ਹੁਕਮ ਕੌਰ*

ਜਦੋਂ ਮੈਂ ਹੋਸ਼ ਸੰਭਾਲੀ ਤਾਂ ਮੈਨੂੰ ਆਪਣੇ ਪਰਿਵਾਰਕ ਪਿਛੋਕੜ ਦਾ ਪਤਾ ਲੱਗਿਆ ਕਿ ਸਰਦਾਰ ਭਗਤ ਸਿੰਘ ਦੇ ਬਾਬਾ ਸ. ਅਰਜਨ ਸਿੰਘ ਦੇ ਵੱਡੇ ਭਰਾ ਸ. ਸੁਰਜਣ ਸਿੰਘ ਮੇਰੇ ਬਾਪ ਦੇ ਬਾਬਾ ਜੀ ਸਨ।

ਇਹ ਗੱਲ ਮੁਗਲ ਰਾਜ ਦੇ ਸਮੇਂ ਦੀ ਹੈ। ਨੌਂ ਪੀੜ੍ਹੀਆਂ ਪਹਿਲਾਂ, ਭਗਤ ਸਿੰਘ ਦੇ ਵਡਾਰੂਆਂ ਦੇ ਲਾਹੌਰ ਵਿਚ ਪੈਂਦੇ ਪਿੰਡ ਨਾਰਲੀ ਸੰਧੂਆਂ ਦੇ ਰਾਣੀਆ ਨਾਂ ਦੇ ਨੌਜਵਾਨ ਦਾ ਵਿਆਹ 1725 ਦੇ ਲਗਭਗ ਖਟਗੜ੍ਹ ਕਲਾਂ (ਨੇੜੇ ਬੰਗਾ ਹੁਣ ਜ਼ਿਲ੍ਹਾ ਭਗਤ ਸਿੰਘ ਨਗਰ) ਵਿਚ ਹੋਇਆ ਸੀ। ਰਾਣੀਆ ਨੂੰ ਵਿਆਹੀ ਇਕੋ-ਇਕ ਲੜਕੀ ਹੋਣ ਕਰ ਕੇ ਘਰ ਵਾਲਿਆਂ ਨੇ ਆਪਣੀ ਸਾਰੀ ਜਾਇਦਾਦ ਆਪਣੇ ਪਰਿਵਾਰ ਦੇ ਦੂਜੇ ਮੈਂਬਰਾਂ ਦੀ ਰਜ਼ਾਮੰਦੀ ਨਾਲ ਲੜਕੀ ਨੂੰ ਵਿਆਹ ਵੇਲੇ ਦੇ ਦਿੱਤੀ ਸੀ ਜਿਸ ਨੂੰ ਉਨ੍ਹਾਂ ਸਮਿਆਂ ਵਿਚ 'ਖੱਟ' ਆਖਿਆ ਜਾਂਦਾ ਸੀ। ਹੌਲੀ-ਹੌਲੀ ਇਸ ਪਿੰਡ ਦਾ ਨਾਂ 'ਗੜ੍ਹ ਕਲਾਂ' ਤੋਂ 'ਖੱਟਗੜ੍ਹ ਕਲਾਂ' ਪੈ ਗਿਆ। ਦੂਜੀ, ਇਹ ਵੀ



*ਭਗਤ ਸਿੰਘ ਦੇ ਪਿਤਾ ਸ. ਕਿਸ਼ਨ ਸਿੰਘ*

ਇਕ ਗੱਲ ਸੀ ਕਿ ਰਾਣੀਆ ਦੇ ਪਰਿਵਾਰ ਨੇ ਲੜਕੀ ਵਾਲਿਆਂ ਦੀ ਮੰਗ ਕਿ ਸ੍ਰੀ ਰਾਣੀਆ ਵਿਆਹ ਤੋਂ ਬਾਅਦ 'ਗੜ੍ਹ ਕਲਾਂ' ਵਿਚ ਰਹੇਗਾ, ਦਾ ਵਚਨ ਦਿੱਤਾ ਸੀ। ਰਾਣੀਆ ਨੇ ਆਪਣਾ ਪਿੰਡ, ਬਚਪਨ ਦੇ ਦੋਸਤ-ਮਿੱਤਰ, ਮਾਂ-ਬਾਪ ਅਤੇ ਆਪਣੇ ਹਿੱਸੇ ਦੀ ਜਾਇਦਾਦ ਛੱਡ ਕੇ ਫਿਰ ਕਦੇ ਪਿੱਛੇ ਮੁੜ ਕੇ ਨਾ ਦੇਖਿਆ; ਬਲਕਿ ਆਪਣੇ ਵਡਾਰੂਆਂ ਵੱਲੋਂ ਕੀਤਾ ਵਚਨ ਨਿਭਾਇਆ। ਇਸ ਤਰ੍ਹਾਂ ਵਿਆਹ ਤੋਂ ਬਾਅਦ ਇਹ ਸੰਧੂ ਪਰਿਵਾਰ ਸਦਾ-ਸਦਾ ਲਈ ਇਸ ਪਿੰਡ ਦਾ ਵਸਨੀਕ ਬਣ ਗਿਆ।

ਇਸ ਪਰਿਵਾਰ ਦੀ ਤੀਜੀ ਪੀੜ੍ਹੀ ਰਾਮ ਸਿੰਘ ਸਨ। ਇਹ ਸਮਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸੀ। ਰਾਮ ਸਿੰਘ ਦੇ ਘਰ 1820 ਨੂੰ ਬਾਲਕ ਪੈਦਾ ਹੋਇਆ ਜਿਸ ਦਾ ਨਾਂ ਫਤਿਹ ਸਿੰਘ ਰੱਖਿਆ ਗਿਆ। ਚੜ੍ਹਦੀ ਉਮਰੇ ਉਹ ਆਪਣੇ ਹਮਉਮਰ ਸਾਥੀਆਂ ਨਾਲ ਅਨੰਦਪੁਰ ਸਾਹਿਬ ਹੌਲਾ ਮੁਹੱਲਾ ਦੇਖਣ ਗਏ। ਉਥੋਂ ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਮਿਸ਼ਨ 'ਤੇ ਚੱਲਣ ਦਾ ਮਨ ਬਣਾ ਲਿਆ। ਇਸ ਪਰਿਵਾਰ ਦਾ ਰਾਜਨੀਤੀ ਵਾਲਾ ਸਫ਼ਰ ਇੱਥੋਂ ਹੀ ਸ਼ੁਰੂ ਹੋਇਆ। 27 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ। ਅੰਗਰੇਜ਼ਾਂ ਵੱਲੋਂ ਪੰਜਾਬ 'ਤੇ ਕਬਜ਼ਾ ਕਰਨ ਖ਼ਿਲਾਫ਼ ਫਤਿਹ ਸਿੰਘ ਨੇ ਪੰਜਾਬੀਆਂ ਦਾ ਸਾਥ ਦਿੱਤਾ। ਫਤਿਹ ਸਿੰਘ ਨੂੰ ਭਾਵੇਂ ਉਸ ਦੇ ਮਿੱਤਰ ਮਜੀਠੀਆ ਸਰਦਾਰ ਰਣਜੋਧ ਸਿੰਘ ਨੇ ਅੰਗਰੇਜ਼ ਦੇ ਖ਼ਿਲਾਫ਼ ਨਾ ਲੜਨ ਦੀ ਸਲਾਹ ਵੀ ਦਿੱਤੀ ਸੀ ਪਰ ਫਤਿਹ ਸਿੰਘ ਨੇ ਜਵਾਬ ਦਿੱਤਾ ਸੀ ਕਿ ਉਹ ਆਪਣੇ ਦੇਸ਼ ਵਾਸੀਆਂ ਨਾਲ ਗੱਦਾਰੀ ਨਹੀਂ ਕਰ ਸਕਦਾ। 1857 ਵਾਲੇ ਗਦਰ ਵਿਚ ਫਤਿਹ ਸਿੰਘ ਨੇ ਆਪਣੇ ਭਰਾਵਾਂ ਦਾ ਸਾਥ ਦਿੱਤਾ ਸੀ। ਅੰਗਰੇਜ਼ ਸਰਕਾਰ ਦਾ ਪੰਜਾਬ 'ਤੇ ਕਬਜ਼ਾ ਹੋਣ ਤੋਂ ਬਾਅਦ ਭਾਵੇਂ ਫਤਿਹ ਸਿੰਘ ਦੀ ਜ਼ਮੀਨ ਦਾ ਕਾਫੀ ਹਿੱਸਾ ਸਰਕਾਰ ਨੇ ਆਪਣੇ ਕਬਜ਼ੇ ਵਿਚ ਲੈ ਲਿਆ, ਫਿਰ ਵੀ ਸ਼ੇਰਦਿਲ ਫਤਿਹ ਸਿੰਘ ਦੇ ਚਿਹਰੇ 'ਤੇ ਜ਼ਰਾ ਵੀ ਮਲਾਲ ਨਹੀਂ ਸੀ। ਫਤਿਹ ਸਿੰਘ ਦੇ ਤਿੰਨ ਪੜੋਤੇ ਸੁਰਜਣ ਸਿੰਘ, ਅਰਜਨ ਸਿੰਘ ਤੇ ਮਿਹਰ ਸਿੰਘ ਸਨ। ਅਰਜਨ ਸਿੰਘ ਦੇ ਪੋਤੇ ਸਨ ਸ਼ਹੀਦੇ-ਏ-ਆਜ਼ਮ ਭਗਤ ਸਿੰਘ ਜੋ ਕਿਸ਼ਨ ਸਿੰਘ ਦੇ ਘਰ ਮਾਤਾ ਵਿਦਿਆਵਤੀ ਦੀ ਕੁੱਖੋਂ 28 ਸਤੰਬਰ 1907 ਨੂੰ ਪੈਦਾ ਹੋਏ ਸਨ।

ਇਹ ਪਰਿਵਾਰਕ ਲੜੀ ਤਾਂ ਹੀ ਦਰੁਸਤ ਰਹੇਗੀ ਜੇ ਅਰਜਨ ਸਿੰਘ ਦੇ ਦੋ ਦੂਜੇ ਪੁੱਤਰਾਂ ਦੀ ਵੀ ਗੱਲ ਕਰਾਂ। ਇਹ ਕਿਸ਼ਨ ਸਿੰਘ ਤੋਂ ਛੋਟੇ ਸਨ। ਅਜੀਤ ਸਿੰਘ ਨੂੰ 'ਪਗੜੀ ਸੰਭਾਲ ਜੱਟਾ' ਵਾਲਾ



*ਭਗਤ ਸਿੰਘ ਦੀ ਮਾਤਾ ਵਿਦਿਆਵਤੀ*

ਅਜੀਤ ਸਿੰਘ ਵੀ ਆਖਿਆ ਜਾਂਦਾ ਹੈ। ਇਨ੍ਹਾਂ ਦੀ ਜੀਵਨ ਸਾਥਣ ਦਾ ਨਾਂ ਮਾਤਾ ਹਰਨਾਮ ਕੌਰ ਸੀ। ਤੀਜੇ ਸਨ ਸਵਰਨ ਸਿੰਘ ਜਿਹੜੇ ਚੜ੍ਹਦੀ ਉਮਰ ਵਿਚ ਇਨਕਲਾਬੀ ਦੇਸ਼ ਭਗਤਾਂ ਦਾ ਸਾਥ ਦਿੰਦੇ ਵਿਦੇਸ਼ੀ ਸਰਕਾਰ ਵੱਲੋਂ ਜੇਲ੍ਹ ਵਿਚ ਦਿੱਤੇ ਜਾਂਦੇ



*ਭਗਤ ਸਿੰਘ ਦਾ ਪਰਿਵਾਰ (ਖੱਬਿਓਂ) ਚਾਚੀ ਹੁਕਮ ਕੌਰ, ਮਾਂ ਵਿਦਿਆਵਤੀ, ਦਾਦੀ ਜੈ ਕੌਰ ਅਤੇ ਚਾਚੀ ਹਰਨਾਮ ਕੌਰ।*


ਤਸੀਹੇ ਅਤੇ ਤਸ਼ੱਦਦ ਦਾ ਮੁਕਾਬਲਾ ਕਰਦੇ ਹੋਏ ਜੇਲ੍ਹ ਵਿਚ ਹੀ ਸ਼ਹੀਦੀ ਪਾ ਗਏ ਸਨ। ਉਨ੍ਹਾਂ ਦੀ ਪਤਨੀ ਮਾਤਾ ਹੁਕਮ ਕੌਰ ਸਨ।

ਭਗਤ ਸਿੰਘ ਬਚਪਨ ਵਿਚ ਆਪਣੀਆਂ ਦੋਵੇਂ ਇਨਕਲਾਬੀ ਚਾਚੀਆਂ ਤੋਂ ਪੁਸ਼ਤ-ਦਰ-ਪੁਸ਼ਤ ਚਲੀ ਆਉਂਦੀ ਦੇਸ਼ ਭਗਤੀ ਦੀ ਵਿਰਾਸਤ ਦੇ ਕਿੱਸੇ ਕਹਾਣੀਆਂ ਬੜੀ ਲਗਨ ਨਾਲ ਸੁਣਦਾ। ਇਸ ਤੋਂ ਪ੍ਰਭਾਵਤ ਹੋ ਕੇ ਉਸ ਨੂੰ ਪੰਜਾਬ ਦੀਆਂ ਕ੍ਰਾਂਤੀਕਾਰੀ ਜਥੇਬੰਦੀਆਂ ਨਾਲ ਜੁੜਨ ਵਿਚ ਸਕੂਲ ਵੇਲੇ ਤੋਂ ਹੀ ਬਹੁਤੀ ਦੇਰ ਨਾ ਲੱਗੀ।

ਭਗਤ ਸਿੰਘ ਦੀ ਪੜ੍ਹਾਈ ਅਤੇ ਮੁੱਢਲੀ ਇਨਕਲਾਬੀ ਟ੍ਰੇਨਿੰਗ ਨੈਸ਼ਨਲ ਕਾਲਜ ਲਾਹੌਰ ਵਿਚ ਹੋਈ। ਫਿਰ 23 ਮਾਰਚ ਸ਼ਾਮ ਨੂੰ ਸੱਤ ਵਜੇ ਲਾਹੌਰ ਸੈਂਟਰਲ ਜੇਲ੍ਹ ਵਿਚ ਵਿਦੇਸ਼ੀ ਹੁਕਮਰਾਨਾਂ ਨੇ ਸਾਰੇ ਕਾਇਦੇ ਕਾਨੂੰਨ ਛਿੱਕੇ ਟੰਗ ਕੇ ਫਾਂਸੀ ਦੇਣ ਵਾਲੇ ਦਿਨ ਤੋਂ ਪਹਿਲਾਂ ਹੀ ਫਾਂਸੀ ਦੇ ਦਿੱਤੀ। ਉਨ੍ਹਾਂ ਦੇ ਮ੍ਰਿਤਕ ਸਰੀਰ ਵੀ ਵਾਰਸਾਂ ਦੇ ਹਵਾਲੇ ਨਾ ਕੀਤੇ ਗਏ ਸਗੋਂ ਜੇਲ੍ਹ ਦੇ ਪਿਛਵਾੜੇ ਦੀ ਦੀਵਾਰ ਨੂੰ ਪਾੜ ਕੇ ਸਰੀਰ ਕੱਟ-ਵੱਢ ਕੇ ਅਤੇ ਮਿੱਟੀ ਦਾ ਤੇਲ ਪਾ ਕੇ ਅੱਧਜਲੇ ਕਰ ਕੇ ਹੁਸੈਨੀ ਵਾਲਾ ਜਗ੍ਹਾ 'ਤੇ ਸਤਲੁਜ ਦਰਿਆ ਵਿਚ ਵਹਾ ਦਿੱਤੇ ਗਏ।

1903-04 ਨੂੰ ਨਹਿਰੀ ਪਾਣੀ ਦੇ ਨਾਂ ਥੱਲੇ ਲਗਾਨ ਵਿਚ ਕੀਤਾ ਵਾਧਾ ਤੇ ਹੋਰ ਟੈਕਸ, ਮੰਡੀਕਰਨ ਦੀ ਸਮੱਸਿਆ, ਸ਼ਾਹੂਕਾਰਾਂ ਵੱਲੋਂ ਕਰਜ਼ੇ ਲਈ ਰਕਮ ਤੇ ਆਪਣੀ ਮਨਮਰਜ਼ੀ ਦਾ ਵਿਆਜ-ਦਰ-ਵਿਆਜ, ਕਿਰਸਾਨੀ ਦੀ ਦਿਨ-ਬ-ਦਿਨ ਨਿਘਰਦੀ ਹਾਲਤ ਨੂੰ ਦੇਖ ਕੇ ਉਸ ਸਮੇਂ ਲਾਇਲਪੁਰ ਤੋਂ ਨਿਕਲਦੇ ਅਖ਼ਬਾਰ 'ਝੰਗ ਸਿਆਲ' ਦੇ ਸੰਪਾਦਕ ਬਾਂਕੇ ਦਿਆਲ ਵੱਲੋਂ 'ਪਗੜੀ ਸੰਭਾਲ ਓ ਜੱਟਾ' ਦੇ ਸਿਰਲੇਖ ਥੱਲੇ ਛਪੀ ਨਜ਼ਮ ਤਹਿਰੀਕ ਬਣ ਗਈ ਸੀ। ਸਾਲ-ਬਾ-ਸਾਲ ਇਨ੍ਹਾਂ ਮਾਰਾਂ ਦੀ ਮਾਰ ਝੱਲਦਾ ਕਿਸਾਨ ਆਪਣੀ ਜ਼ਮੀਨ ਦੀ ਕੁਰਕੀ ਦੇ ਡਰ ਤੋਂ ਆਪ ਜਾਂ ਆਪਣੇ ਬੱਚਿਆਂ ਨੂੰ ਮਿਹਨਤ ਮਜ਼ਦੂਰੀ ਲਈ ਵਿਦੇਸ਼ਾਂ 'ਚ ਭੇਜਣ 'ਤੇ ਮਜਬੂਰ ਹੋ ਗਿਆ। ਇਹ ਮਿਹਨਤੀ ਕਾਮੇ ਕੈਨੇਡਾ/ਅਮਰੀਕਾ ਦੀ ਧਰਤੀ 'ਤੇ ਆ ਕੇ ਸਖ਼ਤ ਮਿਹਨਤ ਕਰਨ ਲੱਗੇ। ਫਿਰ ਵੀ ਆਜ਼ਾਦ ਦੇਸ਼ ਦੇ ਮਾਲਕਾਂ ਅਤੇ ਮਜ਼ਦੂਰਾਂ ਵੱਲੋਂ ਇਨ੍ਹਾਂ ਕਾਮਿਆਂ ਨਾਲ ਕੀਤਾ ਜਾਂਦਾ ਵਿਤਕਰਾ ਅਤੇ ਨਫ਼ਰਤ ਭਰਿਆ ਸਲੂਕ ਦੇਖ ਕੇ ਇਹ ਹਿੰਦੁਸਤਾਨੀ ਕਾਮੇ ਸੋਚਣ ਅਤੇ ਵਿਚਾਰਾਂ ਕਰਨ ਲੱਗੇ ਕਿ ਇਸ ਸਾਰੀ ਬਿਮਾਰੀ ਦੀ ਜੜ੍ਹ ਦੇਸ਼ ਦੀ ਗੁਲਾਮੀ ਹੀ ਹੈ। 1913-14 ਵਿਚ ਕੈਲੀਫੋਰਨੀਆ ਦੇ ਸ਼ਹਿਰਾਂ ਵਿਚ ਇਕੱਠ ਕੀਤੇ ਗਏ। ਮਤੇ ਪਾਸ ਹੋਏ ਕਿ ਦੇਸ਼ ਨੂੰ ਆਜ਼ਾਦ ਕਰਾਉਣ ਲਈ ਵਤਨ ਚੱਲੋ। ਗ਼ਦਰ ਪਾਰਟੀ ਬਣਾਈ ਗਈ। ਪਾਰਟੀ ਦੇ ਪ੍ਰਚਾਰ ਲਈ 'ਗਦਰ ਦੀ ਗੂੰਜ' ਅਖ਼ਬਾਰ ਕੱਢਿਆ ਗਿਆ। ਗ਼ਦਰ ਪਾਰਟੀ ਵਾਲਿਆਂ ਜਿਨ੍ਹਾਂ ਨੂੰ ਹੁਣ ਅਸੀਂ ਗਦਰੀ ਬਾਬੇ ਆਖਦੇ ਹਾਂ, ਨੇ ਆਪਣੀ ਮਾਤ ਭੂਮੀ 'ਤੇ ਜਾ ਕੇ ਵਿਦੇਸ਼ੀ ਹਾਕਮਾਂ ਦੇ ਹਰ ਜ਼ੁਲਮ ਜਬਰ ਨੂੰ ਆਪਣੇ ਜਿਸਮਾਂ 'ਤੇ ਹੰਢਾਇਆ। 'ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ' ਕਹਿਣ ਵਾਲਾ ਸਭ ਤੋਂ ਛੋਟੀ ਉਮਰ ਦਾ ਕਰਤਾਰ ਸਿੰਘ ਸਰਾਭਾ ਵੀ ਨਾਲ ਸੀ। ਦੇਸ਼ ਨੂੰ ਆਜ਼ਾਦ ਕਰਾਉਣ ਲਈ ਜੋ ਅੱਗ ਇਨ੍ਹਾਂ ਸੁਲਘਾਈ ਸੀ, ਉਸ ਦੇ ਫਲਸਰੂਪ ਦੇਸ਼ ਭਗਤੀ ਦੀਆਂ ਲਹਿਰਾਂ ਸਮੇਂ-ਸਮੇਂ ਉਠਦੀਆਂ ਰਹੀਆਂ। ਆਖ਼ਰ ਉਨ੍ਹਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੂੰ ਬੂਰ ਪਿਆ ਜਦੋਂ 15 ਅਗਸਤ 1947 ਦੀ ਅੱਧੀ ਰਾਤ ਨੂੰ ਦਿੱਲੀ ਦੇ ਲਾਲ ਕਿਲੇ 'ਤੇ ਤਿਰੰਗਾ ਲਹਿਰਾਇਆ।

ਭਾਰਤ ਦਾ ਹਰ ਫਰਦ ਇਸ ਹਕੀਕਤ 'ਤੇ ਮਾਣ ਕਰਦਾ ਹੈ ਕਿ ਭਾਰਤ ਜਮਹੂਰੀਅਤ ਪਸੰਦ ਦੇਸ਼ ਹੈ ਪਰ ਹਰ ਦੇਸ਼ ਵਾਸੀ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਸ ਮਹਾਨ ਪ੍ਰਾਪਤੀ ਦੇ ਪਿੱਛੇ 1857 ਤੋਂ ਸ਼ੁਰੂ ਹੋ ਕੇ 1947 ਵਿਚ ਆਜ਼ਾਦੀ ਹਾਸਲ ਕਰ ਲੈਣ ਤੱਕ ਅਣਗਿਣਤ ਲੋਕ ਲਹਿਰਾਂ ਉਠੀਆਂ; ਅਣਗਿਣਤ ਸ਼ਹੀਦਾਂ ਨੇ ਕੁਰਬਾਨੀਆਂ ਦਿੱਤੀਆਂ। ਗਦਰ ਲਹਿਰ ਹੋਵੇ ਜਾਂ ਭਾਰਤ ਨੌਜਵਾਨ ਸਭਾ ਦੇ ਜਮਹੂਰੀ ਫੈਸਲੇ ਅਨੁਸਾਰ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਵੱਲੋਂ ਦਿੱਲੀ ਅਸੈਂਬਲੀ



*ਸ਼ਹੀਦ ਭਗਤ ਸਿੰਘ ਦੇ ਦਾਦਾ ਜੀ ਸ. ਅਰਜਨ ਸਿੰਘ*

ਹਾਲ ਵਿਚ ਬੰਬ ਧਮਾਕਾ ਕੀਤੇ ਜਾਣ ਵੇਲੇ ਇਤਿਹਾਸਕ ਭਾਸ਼ਨ ਜਾਂ ਭਗਤ ਸਿੰਘ ਤੇ ਸਾਥੀਆਂ ਵੱਲੋਂ ਦਿੱਤਾ 'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ, ਇਨ੍ਹਾਂ ਦਾ ਮਤਲਬ ਸੀ, ਅੰਗਰੇਜ਼ਾਂ ਦੇ ਰਾਜ ਦੇ ਖ਼ਾਤਮੇ ਤੋਂ ਬਾਅਦ ਲੋਕਾਂ ਦਾ ਰਾਜ ਕਾਇਮ ਕਰਨਾ। ਅਫਸੋਸ, ਆਜ਼ਾਦੀ ਤੋਂ ਬਾਅਦ ਮੌਕੇ ਦੀਆਂ ਸਰਕਾਰਾਂ ਆਪਣੇ ਲਾਭਾਂ ਲਈ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਵਰਤਦੀਆਂ ਰਹੀਆਂ। ਅੰਗਰੇਜ਼ਾਂ ਵਾਂਗ 'ਪਾੜੋ ਤੇ ਰਾਜ ਕਰੋ' ਵਾਲੀ ਨੀਤੀ ਅਧੀਨ ਜਿੱਥੇ ਆਪਣੀ ਲੁੱਟ-ਖਸੁੱਟ ਜਾਰੀ ਰੱਖੀ, ਉਥੇ ਧਰਮ ਨੂੰ ਵੀ ਆਪਣੇ ਸੌੜੇ ਰਾਜਨੀਤਕ ਮੁਫ਼ਾਦ ਲਈ ਵਰਤਦੀਆਂ ਰਹੀਆਂ। ਇੱਥੋਂ ਤੱਕ ਕਿ ਸਾਡੇ ਸਭਿਆਚਾਰ, ਸਮਾਜੀ ਰਿਸ਼ਤਿਆਂ ਦਾ ਵੀ ਘਾਣ ਕੀਤਾ ਗਿਆ ਅਤੇ ਇਹ ਅਜੇ ਵੀ ਹੋ ਰਿਹਾ ਹੈ। ਇਹ ਕਾਲਾ ਦੌਰ ਕਦੇ ਵੀ ਨਾ ਆਉਂਦਾ ਜੇ ਗਦਰੀਆਂ ਵਾਲੀ ਗਦਰ ਲਹਿਰ, ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਵਿਚਾਰਧਾਰਾ ਮੁਤਾਬਕ ਦੇਸ਼ ਵਿਚ ਠੀਕ ਲੋਕ ਰਾਜ ਕਾਇਮ ਹੁੰਦਾ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਸਤਿਕਾਰ ਹਰ ਬਸ਼ਰ ਤੇ ਦੁਨੀਆਂ ਭਰ ਵਿਚ ਉਸ ਦੀ ਸੋਚ ਨੂੰ ਪਰਣਾਏ ਲੋਕਾਂ ਦੇ ਦਿਲਾਂ ਵਿਚ ਹੈ। ਮੁਲਕੀ ਵਿਤਕਰਿਆਂ ਤੋਂ ਉਪਰ ਉਠ ਕੇ ਉਸ ਸੈਂਟਰਲ ਜੇਲ੍ਹ ਲਾਹੌਰ (ਪਾਕਿਸਤਾਨ) ਵਿਚ ਫਾਂਸੀ ਦੇਣ ਵੇਲੇ ਗਲਵਕੜੀ ਪਾ ਕੇ ਇਨ੍ਹਾਂ ਇਨਕਲਾਬੀ ਸੂਰਮਿਆਂ ਨੇ ਕਿਹਾ ਸੀ, ਤੁਸੀਂ ਵਿਅਕਤੀ ਵਿਸ਼ੇਸ਼ ਨੂੰ ਤਾਂ ਕਤਲ ਕਰ ਸਕਦੇ ਹੋ ਪਰ ਉਨ੍ਹਾਂ ਦੇ ਵਿਚਾਰਾਂ ਨੂੰ ਨਹੀਂ। ਸੋ, ਉਸ ਜਗ੍ਹਾ ਨੂੰ, ਉਸ ਵੇਲੇ ਵਰਤੇ ਗਏ ਸਾਜ਼ੋ-ਸਾਮਾਨ ਨੂੰ ਯਾਦਗਾਰ ਵਜੋਂ ਮਾਨਤਾ ਦੇਣੀ ਚਾਹੀਦੀ ਹੈ।



*ਅਜੀਤ ਸਿੰਘ*



*ਸਵਰਨ ਸਿੰਘ*

## ਪਿੱਤਰਾਂ ਦੀ ਕੂਕ

*-ਫਕੀਰ ਹਿਊਸਟੋਨਵੀ*

ਅੱਜ ਕਾਲੇ ਬੋਲੇ ਅਰਸ਼ ਤੋਂ,
ਪਿੱਤਰਾਂ ਦੀਆਂ ਰੂਹਾਂ ਕੂਕੀਆਂ,
ਹਾਏ ਵੇ ਸਾਡੇ ਬੱਚਿਓ!
ਅੱਜ ਏਸ ਸੁਹਾਵੀ ਧਰਤ 'ਤੇ,
ਇਹ ਕੇਹਾ ਤਾਂਡਵ ਨਾਚ ਹੈ,
ਇਹ ਕਿਸ ਨੇ ਅੱਗਾਂ ਫੂਕੀਆਂ,
ਇਹ ਕਿਸ ਨੇ ਜ਼ਹਿਰਾਂ ਉਗਲੀਆਂ।

ਦੁਨੀਆਂ ਦੇ ਸ਼ਾਸਤਰ ਫੋਲ ਕੇ,
ਸਭ ਤਹਿਜ਼ੀਬਾਂ ਨੂੰ ਤੋਲ ਕੇ,
ਸੱਤੇ ਸਾਗਰ ਹੰਗਾਲ ਕੇ
ਅਕਲਾਂ ਦਾ ਅਰਕ ਨਿਕਾਲ ਕੇ,
ਰੱਬਤਾ ਨੂੰ ਵਿਚ ਬਹਾਲ ਕੇ,
ਤੇ ਸੰਤਾਨਾਂ ਦੀ ਸੇਧ ਲਈ,
ਲਿਖ ਦਿੱਤੇ ਅੱਖਰ ਸੱਚ ਦੇ,
ਤੇ ਮਾਨਵਤਾ ਦੇ ਹੱਕ ਦੇ,
ਪਰ ਪੁਠੀਆਂ ਸਮਝਾਂ ਵਾਲਿਓ,
ਭੁੱਲਾਂ ਕੀ ਸਾਥੋਂ ਹੋ ਗਈਆਂ,
ਹੈ ਕੇਹੀ ਖੁਲ੍ਹ ਤਕਰਾਰ ਦੀ,
ਸਹਿਮੀ ਹੈ ਫਰਕਣ ਹੋਠ ਦੀ,
ਹਾਵੀ ਨੇ ਬੋਲ ਬਰੂਦ ਦੇ,
ਵਰ੍ਹਦਾ ਹੈ ਸੰਦ ਸੁਰਖਿਆ ਦਾ,
ਮਜ਼ਲੂਮਾਂ 'ਤੇ, ਨਿਰਵੈਰਾਂ 'ਤੇ,
ਤੇ ਆਪ ਬਣਾਏ ਗੈਰਾਂ 'ਤੇ,
ਖੰਬ ਲਾ ਕੇ ਉਡਿਆ ਧਰਮ ਹੈ,
ਤੇ ਹੋਣੀ ਮਾਰੇ ਕਿਲਕਿਲੀ।

ਹਾੜਾ ਜੇ ਜੀਵਣ ਜੋਗਿਓ,
ਜੋ 'ਓਕ ਕਰੀਕ' 'ਚ ਵੱਸਿਆ ਹੈ,
ਇਹ ਨਾਨਕ ਦਾ ਪਰਿਵਾਰ ਹੈ,
ਇਹ ਸਭਨਾਂ ਦਾ ਪਰਿਵਾਰ ਹੈ,
ਨਾ ਕੋ ਬੈਰੀ ਨਾ ਹੀ ਬੇਗਾਨਾ,
ਸਗਲ ਸੰਗ ਹਮ ਕੋ ਬਨ ਆਈ,
ਸੱਭੇ ਸਾਂਝੀਵਾਲ ਸਦਾਇਨ,
ਕੋਈ ਨਾ ਦਿਸੇ ਬਾਹਰਾ ਜੀਓ।

ਇਹ ਜੋਤ ਜਗੀ ਹੈ ਜੋ ਏਥੇ,
ਆਓ ਇਸ ਨੂੰ ਸੱਜਦਾ ਕਰੀਏ,
ਇਸ ਚਾਨਣ ਦੀ ਹਾਮੀ ਭਰੀਏ,
ਤੇ ਹੋ ਸਕਦੈ,
ਗਗਨਾਂ ਵਿਚ ਥਾਲ ਪਰੁੱਸ ਜਾਵਣ,
ਤੇ ਰਵ ਚੰਦ ਦੀਪਕ ਬਲ ਜਾਵਣ,
ਤੇ ਏਕ ਨੂਰ ਵਿਚ ਢਲ ਜਾਵਣ,
ਰੱਬ ਰਾਖਾ ਕਰਮਾਂ ਵਾਲਿਓ!

# ਨੇੜਿਓਂ ਡਿੱਠੇ ਸੋਹਣ ਸਿੰਘ 'ਸੀਤਲ'

**ਬਰਸੀ 'ਤੇ ਵਿਸ਼ੇਸ਼**

ਸੋਹਣ ਸਿੰਘ 'ਸੀਤਲ' ਆਪਣੀ ਜੀਵਨ ਕਹਾਣੀ 'ਵੇਖੀ ਮਾਣੀ ਦੁਨੀਆਂ' ਵਿਚ ਇਕ ਥਾਂ ਲਿਖਦੇ ਹਨ:

ਮਰਨੇ ਕੇ ਬਾਅਦ 'ਸੀਤਲ'
ਅਪਨੀ ਕਰੇਂਗੇ ਕੋਈ,
ਕਰਤੇ ਹੈਂ ਹਮ ਜਹਾਂ ਮੇਂ
ਗੁਜ਼ਰੇ ਹੂਓਂ ਕੀ ਬਾਤੇਂ।

ਇਸ ਸ਼ੇਅਰ ਨੂੰ ਮੁੱਖ ਰੱਖ ਕੇ ਮੈਂ ਉਨ੍ਹਾਂ ਦੀ ਜ਼ਿੰਦਗੀ ਬਾਰੇ ਕੁੱਝ ਗੱਲਾਂ ਲਿਖਣ ਲੱਗਾ ਹਾਂ। ਜੇ ਉਹ ਅੱਜ ਜਿਉਂਦੇ ਹੁੰਦੇ ਤਾਂ ਇਸ ਸਾਲ ਦੇ ਅਗਸਤ ਮਹੀਨੇ ਇਕ ਸੌ ਤਿੰਨ ਸਾਲ ਦੇ ਹੋ ਜਾਣਾ ਸੀ। ਮੈਂ ਉਨ੍ਹਾਂ ਨੂੰ ਬਾਬੇ ਬੁੱਢੇ (ਅੰਮ੍ਰਿਤਸਰ) ਦੇ ਮੇਲੇ ਲਗਾਤਾਰ ਤੀਹ ਸਾਲ ਸੁਣਿਆ। ਉਹ 21 ਅੱਸੂ ਨੂੰ ਬਾਬੇ ਬੁੱਢੇ ਪੁੱਜ ਜਾਂਦੇ ਅਤੇ



**ਮਾਸਟਰ ਜਸਵੰਤ ਸਿੰਘ ਸੰਧੂ (ਘਰਿੰਡਾ)**
**ਫੋਨ: 510-516-5971**

22 ਅੱਸੂ ਨੂੰ ਵਾਪਸ ਲੁਧਿਆਣੇ ਚਲੇ ਜਾਂਦੇ ਸਨ। ਬਾਬੇ ਬੁੱਢੇ ਕਿਆਮ ਦੇ ਸਮੇਂ ਉਹ 3 ਦੀਵਾਨ ਲਾਉਂਦੇ ਸਨ। ਬਾਬਾ ਬੁੱਢਾ ਸਕੂਲ ਵਿਚ ਉਨ੍ਹਾਂ ਦਾ ਨਿਵਾਸ ਹੁੰਦਾ ਸੀ। ਕਈ ਨਾਮਵਰ ਢਾਡੀ ਅਤੇ ਮੇਰੇ ਵਰਗੇ ਪ੍ਰਸ਼ੰਸਕ ਉਨ੍ਹਾਂ ਦੀ ਮੰਜੀ ਦੁਆਲੇ ਬੈਠੇ ਹੁੰਦੇ। ਜਦੋਂ ਉਹ ਦੀਵਾਨ ਹਾਲ ਜਾਂਦੇ ਤਾਂ ਮੈਂ ਉਨ੍ਹਾਂ ਦਾ ਜੋੜਾ ਲੁਹਾ ਕੇ ਜੋੜੇ ਘਰ ਰੱਖ ਕੇ ਆਉਣਾ ਤਾਂ ਕਹਿਣਾ, "ਮਾਸਟਰ ਜੀ, ਮੈਂ ਇਹ ਤੁਹਾਡਾ ਭਾਰ ਕਿਸ ਤਰ੍ਹਾਂ ਲਾਹਵਾਂਗਾ?" ਮੈਂ ਕਹਿਣਾ, "ਬਾਪੂ ਜੀ, ਮੈਂ ਤਾਂ ਤੁਹਾਡਾ ਭਾਰ ਸੱਤ ਜਨਮ ਪੈਦਾ ਹੋ ਕੇ ਵੀ ਨਹੀਂ ਲਾਹ ਸਕਦਾ। ਮੈਂ ਜੋ ਤੁਹਾਡੇ ਵਿਚਾਰਾਂ ਤੋਂ ਸੇਧ ਲਈ ਹੈ, ਉਸ ਦਾ ਕੋਈ ਮੁੱਲ ਨਹੀਂ।"

ਇਸ ਮਹਾਨ ਸ਼ਖਸੀਅਤ ਦਾ ਜਨਮ ਪਿੰਡ ਕਾਦੀਵਿੰਡ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ ਵਿਚ 7 ਅਗਸਤ 1909 ਨੂੰ ਹੋਇਆ। ਪਿਤਾ ਦਾ ਨਾਂ ਸ. ਖੁਸ਼ਹਾਲ ਸਿੰਘ ਤੇ ਮਾਤਾ ਦਾ ਨਾਂ ਦਿਆਲ ਕੌਰ ਸੀ। ਮੁੱਢਲੀ ਵਿੱਦਿਆ ਉਨ੍ਹਾਂ ਪਿੰਡ ਦੇ ਗੁੰਥੀ ਕੋਲੋਂ ਲਈ। ਆਪਣੇ ਪਿੰਡ ਤੋਂ ਤਿੰਨ ਮੀਲ ਦੂਰ ਵਰਨ ਸਕੂਲ ਵਿਚੋਂ ਉਨ੍ਹਾਂ ਚੌਥੀ ਜਮਾਤ ਪਾਸ ਕੀਤੀ ਅਤੇ ਗੌਰਮਿੰਟ ਹਾਈ ਸਕੂਲ ਕਸੂਰ ਤੋਂ ਦਸਵੀਂ ਦਾ ਇਮਤਿਹਾਨ ਫਸਟ ਡਿਵੀਜ਼ਨ ਵਿਚ ਪਾਸ ਕੀਤਾ।

ਬਚਪਨ ਉਨ੍ਹਾਂ ਦਾ ਡਰ ਦੇ ਸਾਏ ਥੱਲੇ ਬੀਤਿਆ। ਇਕਲੌਤਾ ਪੁੱਤ ਹੋਣ ਕਰ ਕੇ ਮਾਪੇ ਵਸਾਹ ਨਹੀਂ ਸਨ ਖਾਂਦੇ। ਜਵਾਨ ਹੋਏ ਤਾਂ ਪੜ੍ਹਾਈ ਦੇ ਨਾਲ-ਨਾਲ ਵਾਹੀ-ਖੇਤੀ ਵਿਚ ਆਪਣੇ ਪਿਤਾ ਜੀ ਦਾ ਹੱਥ ਵਟਾਉਂਦੇ। ਜਦ ਖੇਤੀ ਤਿਆਰ ਹੋ ਜਾਂਦੀ ਤਾਂ ਸ਼ਰੀਕ ਖੜ੍ਹੀ ਫਸਲ ਵਿਚ ਡੰਗਰ ਛੱਡ ਕੇ ਉਜਾੜ ਦਿੰਦੇ। ਚੋਰੀ ਪੱਠੇ ਵੱਢ ਲੈਂਦੇ। ਕਈ ਵਾਰ ਖਲਵਾੜਿਆਂ ਨੂੰ ਅੱਗ ਲਾਈ। ਚੋਰੀ ਦੇ ਝੂਠੇ ਕੇਸ ਵੀ ਬਣਵਾਏ। ਉਨ੍ਹਾਂ 1933 'ਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਪਾਸ ਕੀਤੀ। ਇਸ ਆਸ ਨਾਲ ਕਿ ਪ੍ਰਾਈਵੇਟ ਬੀ.ਏ. ਕਰ ਕੇ ਕਿਸੇ ਨੌਕਰੀ ਲੱਗ ਕੇ ਜੱਟ ਸੰਸਾਰ ਤੋਂ ਦੂਰ ਹੋ ਜਾਵਾਂਗਾ ਪਰ ਇਸ ਕੋਸ਼ਿਸ਼ ਵਿਚ ਉਹ ਸਫ਼ਲ ਨਾ ਹੋ ਸਕੇ। ਅਖੀਰ ਉਹ ਬੜੇ ਨਾਟਕੀ ਢੰਗ ਨਾਲ ਢਾਡੀ ਬਣ ਗਏ। ਇਕ ਵਾਰ ਉਨ੍ਹਾਂ ਦੇ ਪਿੰਡ ਰਾਸਧਾਰੀਏ ਆ ਗਏ। ਉਨ੍ਹਾਂ ਨੇ ਬਿਨਾਂ ਪਰਦੇ ਅਤੇ ਸਟੇਜ ਦੇ ਪੂਰਨ ਭਗਤ ਅਤੇ ਰਾਜਾ ਹਰੀ ਚੰਦ ਦੇ ਨਾਟਕ ਖੇਡੇ। ਉਨ੍ਹਾਂ ਵਿਚ ਇਕ ਮੁੰਡਾ ਰਬਾਬੀਆਂ ਦਾ ਸੀ ਜੋ ਬੜੀ ਸੁਰੀਲੀ ਆਵਾਜ਼ ਦਾ ਮਾਲਕ ਸੀ। ਉਹ ਬਹੁਤੇ ਗੁਰਬਾਣੀ ਦੇ ਸ਼ਬਦ (ਖਾਸਕਰ ਆਸਾ ਦੀ ਵਾਰ ਵਿਚ ਪੜ੍ਹੇ ਜਾਣ ਵਾਲੇ ਛੱਕੇ) ਕਿਹਾ ਕਰਦਾ ਸੀ। ਭਿੰਨੀ ਰਾਤ ਉਹਦੀ ਆਵਾਜ਼ ਸਾਰੇ ਪਿੰਡ ਵਿਚ ਸੁਣਦੀ। ਉਹ ਸਾਰੀ ਮੰਡਲੀ ਦੀ ਜਾਨ ਸੀ।

ਸੀਤਲ ਜੀ ਰਾਸ ਵੇਖਣ ਨਹੀਂ ਸਨ ਜਾਂਦੇ। ਉਨ੍ਹਾਂ ਦੀ ਆਪਣੇ ਘਰ ਦੇ ਵਿਹੜੇ ਵਿਚ ਹੀ ਉਸ ਰਬਾਬੀ ਲੜਕੇ ਦੀ ਆਵਾਜ਼ ਵਿਚ ਸ਼ਬਦ ਸੁਣਨ ਦੀ ਤਾਂਘ ਹੁੰਦੀ। ਉਨ੍ਹਾਂ ਦੇ ਹਾਣੀ ਗੱਭਰੂ ਰਾਸਧਾਰੀਆਂ 'ਤੇ ਇੰਨੇ ਲੱਟੂ ਹੋਏ ਕਿ ਉਨ੍ਹਾਂ ਦੇ ਜਾਣ ਤੋਂ ਬਾਅਦ ਪਿੰਡੋਂ ਬਾਹਰ ਢੋਲਕੀ, ਛੈਣੇ ਤੇ ਚਿਮਟਾ ਲੈ ਕੇ ਰਾਸਧਾਰੀਆਂ ਵਾਂਗ ਸਾਂਗ ਰਚਦੇ, ਘੁੰਗਰੂ ਬੰਨ੍ਹ ਕੇ ਨੱਚਦੇ ਅਤੇ ਨਾਟਕ ਕਰਦੇ ਪਰ ਉਹ ਗੱਲ ਨਾ ਬਣਦੀ। ਇਕ ਦਿਨ ਸੀਤਲ ਆਪਣੇ ਨਿਆਈਂ ਵਾਲੇ ਖੇਤ ਵਿਚ ਮੰਜੇ 'ਤੇ ਬੈਠੇ ਕੁਝ ਲਿਖ ਰਹੇ ਸਨ ਕਿ ਚਾਰ-ਪੰਜ ਹਾਣੀ ਮੁੰਡੇ ਆਏ ਅਤੇ ਕਹਿਣ ਲੱਗੇ ਕਿ ਆਪਾਂ ਵੀ ਇਹ ਨਾਟਕ ਰਾਸਧਾਰੀਆਂ ਵਾਂਗ ਖੇਡੀਏ। ਸੀਤਲ ਧਾਰਮਿਕ ਖਿਆਲਾਂ ਦੇ ਸਨ। ਉਨ੍ਹਾਂ ਨੂੰ ਘੁੰਗਰੂ ਬੰਨ੍ਹ ਕੇ ਨੱਚਣਾ ਧਾਰਮਿਕ ਰੁਚੀਆਂ ਵਿਰੁਧ ਲੱਗਾ। ਸਾਥੀ ਕਹਿਣ ਲੱਗੇ ਕਿ ਫਿਰ ਰਾਗੀ ਜਥਾ ਬਣਾ ਲਏ। ਉਨ੍ਹਾਂ ਹਾਮੀ ਭਰ ਦਿੱਤੀ ਪਰ ਜੋੜੀ-ਵਾਜੇ ਚੁੱਕਣ ਦੇ ਡਰੋਂ ਢਾਡੀ ਜਥਾ ਬਣਾਉਣ ਦੀ ਸਲਾਹ ਪੱਕੀ ਹੋ ਗਈ। ਪਿੰਡ ਲਲਿਆਣੀ ਤੋਂ ਬਾਬਾ ਚਰਾਗਦੀਨ (ਭਰਾਈ) ਨੂੰ ਲੈ ਆਏ। ਉਹ ਆਪਣੇ ਕਸਬ ਦੇ ਉਸਤਾਦ ਸਨ। ਢਾਡੀਪੁਣਾ ਉਨ੍ਹਾਂ ਦਾ ਪਿਤਾ ਪੁਰਖੀ ਕਿੱਤਾ ਸੀ। ਬਾਬਾ ਚਰਾਗਦੀਨ ਨੇ ਸੀਤਲ ਤੇ ਸਾਥੀਆਂ ਨੂੰ ਢੱਡ ਅਤੇ ਸਾਰੰਗੀ ਵਜਾਉਣੀ ਸਿਖਾਈ। ਅੱਧੀ-ਅੱਧੀ ਰਾਤ ਤੱਕ ਮਿਹਨਤ ਕਰਨੀ। ਢਾਡੀ ਜਥੇ ਦੇ ਰੂਪ ਵਿਚ ਪਹਿਲੀ ਸਟੇਜ ਸੀ ਪਿੰਡ ਦਾ ਗੁਰਦੁਆਰਾ ਅਤੇ ਦੂਜੀ ਸਟੇਜ ਸੀ ਕਸੂਰ। ਉਨ੍ਹਾਂ ਵਾਰਾਂ ਆਪ ਲਿਖਣੀਆਂ ਸ਼ੁਰੂ ਕੀਤੀਆਂ। ਕੁਝ ਸਮਾਂ ਉਹ ਪ੍ਰਸਿੱਧ ਢਾਡੀ ਸੋਹਣ ਸਿੰਘ ਘੁੱਕੇਵਾਲੀਆ ਦੀਆਂ ਵਾਰਾਂ ਗਾਉਂਦੇ ਰਹੇ।

1936 ਵਿਚ 27 ਵਿਸਾਖ ਦਾ ਦਿਨ ਉਨ੍ਹਾਂ ਵਾਸਤੇ ਜ਼ਿੰਦਗੀ ਸਭ ਤੋਂ ਸ਼ੁਭ ਦਿਹਾੜਾ ਸੀ। ਉਨ੍ਹਾਂ ਦੇ ਪਿੰਡ ਤੋਂ ਦਸ-ਬਾਰਾਂ ਮੀਲ ਦੂਰ ਪਿੰਡ ਰੱਤੋ ਕੇ ਵਿਚ ਬਾਬਾ ਬੀਰ ਸਿੰਘ ਨੌਰੰਗਾਬਾਦੀਏ ਦਾ ਗੁਰਦੁਆਰਾ ਸੀ। 27 ਵਿਸਾਖ ਨੂੰ ਉਥੇ ਹਰ ਸਾਲ ਮੇਲਾ ਭਰਦਾ ਸੀ। ਉਸ ਮੇਲੇ ਵਾਸਤੇ ਸੀਤਲ ਨੇ ਉਚੇਚੀ ਵਾਰ ਲਿਖੀ। 'ਸਿੱਖ ਰਾਜ ਕਿਵੇਂ ਗਿਆ' ਦਾ ਪਹਿਲਾ ਭਾਗ ਉਨ੍ਹਾਂ ਲਿਖਿਆ ਜੋ ਬਾਬਾ ਬੰਦਾ ਸਿੰਘ ਦੀ ਸ਼ਹੀਦੀ 'ਤੇ ਮੁੱਕਦਾ ਸੀ। ਉਹ ਢਾਡੀ ਜਥੇ ਸਮੇਤ ਮੇਲੇ ਵਿਚ ਸ਼ਾਮਲ ਹੋਣ ਲਈ ਪਿੰਡ ਦੇ ਦਸ-ਬਾਰਾਂ ਬੰਦਿਆਂ ਨਾਲ ਪਿੰਡ ਰੱਤੋ ਕੇ ਦੇ ਗੁਰਦੁਆਰੇ ਪਹੁੰਚ ਗਏ। ਉਨ੍ਹਾਂ ਸਟੇਜ ਸੈਕਟਰੀ ਨੂੰ ਟਾਈਮ ਵਾਸਤੇ ਪੁੱਛਿਆ। ਸਟੇਜ ਸੈਕਟਰੀ ਨੇ ਆਪਣੇ ਸੁਭਾਅ ਅਨੁਸਾਰ ਕਿਹਾ, "ਸ਼ੁਰੂ ਕਰ ਉਇ ਮੁੰਡਿਆ। ਸੌਦਾ ਵਿਕਦਾ ਵੇਖ ਕੇ ਸੋਚਾਂਗਾ।"

ਗੁਰੂ ਦੀ ਓਟ ਲੈ ਕੇ ਉਨ੍ਹਾਂ ਸ਼ੁਰੂ ਕੀਤਾ। ਪਹਿਲਾਂ ਸ਼ੇਰੇ ਪੰਜਾਬ ਦੀ ਬੰਸਾਵਲੀ ਸ਼ੁਰੂ ਕੀਤੀ। ਭਗਵਾਨ ਰਾਮ ਚੰਦਰ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਨਾਲ ਸ਼ਜਰਾ ਲਿਆ ਮਿਲਾਇਆ। ਫਿਰ ਸ਼ੇਰੇ ਪੰਜਾਬ ਦਾ ਸੁਰਗਵਾਸ ਹੋਣਾ, ਉਸ ਤੋਂ ਪਿੱਛੋਂ ਆਪਣਿਆਂ ਹੱਥੋਂ ਆਪਣਿਆਂ ਦਾ ਕਤਲ, ਡੋਗਰਿਆਂ ਦੀ ਗੱਦਾਰੀ ਤੇ ਅੰਤ ਬਾਬਾ ਬੀਰ ਸਿੰਘ ਦੀ ਹੀਰਾ ਸਿੰਘ ਡੋਗਰੇ ਦੀਆਂ ਫੌਜਾਂ ਹੱਥੋਂ ਸ਼ਹੀਦੀ 'ਤੇ ਆ ਕੇ ਖਤਮ ਕੀਤਾ। ਨਾ ਉਨ੍ਹਾਂ ਨੂੰ ਕਿਸੇ ਹਟਾਇਆ, ਨਾ ਉਨ੍ਹਾਂ ਨੇ ਹਿੰਮਤ ਹਾਰੀ। ਸਾਢੇ ਤਿੰਨ ਘੰਟੇ ਬਾਅਦ ਉਨ੍ਹਾਂ ਆਪ ਫਤਿਹ ਬੁਲਾਈ।


ਸਰੋਤਿਆਂ ਵਾਸਤੇ ਇਹ ਦਿਲ-ਕੰਬਾਊ ਕਹਾਣੀ ਬਿਲਕੁਲ ਨਵੀਂ ਸੀ। ਦੀਵਾਨ ਵਿਚ ਸਾਰੇ ਰੋ ਰਹੇ ਸਨ। ਇੱਥੋਂ ਤੱਕ ਕਿ ਡੇਰੇ ਦੇ ਮਹੰਤ ਬਾਬਾ ਹਰਨਾਮ ਸਿੰਘ ਵੀ ਰੋ ਰਹੇ ਸਨ। ਉਨ੍ਹਾਂ ਨੇ ਇਸ਼ਾਰੇ ਨਾਲ 'ਸੀਤਲ' ਨੂੰ ਆਪਣੇ ਕੋਲ ਬੁਲਾਇਆ ਤੇ ਕਿਹਾ ਕਿ ਤੂੰ ਅੱਜ ਨਹੀਂ ਜਾਣਾ। ਭਲਕੇ ਮੈਂ ਇਹ ਵਾਰ ਤੈਥੋਂ ਫੇਰ ਸੁਣਨੀ ਹੈ। ਦੀਵਾਨ ਸਮਾਪਤੀ ਪਿੱਛੋਂ ਸੀਤਲ ਜਥੇ ਸਮੇਤ ਨਗਰ ਨਿਵਾਸੀਆਂ ਕੋਲ ਪਹੁੰਚੇ। ਡੁਰਲੀ ਜਥੇ ਦਾ ਲੀਡਰ ਸੀ ਬਿਸ਼ਨ ਸਿੰਘ। ਛੇ ਫੁੱਟ ਉੱਚਾ ਲੰਮਾ ਜਵਾਨ। ਦੋ ਆਦਮੀਆਂ ਦਾ ਇਕੱਲਾ ਟਾਕਰਾ ਕਰਨ ਜੋਗਾ। ਚੋਰੀ, ਡਾਕੇ, ਕਤਲ ਵਿਚ ਕਈ ਵਾਰ ਕੈਦ ਕੱਟ ਚੁੱਕਾ ਅਤੇ ਸਮੇਂ ਦੀ ਪੁਲਿਸ ਤੋਂ ਆਕੀ। ਦੂਰ ਨੇੜਿਓਂ ਉਹ ਸੀਤਲ ਦਾ ਚਾਚਾ ਲਗਦਾ ਸੀ। ਸੀਤਲ ਨੂੰ ਜੱਫੀ ਵਿਚ ਲੈ ਕੇ ਬੜੇ ਰੋਹਬ ਨਾਲ ਬੋਲਿਆ, "ਮੈਂ ਤੇਰਾ ਕੀ ਲਗਦਾਂ?"

"ਚਾਚਾ।" ਉਨ੍ਹਾਂ ਨੇ ਉਸੇ ਸੁਰ ਵਿਚ ਕਿਹਾ।

"ਸੁਣ ਲੈ ਫਿਰ, ਤੇਰਾ ਸਾਰਾ ਉਜਾੜ ਮੈਂ ਕਰਾਉਂਦਾ ਸੀ ਤੇ ਕਰਾਉਂਦਾ ਸੀ ਤੇਰੇ ਚਾਚੇ ਦੇ ਆਖੇ। ਜਾਹ, ਅੱਜ ਤੋਂ ਸਭ ਮੁਆਫ। ਤਕੜਾ ਹੋ ਕੇ ਪਿੰਡ ਦਾ ਨਾਂ ਉਚਾ ਕਰ। ਜੇ ਤੇਰੀ ਵੱਟ ਉਤੋਂ ਦੀ ਵੀ ਕੋਈ ਲੰਘ ਗਿਆ ਤਾਂ ਮੇਰਾ ਨਾਂ ਬਿਸ਼ਨ ਸਿਹੁੰ ਨਾ ਸੱਦੀਂ।" ਉਹ ਦਿਨ ਸੀਤਲ ਦੀਆਂ ਮੁਸੀਬਤਾਂ ਦਾ ਆਖਰੀ ਦਿਨ ਸੀ। ਵੈਰੀ ਮਿੱਤਰ ਬਣ ਗਏ।

ਸੀਤਲ ਨੂੰ ਲੋਕਾਂ ਨੇ ਢਾਡੀ ਪ੍ਰਵਾਨ ਕਰ ਲਿਆ। ਉਨ੍ਹਾਂ ਨੇ ਢਾਡੀ ਵਾਰਾਂ ਰਾਹੀਂ ਅਨਪੜ੍ਹ ਲੋਕਾਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਸਿੱਖ ਇਤਿਹਾਸ ਦੀ ਉਨ੍ਹਾਂ ਖੋਜ ਕਰ ਕੇ ਇਸ ਨੂੰ ਤਰਕ ਸੰਗਤ ਆਧਾਰ 'ਤੇ ਲਿਖਿਆ। ਸਿੱਖ ਇਤਿਹਾਸ ਬਾਰੇ ਜੋ ਕੰਮ ਯੂਨੀਵਰਸਿਟੀਆਂ ਨਹੀਂ ਕਰ ਸਕੀਆਂ, ਉਹ ਸੀਤਲ ਨੇ ਬੜੀ ਲਗਨ ਅਤੇ ਮਿਹਨਤ ਨਾਲ ਕੀਤਾ। 'ਸਿੱਖ ਇਤਿਹਾਸ ਦੇ ਸੋਮੇ' ਲਈ ਬੜੀ ਮਿਹਨਤ ਕੀਤੀ। ਸੀਤਲ ਨੇ ਪੱਲਿਓਂ ਬੜਾ ਖਰਚ ਕੀਤਾ ਪਰ ਪਾਠਕਾਂ ਤੋਂ ਖਾਸ ਹੁੰਗਾਰਾ ਨਾ ਮਿਲਿਆ। ਉਨ੍ਹਾਂ ਦਾ ਮਤ ਸੀ ਕਿ ਜਿੰਨੇ ਵੀ ਵਰ ਸਰਾਪ ਸਿੱਖ ਇਤਿਹਾਸ ਵਿਚ ਹਨ, ਸਭ ਹਿੰਦੂਵਾਦ ਦੀ ਦੇਣ ਹੈ। ਕਰਾਮਾਤਾਂ ਇਸਲਾਮ 'ਚੋਂ ਆਈਆਂ ਹਨ। ਸਿੱਖ ਧਰਮ ਵਿਚ ਵਰ, ਸਰਾਪ ਅਤੇ ਕਰਾਮਾਤਾਂ ਦੀ ਕੋਈ ਥਾਂ ਨਹੀਂ।

ਜੱਦੀ ਪਿੰਡ ਕਾਦੀਵਿੰਡ (ਹੁਣ ਪਾਕਿਸਤਾਨ) ਵਿਚ ਉਨ੍ਹਾਂ ਕੋਲ 100 ਏਕੜ ਜ਼ਮੀਨ ਸੀ। ਉਨ੍ਹਾਂ ਬੜੀ ਮਿਹਨਤ ਕਰ ਕੇ ਇਸ ਨੂੰ ਵਾਹੀਯੋਗ ਬਣਾਇਆ, ਆਮਦਨ ਵਧੀ। ਮਕਾਨ ਕੱਚੇ ਸਨ। ਅਖਾਣ ਹੈ, ਜਿਸ ਕਮਰੇ ਵਿਚ ਪੁੱਤ ਜਨਮ ਲੈਂਦਾ ਹੈ, ਉਹਦੀਆਂ ਕੰਧਾਂ ਕੰਬਦੀਆਂ ਹਨ ਕਿ ਇਕ ਦਿਨ ਇਸ ਨੇ ਸਾਨੂੰ ਹਿਲਾ ਦੇਣਾ ਹੈ। ਜੇ ਲਾਇਕ ਹੋਇਆ ਤਾਂ ਢਾਹ ਕੇ ਚੰਗੀ ਇਮਾਰਤ ਬਣਾ ਦੇਵੇਗਾ; ਜੇ ਨਿਕੰਮਾ ਨਿਕਲਿਆ ਤਾਂ ਕੜੀਆਂ ਵੇਚ ਕੇ ਖਾ ਜਾਵੇਗਾ। ਉਨ੍ਹਾਂ ਦਾ ਜਿਸ ਕਮਰੇ ਵਿਚ ਜਨਮ ਹੋਇਆ, ਉਸ ਵਿਚ ਚੂਹਿਆਂ ਦੀਆਂ ਖੁੱਡਾਂ ਸਨ। ਸੌਣ ਵਾਲਿਆਂ ਨੂੰ ਦੜੱਕ-ਦੜੱਕ ਦੇ ਦੱਸਦੇ ਸਨ ਕਿ ਰਾਤ ਕਿੰਨੀ ਬੀਤ ਗਈ ਹੈ; ਜੇ ਫਿਰ ਵੀ ਕੋਈ ਨਾ ਜਾਗੇ ਤਾਂ ਉਹਦੇ ਨੰਗੇ ਹੱਥ 'ਤੇ ਦੰਦੀ ਵੱਢ ਦਿੰਦੇ। ਉਨ੍ਹਾਂ ਨਾਲ ਇਹ ਬੜੀ ਵਾਰ ਹੋਇਆ। ਰੱਬ ਦੀ ਮਿਹਰ ਨਾਲ ਉਨ੍ਹਾਂ ਕੱਚੇ ਕੋਠਿਆਂ ਦੀ ਥਾਂ ਉਨ੍ਹਾਂ ਹੀ ਨੀਹਾਂ ਉਤੇ ਸੱਤ ਕਮਰਿਆਂ ਦਾ ਸੀਮਿੰਟਡ ਘਰ ਬਣਾ ਲਿਆ। ਉਹ ਕਹਿੰਦੇ ਹੁੰਦੇ ਸਨ, ਜਿਸ ਜ਼ਮੀਨ ਵਿਚ ਬਜ਼ੁਰਗਾਂ ਦਾ ਮੁੜ੍ਹਕਾ ਡਿਗਿਆ ਹੁੰਦਾ ਹੈ, ਉਹ ਬੜੀ ਕੀਮਤੀ ਹੁੰਦੀ ਹੈ। ਕਾਦੀਵਿੰਡ ਇਕ ਮੁਸਲਮਾਨ ਫਕੀਰ ਉਨ੍ਹਾਂ ਪਾਸੋਂ ਇਕ ਕਨਾਲ ਜ਼ਮੀਨ ਤਕੀਆ ਬਣਾਉਣ ਵਾਸਤੇ ਮੰਗ ਰਿਹਾ ਸੀ ਪਰ ਉਨ੍ਹਾਂ ਨੇ ਨਾ ਦਿੱਤੀ। ਪਾਕਿਸਤਾਨ ਬਣਨ ਪਿੱਛੋਂ ਜੀਰੇ ਅਲਾਟ ਹੋਈ ਜ਼ਮੀਨ ਵੇਚਣ ਦਾ ਉਨ੍ਹਾਂ ਨੂੰ ਕੋਈ ਦੁੱਖ ਨਾ ਹੋਇਆ। ਉਹ ਕਹਿੰਦੇ, ਮੈਂ ਕਾਦੀਵਿੰਡ ਨਾਲੋਂ ਮਾਇਕ ਤੌਰ 'ਤੇ ਸੁਖੀ ਹਾਂ ਪਰ ਜੋ ਸੁੱਖ ਕਾਦੀਵਿੰਡ ਦੀ ਨਿਆਈਂ ਦਾ ਸੀ, ਸੀਤਲ ਭਵਨ ਲੁਧਿਆਣੇ ਦਾ ਨਹੀਂ। ਉਨ੍ਹਾਂ ਦੀ ਰਹਿਣੀ ਬਹਿਣੀ ਬੜੀ ਸਾਦਾ ਸੀ। ਚਿੱਟਾ ਕਮੀਜ਼ ਪਜਾਮਾ, ਨੀਲੀ ਪੱਗ, ਚਿੱਟੀ ਫਿਫਟੀ ਤੇ ਪੈਰੀਂ ਸਾਧਾਰਨ ਗੁਰਗਾਬੀ। ਸ਼ਰਾਬ ਦੇ ਸਾਰੀ ਉਮਰ ਲਾਗੇ ਨਹੀਂ ਗਏ। ਸਾਦੀ ਖੁਰਾਕ। ਰੋਟੀ, ਦਾਲ, ਦੁੱਧ ਅਤੇ ਫਲ।



ਸੋਹਣ ਸਿੰਘ 'ਸੀਤਲ'

ਕਈ ਪੰਜਾਬੀ ਆਲੋਚਕ ਸੀਤਲ ਨੂੰ ਢਾਡੀ ਹੋਣ ਕਰ ਕੇ ਲੇਖਕ ਨਹੀਂ ਸਨ ਮੰਨਦੇ। ਸੀਤਲ ਬਾਰੇ ਸ. ਸੁਖਪਾਲਵੀਰ ਸਿੰਘ ਹਸਰਤ ਨੇ 'ਸਾਹਿਤ ਸਮਾਚਾਰ' ਪਰਚੇ ਵਿਚ ਲਿਖਿਆ। ਕਿਰਪਾਲ ਸਿੰਘ ਕਸੇਲ ਨੇ ਉਨ੍ਹਾਂ ਦੇ ਨਾਵਲਾਂ ਬਾਰੇ ਲਿਖਿਆ ਪਰ ਪ੍ਰਸਿੱਧ ਵਿਦਵਾਨ ਗੁਰਬਚਨ ਸਿੰਘ ਤਾਲਿਬ ਨੇ ਦੂਜੇ ਨਾਵਲਕਾਰਾਂ ਵਿਚੋਂ ਸੀਤਲ ਦਾ ਨਾਂ ਇਸ ਤਰ੍ਹਾਂ ਕੱਢ ਦਿੱਤਾ ਜਿਵੇਂ ਅੱਲਾਹ ਤਾਲਾ ਨੇ ਆਦਮ ਨੂੰ ਬਹਿਸ਼ਤ 'ਚੋਂ ਕੱਢ ਦਿੱਤਾ ਸੀ। ਜਦੋਂ ਉਨ੍ਹਾਂ ਨੂੰ 1974 ਵਿਚ ਸਾਹਿਤ ਅਕਾਦਮੀ ਦਾ ਸਨਮਾਨ ਮਿਲਿਆ ਤਾਂ ਤਾਲਿਬ ਨੂੰ ਬੜੀ ਹੈਰਾਨੀ ਹੋਈ ਜੋ ਦ੍ਰਿੜਤਾ ਨਾਲ ਕਹਿੰਦੇ ਸਨ ਕਿ ਹੋਰ ਸਭ ਕੁਝ ਹੋ ਸਕਦਾ ਹੈ ਪਰ ਕੋਈ ਢਾਡੀ ਨਾਵਲਕਾਰ ਨਹੀਂ ਹੋ ਸਕਦਾ। ਸੀਤਲ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਰਾਜਾ ਦਲੀਪ ਸਿੰਘ ਤੱਕ ਸਿੱਖ ਇਤਿਹਾਸ ਲਿਖਿਆ ਹੈ। ਉਨ੍ਹਾਂ ਕੋਈ 82 ਕਿਤਾਬਾਂ ਲਿਖੀਆਂ।

ਮੈਂ 1952 ਵਿਚ ਪੰਜਵੀਂ ਜਮਾਤ ਵਿਚ ਸਾਂ। ਮੇਰੇ ਨਾਲ ਦੇ ਮੁੰਡੇ ਹਰ ਗੁਰਪੁਰਬ 'ਤੇ ਧਾਰਮਿਕ ਕਵਿਤਾ ਪੜ੍ਹਦੇ। ਚੰਗੀ ਕਵਿਤਾ ਪੜ੍ਹਨ ਵਾਲੇ ਨੂੰ ਗੁਰਦੁਆਰਾ ਕਮੇਟੀ ਵੱਲੋਂ ਇਨਾਮ ਦਿੱਤਾ ਜਾਂਦਾ। ਮੈਂ ਆਪਣੇ ਪਿੰਡ ਦੇ ਮੁੰਡੇ ਚੰਨਣ ਸਿੰਘ ਪਾਸ ਕਿਤਾਬ 'ਸੀਤਲ ਕਿਰਨਾਂ' ਦੇਖੀ। ਲੇਖਕ ਦਾ ਨਾਂ ਸੀ ਸੋਹਣ ਸਿੰਘ ਸੀਤਲ। ਮੈਂ ਇਹ ਕਿਤਾਬ ਲੈ ਕੇ ਉਸ ਵਿਚਲੇ ਸਾਰੇ ਪ੍ਰਸੰਗ ਪੜ੍ਹੇ। ਭਾਈ ਤਾਰੂ ਸਿੰਘ ਦੀ ਸ਼ਹੀਦੀ ਵਾਲਾ ਪ੍ਰਸੰਗ ਮੈਨੂੰ ਬਹੁਤ ਚੰਗਾ ਲੱਗਾ। ਬਜ਼ੁਰਗ ਪਿੰਡ ਦੀ ਸੱਥ ਵਿਚ ਬੈਠੇ ਸੀਤਲ ਦੀਆਂ ਗੱਲਾਂ ਬੜੀ ਸ਼ਰਧਾ ਨਾਲ ਕਰਦੇ। ਸੀਤਲ ਦੀਆਂ ਸੁਣਾਈਆਂ ਸੂਰਬੀਰਾਂ ਦੀਆਂ ਵਾਰਾਂ ਅਨਪੜ੍ਹ ਪੇਂਡੂਆਂ ਨੂੰ ਜ਼ਬਾਨੀ ਯਾਦ ਸਨ। ਮੇਰੇ ਪਿਤਾ ਵੀ ਸੀਤਲ ਨੂੰ ਸੁਣਨ ਤਰਨਤਾਰਨ ਦੀ ਹਰ ਮੱਸਿਆ ਜਾਂਦੇ। ਇਕ ਵਾਰ ਮੈਂ ਵੀ ਉਨ੍ਹਾਂ ਨਾਲ ਮੱਸਿਆ ਚਲਾ ਗਿਆ। ਸੈਂਟਰ ਮਾਝਾ ਦਾ ਦੀਵਾਨ ਪ੍ਰਦੱਖਣਾ ਦੀ ਉਤਰ ਵਾਲੀ ਬਾਹੀ ਲੱਗਦਾ ਹੁੰਦਾ ਸੀ ਜਿਸ ਦਾ ਸਟੇਜ ਸੈਕਟਰੀ ਪਿੰਡ ਸੁਰਸਿੰਘ ਦਾ ਮਹਿਲ ਸਿੰਘ ਹੁੰਦਾ ਸੀ। ਉਹ ਨਨਕਾਣਾ ਸਾਹਿਬ ਦੇ ਸਿੱਖਾਂ ਤੋਂ ਵਿਛੋੜੇ ਦੀ ਕਹਾਣੀ ਬੜੇ ਦਰਦਨਾਕ ਸ਼ਬਦਾਂ ਵਿਚ ਬਿਆਨ ਕਰਦਾ। ਪਹਿਲੀ ਵਾਰ ਮੈਂ ਸੀਤਲ ਨੂੰ ਉਥੇ ਸੁਣਿਆ।

ਪਹਿਲਾਂ ਮੈਂ ਪੁਲਿਸ ਵਿਚ ਭਰਤੀ ਹੋ ਗਿਆ। ਪੁਲਿਸ ਦੀ ਨੌਕਰੀ ਛੱਡ ਕੇ ਮੈਂ 1962 ਵਿਚ ਸਰਹਾਲੀ (ਅੰਮ੍ਰਿਤਸਰ) ਵਿਚ ਜੇ.ਬੀ.ਟੀ. ਵਿਚ ਦਾਖਲ ਹੋ ਗਿਆ। ਇੱਥੇ ਮੇਰਾ ਮੇਲ ਪ੍ਰਸਿੱਧ ਕਹਾਣੀਕਾਰ ਸ. ਵਰਿਆਮ ਸਿੰਘ ਸੰਧੂ ਨਾਲ ਹੋਇਆ। ਉਹ ਵੀ ਸੀਤਲ ਨੂੰ ਸੁਣਨ ਦਾ ਬੜਾ ਸ਼ੌਕੀ ਸੀ। ਸੀਤਲ ਦੀਆਂ ਕਈ ਵਾਰਾਂ ਉਸ ਨੂੰ ਜ਼ਬਾਨੀ ਯਾਦ ਸਨ। ਜੇ.ਬੀ.ਟੀ. ਕਰਨ ਤੋਂ ਬਾਅਦ ਅਸੀਂ ਦੋਵਾਂ ਨੇ ਗੁਰਦੁਆਰਾ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਦੀਵਾਨ ਵਿਚ ਸੀਤਲ ਨੂੰ ਜ਼ਰੂਰ ਸੁਣਨ ਜਾਣਾ।

ਪੰਜਾਬੀ ਸੂਬੇ ਦਾ ਮੋਰਚਾ ਸੰਤ ਫਤਿਹ ਸਿੰਘ ਦੀ ਅਗਵਾਈ ਵਿਚ ਚੱਲ ਰਿਹਾ ਸੀ। ਗਿਆਨੀ ਹਰਚਰਨ ਸਿੰਘ ਹੁਡਿਆਰਾ ਨੇ ਪ੍ਰਣ ਕੀਤਾ ਸੀ ਕਿ ਜਿੰਨਾ ਚਿਰ ਪੰਜਾਬੀ ਸੂਬਾ ਨਹੀਂ ਬਣ ਜਾਂਦਾ, ਮੈਂ ਪੂਰੇ ਬਸਤਰ ਨਹੀਂ ਪਹਿਨਾਂਗਾ। ਉਹ ਕਛਹਿਰੇ ਕੰਬਲ ਵਿਚ ਹੀ ਰਹਿੰਦੇ। ਮੰਜੀ ਸਾਹਿਬ ਦੀ ਸਟੇਜ 'ਤੇ ਸੀਤਲ ਵੀ ਜਥੇ ਸਮੇਤ ਬੈਠੇ ਸਨ। ਗਿਆਨੀ ਹੁਡਿਆਰਾ ਨੇ ਸੀਤਲ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਵੀ ਪੰਜਾਬੀ ਸੂਬੇ ਲਈ ਕੋਈ ਕੁਰਬਾਨੀ ਕਰੋ। ਉਨ੍ਹਾਂ ਤੋਂ ਬਾਅਦ ਸੀਤਲ ਸੂਰਬੀਰਾਂ ਦੀ ਵਾਰਾਂ ਸੁਣਾਉਣ ਲਈ ਜਥੇ ਸਮੇਤ ਉਠੇ ਤੇ ਉਨ੍ਹਾਂ ਨੇ ਗਿਆਨੀ ਹੁਡਿਆਰਾ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਤੁਸੀਂ ਪੰਜਾਬੀ ਸੂਬੀਰਾਂ ਲਈ ਕੁਰਬਾਨੀ ਕਰੋ, ਤੁਸੀਂ ਮਰਨ ਵਰਤ ਦਾ ਪ੍ਰਣ ਕਰੋ ਤੇ ਫਿਰ ਮਰੋ ਵੀ। ਤੁਹਾਡੀ ਸ਼ਹੀਦੀ ਤੋਂ ਬਾਅਦ ਮੈਂ ਤੁਹਾਡੀਆਂ ਵਾਰਾਂ ਗਾਇਆ ਕਰਾਂਗਾ। ਮੇਰਾ ਕੰਮ ਸ਼ਹੀਦਾਂ ਦੀਆਂ ਵਾਰਾਂ ਗਾਉਣਾ ਹੈ, ਕੁਰਬਾਨੀ ਕਰਨਾ ਨਹੀਂ (ਕਿਉਂਕਿ ਇਸ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਤੇ ਸੰਤ ਫਤਿਹ ਸਿੰਘ ਮਰਨ ਵਰਤ ਰੱਖ ਕੇ ਬਿਨਾਂ ਕੁਝ ਮਿਲਿਆਂ ਹੀ ਛੱਡ ਚੁੱਕੇ ਸਨ) ਇਹ ਸੁਣ ਕੇ ਇਕ ਨਿਹੰਗ ਨੇ 'ਬੋਲੇ ਸੋ ਨਿਹਾਲ' ਦੀ ਲੰਮੀ ਹੇਕ ਲਾ ਕੇ ਜੈਕਾਰਾ ਛੱਡਿਆ। ਸਾਰੀ ਸੰਗਤ ਉਸ ਵੱਲ ਵੇਖਣ ਲੱਗ ਪਈ ਤਾਂ ਸੀਤਲ ਨੇ ਕਿਹਾ, 'ਮੇਰੇ ਵੱਲ ਧਿਆਨ ਦਿਓ ਜਿਸ ਮਗਰ ਕੋਈ ਜਾਵੇ ਨਾ, ਉਹ ਮੁੜ ਹੀ ਆਉਂਦਾ ਹੈ।'

ਬਾਬਾ ਖੜਕ ਸਿੰਘ ਗੁਰਦੁਆਰਾ ਬੀੜ ਸਾਹਿਬ ਵਾਲੇ ਬੜੇ ਪਰਉਪਕਾਰੀ ਸੰਤ ਸਨ। ਉਹ ਵੀ ਸੀਤਲ ਦੇ ਬੜੇ ਪ੍ਰਸ਼ੰਸਕ ਸਨ। ਉਹ ਹਰ ਸਾਲ 22 ਅੱਸੂ ਨੂੰ ਸਾਲਾਨਾ ਜੋੜ ਮੇਲੇ 'ਤੇ ਉਨ੍ਹਾਂ ਨੂੰ ਸੱਦਦੇ। ਮੈਂ ਸੁਣਨ ਲਈ ਬਾਬਾ ਬੁੱਢਾ ਸਾਹਿਬ ਦੇ ਮੇਲੇ 'ਤੇ ਜਾਣ ਲੱਗ ਪਿਆ। ਪਹਿਲਾਂ ਮੈਨੂੰ ਉਨ੍ਹਾਂ ਦੀ ਢੱਡ-ਸਾਰੰਗੀ ਨਾਲ ਗਾਈਆਂ ਵਾਰਾਂ ਸੁਣ ਕੇ ਬੜਾ ਅਨੰਦ ਆਉਂਦਾ ਪਰ ਬਾਅਦ ਵਿਚ ਭਾਸ਼ਨ ਸੁਣ ਕੇ ਅਨੰਦ ਆਉਣ ਲੱਗ ਪਿਆ। ਇਕ ਵਾਰ ਉਨ੍ਹਾਂ ਸਟੇਜ ਤੋਂ ਕਿਹਾ, "ਜੇ ਦੁਨੀਆਂ 'ਤੇ ਆਏ ਹੋ ਤਾਂ ਕੁਝ ਕਰ ਕੇ ਜਾਓ, ਨਹੀਂ ਤਾਂ ਐਵੇਂ ਅੰਨ ਗੰਦਾ ਕਰਨ ਦਾ ਕੋਈ ਫਾਇਦਾ ਨਹੀਂ।" ਇਹ ਗੱਲ ਮੈਂ ਆਪਣੇ ਪੰਜਵੀਂ ਜਮਾਤ ਵਿਚ ਪੜ੍ਹਦੇ ਲੜਕੇ ਆਤਮਜੀਤ ਸਿੰਘ ਨੂੰ ਦੱਸੀ। ਉਹ ਪ੍ਰਭਾਵਿਤ ਹੋ ਕੇ ਮਿਹਨਤ ਕਰਨ ਲੱਗ ਪਿਆ। ਦਸਵੀਂ ਤਕ ਪਹਿਲੇ ਨੰਬਰ 'ਤੇ ਆਉਂਦਾ ਰਿਹਾ। ਅੱਜ ਕੱਲ੍ਹ ਉਹ ਅਮਰੀਕਾ ਵਿਚ ਇਕ ਜਪਾਨੀ ਕੰਪਨੀ ਵਿਚ ਕੰਪਿਊਟਰ ਇੰਜੀਨੀਅਰ ਹੈ। ਇਕ ਵਾਰ ਮੈਂ ਬਾਬਾ ਬੁੱਢਾ ਜੀ ਦੇ ਮੇਲੇ 'ਤੇ ਉਨ੍ਹਾਂ ਤੋਂ ਦੋ ਕਿਤਾਬਾਂ ਖਰੀਦੀਆਂ 'ਸਿੱਖ ਰਾਜ ਕਿਵੇਂ ਬਣਿਆ' ਤੇ 'ਸਿੱਖ ਰਾਜ ਕਿਵੇਂ ਗਿਆ'। ਮੈਂ ਦੋਹਾਂ ਕਿਤਾਬਾਂ ਦੇ ਪੈਸੇ ਦਿੱਤੇ ਅਤੇ ਕਿਹਾ, ਆਪਣੇ ਆਟੋਗਰਾਫ ਦਿਓ। ਉਨ੍ਹਾਂ ਦੋਹਾਂ ਕਿਤਾਬਾਂ 'ਤੇ ਲਿਖ ਦਿੱਤਾ, 'ਪਿਆਰ ਸਤਿਕਾਰ ਸਹਿਤ ਮਾਸਟਰ ਜਸਵੰਤ ਸਿੰਘ ਜੀ ਨੂੰ।' ਨਾਲ ਹੀ ਕਿਹਾ, "ਮਾਸਟਰ ਜੀ, ਪੈਸੇ ਤਾਂ ਮੈਂ ਤੁਹਾਡੇ ਕੋਲੋਂ ਲੈ ਲਏ ਹਨ, ਪਿਆਰ ਕਾਹਦਾ ਰਹਿ ਗਿਆ।"

ਇਕ ਵਾਰ ਮੈਂ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕਰਦਿਆਂ ਕਿਹਾ, "ਪਿਤਾ ਜੀ, ਤੁਹਾਡੀ ਲੰਮੀ ਉਮਰ ਹੋਵੇ ਤਾਂ ਕਿ ਅਸੀਂ ਵਾਰਾਂ ਸੁਣਦੇ ਰਹੀਏ ਤੇ ਤੁਹਾਡੇ ਜੀਵਨ ਤੋਂ ਹੋਰ ਪ੍ਰੇਰਨਾ ਲੈ ਸਕੀਏ।" ਉਨ੍ਹਾਂ ਨੇ ਕਿਹਾ, "ਜਾਣ ਦੀ ਮੈਨੂੰ ਕਾਹਲੀ ਨਹੀਂ ਤੇ ਜੇ ਆ ਜਾਵੇ ਤਾਂ ਮੈਂ ਇਨਕਾਰ ਨਹੀਂ ਕਰ ਸਕਣਾ।"

ਮੇਰੇ ਪਿਤਾ ਜੀ ਨੇ ਮਨ ਵਿਚ ਧਾਰਿਆ ਕਿ ਮੇਰੇ ਘਰ ਜੇ ਵਾਹਿਗੁਰੂ ਨੇ ਪੋਤਰੇ ਦੀ ਦਾਤ ਬਖ਼ਸ਼ੀ ਤਾਂ ਮੈਂ ਅਖੰਡ ਪਾਠ ਦੇ ਭੋਗ 'ਤੇ ਪਿਆਰਾ ਸਿੰਘ 'ਪੰਛੀ' ਦੇ ਢਾਡੀ ਜਥੇ ਨੂੰ ਸੱਦਾਂਗਾ। ਪਿਤਾ ਜੀ ਦੇ ਜਿਉਂਦਿਆਂ ਹੀ ਪਿਆਰਾ ਸਿੰਘ ਪੰਛੀ ਚਲਾਣਾ ਕਰ ਗਏ ਅਤੇ ਮੇਰੇ ਪਿਤਾ ਜੀ 1969 ਵਿਚ ਪੂਰੇ ਹੋ ਗਏ। ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਉਨ੍ਹਾਂ ਘਰ ਪੋਤਰੇ ਹੋਏ। ਪਿਤਾ ਜੀ ਦੀ ਉਹ ਰੀਝ ਪੂਰੀ ਕਰਨ ਵਾਸਤੇ ਅਸੀਂ 1998 ਵਿਚ ਅਖੰਡ ਪਾਠ ਕਰਾਉਣ ਦਾ ਮਨ ਬਣਾਇਆ। ਅਖੰਡ ਪਾਠ ਦੇ ਭੋਗ 'ਤੇ ਉਨ੍ਹਾਂ ਨੂੰ ਦਰਸ਼ਨ ਦੇਣ ਲਈ ਕਹਿਣ ਵਾਸਤੇ ਮੈਂ ਸੀਤਲ ਭਵਨ, ਮਾਡਲ ਗਰਾਮ, ਲੁਧਿਆਣੇ ਗਿਆ। ਵਾਪਸ ਤੁਰਨ ਲੱਗਾ ਤਾਂ ਬਾਹਰਲੇ ਗੇਟ ਤੱਕ ਛੱਡਣ ਆਏ। ਇਸ ਈਮਾਨਦਾਰ, ਸੱਚੇ-ਸੁੱਚੇ ਅਤੇ ਕਰਨੀ ਦੇ ਸੂਰੇ, ਮਹਾਨ ਵਿਦਵਾਨ ਅਤੇ ਵਧੀਆ ਇਨਸਾਨ ਦੀ ਨਿਰਮਾਣਤਾ 'ਤੇ ਮੈਂ ਹੈਰਾਨ ਰਹਿ ਗਿਆ। ਉਹ ਭੋਗ 'ਤੇ ਸਾਡੇ ਪਿੰਡ 15 ਮਾਰਚ, 1998 ਨੂੰ ਆਏ। ਉਨ੍ਹਾਂ ਦੇ ਬੋਲਣ ਤੋਂ ਪਹਿਲਾਂ ਉਨ੍ਹਾਂ ਸਬੰਧੀ ਪ੍ਰਸ਼ੰਸਾ ਦੇ ਕੁਝ ਸ਼ਬਦ ਵਰਿਆਮ ਸਿੰਘ ਸੰਧੂ ਨੇ ਕਹੇ। ਸੀਤਲ ਕਹਿਣ ਲੱਗੇ, "ਮੇਰੇ ਦੋਸਤੋ, ਮੈਨੂੰ ਥੋੜ੍ਹਾ ਸਲਾਹੋ; ਮੈਂ ਅਣਜਾਣ ਰਾਹੀ ਮੈਨੂੰ ਕੁਰਾਹੇ ਨਾ ਪਾਓ। ਵਿਤੋਂ ਵਧ ਸੋਭਾ ਨੇ ਜਿਨ੍ਹਾਂ ਨੂੰ ਭੂਏ ਚੜ੍ਹਾਇਆ, ਉਹ ਫਿਰ ਟਿਕਾਣੇ ਨਹੀਂ ਆਏ। ਸਲਾਹੋ ਜ਼ਰੂਰ ਪਰ ਵਿਤੋਂ ਵੱਧ ਨਹੀਂ। ਹਰ ਆਦਮੀ ਪ੍ਰਸ਼ੰਸਾ ਚਾਹੁੰਦਾ ਹੈ।"

ਕਿਸੇ ਦੀਵਾਨ 'ਤੇ ਬਹੁਤ ਸਾਰੇ ਢਾਡੀ ਇਕੱਠੇ ਹੋਏ। ਸੀਤਲ ਵੀ ਸਨ। ਅੰਮ੍ਰਿਤਸਰ ਜ਼ਿਲ੍ਹੇ ਦਾ ਢਾਡੀ ਸੀ ਹਜ਼ਾਰਾ ਸਿੰਘ 'ਤੂਫਾਨ ਮੇਲ'। ਉਸ ਦੀ ਸਕੂਲੀ ਵਿਦਿਆ ਕੋਈ ਨਹੀਂ ਸੀ। ਦੋ-ਚਾਰ ਪ੍ਰਸੰਗ ਸਿੱਖ ਇਤਿਹਾਸ ਦੇ ਉਸ ਨੂੰ ਯਾਦ ਸਨ। ਉਹ ਲੋਕਾਂ ਨੂੰ ਹਸਾਉਣੀਆਂ ਗੱਲਾਂ ਸੁਣਾ ਕੇ ਵਾਹਵਾ ਪੈਸੇ ਬਣਾ ਲੈਂਦਾ ਸੀ। ਉਸ ਦੀਵਾਨ ਵਿਚ 'ਤੂਫਾਨ ਮੇਲ' ਨੂੰ ਪੈਸੇ ਜ਼ਿਆਦਾ ਹੋਏ ਅਤੇ ਸੀਤਲ ਨੂੰ ਘੱਟ। ਪਿੱਛੋਂ 'ਤੂਫਾਨ ਮੇਲ' ਨੇ ਸੀਤਲ ਨੂੰ ਹਾਸੇ ਨਾਲ ਕਿਹਾ, ਤੁਸੀਂ ਵੱਡੇ ਢਾਡੀ ਬਣੇ ਫਿਰਦੇ ਜੇ, ਮੈਨੂੰ 65 ਰੁਪਏ ਹੋਏ ਨੇ ਤੇ ਤੁਹਾਨੂੰ 13 ਰੁਪਏ। ਸੀਤਲ ਦਾ ਜਵਾਬ ਸੀ, ਦੀਵਾਨ ਵਿਚ 65 ਮੂਰਖ ਅਤੇ 13 ਸਿਆਣੇ ਬੈਠੇ ਸਨ। ਸੀਤਲ ਦਾ ਭਾਵ ਦੀਵਾਨ ਵਿਚ ਹਾਜ਼ਰ ਸਰੋਤਿਆਂ ਨੂੰ ਛੁਟਿਆਉਣਾ ਨਹੀਂ, ਸਗੋਂ ਅਹੰਕਾਰ ਭਾਵ 'ਚ ਗੁਜ਼ਰ ਰਹੇ

(ਬਾਕੀ ਸਫਾ 36 'ਤੇ)

# ਕਾਲੇ ਗੁਲਾਮਾਂ ਲਈ ਆਜ਼ਾਦੀ ਦਾ ਤਰਾਨਾ ਬਣਿਆ ਗੀਤ: ਅਜੀਬ ਫਲ

***ਅਮਰੀਕਾ ਦੇ ਦੱਖਣੀ ਹਿੱਸੇ ਵਿਚ 17ਵੀਂ ਸਦੀ ਤੋਂ ਲੈ ਕੇ ਢਾਈ ਸਦੀਆਂ ਤਕ ਗੋਰੇ ਲੋਕਾਂ ਨੇ ਕਾਲੇ ਅਫ਼ਰੀਕਨਾਂ ਨੂੰ ਗੁਲਾਮ ਬਣਾ ਕੇ ਉਨ੍ਹਾਂ 'ਤੇ ਅਜਿਹੇ ਜ਼ੁਲਮ ਕੀਤੇ ਕਿ ਮਨੁੱਖਤਾ ਸ਼ਰਮਸਾਰ ਹੋ ਕੇ ਰਹਿ ਗਈ। ਮਨੁੱਖਤਾ ਦੇ ਭਲੇ ਲਈ ਸਹੀ ਸੋਚ ਵਾਲੇ ਲੋਕ, ਪਹਿਲਾਂ ਉਨ੍ਹਾਂ ਜ਼ੁਲਮਾਂ ਵਿਰੁਧ ਸੋਚਣ ਲਈ ਮਜਬੂਰ ਹੋਏ ਤੇ ਫੇਰ ਉਨ੍ਹਾਂ ਜ਼ੁਲਮਾਂ ਨੂੰ ਰੋਕਣ ਲਈ ਇਕੱਠੇ ਹੋਣੇ ਸ਼ੁਰੂ ਹੋ ਗਏ। ਪੰਜਾਬ ਟਾਈਮਜ਼ ਦੇ ਪਿਛਲੇ ਇਕ ਅੰਕ ਵਿਚ ਪਾਠਕ ਗੁਰਚਰਨ ਸਿੰਘ ਜੈਤੋ ਦਾ ਹੈਰੀਅਟ ਬੀਚਰ ਸਟੋਵੇ ਬਾਰੇ ਲੇਖ ਪੜ੍ਹ ਚੁਕੇ ਹਨ ਜੋ ਆਪਣੀ ਧੀ ਦੇ ਗਮ ਵਿਚ ਕਵਿਤਰੀ ਬਣ ਗਈ ਸੀ। ਇਕ ਤਸਵੀਰ ਨੇ ਕਿਵੇਂ ਇਕ ਅਧਿਆਪਕ ਨੂੰ ਕਵੀ ਬਣਾਇਆ ਤੇ ਕਿਵੇਂ ਉਸ ਦਾ ਲਿਖਿਆ ਗੀਤ ਕਾਲੇ ਲੋਕਾਂ ਲਈ ਆਪਣੇ ਗਲੋਂ ਗੁਲਾਮੀ ਦੀ ਜੰਜ਼ੀਰ ਲਾਹੁਣ ਦਾ ਤਰਾਨਾ ਬਣਿਆ- ਇਹ ਕੁਝ ਸ੍ਰੀ ਜੈਤੋ ਨੇ ਹਥਲੇ ਲੇਖ ਵਿਚ ਬਿਆਨਿਆ ਹੈ। -ਸੰਪਾਦਕ***



ਗੁਰਚਰਨ ਸਿੰਘ ਜੈਤੋ, ਸ਼ਿਕਾਗੋ
ਫੋਨ:630-800-9068

ਦੁਨੀਆਂ ਵਿਚ ਕਿਤੇ ਵੀ ਬੇਕਸੂਰ ਲੋਕਾਂ ਦਾ ਡੁਲ੍ਹਿਆ ਲਹੂ ਇਨਕਲਾਬ ਦੇ ਬੀਜਾਂ ਨੂੰ ਸਿੰਜਦਾ ਰਹਿੰਦਾ ਹੈ। ਦਖਣੀ ਅਮਰੀਕਾ ਵਿਚ ਗੋਰਿਆਂ ਨੇ 18ਵੀਂ ਸਦੀ ਤੋਂ ਲੈ ਕੇ ਢਾਈ ਸਦੀਆਂ ਤਕ ਕਾਲੇ ਅਫ਼ਰੀਕਨ ਗੁਲਾਮਾਂ ਤੇ ਦਿਲ ਕੰਬਾਊ ਜ਼ੁਲਮ ਕੀਤੇ ਅਤੇ ਅਜਿਹੇ ਕਾਨੂੰਨ ਬਣਾਏ ਜਿਨ੍ਹਾਂ ਨਾਲ ਗੁਲਾਮਾਂ ਦੇ ਸਾਰੇ ਮਨੁੱਖੀ ਅਧਿਕਾਰ ਖੋਹ ਲਏ ਗਏ। ਕੋਈ ਮਾਲਕ ਜੇ ਆਪਣੇ ਗੁਲਾਮ ਨੂੰ ਬਿਨਾ ਕਿਸੇ ਕਸੂਰ ਤੋਂ ਜਾਨੋਂ ਵੀ ਮਾਰ ਦਿੰਦਾ ਤਾਂ ਉਸ ਦੀ ਕੋਈ ਸੁਣਵਾਈ ਜਾਂ ਸਜ਼ਾ ਨਹੀਂ ਸੀ ਹੁੰਦੀ। ਗੁਲਾਮਾਂ ਨੂੰ ਅਮਰੀਕਾ ਦੇ ਨਾਗਰਿਕ ਹੀ ਨਹੀਂ ਸੀ ਸਮਝਿਆ ਜਾਂਦਾ ਤੇ ਉਨ੍ਹਾਂ ਨੂੰ ਇਨਸਾਫ਼ ਲਈ ਅਦਾਲਤਾਂ ਦੇ ਬੂਹੇ ਖੜਕਾਉਣ ਦਾ ਵੀ ਕੋਈ ਹੱਕ ਨਹੀਂ ਸੀ। ਗੋਰੇ ਲੋਕ ਸ਼ੱਰ੍ਹੇਆਮ ਗੁਲਾਮਾਂ ਨੂੰ ਮਾਰ ਕੇ ਰੁੱਖਾਂ ਤੇ ਟੰਗ ਦਿਆ ਕਰਦੇ ਸਨ ਤੇ ਫ਼ਖ਼ਰ ਨਾਲ ਉਨ੍ਹਾਂ ਦੀਆਂ ਲਾਸ਼ਾਂ ਸਾਹਮਣੇ ਖੜ੍ਹੇ ਹੋ ਕੇ ਫ਼ੋਟੋਆਂ ਖਿਚਵਾਇਆ ਕਰਦੇ ਸਨ। ਅਜਿਹੀ ਇਕ ਫ਼ੋਟੋ ਦੇਖ ਕੇ ਇਕ ਅਧਿਆਪਕ ਦਾ ਦਿਲ ਵਲੂੰਧਰਿਆ ਗਿਆ। ਉਹਦੇ ਜ਼ਖ਼ਮੀ ਹੋਏ ਦਿਲ ਵਿਚੋਂ ਜਦੋਂ ਹੂਕ ਨਿਕਲੀ ਤਾਂ ਉਸ ਨੇ ਇਹ ਗੀਤ ਲਿਖਿਆ:

ਕਿਉਂ ਦੱਖਣ ਵਿਚ ਰੁੱਖਾਂ 'ਤੇ
ਅਜੀਬ ਜਿਹੇ ਫ਼ਲ ਲਗਦੇ ਨੇ?
ਲਹੂ ਹੀ ਲਹੂ ਜੜ੍ਹਾਂ ਵਿਚ,
ਹਾਏ ਪੱਤੇ ਵੀ ਲਹੂ ਲੁਹਾਣ ਨੇ!
ਕਾਲ਼ੀਆਂ ਲਾਸ਼ਾਂ ਨੂੰ ਝੂਲੇ ਦਿੰਦੀਆਂ,
ਦਖਣੀ ਤੇਜ਼ ਹਵਾਵਾਂ!
ਕਿਉਂ ਇਹ ਅਜੀਬ ਫ਼ਲ,
ਚਿਨਾਰ ਦੇ ਰੁੱਖਾਂ 'ਤੇ ਲਟਕਦੇ ਨੇ?
ਬਾਹਰ ਨਿਕਲੀਆਂ ਅੱਖਾਂ,
ਮੂੰਹ ਵਿੰਗ ਤੜਿੰਗੇ ਲਾਸ਼ਾਂ ਦੇ!
ਚੰਬਿਆਂ ਦੀ ਮਿੱਠੀ ਤੇ
ਸੁਗੰਧੀਆਂ ਭਰੀ ਖ਼ੁਸ਼ਬੋ ਵਿਚੋਂ,
ਕਿਉਂ ਆਈ ਅਚਾਨਕ
ਸੜੀ ਹੋਈ ਚਮੜੀ ਦੀ ਬੋਅ?
ਹਾਏ! ਇਹ ਤਾਂ ਫ਼ਲ ਨੇ ਉਹ,
ਇਹ ਤਾਂ ਫ਼ਲ ਨੇ ਉਹ,
ਕਾਂ ਜਿਨ੍ਹਾਂ ਨੂੰ ਖਾ ਜਾਣਗੇ!
ਮੀਂਹ ਧੋ ਸੁਟੇਗਾ ਇਨ੍ਹਾਂ ਨੂੰ,
ਬੁੱਲੇ ਹਵਾ ਦੇ ਚੱਟ ਜਾਣਗੇ!
ਸੂਰਜ ਗਾਲ਼ ਸੁਟੇਗਾ ਇਨ੍ਹਾਂ ਨੂੰ,
ਇਹ ਰੁੱਖਾਂ ਤੋਂ ਝੜ ਜਾਣਗੇ!
ਕੇਹੀ ਅਜੀਬ ਤੇ ਜ਼ਹਿਰੀਲੀ
ਫ਼ਸਲ ਹੈ ਇਹ...!
ਕਿਉਂ ਦੱਖਣ ਵਿਚ ਰੁੱਖਾਂ 'ਤੇ
ਅਜੀਬ ਜਿਹੇ ਫ਼ਲ ਲਗਦੇ ਨੇ?
ਕਿਉਂ ਦੱਖਣ ਵਿਚ ਰੁੱਖਾਂ 'ਤੇ...।

ਏਬਿਲ ਮੀਰੋਪੋਲ ਨਾਂ ਦੇ ਯਹੂਦੀ ਸਕੂਲ ਟੀਚਰ ਨੇ ਜਦੋਂ ਇਹ ਫ਼ੋਟੋ ਦੇਖੀ ਤਾਂ ਉਹ ਤੜਪ ਉਠਿਆ ਤੇ ਉਹਦਾ ਅੰਦਰ ਧੁਰ ਤਾਈਂ ਕੰਬ ਕੇ ਜ਼ਖ਼ਮੀ ਹੋ ਗਿਆ। ਅਜੀਬ ਫ਼ਲ (ਸਟਰਅਨਗਏ ਾਰੁਟਿ) ਨਾਂ ਦਾ ਇਹ ਗੀਤ ਉਹਦੇ ਅੰਦਰਲੇ ਜ਼ਖ਼ਮਾਂ 'ਚੋਂ ਉਠੀਆਂ ਪੀੜਾਂ ਵਿਚੋਂ ਫੁੱਟਿਆ ਸੀ।

ਇਸ ਫੋਟੋ ਵਿਚ ਥੌਮਸ ਸ਼ਿੱਪ ਅਤੇ ਅਬਰਾਮ ਸਮਿੱਥ ਨਾਂ ਦੇ ਦੋ ਕਾਲ਼ੇ ਅਮਰੀਕਨਾਂ ਨੂੰ ਜ਼ਾਲਮਾਂ ਦੀ ਭੀੜ ਨੇ 7 ਅਗਸਤ 1930 ਨੂੰ ਗੈਰ ਕਨੂੰਨੀ ਤੌਰ 'ਤੇ ਤਸੀਹੇ ਦੇ ਕੇ ਮਾਰਿਆ ਤੇ ਇਕ ਰੁੱਖ ਤੇ ਟੰਗ ਦਿੱਤਾ। ਇੰਡੀਆਨਾ ਸੂਬੇ ਦੇ ਕਸਬੇ ਮੇਰੀਓਨ ਵਿਚ ਘਿਨਾਉਣੇ ਤਰੀਕਿਆਂ ਨਾਲ ਕੀਤੇ ਇਨ੍ਹਾਂ ਕਤਲਾਂ ਦੀ ਫ਼ੋਟੋ ਲਾਰੈਂਸ ਬੀਟਲਰ ਨਾਂ ਦੇ ਫ਼ੋਟੋਗ੍ਰਾਫ਼ਰ ਨੇ ਖਿੱਚੀ ਸੀ। ਹਜ਼ਾਰਾਂ ਦੀ ਗਿਣਤੀ ਵਿਚ ਕਾਲੇ ਅਮਰੀਕਨ ਗੁਲਾਮ ਗੋਰਿਆਂ ਦੇ ਨਸਲਵਾਦ ਦੀ ਨੀਤੀ ਦਾ ਸ਼ਿਕਾਰ ਹੋ ਕੇ ਤਸੀਹਿਆਂ ਭਰੀ ਮੌਤ ਦੇ ਮੂੰਹ ਪੈਂਦੇ ਰਹੇ। ਅਮਰੀਕਨ ਇਤਿਹਾਸ ਦੇ ਕਈ ਪੰਨੇ ਅਜਿਹੀਆਂ ਘਿਨਾਉਣੀਆਂ ਘਟਨਾਵਾਂ ਨਾਲ ਭਰੇ ਪਏ ਨੇ।

ਏਬਿਲ ਮੀਰੋਪੋਲ ਦੇ ਦੋ ਬੱਚੇ ਹੋਏ। ਦੋਵੇਂ ਮੁੰਡੇ ਬਚਪਨ ਵਿਚ ਹੀ ਗੁਜ਼ਰ ਗਏ। ਉਨ੍ਹਾਂ ਦੇ ਨਾਂ ਲੁਇਸ ਤੇ ਆਲਾਨ ਸਨ। ਮੀਰੋਪੋਲ ਨੇ 'ਅਜੀਬ ਫ਼ਲ' ਨਾਂ ਦਾ ਇਹ ਗੀਤ ਆਪਣੇ ਦੋਹਾਂ ਬੱਚਿਆਂ ਵੱਲੋਂ ਲਿਖਿਆ ਸੀ ਜਾਂ ਕਹਿ ਲਓ ਕਿ ਉਨ੍ਹਾਂ ਦੀ ਯਾਦ ਵਿਚ ਲਿਖਿਆ ਸੀ। ਇਸ ਗੀਤ ਦੇ ਰਚਨਹਾਰ ਵਜੋਂ ਉਹਨੇ ਆਪਣਾ ਨਾਂ ਸ਼ਾਇਦ ਇਸ ਲਈ ਨਹੀਂ ਸੀ ਲਿਖਿਆ ਕਿ ਇਹ ਫ਼ੋਟੋ ਉਸ ਨੂੰ ਉਸ ਦੇ ਬੱਚਿਆਂ ਦੀ ਯਾਦ ਦੁਆਉਂਦੀ ਸੀ। ਮੀਰੋਪੋਲ (ਲੁਇਸ-ਆਲਾਨ) ਨੇ ਜਦੋਂ ਇਹ ਗੀਤ ਕੁਝ ਸੰਗੀਤਕਾਰਾਂ ਨੂੰ ਦਿਖਾਉਂਦਿਆਂ ਸੰਗੀਤਬੱਧ ਕਰਨ ਲਈ ਬੇਨਤੀਆਂ ਕੀਤੀਆਂ ਤਾਂ ਉਹ ਗੀਤ ਪੜ੍ਹ-ਸੁਣ ਕੇ ਪਿੱਛੇ ਹਟ ਗਏ। ਅਖੀਰ ਮੀਰੋਪੋਲ ਨੂੰ ਇਹ ਆਪਣੇ ਆਪ ਹੀ ਸੰਗੀਤਬੱਧ ਕਰਨਾ ਪਿਆ। ਉਨ੍ਹੀਂ ਦਿਨੀਂ ਇਹ ਗੀਤ ਚਰਚਾ ਦਾ ਵਿਸ਼ਾ ਬਣ ਕੇ ਨਿਊ ਯਾਰਕ ਤੇ ਆਸੇ-ਪਾਸੇ ਦੇ ਇਲਾਕਿਆਂ ਵਿਚ ਇਕ ਵਿਰੋਧ ਗੀਤ ਵਜੋਂ ਜਾਣਿਆ ਜਾਣ ਲੱਗ ਪਿਆ। ਸਭ ਤੋਂ ਪਹਿਲਾਂ ਇਹ ਗੀਤ ਮੀਰੋਪੋਲ ਦੀ ਪਤਨੀ ਨੇ ਡੰਕਨ ਨਾਂ ਦੀ ਗਾਇਕਾ ਨਾਲ ਮਿਲ ਕੇ ਨਿਊ ਯਾਰਕ ਵਿਚ ਮੈਡੀਸਨ ਸੁਕੇਅਰ ਗਾਰਡਨ ਨਾਂ ਦੀ ਰੰਗ ਭੂਮੀ ਵਿਚ ਗਾਇਆ। ਨਾਈਟ ਕਲੱਬ ਦੇ ਮਾਲਕ ਬਾਰਲੀ ਨੇ ਜਦੋਂ ਇਹ ਗੀਤ ਸੁਣਿਆ ਤਾਂ ਉਸ ਨੂੰ ਅਹਿਸਾਸ ਹੋ ਗਿਆ ਕਿ ਇਕ ਦਿਨ ਇਹ ਗੀਤ ਮਸ਼ਹੂਰ ਹੋ ਜਾਵੇਗਾ। ਉਸ ਨੇ ਇਹ ਗੀਤ ਸੁਰੀਲੀ ਆਵਾਜ਼ ਵਾਲੀ ਕਾਲੀ ਅਮਰੀਕਨ ਗਾਇਕਾ ਬਿਲੀ ਹੋਲੀਡੇਅ ਨੂੰ ਗਾਉਣ ਲਈ ਮਨਾ ਲਿਆ। 1939 ਵਿਚ ਬਿਲੀ ਹੋਲੀਡੇਅ ਨੇ ਇਹ ਗੀਤ ਕੈਫ਼ੇ ਸੁਸਾਇਟੀ ਨਾਂ ਦੀ ਸੰਸਥਾ ਦੀ ਇਕ ਸਭਾ ਵਿਚ ਪਹਿਲੀ ਵਾਰ ਗਾਇਆ। ਉਸ ਨੇ ਉਸੇ ਵੇਲੇ ਆਪਣਾ ਇਹ ਡਰ ਸਾਫ਼ ਜ਼ਾਹਰ ਵੀ ਕਰ ਦਿੱਤਾ ਸੀ ਕਿ ਉਸ ਦਾ ਇਹ ਗੀਤ ਗਾਉਣਾ ਕੋਈ ਬਖੇੜਾ ਨਾ ਖੜ੍ਹਾ ਕਰ ਦੇਵੇ!

ਹੋਲੀਡੇਅ ਨੇ ਮਗਰੋਂ ਭਾਵੁਕ ਹੋ ਕੇ ਇਹ ਵੀ ਕਿਹਾ ਕਿ ਇਸ ਗੀਤ ਦੇ ਬੋਲਾਂ ਨਾਲ ਬਣੀ ਤਸਵੀਰ ਵਿਚ ਉਸ ਨੂੰ ਆਪਣਾ ਪਿਤਾ ਨਜ਼ਰ ਆਉਂਦਾ ਹੈ। ਉਸ ਪਿਛੋਂ ਉਹ ਇਹ ਗੀਤ ਅਕਸਰ ਗਾਉਣ ਲੱਗ ਪਈ।



*ਬਿਲੀ ਹੋਲੀਡੇਅ*

ਉਨ੍ਹੀਂ ਦਿਨੀਂ ਕੋਲੰਬੀਆ ਨਾਂ ਦੀ ਕੰਪਨੀ ਹੋਲੀਡੇਅ ਤੋਂ ਲਿਖਤੀ ਇਕਰਾਰ ਹੇਠ ਗੀਤ ਰਿਕਾਰਡ ਕਰਵਾਇਆ ਕਰਦੀ ਸੀ। ਹੋਲੀਡੇਅ ਨੇ ਜਦੋਂ ਕੋਲੰਬੀਆ ਦੇ ਮਾਲਕਾਂ ਨੂੰ ਇਹ ਗੀਤ ਰਿਕਾਰਡ ਕਰਨ ਲਈ ਕਿਹਾ ਤਾਂ ਉਹ ਡਰ ਕੇ ਪਿੱਛੇ ਹਟ ਗਏ। ਉਨ੍ਹਾਂ ਨੂੰ ਡਰ ਇਹ ਸੀ ਕਿ ਕੰਪਨੀ ਦੇ ਦੂਜੇ ਹਿੱਸੇਦਾਰ, ਜੋ ਰੇਡੀਓ ਪ੍ਰੋਗਰਾਮਾਂ ਰਾਹੀਂ ਵੀ ਉਨ੍ਹਾਂ ਨਾਲ ਜੁੜੇ ਹੋਏ ਸਨ, ਉਨ੍ਹਾਂ ਵੱਲੋਂ ਵੀ ਇਸ ਗੀਤ ਨੂੰ ਰਿਕਾਰਡ ਕਰਨ ਲਈ ਪੱਕੀ ਨਾਂਹ ਹੋ ਹੀ ਜਾਵੇਗੀ। ਦੂਜੇ ਪਾਸੇ ਦੱਖਣੀ ਅਮਰੀਕਾ ਵਿਚ ਰਿਕਾਰਡ ਵੇਚਣ ਵਾਲੀਆਂ ਕੰਪਨੀਆਂ ਵੱਲੋਂ ਵੀ ਕਈ ਇਤਰਾਜ਼ ਹੋਣਗੇ ਕਿਉਂਕਿ ਇਹ ਗੀਤ ਗੋਰਿਆਂ ਵੱਲੋਂ ਉਥੇ ਕੀਤੇ ਜਾਂਦੇ ਜ਼ੁਲਮਾਂ ਦੀ ਤਸਵੀਰ ਪੇਸ਼ ਕਰਦਾ ਸੀ। ਗੋਰੇ ਲੋਕ ਤਾਕਤਵਰ ਸਨ, ਸਰਕਾਰ ਵੀ ਉਨ੍ਹਾਂ ਦੀ ਸੀ ਅਤੇ ਕਾਨੂੰਨ ਵੀ ਉਨ੍ਹਾਂ ਦੇ ਹੱਕ ਵਿਚ ਭੁਗਤਦੇ ਸਨ। ਹੋਲੀਡੇਅ ਦੇ ਜ਼ੋਰ ਦੇਣ ਤੇ ਉਨ੍ਹਾਂ ਨੇ ਉਸ ਨੂੰ ਕੋਮੋਡੋਰ ਨਾਂ ਦੀ ਕੰਪਨੀ ਤੋਂ ਇਹ ਗੀਤ ਰਿਕਾਰਡ ਕਰਵਾਉਣ ਦਾ ਸੁਝਾਅ ਦਿੱਤਾ। ਹੋਲੀਡੇਅ ਨੇ ਇਹ ਗੀਤ ਪਹਿਲਾਂ 1939 ਤੇ ਫੇਰ 1944 ਵਿਚ ਕੋਮੋਡੋਰ ਕੰਪਨੀ ਤੋਂ ਰਿਕਾਰਡ ਕਰਵਾਇਆ।

'ਅਜੀਬ ਫ਼ਲ' ਗੀਤ ਬਹੁਤ ਮਸ਼ਹੂਰ ਹੋ ਗਿਆ। ਕੁਝ ਹੀ ਸਾਲਾਂ ਵਿਚ ਇਹ ਹੋਲੀਡੇਅ ਦਾ ਸਭ ਤੋਂ ਵੱਧ ਵਿਕਣ ਵਾਲਾ ਗੀਤ ਬਣ ਗਿਆ।



*ਏਬਿਲ ਮੀਰੋਪੋਲ*

ਜਿੱਥੇ ਵੀ ਉਹ ਗਾਉਣ ਜਾਂਦੀ ਇਹ ਗੀਤ ਜ਼ਰੂਰ ਗਾਉਂਦੀ, ਕਿਉਂਕਿ ਇਹ ਉਹਦੇ ਪ੍ਰੋਗਰਾਮ ਦਾ ਖਾਸ ਹਿੱਸਾ ਬਣ ਚੁੱਕਾ ਸੀ। ਸਰੋਤੇ ਵੀ ਇਸ ਗੀਤ ਦੀ ਫ਼ਰਮਾਇਸ਼ ਕਰਦੇ। ਉਸ ਦੇ ਨਾਲ ਗਾਉਣ ਵਾਲੇ ਬੌਬੀ ਟਕਰ ਅਨੁਸਾਰ ਪ੍ਰੋਗਰਾਮ ਦੇ ਅਖੀਰ ਤੇ ਹੋਲੀਡੇਅ ਇਹ ਗੀਤ ਗਾਉਣ ਪਿੱਛੋਂ ਹਰ ਵਾਰ ਭਾਵੁਕ ਹੋ ਜਾਂਦੀ ਤੇ ਫੁੱਟ ਫੁੱਟ ਕੇ ਰੋਂਦੀ। ਇਹ ਗੀਤ ਏਨਾ ਮਸ਼ਹੂਰ ਹੋਇਆ ਕਿ ਇਸ ਨਾਲ ਜੁੜੇ ਲੋਕਾਂ ਵਿਚ ਆਪਸੀ ਗਲਤਫ਼ਹਿਮੀਆਂ ਪੈਦਾ ਹੋਣ ਲੱਗ ਪਈਆਂ। ਕਿਸੇ ਨੇ ਇਸ ਦਾ ਜ਼ਿਕਰ ਕਰਦਿਆਂ ਹੋਲੀਡੇਅ ਤੇ ਵੀ ਸ਼ੱਕ ਕੀਤਾ, ਪਰ ਅਸਲੀਅਤ ਕੁਝ ਹੋਰ ਸੀ।

ਇਸ ਗੀਤ ਵਿਚ ਕਾਲ਼ੇ ਅਮਰੀਕਨਾਂ ਦੀਆਂ ਰੁੱਖ ਤੇ ਲਟਕਦੀਆਂ ਲਾਸ਼ਾਂ ਨੂੰ ਅਜੀਬ ਫਲ ਕਿਹਾ ਗਿਆ ਹੈ। ਦਖਣੀ ਅਮਰੀਕਾ ਦੇ ਧਾਰਮਕ ਸਥਾਨਾਂ ਅੰਦਰ ਸ਼ਾਂਤ ਮਾਹੌਲ ਨੂੰ ਨਸਲਵਾਦ ਦੇ ਕੁਹਜ ਨਾਲ ਤੁਲਨਾ ਕਰਦਿਆਂ ਭਾਵੁਕਤਾ ਭਰੇ ਸ਼ਬਦ ਵਰਤੇ ਗਏ ਹਨ। ਇਸ ਗੀਤ ਨੇ ਗੋਰਿਆਂ ਵੱਲੋਂ ਕਾਲਿਆਂ ਦੇ ਗੈਰ ਕਾਨੂੰਨੀ ਢੰਗ ਨਾਲ ਕੀਤੇ ਕਤਲਾਂ ਨੂੰ ਬੜੇ ਸੂਖਮ ਤੇ ਭਾਵਾਂ ਭਰੇ ਸ਼ਬਦਾਂ ਵਿਚ ਇਉਂ ਬਿਆਨ ਕੀਤਾ ਸੀ ਕਿ ਹਰ ਮਨੁੱਖ ਇਹ ਗੀਤ ਸੁਣ ਕੇ ਸੁੰਨ ਹੋ ਜਾਂਦਾ। ਖ਼ੂਬਸੂਰਤ ਖ਼ੁਸ਼ਬੋਆਂ ਭਰੀ ਧਰਤੀ 'ਤੇ ਹੋ ਰਹੇ ਜ਼ੁਲਮਾਂ ਨੂੰ ਚੰਬੇ ਦੀਆਂ ਖ਼ੁਸ਼ਬੋਆਂ, ਤੇ ਮਨੁੱਖੀ ਚਮੜੀ ਦੇ ਸੜਨ ਦੀ ਬੋਅ- ਇਕ ਪਾਸੇ ਦੱਖਣੀ ਅਮਰੀਕਾ ਦਾ ਸੁਹਣਾ ਚਿਹਰਾ ਬਿਆਨ ਕਰਦੇ ਸ਼ਬਦ, ਦੂਜੇ ਪਾਸੇ ਨਸਲਵਾਦ ਦੀ ਨਫ਼ਰਤ ਦੇ ਅਜੀਬ ਫ਼ਲ ਰੁੱਖਾਂ ਤੇ ਲਟਕਦੇ...! ਨਸਲਵਾਦ ਦਾ ਮਨਹੂਸ ਚਿਹਰਾ ਨੰਗਾ ਕਰਦੇ ਜਜ਼ਬਾਤੀ ਸ਼ਬਦ ਲੋਕਾਂ ਨੂੰ ਸਿੱਖਿਆ ਤੇ ਅੰਦੋਲਨ ਭਰਿਆ ਸੁਨੇਹਾ ਦਿੰਦੇ, ਸੁਣਨ ਵਾਲਿਆਂ ਦੇ ਧੁਰ ਅੰਦਰ ਲਹਿ ਜਾਂਦੇ। ਇਸ ਗੀਤ ਦੇ ਬੋਲਾਂ ਵਿਚ ਰਚਨਹਾਰ ਨੇ ਆਪਣੇ ਆਂਤਰਿਕ ਭਾਵਾਂ ਨੂੰ ਜਿਸ ਕਲਾ ਨਾਲ ਪਰੋਇਆ ਸੀ, ਉਸ ਨੂੰ ਯਾਦ ਕਰਦਿਆਂ ਹੋਲੀਡੇਅ ਕਿਹਾ ਕਰਦੀ ਸੀ ਕਿ ਜਦੋਂ ਪਹਿਲੀ ਵਾਰ ਉਹਨੇ ਇਹ ਗੀਤ ਗਾਇਆ ਤਾਂ ਉਸ ਨੂੰ ਲੱਗਿਆ ਕਿ ਉਸ ਕੋਲੋਂ ਕੋਈ ਵੱਡੀ ਗਲਤੀ ਹੋ ਗਈ! ਜਦੋਂ ਗੀਤ ਖਤਮ ਹੋਇਆ ਤਾਂ ਹਾਲ ਵਿਚ ਚੁੱਪ ਤੇ ਸੰਨਾਟਾ ਛਾਇਆ ਹੋਇਆ ਸੀ! ਸਾਰੇ ਲੋਕ ਚੁੱਪ ਕਰਕੇ ਬੈਠੇ ਰਹੇ। ਪਰ ਕੁਝ ਪਲਾਂ ਪਿੱਛੋਂ ਇਕ ਖੂੰਜੇ ਵਿਚ ਬੈਠੇ ਭਾਵੁਕ ਹੋਏ ਬੰਦੇ ਨੇ ਹੰਝੂਆਂ ਭਰੇ ਚਿਹਰੇ ਨਾਲ ਹੌਲ਼ੀ ਹੌਲ਼ੀ ਦੋ ਤਿੰਨ ਤਾੜੀਆਂ ਮਾਰੀਆਂ। ਉਸ ਪਿੱਛੋਂ ਤਾਂ ਹਾਲ ਤਾੜੀਆਂ ਨਾਲ ਗੂੰਜਣ ਲੱਗ ਪਿਆ। ਲੋਕ ਅਚਾਨਕ ਉਠ ਕੇ ਖੜ੍ਹੇ ਹੋ ਗਏ ਤੇ ਕਿੰਨਾ ਚਿਰ ਹਉਕਿਆਂ ਨਾਲ ਗਿੱਲੀਆਂ ਹੋਈਆਂ ਅੱਖਾਂ...! ਤਾੜੀਆਂ ਵਜਦੀਆਂ ਰਹੀਆਂ!

ਕੈਫ਼ੇ ਸੋਸਾਇਟੀ ਨਾਈਟ ਕਲੱਬ ਦੇ ਮਾਲਕ ਬਾਰਲੀ ਨੇ ਇਸ ਗੀਤ ਨਾਲ ਲੋਕਾਂ 'ਤੇ ਪੈਣ ਵਾਲੇ ਪ੍ਰਭਾਵ ਨੂੰ ਪਹਿਲਾਂ ਹੀ ਪਛਾਣ ਲਿਆ ਸੀ। ਉਸ ਨੇ ਜ਼ੋਰ ਦੇ ਕੇ ਹੋਲੀਡੇਅ ਨੂੰ ਇਹ ਸੁਝਾਅ ਦਿੱਤਾ ਕਿ ਉਹ ਆਪਣਾ ਹਰ ਪ੍ਰੋਗਰਾਮ ਇਸ ਗੀਤ ਨਾਲ ਖਤਮ ਕਰਿਆ ਕਰੇ। ਉਸ ਪਿੱਛੋਂ ਹੋਲੀਡੇਅ ਜਦੋਂ ਵੀ ਆਪਣੇ ਪ੍ਰੋਗਰਾਮ ਦੇ ਅਖੀਰ ਵਿਚ ਇਹ ਗੀਤ ਗਾਉਣ ਲਗਦੀ ਤਾਂ ਲੋਕ ਵੀ ਪਹਿਲਾਂ ਤੋਂ ਹੀ ਸੁਣਨ ਲਈ ਤਿਆਰ ਹੋ ਜਾਂਦੇ। ਹਾਲ ਵਿਚ ਇਕ ਅਜੀਬ ਨਜ਼ਾਰਾ 'ਅਜੀਬ ਫ਼ਲ' ਗੀਤ ਸੁਣਨ ਲਈ ਆਪਣੇ ਆਪ ਹੀ ਬੱਝ ਜਾਂਦਾ। ਜਦੋਂ ਗੀਤ ਸ਼ੁਰੂ ਹੋਣ ਦੇ ਪਲ ਆਉਂਦੇ ਤਾਂ ਵੇਟਰ ਹਾਲ ਵਿਚ ਬੈਠੇ ਲੋਕਾਂ ਨੂੰ ਖਾਣਾ-ਪੀਣਾ ਪਰੋਸਣਾ ਬੰਦ ਕਰ ਦਿੰਦੇ। ਕਲੱਬ ਦੀਆਂ ਰੋਸ਼ਨੀਆਂ ਬੰਦ ਕਰ ਦਿੱਤੀਆਂ ਜਾਂਦੀਆਂ, ਸਿਰਫ਼ ਇਕੋ ਰੋਸ਼ਨੀ ਗੋਲ ਚੱਕਰ ਬਣਾਉਂਦੀ ਸਟੇਜ ਤੇ ਖੜ੍ਹੀ ਹੋਲੀਡੇਅ ਤੇ ਜਾ ਟਿਕਦੀ, ਬਾਕੀ ਚਾਰੇ ਪਾਸੇ ਹਨੇਰਾ ਹੋ ਜਾਂਦਾ। ਫੇਰ ਹਨੇਰੇ ਵਿਚ ਸਟੇਜ ਦੇ ਇਕ ਪਾਸਿਉਂ ਸਾਜ਼ਿੰਦੇ ਹੌਲੀ ਹੌਲੀ ਆਪਣੇ ਸਾਜ਼ਾਂ ਵਿਚੋਂ ਸੰਗੀਤ ਦੀਆਂ ਹਲਕੀਆਂ ਧੁਨਾਂ ਛੇੜਦੇ। ਹੋਲੀਡੇਅ ਅੱਖਾਂ ਬੰਦ ਕਰ ਲੈਂਦੀ ਜਿਵੇਂ ਰੱਬ ਅੱਗੇ ਅਰਦਾਸ ਕਰਨ ਲੱਗੀ ਹੋਵੇ। ਲੋਕ ਆਪਣੇ ਸਾਹ ਰੋਕ ਲੈਂਦੇ। ਉਸ ਪਲ ਭਰੇ ਹਾਲ ਵਿਚ ਡਿਗਦੀ ਹੋਈ ਸੂਈ ਦੀ ਆਵਾਜ਼ ਵੀ ਸੁਣੀ ਜਾ ਸਕਦੀ ਸੀ। ਲੋਕ ਜਿਵੇਂ ਕਿਸੇ ਇਬਾਦਤ ਵਿਚ ਜੁੜੇ ਹੋਣ। ਇਕ ਅਜੀਬ ਮਾਹੌਲ ਸਿਰਜਿਆ ਜਾਂਦਾ-ਕੰਨ ਸੁਣ ਰਹੇ ਹੁੰਦੇ, ਦਿਲ ਧੜਕ ਰਹੇ ਹੁੰਦੇ ਤੇ ਆਵਾਜ਼ਾਂ ਬੰਦ ਹੋ ਜਾਂਦੀਆਂ। ਹੋਲੀਡੇਅ ਜਦੋਂ ਇਕ ਇਕ ਸ਼ਬਦ ਨਿਖੇੜ ਕੇ ਗਾਉਂਦੀ ਤਾਂ ਉਹ ਲੋਕਾਂ ਦੇ ਦਿਲਾਂ ਦੀਆਂ ਡੂੰਘਾਈਆਂ ਵਿਚ ਉਤਰ ਕੇ ਅਜਿਹਾ ਅਸਰ ਕਰਦੇ ਕਿ ਲੋਕਾਂ ਦੀਆਂ ਅੱਖਾਂ ਨਮ ਹੋ ਜਾਂਦੀਆਂ। ਠਲ੍ਹੇ ਹੋਏ ਹੰਝੂ ਭਾਵਨਾਵਾਂ ਦੇ ਦਰਿਆ ਬਣ ਹਜ਼ਾਰਾਂ ਅੱਖਾਂ ਥਾਣੀਂ ਵਹਿ ਤੁਰਦੇ! ਹਾਲ ਵਿਚ ਸਿਸਕੀਆਂ ਤੇ ਹਉਕੇ ਸੁਣਾਈ ਦਿੰਦੇ!




*ਬਿਲੀ ਹੋਲੀਡੇਅ ਦਾ ਇਕ ਹੋਰ ਅੰਦਾਜ਼*

ਫੇਰ...! ਫੇਰ ਇਹ ਗੀਤ ਗੈਰ ਕਾਨੂੰਨੀ ਕਤਲਾਂ ਤੇ ਕਾਤਲਾਂ ਦੇ ਵਿਰੋਧੀ ਅੰਦੋਲਨ ਦਾ ਮੁੱਖ ਤਰਾਨਾ ਬਣ ਗਿਆ। ਗੀਤ ਵਿਚ ਪਰੋਏ ਸ਼ਬਦ ਸੰਗੀਤ ਰਾਹੀਂ ਲੋਕਾਂ ਦੇ ਦਿਲਾਂ ਦੀਆਂ ਸੂਖ਼ਮ ਤਾਰਾਂ ਜਦੋਂ ਛੇੜਦੇ ਤਾਂ ਹਰ ਬੰਦੇ ਦੇ ਧੁਰ ਅੰਦਰ ਭਾਵਨਾਵਾਂ ਦਾ ਭੁਚਾਲ ਆਤਮਾ ਹਲੂਣ ਜਾਂਦਾ। ਇਸ ਗੀਤ ਨੇ ਵੀਹਵੀਂ ਸਦੀ ਦੇ ਪੰਜਵੇਂ ਤੇ ਛੇਵੇਂ ਦਹਾਕਿਆਂ ਵਿਚ ਅਮਰੀਕਾ ਵਿਚ ਚਲੀ ਲੋਕ-ਹੱਕਾਂ ਦੀ ਲਹਿਰ ਵਿਚ ਆਪਣਾ ਮੋਹਰੀ ਯੋਗਦਾਨ ਪਾਇਆ।

'ਅਜੀਬ ਫ਼ਲ' ਗੀਤ ਦਾ ਰਿਕਾਰਡ 1939 ਵਿਚ ਰਿਲੀਜ਼ ਕੀਤਾ ਗਿਆ ਸੀ। ਦਿਨਾਂ ਵਿਚ ਹੀ ਇਸ ਦੀ ਮਸ਼ਹੂਰੀ ਸਿਖ਼ਰਾਂ ਛੂਹਣ ਲੱਗ ਪਈ। ਖਾਸ ਕਰ ਸਿਆਸੀ ਸਮਝ ਵਾਲੇ ਲੋਕਾਂ, ਕਲਾਕਾਰਾਂ, ਸੰਗੀਤਕਾਰਾਂ, ਐਕਟਰਾਂ ਅਤੇ ਗਾਇਕਾਂ 'ਤੇ ਇਸ ਨੇ ਡੂੰਘਾ ਅਸਰ ਕੀਤਾ। ਇਸ ਤੋਂ ਵੀ ਅਗੇ ਜਾ ਕੇ ਇਹ ਗੀਤ ਵਿਦਿਆਰਥੀਆਂ ਤੇ ਬੁੱਧੀਜੀਵੀਆਂ ਵਿਚ ਚਾਰੇ ਪਾਸੇ ਫੈਲ ਗਿਆ। ਇਸ ਦੇ ਅਸਰ ਹੇਠ ਡੇਵਿਡ ਮੈਰਗੋਲਿਕ ਨੇ

## ਇਕ ਗੀਤ ਦੀ ਆਤਮ ਕਥਾ

'ਸਟਰੇਂਜ ਫ਼ਰੂਟ' ਨਾਂ ਦਾ ਇਕ ਨਾਵਲ ਲਿਖਿਆ ਜਿਸ ਵਿਚ ਲੋਕ ਹੱਕਾਂ ਲਈ ਉਠੀ ਆਵਾਜ਼ ਦਾ ਜ਼ਿਕਰ ਕਈ ਮਸ਼ਹੂਰ ਹਸਤੀਆਂ ਦੇ ਬਿਆਨ ਤੇ ਹੋਰ ਜਾਣਕਾਰੀ ਇਹ ਦਰਸਾਉਂਦੀ ਹੈ ਕਿ ਇਸ ਗੀਤ ਨੇ ਲੋਕ ਹੱਕਾਂ ਦੀ ਲਹਿਰ ਨੂੰ ਹੋਰ ਤੇਜ਼ ਕਰਦਿਆਂ ਜਾਗਰਤੀ ਪੈਦਾ ਕੀਤੀ। ਜਿਨ੍ਹਾਂ ਲੱਖਾਂ ਲੋਕਾਂ ਨੇ 'ਅਜੀਬ ਫ਼ਲ' ਗੀਤ ਸੁਣਿਐ ਉਨ੍ਹਾਂ ਨੂੰ ਇਹ ਸਭ ਪਤਾ ਹੈ ਕਿ ਇਸ ਗੀਤ ਦਾ ਜਨਮ ਕਿਵੇਂ ਹੋਇਆ ਤੇ ਇਸ ਗੀਤ ਦਾ ਪਿਛੋਕੜ ਤੇ ਇਤਿਹਾਸ ਕੀ ਹੈ? ਇਹ ਗੀਤ 1930 ਵਾਲੇ ਦਹਾਕੇ ਵਿਚ ਨਿਊ ਯਾਰਕ ਦੇ ਇਕ ਸਕੂਲ ਟੀਚਰ ਏਬਿਲ ਮੀਰੋਪੋਲ, ਜਿਹੜਾ ਅਮਰੀਕਨ ਕਮਿਊਨਿਸਟ ਪਾਰਟੀ ਦਾ ਮੈਂਬਰ ਸੀ, ਨੇ ਲਿਖਿਆ ਸੀ।

1953 ਵਿਚ ਯਹੂਦੀ ਪਤੀ-ਪਤਨੀ ਜੂਲੀਅਸ ਤੇ ਈਥਲ ਰੋਜ਼ਬਰਗ ਨੂੰ ਇਸ ਦੋਸ਼ ਹੇਠ ਫ਼ਾਂਸੀ ਦੇ ਦਿੱਤਾ ਗਿਆ ਸੀ ਕਿ ਉਨ੍ਹਾਂ ਨੇ ਰੂਸ ਨੂੰ ਐਟਮ ਬੰਬ ਦੇ ਖ਼ੁਫ਼ੀਆ ਭੇਦ ਦਿੱਤੇ ਸਨ। ਉਨ੍ਹਾਂ ਦੇ ਦੋ ਬੱਚੇ ਯਤੀਮ ਹੋ ਗਏ ਸਨ ਜਿਨ੍ਹਾਂ ਨੂੰ ਏਬਿਲ ਮੀਰੋਪੋਲ ਨੇ ਗੋਦ ਲੈ ਲਿਆ ਸੀ। ਮੀਰੋਪੋਲ ਨੂੰ ਬਥੇਰੇ ਲੋਕ ਇਸ ਯਹੂਦੀ ਜੋੜੇ ਦੇ ਬੱਚਿਆਂ ਦੇ ਧਰਮ ਪਿਤਾ ਵਜੋਂ ਜਾਣਦੇ ਹਨ।

'ਸਟ੍ਰੇਂਜ ਫ਼ਰੂਟ' ਨਾਂ ਦੀ ਇਕ ਫ਼ਿਲਮ ਵੀ ਬਣੀ ਸੀ ਜਿਹੜੀ ਲਿੰਕਨ ਸੈਂਟਰ ਦੀ ਫ਼ਿਲਮ ਸੋਸਾਇਟੀ ਵਿਚ ਰਿਲੀਜ਼ ਕੀਤੀ ਗਈ ਸੀ। ਇਸ ਫ਼ਿਲਮ ਵਿਚ ਮੀਰੋਪੋਲ ਦੇ ਜੀਵਨ ਬਾਰੇ ਜਾਣਕਾਰੀ ਹੈ ਜਿਸ ਵਿਚ ਗੀਤ ਦੇ ਇਤਿਹਾਸਕ ਤੇ ਸਮਕਾਲੀ ਮਹੱਤਵ ਬਾਰੇ ਮਸ਼ਹੂਰ ਲੋਕਾਂ ਦੇ ਵਿਚਾਰਾਂ ਦਾ ਵਿਸਥਾਰ ਤੇ ਲੋਕਾਂ ਦੀਆਂ ਭਾਵਨਾਵਾਂ ਦਾ ਜ਼ਿਕਰ ਹੈ। ਅਮਰੀਕਾ ਤੇ ਕੈਨੇਡਾ ਦੀਆਂ ਯੂਨੀਵਰਸਿਟੀਆਂ ਵਿਚ ਇਹ ਫ਼ਿਲਮ ਦਿਖਾਈ ਜਾ ਚੁੱਕੀ ਹੈ।

ਮੀਰੋਪੋਲ 1903 ਵਿਚ ਅਮਰੀਕਾ ਆ ਕੇ ਵਸੇ ਯਹੂਦੀ ਪਰਿਵਾਰ ਵਿਚ ਪੈਦਾ ਹੋਇਆ ਸੀ। ਨਿਊ ਯਾਰਕ ਵਿਚ ਵਸੇ ਉਸ ਵੇਲੇ ਦੇ ਪਰਿਵਾਰਾਂ ਵਾਂਗ ਅਤੇ ਉਸ ਪੀੜ੍ਹੀ ਦੇ ਨੌਜਵਾਨਾਂ ਦੇ ਪਿਛੋਕੜ ਕਰਕੇ ਉਹ ਰੂਸੀ ਇਨਕਲਾਬ ਦੇ ਅਸਰ ਹੇਠ ਗਰਮ ਖਿਆਲੀ ਕਮਿਊਨਿਸਟ ਬਣ ਗਿਆ ਸੀ। 1937 ਵਿਚ ਉਸ ਦਾ ਇਹ ਗੀਤ ਕੌੜਾ ਫ਼ਲ (ਬਿਟਰ ਫ਼ਰੂਟ) ਦੇ ਨਾਂ ਹੇਠ 'ਦ ਨਿਊ ਯਾਰਕ ਟੀਚਰ' ਨਾਂ ਦੇ ਪਰਚੇ ਵਿਚ ਛਪਿਆ ਸੀ। ਕਮਿਊਨਿਸਟ ਪਾਰਟੀ ਦੇ ਅਸਰ ਹੇਠ ਇਹ ਅਧਿਆਪਕ ਯੂਨੀਅਨ ਦਾ ਪਰਚਾ ਸੀ। ਅਮਰੀਕਾ ਦੇ ਕਮਿਊਨਿਸਟ ਵਿਰੋਧੀ ਸਿਆਸਤਦਾਨ ਇਹ ਮੰਨਦੇ ਸਨ ਕਿ ਦਖਣੀ ਅਮਰੀਕਾ ਵਿਚ ਲੋਕ ਹੱਕਾਂ ਲਈ ਛਿੜੀ ਲੜਾਈ ਖੱਬੇ ਪੱਖੀਆਂ ਦੀ ਦੇਣ ਸੀ। ਨਿਊ ਯਾਰਕ ਵਿਚ ਸੂਬਾ ਵਿਧਾਇਕ ਕਮੇਟੀ ਵਿਰੋਧੀਆਂ ਦਾ ਸ਼ਿਕਾਰ ਕਰਨ ਲਈ ਬਣਾਈ ਗਈ ਸੀ। ਮੀਰੋਪੋਲ ਨੂੰ ਇਸ ਕਮੇਟੀ ਨੇ ਇਹ ਪਰਖਣ ਲਈ ਤਲਬ ਕਰ ਲਿਆ ਕਿ ਓਥੋਂ ਦੇ ਪਬਲਿਕ ਸਕੂਲਾਂ ਤੇ ਅਖੌਤੀ ਕਮਿਊਨਿਸਟਾਂ ਦਾ ਕਿੰਨਾ ਕੁ ਅਸਰ ਜਾਂ ਪ੍ਰਭਾਵ ਸੀ। ਅਜਿਹੀਆਂ ਅੜਚਣਾਂ ਦੇ ਬਾਵਜੂਦ ਵੀ ਇਹ ਗੀਤ ਮਸ਼ਹੂਰੀ ਦੀ ਲਿਸਟ ਦੇ ਸੋਲ੍ਹਵੇਂ ਨੰਬਰ ਤੇ ਪਹੁੰਚ ਗਿਆ।

ਦੂਜੀ ਵੱਡੀ ਜੰਗ ਪਿੱਛੋਂ ਇਹ ਗੀਤ ਸਟੇਜਾਂ ਤੇ ਗਾਏ ਜਾਣ ਲਈ ਮੁਸ਼ਕਲਾਂ ਵਿਚ ਘਿਰ ਗਿਆ। ਕਈ ਕਲੱਬਾਂ ਨੇ ਹੋਲੀਡੇਅ ਨੂੰ ਸੱਦੇ ਦੇਣੇ ਇਸ ਕਰਕੇ ਬੰਦ ਕਰ ਦਿੱਤੇ ਕਿ ਇਹ ਉਸ ਦੇ ਨਾਂ ਨਾਲ ਸਦਾ ਲਈ ਜੁੜ ਚੁੱਕਾ ਸੀ ਤੇ ਉਹ ਆਪਣੇ ਹਰ ਪ੍ਰੋਗਰਾਮ ਦੇ ਅਖੀਰ ਵਿਚ ਇਹ ਗੀਤ ਜ਼ਰੂਰ ਗਾਇਆ ਕਰਦੀ ਸੀ ਅਤੇ ਉਸ ਨੇ ਲਿਖਤੀ ਇਕਰਾਰ ਕਰਦਿਆਂ ਇਹ ਸ਼ਰਤ ਰੱਖਣੀ ਸ਼ੁਰੂ ਕਰ ਦਿੱਤੀ ਸੀ ਕਿ ਇਸ ਗੀਤ ਨੂੰ ਗਾਉਣਾ ਉਸ ਦਾ ਅਧਿਕਾਰ ਹੈ।

ਹੋਲੀਡੇਅ ਤੋਂ ਇਲਾਵਾ ਤਿੰਨ ਦਰਜਨ ਤੋਂ ਵੀ ਵੱਧ ਗਾਇਕਾਂ ਨੇ ਇਹ ਗੀਤ ਗਾਇਆ ਸੀ ਤੇ ਲੱਖਾਂ ਲੋਕਾਂ ਨੇ ਸੁਣਿਆ ਸੀ। ਸਕੂਲਾਂ, ਕਾਲਜਾਂ ਤੇ ਯੂਨਿਵਰਸਿਟੀਆਂ ਵਿਚ ਇਸ ਗੀਤ ਤੇ ਬਹਿਸਾਂ ਹੋਣ ਲੱਗ ਪਈਆਂ। ਇਸ ਗੀਤ ਨੇ ਅਮਰੀਕਾ ਦੇ ਸਮਾਜ, ਸਭਿਆਚਾਰ, ਸਿਆਸਤ, ਵਿਦਿਆਰਥੀ, ਬੁੱਧੀਜੀਵੀ, ਕਲਾਕਾਰ, ਅਮੀਰ, ਗਰੀਬ ਸਭ ਦੇ ਦਿਲਾਂ ਤੇ ਡੂੰਘਾ ਅਸਰ ਕੀਤਾ ਤੇ ਇਨਸਾਨੀਅਤ ਦੀ ਸੋਚ ਨੂੰ ਸਮਝ ਤੇ ਸੇਧ ਬਖ਼ਸ਼ੀ! ਜਿਸ ਗੀਤ ਦੀ ਆਤਮਾ ਬੇਲਾਗ ਤੇ ਸੱਚੀ ਸੁੱਚੀ ਹੋਵੇ, ਉਹ ਸਦਾ ਲਈ ਅਮਰ ਹੋ ਜਾਂਦਾ ਹੈ! 'ਅਜੀਬ ਫ਼ਲ' ਵੀ ਇਕ ਏਹੋ ਜਿਹਾ ਹੀ ਗੀਤ ਹੈ!

'ਅਜੀਬ ਫ਼ਲ' ਨੂੰ ਵਾਰ ਵਾਰ ਸਲਾਮ...ਵਾਰ ਵਾਰ ਸਲਾਮ..!

# ਯਾਦ ਆਉਂਦੀਆਂ ਨੇ ਪਿਤਾ ਜੀ ਦੀਆਂ ਕਹੀਆਂ ਗੱਲਾਂ

**ਦਰਦ ਦਿਲਾਂ ਦੇ**

ਪਿਛਲੇ ਸੱਤ ਮਹੀਨਿਆਂ ਵਿਚ ਸ਼ਾਇਦ ਹੀ ਕੋਈ ਰਾਤ ਅਜਿਹੀ ਹੋਏਗੀ, ਜਦੋਂ ਮੈਂ ਰੋਏ ਬਿਨਾਂ ਸੁੱਤਾ ਹੋਵਾਂ। ਮੰਜੇ 'ਤੇ ਪੈਂਦਿਆਂ ਹੀ ਪਿਤਾ ਜੀ ਨਾਲ ਜੁੜੀਆਂ ਯਾਦਾਂ ਅਜਿਹਾ ਘੇਰਾ ਪਾਉਂਦੀਆਂ ਨੇ ਕਿ ਹੰਝੂ ਪਰਲ-ਪਰਲ ਅੱਖਾਂ 'ਚੋਂ ਵਹਿ ਤੁਰਦੇ ਨੇ। ਦਿਨ ਭਰ ਦੇ ਕੰਮ ਦਾ ਥੱਕਿਆ-ਟੁੱਟਿਆ

**ਸਵਰਨ ਸਿੰਘ ਟਹਿਣਾ**
ਫੋਨ: 91-98141-78883

ਜਦੋਂ ਘਰ ਪੁੱਜਦਾ ਹਾਂ ਤਾਂ ਮਾਂ ਦੇ ਪੈਰੀਂ ਹੱਥ ਲਾਉਣ ਮਗਰੋਂ ਸੋਚਣ ਲੱਗਦਾਂ ਕਿ ਉਹ ਸਾਡੇ ਵਿਚਕਾਰ ਹੁੰਦੇ ਤਾਂ ਉਨ੍ਹਾਂ ਦੇ ਵੀ ਪੈਰੀਂ ਹੱਥ ਲਾਉਂਦਾ ਤੇ ਉਹ ਅਸੀਸਾਂ ਦਾ ਪਿਟਾਰਾ ਮੇਰੇ ਵੱਲ ਖੋਲ੍ਹ ਦਿੰਦੇ। ਬਹੁਤੀ ਵਾਰ ਮੈਂ ਮਾਂ ਅੱਗੇ ਰੋ ਨਹੀਂ ਸਕਦਾ, ਕਿਉਂਕਿ ਉਹ ਪਹਿਲਾਂ ਹੀ ਪਤੀ ਦੇ ਵਿਛੋੜੇ ਕਾਰਨ ਟੁੱਟੀ ਹੋਈ ਏ, ਉਨ੍ਹਾਂ ਦੀਆਂ ਚੀਜ਼ਾਂ ਨੂੰ ਛੋਹ-ਛੋਹ ਪੁਰਾਣੀਆਂ ਯਾਦਾਂ ਤਾਜ਼ਾ ਕਰਦੀ ਰਹਿੰਦੀ ਏ, ਦੋਹੇਂ ਜੋ-ਜੋ ਗੱਲਾਂ ਕਰਦੇ ਸਨ, ਉਨ੍ਹਾਂ ਨੂੰ ਚੇਤੇ ਕਰ-ਕਰ ਹਟਕੋਰੇ ਭਰਦੀ ਏ। ਬਹੁਤੇ ਥਾਂਈਂ ਦਿਲ ਦੀ ਗੱਲ ਸਾਂਝੀ ਕਰਨ ਦੀ ਆਦਤ ਨਾ ਹੋਣ ਕਰਕੇ ਕਦੇ-ਕਦੇ ਮਨ 'ਤੇ ਮਣਾਂਮੂੰਹੀਂ ਬੋਝ ਆਣ ਟਿਕਦਾ ਹੈ। ਖੌਰੇ ਕਿਹੜੇ ਖਿਆਲਾਂ 'ਚ ਗੁਆਚਿਆ ਹੁੰਦਾ ਹਾਂ ਕਿ ਕੋਈ ਫੋਨ ਦੀ ਘੰਟੀ ਖੜਕਾ ਦਿੰਦਾ ਏ ਤੇ ਲੱਖ ਯਤਨ ਕਰਕੇ ਮੈਂ ਮਨ ਨੂੰ ਮੁੜ ਟਿਕਾਣੇ ਲਿਆਉਂਦਾ ਹਾਂ।

ਇਹ ਸਭ ਫਰਵਰੀ ਮਹੀਨੇ ਤੋਂ ਹੋ ਰਿਹੈ ਤੇ ਸ਼ਾਇਦ ਪੂਰੀ ਜ਼ਿੰਦਗੀ ਹੁੰਦਾ ਰਹੇਗਾ। ਸਿਆਣੇ ਆਖਦੇ ਨੇ ਮਾਪੇ ਸਦਾ ਨਾਲ ਨਹੀਂ ਰਹਿੰਦੇ, ਉਨ੍ਹਾਂ ਦੀਆਂ ਸਮਝਾਉਣੀਆਂ ਹਮੇਸ਼ਾ ਨਾਲ ਰਹਿੰਦੀਆਂ ਨੇ, ਤੇ ਕਿੰਨੀ ਵੱਡੀ ਸੱਚਾਈ ਹੈ ਇਸ ਕਹੇ ਵਿਚ, ਇਸ ਦਾ ਅਹਿਸਾਸ ਪਲ-ਪਲ ਹੁੰਦਾ ਰਹਿੰਦੈ। ਕਦੇ-ਕਦੇ ਸੋਚਦਾ ਹਾਂ ਕਿ ਸੱਤਾਂ ਮਹੀਨਿਆਂ ਵਿਚ ਕਿੰਨਾ ਫ਼ਰਕ ਆਇਐ ਮੇਰੇ ਨਜ਼ਰੀਏ 'ਚ, ਜਿਊਣ ਢੰਗ 'ਚ, ਸੁਭਾਅ 'ਚ...ਨਾ ਪਹਿਲਾਂ ਵਰਗੀ ਖੁਸ਼ੀ ਲੱਭਿਆਂ ਲੱਭਦੀ ਏ, ਨਾ ਖੁਸ਼ੀ ਸਾਂਝੀ ਕਰਨ ਵਾਲਾ, ਨਾ ਸਮਝਾਉਣ ਵਾਲਾ ਤੇ ਨਾ ਰੋਕਣ, ਟੋਕਣ ਵਾਲਾ।

'ਪੁੱਤ ਕੰਮ ਤੋਂ ਸਿੱਧਾ ਘਰ ਆਇਆ ਕਰ...' ਨੇ'ਰੇ-ਸਵੇ'ਰੇ ਬਾਹਰ ਨਹੀਂ ਨਿਕਲੀਦਾ...ਟੀ.ਵੀ. 'ਤੇ ਖ਼ਬਰਾਂ ਬਹੁਤ ਮਾੜੀਆਂ ਆਉਂਦੀਆਂ ਨੇ, ਤੂੰ ਬਚ ਕੇ ਰਿਹਾ ਕਰ...ਸਿਹਤ ਦਾ ਵੀ ਖਿਆਲ ਰੱਖਿਆ ਕਰ...ਛੇਤੀ ਕਰ ਆਪਾਂ ਸਾਰੇ ਜਲੰਧਰ 'ਕੱਠੇ ਰਹਿਣ ਲੱਗ ਜਾਈਏ...', ਪਿਤਾ ਜੀ ਵੱਲੋਂ ਕਹੀਆਂ ਇਹ ਗੱਲਾਂ ਦਿਮਾਗ਼ 'ਚ ਘੁੰਮਦੀਆਂ ਨੇ ਤਾਂ ਜਾਪਣ ਲੱਗਦੈ ਹੁਣ ਮੈਂ ਕਾਸੇ ਜੋਗਾ ਨਹੀਂ ਰਿਹਾ।

ਕਈ ਵਾਰ ਤਾਂ ਅੰਦਰੋਂ ਬਹੁਤ ਟੁੱਟ ਜਾਂਦਾ ਹਾਂ, ਢੇਰੀ ਢਾਹ ਬਹਿੰਦਾ ਹਾਂ। ਪਰ ਅਗਲੇ ਹੀ ਪਲ ਜ਼ਿੰਮੇਵਾਰੀਆਂ ਦੇ ਜਾਲ਼ 'ਚ ਉਲਝਿਆ ਆਪਣੀ ਸੋਚ ਨੂੰ ਸਵਾਲ ਕਰਦਾ ਹਾਂ। ਔਲਾਦ ਨੂੰ ਮਾਪਿਆਂ ਨਾਲ ਪਿਆਰ ਹੁੰਦਾ ਹੀ ਹੈ, ਪਰ ਜਿਹੜੇ ਮਾਪਿਆਂ ਖੁਦ ਤਕਲੀਫ਼ਾਂ ਨਾਲ ਮੱਥਾ ਲਾ ਔਲਾਦ ਦੀ



*ਇਕ ਪੁਰਾਣੀ ਤਸਵੀਰ ਵਿਚ ਲੇਖਕ ਆਪਣੇ ਪਿਤਾ ਗੁਰਸੇਵਕ ਸਿੰਘ ਨਾਲ*

ਤਕਦੀਰ ਬਦਲਣ ਦੀ ਕੋਸ਼ਿਸ਼ ਕੀਤੀ ਹੋਵੇ, ਉਨ੍ਹਾਂ 'ਚੋਂ ਸ਼ਾਇਦ ਹੀ ਕੋਈ ਪੱਥਰ ਦਿਲ ਹੋਵੇਗਾ, ਜਿਹੜਾ ਉਨ੍ਹਾਂ ਦੀ ਯਾਦ 'ਚ ਤੜਫ਼ਦਾ ਨਾ ਹੋਵੇ। ਕਿੰਨੀ ਕੋਸ਼ਿਸ਼ ਕੀਤੀ ਸੀ ਉਨ੍ਹਾਂ ਨੂੰ ਬਚਾਉਣ ਦੀ, ਕਿਥੋਂ-ਕਿਥੋਂ ਪੈਸੇ 'ਕੱਠੇ ਕਰਕੇ ਲਿਆਂਦੇ, ਪਰ ਉਮਰ ਵਧੀ ਕੁਦਰਤ ਦੀ ਰਹਿਮਤ ਮਸੀਂ ਸਾਢੇ ਕੁ ਤਿੰਨ ਸਾਲ ਹੋਈ ਤੇ ਏਸ ਸਮੇਂ ਦੌਰਾਨ ਜੋ-ਜੋ ਦੇਖਿਆ, ਮਹਿਸੂਸਿਆ ਤੇ ਪਰਖਿਆ, ਸਾਰੀ ਉਮਰ ਲਈ ਚੇਤੇ ਦਾ ਹਿੱਸਾ ਬਣ ਗਿਆ।

ਬਿਮਾਰ ਦਾ ਸੁਭਾਅ ਬੱਚਿਆਂ ਵਾਂਗ ਕਿਵੇਂ ਹੋ ਜਾਂਦੈ, ਕੁਝ ਨਾ ਕਰ ਸਕਣ ਦੇ ਬਾਵਜੂਦ ਮੰਜੇ 'ਤੇ ਬੈਠਿਆਂ ਕੰਮ ਦੀ ਅਹੁਲ ਕਿਵੇਂ ਉਠਦੀ ਏ, ਕਮਜ਼ੋਰ ਸਰੀਰ ਵੱਲ ਦੇਖ ਮਰੀਜ਼ ਖੁਦ ਨੂੰ ਕਿਵੇਂ ਕੋਸਦੈ ਤੇ ਔਲਾਦ ਵੱਲੋਂ ਹਾਸਲ ਕੀਤੀ ਛੋਟੀ-ਮੋਟੀ ਸਫ਼ਲਤਾ ਕਿੰਨੀ ਵੱਡੀ ਜਾਪਦੀ ਏ, ਇਨ੍ਹਾਂ ਗੱਲਾਂ ਨੂੰ ਬਾਰੀਕੀ ਨਾਲ ਪਿਤਾ ਜੀ ਦੇ ਬਿਮਾਰ ਹੋਣ ਮਗਰੋਂ ਹੀ ਦੇਖਿਆ। ਵਿਛੋੜੇ ਤੋਂ ਸਾਢੇ ਤਿੰਨ ਸਾਲ ਪਹਿਲਾਂ ਜਦੋਂ ਬਿਮਾਰ ਹੋ ਕੇ ਉਹ ਬੇਸੁਰਤੀ ਵਿਚ ਚਲੇ ਗਏ ਤਾਂ ਹਸਪਤਾਲ ਦੇ ਦੂਜੇ ਕਮਰਿਆਂ 'ਚ ਮੌਜੂਦ ਮਰੀਜ਼ਾਂ ਦੇ ਵਾਰਿਸ, ਮਾਤਾ, ਭੈਣ ਤੇ ਮੈਨੂੰ ਧਰਵਾਸ ਦੇਣ ਆਉਂਦੇ। ਸਭ ਨੇ ਭਾਣਾ ਮੰਨਣ ਦੀ ਗੱਲ ਆਖਣੀ, ਪਰ ਭਾਣਾ ਮੰਨਿਆ ਥੋੜ੍ਹੀ ਜਾਂਦਾ ਸੀ। ਉਮੀਦ ਦੀ ਪੂਰੀ ਤਰ੍ਹਾਂ ਟੁੱਟ ਚੁੱਕੀ ਤੰਦ ਕੁਦਰਤ ਦੇ ਕ੍ਰਿਸ਼ਮੇ ਨਾਲ ਮੁੜ ਜੁੜੀ ਤੇ ਚਾਰ ਕੁ ਦਿਨਾਂ ਮਗਰੋਂ ਉਹ ਬੋਲਣ ਲੱਗ ਗਏ।

ਜ਼ਿੰਦਗੀ ਕਿਵੇਂ ਨਾ ਕਿਵੇਂ ਚੱਲਦੀ ਰਹੀ, ਹਰ ਹਫ਼ਤੇ ਦਵਾਈਆਂ ਦੀ ਪੰਡ ਡਾਕਟਰ ਬੰਨ੍ਹ ਦਿੰਦਾ, ਜਿਵੇਂ-ਕਿਵੇਂ ਉਨ੍ਹਾਂ ਦਾ ਪ੍ਰਬੰਧ ਕਰਦਾ ਤੇ ਸ਼ੁਕਰ ਮਨਾਉਂਦਾ ਕਿ ਮੇਰੀ ਔਖ ਦਾ ਕੀ ਏ, ਪਿਤਾ ਦਾ ਸਾਥ ਤਾਂ ਨਾਲ ਹੈ। ਉਨ੍ਹੀਂ ਦਿਨੀਂ ਮੈਂ ਕੀ-ਕੀ ਕੀਤਾ, ਇਹ ਸਿਰਫ਼ ਮੈਂ ਹੀ ਜਾਣਦਾ ਹਾਂ। ਪਰ ਹੌਲੀ-ਹੌਲੀ ਦਵਾਈਆਂ ਬੇਅਸਰ ਸਾਬਤ ਹੋਣ ਲੱਗੀਆਂ ਤੇ ਕਈ ਬਿਮਾਰੀਆਂ ਰਲ ਕੇ ਅਜਿਹਾ ਘੇਰਾ ਪਾਇਆ ਕਿ ਛਾਤੀ ਦੇ ਦਰਦ ਕਾਰਨ 13 ਫਰਵਰੀ ਵਾਲੇ ਦਿਨ ਉਨ੍ਹਾਂ ਨੂੰ ਗਏ ਸਾਂ ਹਸਪਤਾਲ ਲੈ ਕੇ, ਪਰ ਅਗਲੇ ਦਿਨ ਘਰ ਲਿਆਂਦਾ ਸੀ ਉਨ੍ਹਾਂ ਦਾ ਮ੍ਰਿਤਕ ਸਰੀਰ।

ਘਰ ਦੀਆਂ ਖੁਸ਼ੀਆਂ ਨੂੰ ਸੰਨ੍ਹ ਲੱਗ ਗਈ, ਏਨਾ ਵੱਡਾ ਝਟਕਾ ਕਦੇ ਨਹੀਂ ਸੀ ਲੱਗਾ। ਮਾਂ ਦਾ ਰੋਣ ਝੱਲਿਆ ਨਾ ਜਾਂਦਾ, ਸਕੇ-ਸਬੰਧੀਆਂ ਦੇ ਵੈਣ ਝੱਲੇ ਨਾ ਜਾਂਦੇ, ਭੈਣ ਦਾ ਗਲ ਲੱਗ ਕੇ ਰੋਣਾ ਮੇਰੀ ਭੁੱਬ ਕਢਾ ਦਿੰਦਾ। ਤੇ ਹੁਣ ਜਦੋਂ ਪਿਤਾ ਜੀ ਨੂੰ ਗਿਆਂ ਮਹੀਨੇ ਵਧ ਰਹੇ ਨੇ ਤਾਂ ਉਨ੍ਹਾਂ ਵੱਲੋਂ ਕਹੀਆਂ ਗੱਲਾਂ ਹਮੇਸ਼ਾ ਮੇਰਾ ਅੰਦਰਲਾ ਫੋਲਦੀਆਂ ਰਹਿੰਦੀਆਂ ਨੇ। ਪੂਰਾ ਦਿਨ ਟਰੱਕ ਚਲਾ ਕੇ ਜਦੋਂ 'ਨੇਰਾ ਢਲਿਆਂ ਪਿਤਾ ਜੀ ਘਰ ਆਉਂਦੇ ਤਾਂ ਸਾਥੋਂ ਦੋਹਾਂ ਭੈਣ-ਭਰਾਵਾਂ ਤੋਂ ਖੁਸ਼ੀ ਸਾਂਭੀ ਨਾ ਜਾਂਦੀ। ਸ਼ਾਮ ਢਲਣ ਵੇਲੇ ਹੀ ਅਸੀਂ ਉਨ੍ਹਾਂ ਨੂੰ ਉਡੀਕਣਾ ਸ਼ੁਰੂ ਕਰ ਦੇਣਾ ਤੇ ਜਦੋਂ ਉਹ ਘਰ ਵੜਦੇ ਤਾਂ ਉਨ੍ਹਾਂ ਦੇ ਹੱਥਾਂ 'ਚ ਕਾਪੀਆਂ-ਕਿਤਾਬਾਂ ਤੇ ਖਾਣ-ਪੀਣ ਦੀਆਂ ਚੀਜ਼ਾਂ ਵਾਲੇ ਲਿਫ਼ਾਫ਼ੇ ਦੇਖ ਕੇ ਲੁੱਡੀਆਂ ਪਾਉਣ ਲੱਗ ਜਾਣਾ। ਹੁਣ ਸੋਚਦਾਂ, ਮੁੜ੍ਹਕੇ ਨਾਲ ਭਿੱਜਿਆ ਉਨ੍ਹਾਂ ਦਾ ਕੁੜਤਾ ਗਵਾਹ ਹੁੰਦਾ ਸੀ ਕਿ ਉਹ ਸਾਡੇ ਭਵਿੱਖ ਲਈ ਗ਼ਰਮੀ ਦੀ ਪ੍ਰਵਾਹ ਕੀਤੇ ਬਿਨਾਂ ਕੰਮ ਕਰਦੇ ਰਹਿੰਦੇ ਨੇ। ਘੱਟ ਤਨਖ਼ਾਹ, ਮਹਿੰਗੀ ਪੜ੍ਹਾਈ ਤੇ ਹੋਰ ਘਰੇਲੂ ਲੋੜਾਂ ਦੀ ਪੂਰਤੀ ਲਈ ਕਿੰਨਾ ਕੁਝ ਕਰਦੇ ਸਨ ਉਹ। ਲੋਰ 'ਚ ਆਏ ਕਦੇ-ਕਦੇ ਆਪਣੀ ਘੁਮੱਕੜ ਜ਼ਿੰਦਗੀ ਬਾਰੇ ਏਨਾ ਕੁਝ ਬਿਆਨ ਕਰ ਜਾਂਦੇ ਕਿ ਅਸੀਂ ਗੱਲ ਖਤਮ ਹੋਣ ਦੀ ਉਡੀਕ ਕਰਦੇ ਰਹਿੰਦੇ, ਪਰ ਹੁਣ ਉਨ੍ਹਾਂ ਦਾ ਇੱਕ ਬੋਲ ਸੁਣਨ ਲਈ ਕੰਨ ਤਰਸਦੇ ਨੇ।

ਮੁਸੀਬਤ ਬੰਦੇ ਨੂੰ ਕਿੰਨਾ ਕੁਝ ਸਿਖਾਉਂਦੀ ਏ। ਜਦੋਂ ਮਰੀਜ਼ ਦੀ ਜ਼ਿੰਦਗੀ ਡਾਕਟਰ 'ਤੇ ਨਿਰਭਰ ਹੋਵੇ, ਤੁਹਾਡੀ ਜੇਬ 'ਚ ਪੈਸੇ ਵੀ ਹੋਣ ਤੇ ਰੱਬ ਜਿੰਨੀ ਉਮੀਦ ਵਾਲਾ ਡਾਕਟਰ ਨੀਵੀਂ ਪਾ ਕਹਿ ਛੱਡੇ, 'ਬਚਾਅ ਮੁਸ਼ਕਲ ਏ, ਕਿਤੇ ਹੋਰ ਲਿਜਾਣਾ ਤਾਂ ਤੁਹਾਡੀ ਮਰਜ਼ੀ ਏ' ਤਾਂ ਕੇਹੀ ਬਿਜਲੀ ਡਿੱਗਦੀ ਏ ਸੁਣਨ ਵਾਲਿਆਂ 'ਤੇ। ਇਕ ਤੋਂ ਦੂਜੇ ਹਸਪਤਾਲ ਲਿਜਾ ਰਹੀ ਐਂਬੂਲੈਂਸ ਦੀ ਰਫ਼ਤਾਰ ਦਾ ਪਤਾ ਉਦੋਂ ਲੱਗਦੈ, ਜਦੋਂ ਮਰੀਜ਼ ਲਈ ਇੱਕ-ਇੱਕ ਮਿੰਟ ਕੀਮਤੀ ਹੋਵੇ। ਡਾਕਟਰਾਂ ਵੱਲੋਂ ਬਣਾਇਆ ਹਜ਼ਾਰਾਂ-ਲੱਖਾਂ ਦਾ ਬਿੱਲ ਉਦੋਂ ਬਹੁਤਾ ਨਹੀਂ ਚੁਭਦਾ, ਜਦੋਂ ਮਰੀਜ਼ ਤੰਦਰੁਸਤ ਹੋ ਕੇ ਘਰ ਪਰਤ ਆਉਂਦਾ ਏ। ਪਰ ਜਦੋਂ ਇਸ ਸਭ ਦੇ ਉਲਟ ਹੁੰਦੈ ਤਾਂ ਦੇਖਭਾਲ ਕਰਨ ਵਾਲਿਆਂ ਦੇ ਸਰੀਰ ਵੀ ਮੋਇਆਂ ਵਰਗੇ ਹੋ ਜਾਂਦੇ ਨੇ।

ਪਹਿਲਾਂ ਹਰ ਕੰਮ 'ਚ ਦਲੇਰੀ ਵਰਤਣ ਵਾਲਾ ਮਨ ਇਕਦਮ ਏਨਾ ਉਚਾਟ ਹੋ ਗਿਐ ਕਿ ਆਖਰੀ ਹੱਕ ਸਿਰਫ਼ ਰੋਣ 'ਤੇ ਹੀ ਰਹਿ ਗਿਆ ਜਾਪਦੈ। ਪਰਿਵਾਰ ਦਾ ਤੋਰੀ-ਫੁਲਕਾ ਚਲਾਉਣ ਵਾਲਾ ਤੇ ਦੇਖਭਾਲ ਵਾਲਾ ਕੋਈ ਹੋਰ ਨਾ ਹੋਣ ਕਰਕੇ ਸਭ ਕੁਝ ਕਰ ਵੀ ਰਿਹਾ ਹਾਂ, ਪਰ ਪਿਤਾ ਜੀ ਦੇ ਤੁਰ ਜਾਣ ਦੀ ਕਸਕ ਤਿਉਂ-ਤਿਉਂ ਵਧ ਰਹੀ ਏ, ਜਿਉਂ-ਜਿਉਂ ਉਨ੍ਹਾਂ ਦੇ ਜਾਣ ਦਾ ਸਮਾਂ ਵਧ ਰਿਹੈ। ਯਾਦ ਕਰਦਾ ਹਾਂ ਉਹ ਦਿਨ ਜਦੋਂ ਪਿੰਡ 'ਚੋਂ ਘੁੰਮ-ਫਿਰ ਘਰ ਵਾਪਸ ਆਉਂਦੇ ਉਹ ਅੱਖਾਂ 'ਚ ਪਾਣੀ ਭਰ ਲੈਂਦੇ ਸਨ। ਅਸੀਂ ਘਬਰਾ ਕੇ ਪੁੱਛਣਾ, 'ਕੀ ਗੱਲ ਹੋਈ?' ਤਾਂ ਜਵਾਬ ਮਿਲਦਾ, 'ਬਸ ਐਵੇਂ ਮਨ ਭਰ ਆਇਆ...ਫ਼ਲਾਣੇ-ਫ਼ਲਾਣੇ ਮਿਲੇ ਸੀ, ਕਹਿੰਦੇ 'ਗੁਰਸੇਵਕ ਸਿਆਂ, ਤੇਰੇ ਮੁੰਡੇ ਦਾ ਲੇਖ ਆਇਐ ਅਖ਼ਬਾਰ 'ਚ...।'

ਅਸੀਂ ਹੈਰਾਨ ਹੋਣਾ, ਇਹਦੇ 'ਚ ਅੱਖਾਂ ਭਰਨ ਵਾਲੀ ਕਿਹੜੀ ਗੱਲ ਐ, ਪਰ ਅਗਲੇ ਹੀ ਪਲ ਸੋਚਦਾ ਕਿ ਸਭ ਕੁਝ ਡਾਕਟਰ ਦੇ ਕਹੇ ਮੁਤਾਬਕ ਹੀ ਤਾਂ ਹੋ ਰਿਹੈ, ਦਵਾਈਆਂ ਨੇ ਦਿਮਾਗ਼ 'ਤੇ ਕਿੰਨਾ ਪਾਇਐ ਕਿ ਨਾ ਛੋਟੀ ਜਿਹੀ ਖੁਸ਼ੀ ਸੰਭਾਲੀ ਜਾਂਦੀ ਏ, ਨਾ ਛੋਟੀ ਜਿਹੀ ਗੱਲ 'ਤੇ ਗੁੱਸਾ। ਕਦੇ-ਕਦੇ ਮੈਂ ਆਖਣਾ, 'ਪਾਪਾ ਜੀ, ਤੁਸੀਂ ਵੀ ਕਮਾਲ ਓ, ਪੜ੍ਹੇ ਵੀ ਨਹੀਂ ਤੇ ਬਾਰਾਂ-ਚੌਦਾਂ ਸਫ਼ਿਆਂ ਦੇ ਅਖ਼ਬਾਰ 'ਚੋਂ ਮੇਰਾ ਨਾਂ ਫੇਰ ਵੀ ਲੱਭ ਲੈਂਦੇ ਓ...ਇਹ ਕਿਵੇਂ...।'

ਤਾਂ ਉਹ ਹੱਸ ਕੇ ਜਵਾਬ ਦਿੰਦੇ, 'ਤੈਨੂੰ ਜੰਮਿਐ ਪੁੱਤ, ਤੇਰਾ ਨਾਂ ਨਾ ਪਛਾਣਾਂਗੇ ਤਾਂ ਹੋਰ ਕੀਹਦਾ ਪਛਾਣਨਾ?'

ਅੱਜ ਉਨ੍ਹਾਂ ਪਿਆਰ ਭਰੀਆਂ ਗੱਲਾਂ ਤੋਂ ਸੱਖਣਾ ਰੋਹੀ ਖੜ੍ਹੇ ਰੁੱਖ ਵਾਂਗ ਖੁਦ ਨੂੰ 'ਕੱਲਾ-'ਕੱਲਾ ਮਹਿਸੂਸ ਕਰਦਾ ਹਾਂ। ਉਹ ਵੀ ਨਾਲ ਲੈ ਕੇ ਨਹੀਂ ਗਏ, ਪਰ ਮੇਰੇ ਪੱਲੇ ਰਿਹਾ ਵੀ ਕੁਝ ਨਹੀਂ। ਫਿਰ ਵੀ ਜ਼ਿੰਦਗੀ ਜਿਊਣੀ ਜ਼ਰੂਰੀ ਹੈ। ਬਾਪ ਨਹੀਂ ਰਿਹਾ ਤਾਂ ਸਾਰਾ ਧਿਆਨ ਪਰਿਵਾਰ ਦੇ ਬਾਕੀ ਮੈਂਬਰਾਂ ਵੱਲ ਹੈ। ਉਨ੍ਹਾਂ ਦੀ ਤੰਦਰੁਸਤੀ ਤੇ ਲੋੜਾਂ ਲਈ ਕੰਮ ਕਰਦਾ ਹਾਂ, ਬਾਹਰ-ਅੰਦਰ ਦੇ ਕੰਮਾਂ ਲਈ ਵੀ ਜਾਂਦਾ ਹਾਂ, ਪਰ ਪਿਤਾ ਦੇ ਆਸਰੇ ਬਿਨਾਂ ਏਸ ਕਦਰ ਟੁੱਟ ਚੁੱਕਾਂ ਕਿ ਜੁੜਨ ਦੀ ਹੁਣ ਕੋਈ ਉਮੀਦ ਨਜ਼ਰ ਨਹੀਂ ਆਉਂਦੀ।

# ਅੰਗੂਰਾਂ ਦੀ ਖੰਡ

**ਮਿਨੀ ਕਹਾਣੀ**

**ਮੇਜਰ ਕੁਲਾਰ ਬੋਪਾਰਾਏ ਕਲਾਂ**

ਪਰਤਾਪੀ ਦੀ ਨੂੰਹ ਚਾਰ ਧੀਆਂ ਜੰਮ ਕੇ ਰੱਬ ਨੂੰ ਪਿਆਰੀ ਹੋ ਗਈ ਸੀ। ਹੁਣ ਚਾਰੇ ਪੋਤੀਆਂ ਪਰਤਾਪੀ ਪਾਲਦੀ ਸੀ। ਪਰਤਾਪੀ ਦਾ ਪੁੱਤ ਲੂਣ ਤੇਲ ਜੋਗਾ ਦਿਹਾੜੀ-ਦੱਪਾ ਕਰੀ ਜਾਂਦਾ, ਪੋਤੀਆਂ ਲੋਕਾਂ ਦੇ ਘਰਾਂ ਵਿਚ ਜਾ ਕੇ ਸਾਫ਼-ਸਫਾਈ ਦਾ ਕੰਮ ਕਰ ਆਉਂਦੀਆਂ। ਪਿਛਲੇ ਕਈ ਦਿਨਾਂ ਤੋਂ ਛੋਟੀ ਪੋਤੀ ਨੂੰ ਬੁਖਾਰ ਨੇ ਭੰਨ੍ਹ ਸੁੱਟਿਆ ਸੀ। ਡਾਕਟਰ ਨੂੰ ਕਈ ਵਾਰ ਸੁਨੇਹਾ ਘੱਲਿਆ ਕਿ ਪੋਤੀ ਨੂੰ ਦੇਖ ਕੇ ਦਵਾਈ ਦੇ ਜਾਵੇ ਪਰ ਉਹ ਵੀ ਅਜੇ ਤੱਕ ਨਹੀਂ ਆਇਆ ਸੀ। ਪੋਤੀ ਅੰਗੂਰਾਂ ਦੀ ਖੰਡ ਨੂੰ ਕਦੋਂ ਦੀ ਰੋ ਰਹੀ ਸੀ। ਪਰਤਾਪੀ ਭਾਨ ਇਕੱਠੀ ਕਰਦੀ ਖੱਲ-ਖੂੰਜਿਆਂ 'ਚ ਹੱਥ ਮਾਰ ਰਹੀ ਸੀ ਕਿ ਅੰਗੂਰਾਂ ਦੀ ਖੰਡ ਜੋਗੇ ਪੈਸੇ ਇਕੱਠੇ ਹੋ ਜਾਣ।

ਗੁਰਦੁਆਰੇ ਦਾ ਭਾਈ ਅਨਾਊਂਸਮੈਂਟ ਕਰ ਰਿਹਾ ਸੀ, "ਮਾਈ ਭਾਈ ਅੱਗੇ ਬੇਨਤੀ ਹੈ ਕਿ ਸੋਕੇ ਤੋਂ ਬਚਣ ਲਈ ਮੀਂਹ ਵਾਸਤੇ ਚੌਲਾਂ ਦਾ ਜੱਗ ਕਰਨਾ ਹੈ। ਸੋ, ਆਪਣੀ ਦਸਾਂ ਨਹੁੰਆਂ ਦੀ ਕਿਰਤ-ਕਮਾਈ ਵਿਚੋਂ ਦਸਵੰਧ ਕੱਢ ਕੇ ਗੁਰਦੁਆਰਾ ਸਾਹਿਬ ਪਹੁੰਚਦਾ ਕਰੋ ਜੀ।"

ਗਰਮੀ ਦੇ ਸਾੜੇ ਪਏ ਲੋਕ ਝੱਟ ਰਸਦਾਂ ਲੈ ਕੇ ਗੁਰਦੁਆਰੇ ਵੱਲ ਵਹੀਰਾਂ ਘੱਤ ਤੁਰੇ। ਕਿੱਕਰ ਦੀ ਵਿਰਲੀ ਜਿਹੀ ਛਾਂ ਥੱਲੇ ਪਰਤਾਪੀ ਆਪਣੀ ਪੋਤੀ ਦੇ ਮੱਥੇ 'ਤੇ ਗਿੱਲੀਆਂ ਪੱਟੀਆਂ ਰੱਖ ਰਹੀ ਸੀ। ਮੱਥੇ ਦਾ ਸੇਕ ਗਰਮ ਪਾਣੀ ਛੱਡਦਾ ਪੋਤੀ ਦੇ ਗਲ ਵਿਚ ਪੈ ਰਿਹਾ ਸੀ। ਰਾਹ ਜਾਂਦੇ ਕਿਸੇ ਮਾਈ, ਭਾਈ ਨੇ ਪਰਤਾਪੀ ਦੀ ਪੋਤੀ ਦਾ ਹਾਲ ਨਾ ਪੁੱਛਿਆ। ਰਸਦਾਂ ਦੀਆਂ ਥੈਲੀਆਂ ਫੜੀ ਕੋਲੋਂ ਲੰਘਦੇ ਗਏ।

ਮਾਈਆਂ ਨੇ ਗੁੱਡੀ ਫੂਕਣ ਦਾ ਆਪਣਾ ਵੱਖਰਾ ਪ੍ਰੋਗਰਾਮ ਉਲੀਕਿਆ ਹੋਇਆ ਸੀ। ਪਰਤਾਪੀ ਨੇ ਕੁਝ ਭਾਨ ਤੇ ਦੋ ਸੇਰ ਕਣਕ ਇਕ ਪੋਤੀ ਦੀ ਝੋਲੀ ਪਾ ਕੇ ਅੰਗੂਰਾਂ ਦੀ ਖੰਡ ਲਿਆਉਣ ਵਾਸਤੇ ਹੱਟੀ ਵੱਲ ਤੋਰ ਦਿੱਤਾ। ਆਪ ਬਿਮਾਰ ਪੋਤੀ ਨੂੰ ਦਿਲਾਸਾ ਦਿੰਦੀ ਅੰਗੂਰਾਂ ਦੀ ਖੰਡ ਉਡੀਕਣ ਲੱਗੀ। ਪੋਤੀ ਅੰਗੂਰਾਂ ਦੀ ਖੰਡ ਵਾਲੀ ਛੋਟੀ ਜਿਹੀ ਡੱਬੀ ਲੈ ਕੇ ਮੁੜੀ ਤਾਂ ਪਿਛਿਉਂ ਕੁੱਤਾ ਪੈ ਗਿਆ। ਡੱਬੀ ਹੱਥੋਂ ਡਿੱਗ ਪਈ ਤੇ ਕੁੱਤੇ ਨੇ ਖੰਡ ਚੱਟਣੀ ਸ਼ੁਰੂ ਕਰ ਦਿੱਤੀ। ਖਾਲੀ ਹੱਥ ਮੁੜੀ ਦੇਖ ਕੇ ਪਰਤਾਪੀ ਤੇ ਬਿਮਾਰ ਪੋਤੀ ਬਿਨਾਂ ਬੋਲਿਆਂ ਕਾਫੀ ਸਵਾਲ ਪੁੱਛ ਗਈਆਂ। ਪਰਤਾਪੀ ਬੋਲੀ, "ਪੁੱਤ ਜਦੋਂ ਗਰੀਬਾਂ ਦਾ ਰੱਬ ਨਹੀਂ ਹੁੰਦਾ ਤਾਂ ਆਹ ਕਤੀੜ੍ਹ ਕਦੋਂ ਗਰੀਬਾਂ ਦੀ ਹੋਈ। ਤੇਰੇ ਬਾਪੂ ਆਏ ਤੋਂ ਹੋਰ ਮੰਗਾ ਕੇ ਦੇਊਂਗੀ।" ਪੋਤੀ ਨੂੰ ਦਾਦੀ ਦਾ ਲਾਰਾ ਅਸਮਾਨ ਤੋਂ ਤਾਰਾ ਲਿਆਉਣ ਵਰਗਾ ਜਾਪਿਆ।

ਗੁਰਦੁਆਰੇ ਰਸਦਾਂ ਅਤੇ ਧਨ ਇਕੱਠਾ ਹੋਇਆ। ਚੌਲਾਂ ਦਾ ਜੱਗ ਸੰਪੂਰਨ ਹੋਇਆ। ਮਾਈਆਂ ਨੇ ਝੂਠੇ ਰੋਣੇ ਰੋ ਕੇ ਲੀਰਾਂ ਦੀ ਬਣਾਈ ਗੁੱਡੀ ਫੂਕ ਦਿੱਤੀ, ਪਰ ਮੀਂਹ ਦੀ ਕਣੀ ਨਾ ਡਿੱਗੀ। ਗੁੱਡੀਆਂ ਤਾਂ ਪਤਾ ਨਹੀਂ ਦਿਨ ਵਿਚ ਕਿੰਨੀਆਂ ਮਰਦੀਆਂ ਹਨ ਤੇ ਕਿੰਨੀਆਂ ਸਾੜੀਆਂ ਜਾਂਦੀਆਂ ਹਨ। ਜੇ ਮੀਂਹ ਇਸ ਤਰ੍ਹਾਂ ਪੈਣ ਲੱਗੇ ਤਾਂ ਲੋਕਾਂ ਨੂੰ ਮੀਂਹ ਹਟਾਉਣ ਦੇ ਜੱਗ ਕਰਨੇ ਪੈਣ। ਪਰਤਾਪੀ ਦੀ ਪੋਤੀ ਬੋਲੀ, "ਦਾਦੀ ਮਾਂ ਜੇ ਮੈਂ ਮਰ ਜਾਵਾਂ, ਮੈਨੂੰ ਫੂਕ ਦਿਓ। ਫਿਰ ਦੇਖਿਉ, ਆਪਣੇ ਘਰ ਕਣਕ ਤੇ ਚੌਲਾਂ ਦਾ ਕਿੰਨਾ ਮੀਂਹ ਪਊਗਾ। ਆਪਣਾ ਸਾਰਾ ਘਰ ਇਸ ਮੀਂਹ ਨਾਲ ਭਰ ਜਾਊਗਾ।"

ਪਰਤਾਪੀ ਨੇ ਪੋਤੀ ਦੇ ਮੂੰਹ 'ਤੇ ਹੱਥ ਰੱਖ ਦਿੱਤਾ ਕਿ ਇੰਜ ਨਾ ਬੋਲ ਪਰ ਜਦ ਪੋਤੀ ਵੱਲ ਦੇਖਿਆ ਤਾਂ ਉਹ ਮੌਤ ਨਾਲ ਜਾ ਚੁਕੀ ਸੀ।

ਬਾਹਰ ਅਸਮਾਨ 'ਤੇ ਇਕਦਮ ਕਾਲੇ ਬਦਲ ਛਾ ਗਏ। ਅੰਗੂਰਾਂ ਦੀ ਖੰਡ ਨੂੰ ਤਰਸਦੀ ਪੋਤੀ ਅੱਗ ਦੀ ਭੇਟ ਚੜ੍ਹ ਗਈ। ਮੋਟੀ ਕਣੀ ਦੇ ਮੀਂਹ ਨੇ ਪਲਾਂ 'ਚ ਜਲ-ਥਲ ਕਰ ਦਿੱਤੀ। ਲੋਕਾਂ ਨੇ ਰਸਦਾਂ ਨਾਲ ਪਰਤਾਪੀ ਦਾ ਘਰ ਭਰ ਦਿੱਤਾ। ਘਰ 'ਚ ਅੰਗੂਰਾਂ ਦੀ ਖੰਡ ਦੀਆਂ ਕਈ ਡੱਬੀਆਂ ਆ ਗਈਆਂ ਸਨ।

# ਧੀਆਂ

ਕੁੱਖਾਂ ਵਿਚ ਧੀਆਂ ਮਾਰਦੇ,
ਪਰ ਮਾਰਦੇ ਕਿਓਂ ਹਨ ਲੋਕ?
ਜਰਾ ਕੁ ਗੱਲ ਵਿਚਾਰ ਕੇ,
ਕਰਕੇ ਖਿਆਲ ਦੇਖੋ!

ਕਿਵੇਂ ਧੀਆਂ ਹਨ ਪਾਲ਼ਦੇ,
ਫਿਕਰਾਂ ਵਿਚ ਡੁੱਬੇ ਰਾਤ ਦਿਨ।
ਬਚਾਉਂਦੇ ਬੋਟਾਂ ਵਾਂਗ ਹਨ,
ਕਰਦੇ ਸੰਭਾਲ ਦੇਖੋ!

ਗ਼ਰੀਬ ਕਿਸੇ ਹੈ ਧੀ ਦੀ,
ਜਦ ਪੱਤ ਸ਼ਰ੍ਹੇਆਮ ਲੁੱਟਦੀ।
ਖ਼ੁਦਕੁਸ਼ੀਆਂ ਕਰ ਲੈਂਦੀਆਂ,
ਹੋਇਆ ਇਹ ਹਾਲ ਦੇਖੋ!

ਕਾਕੇ ਜੋ ਵਡੇ ਘਰਾਂ ਦੇ,
ਨਾ ਡਰ ਉਨ੍ਹਾਂ ਦੇ ਦਿਲਾਂ ਵਿਚ।
ਹਰ ਥਾਂ 'ਤੇ ਕੁੜੀਆਂ ਛੇੜਦੇ,
ਐਨੀ ਮਜਾਲ ਦੇਖੋ!

ਕਿਸੇ ਗ਼ਰੀਬ ਦੇ ਵਸ ਨਾ,
ਅੱਜ ਵਿਆਹ ਰਚਾਣਾ ਧੀ ਦਾ।
ਲੱਖਾਂ ਦਾ ਹੁੰਦਾ ਖਰਚ ਹੈ,
ਹੋ ਗਈ ਕਮਾਲ ਦੇਖੋ!

ਬਹੂਆਂ ਨੂੰ ਦਿੰਦੇ ਮਾਰ ਨੇ,
ਅਜ-ਕਲ੍ਹ ਜੋ ਲੋਭੀ ਦਾਜ ਦੇ।
ਜਾਂ ਮਾਰ ਕੇ ਤਾਨ੍ਹੇ ਰੋਜ਼ ਹਨ,
ਕਰਦੇ ਹਲਾਲ ਦੇਖੋ!

ਰਾਖੇ ਜੋ ਮੇਰੇ ਦੇਸ਼ ਦੇ,
ਕਰਦੇ ਨੇ ਹੁਣ ਬਦਫੈਲੀਆਂ।
ਉਨ੍ਹਾਂ ਤੋਂ ਹੈ ਇਨਸਾਫ਼ ਦੀ,
ਕਰੀਏ ਕੀ ਭਾਲ ਦੇਖੋ!

ਨਾ ਚਾਹੁੰਦੇ ਵੀ ਲੋਕ ਤਾਂ,
ਹੋ ਕੇ ਹਨ ਦੁਖੀ ਹਾਲਾਤ ਤੋਂ।
ਕੁੱਖਾਂ ਵਿਚ ਧੀਆਂ ਮਾਰਦੇ,
ਬਣਦੇ ਨੇ ਕਾਲ਼ ਦੇਖੋ!

ਆਵੋ! ਹੱਲ ਕੋਈ ਲੱਭੀਏ,
ਲੱਗਿਆ ਜੋ ਕੋਹੜ ਸਮਾਜ ਨੂੰ।
ਅੱਜ ਬੁੱਧੀਜੀਵੀਆਂ ਸਾਮ੍ਹਣੇ,
ਹੈ ਖੜ੍ਹਾ ਸਵਾਲ ਦੇਖੋ!

*-ਰਾਠੇਸ਼ਵਰ ਸਿੰਘ ਸੂਰਾਪੁਰੀ*
*ਫੋਨ:( 916)-969-9337*

# ਸ਼ਾਹਕਾਰ ਕਹਾਣੀ 'ਨਿੱਕੀ ਬੂਟੀ ਦਾ ਸੂਟ'

ਪੰਜਾਬ ਟਾਈਮਜ਼ ਦੇ 15 ਸਤੰਬਰ ਦੇ ਅੰਕ ਵਿਚ ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਨਿੱਕੀ ਬੂਟੀ ਦਾ ਸੂਟ' ਪੜ੍ਹੀ। ਇਹ ਕਹਾਣੀ ਆਪਣੇ ਆਪ ਵਿਚ ਇਕ ਸ਼ਾਹਕਾਰ ਹੈ। ਸ਼ੁਰੂ ਤੋਂ ਲੈ ਕੇ ਅਖੀਰ ਤੱਕ ਕਹਾਣੀ ਇਸ ਤਰ੍ਹਾਂ ਚਲਦੀ ਹੈ ਜਿਵੇਂ ਅਸੀਂ ਮੁੱਖ ਪਾਤਰ ਦੇ ਕਿਤੇ ਨੇੜੇ ਤੇੜੇ ਹੀ ਵਿਚਰ ਰਹੀਏ ਹੋਈਏ। ਭਾਵੇਂ ਕਹਾਣੀ ਦਾ ਪਿਛੋਕੜ ਪੰਜਾਬ ਦਾ ਹੈ ਪਰ ਮੈਨੂੰ ਲੱਗਦਾ ਹੈ ਅਜਿਹਾ ਵਰਤਾਰਾ ਥੋੜ੍ਹੇ ਬਹੁਤ ਫਰਕ ਨਾਲ ਹਰ ਥਾਂ, ਹਰ ਮੁਲਕ ਵਿਚ ਵੀ ਹੋ ਸਕਦਾ ਹੈ। ਇਸ ਕਹਾਣੀ ਰਾਹੀਂ ਮੇਰੀ ਤਾਂ ਪੰਜਾਬ ਦੀ ਫੇਰੀ ਲੱਗ ਗਈ। ਉਂਜ ਦਿਲ ਕੀਤਾ ਉਡ ਕੇ ਪੰਜਾਬ ਪਹੁੰਚ ਜਾਵਾਂ ਅਤੇ ਉਹ ਸਾਰਾ ਕੁਝ ਕਰਾਂ ਜਿਸ ਦਾ ਕਹਾਣੀ ਵਿਚ ਜ਼ਿਕਰ ਹੈ। ਪਰ ਕੰਮਾਂ-ਕਾਰਾਂ ਵਿਚ ਇੰਨੀ ਵਿਹਲ ਕਿਥੇ? ਪਤਾ ਨਹੀਂ 'ਲੰਮੀ ਛੁੱਟੀ' ਕਦੋਂ ਮਿਲੇਗੀ। ਅਜਿਹੀ ਵਧੀਆ ਕਹਾਣੀ ਲਿਖਣ ਲਈ ਭੁੱਲਰ ਸਾਹਿਬ ਅਤੇ ਪਾਠਕਾਂ ਤੱਕ ਪਹੁੰਚਾਉਣ ਲਈ ਪੰਜਾਬ ਟਾਈਮਜ਼ ਦਾ ਧੰਨਵਾਦ।

*-ਇੰਦਰਜੀਤ ਮੰਗਾ*
*ਪਿਟਸਬਰਗ, ਕੈਲੀਫੋਰਨੀਆ।*

# ਨੇੜਿਓਂ ਡਿੱਠੇ ਸੋਹਣ ਸਿੰਘ 'ਸੀਤਲ'

*(ਸਫਾ 34 ਦੀ ਬਾਕੀ)*

ਗੁਰੂਘਰ ਦੇ ਪ੍ਰਚਾਰਕ ਨੂੰ ਅਹੰਕਾਰ ਭਾਵ ਵਿਚੋਂ ਬਾਹਰ ਕੱਢਣ ਦਾ ਯਤਨ ਕਰਨਾ ਸੀ।

ਇਹ ਢਾਡੀ ਕਲਾ ਦਾ ਪਿਤਾਮਾ, ਪੈਗੰਬਰ, ਬਾਦਸ਼ਾਹ ਅਤੇ ਚਿੰਤਕ 23 ਸਤੰਬਰ 1998 ਨੂੰ ਸੰਸਾਰ ਨੂੰ ਅਲਵਿਦਾ ਕਹਿ ਗਿਆ। 2 ਅਕਤੂਬਰ 1998 ਨੂੰ ਉਨ੍ਹਾਂ ਦੀ ਅੰਤਿਮ ਅਰਦਾਸ ਸੀ ਪਰ ਕੋਈ ਵੀ ਵੱਡਾ ਧਾਰਮਿਕ ਜਾਂ ਰਾਜਨੀਤਕ ਲੀਡਰ ਸ਼ਾਮਲ ਨਾ ਹੋਇਆ।

ਸੀਤਲ ਆਪਣੀ ਢਾਡੀ ਕਲਾ ਅਤੇ ਆਪਣੀਆਂ ਮਹਾਨ ਲਿਖਤਾਂ ਸਦਕਾ ਆਪਣੇ ਪ੍ਰਸ਼ੰਸਕਾਂ ਦੇ ਦਿਲਾਂ ਵਿਚ ਸਦਾ ਜ਼ਿੰਦਾ ਰਹਿਣਗੇ। ਜੇ ਅਸੀਂ ਆਪਣੇ ਸਮਾਜ ਨੂੰ, ਆਪਣੀ ਹੁਣ ਵਾਲੀ ਨਸਲ ਨੂੰ ਨਸ਼ਿਆਂ ਅਤੇ ਅਸ਼ਲੀਲਤਾ ਤੋਂ ਬਚਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਢਾਡੀ ਕਲਾ ਨੂੰ ਮੁੜ ਸੁਰਜੀਤ ਕਰਨਾ ਪਵੇਗਾ। ਸ਼੍ਰੋਮਣੀ ਕਮੇਟੀ ਨੂੰ ਯੋਗ ਢਾਡੀਆਂ ਦੀ ਸਰਪ੍ਰਸਤੀ ਕਰਨੀ ਚਾਹੀਦੀ ਹੈ। ਹੋਰ ਨਾਮਵਰ ਧਾਰਮਿਕ ਸੰਸਥਾਵਾਂ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ। ਨਹੀਂ ਤਾਂ ਅੱਜ ਗੀਤਕਾਰਾਂ ਅਤੇ ਗਾਇਕਾਂ ਨੇ ਸਾਡੇ ਹਰ ਮੁੰਡੇ ਨੂੰ ਰਾਂਝਾ ਅਤੇ ਸਾਡੀ ਹਰ ਲੜਕੀ ਨੂੰ ਹੀਰ ਬਣਾ ਕੇ ਰੱਖ ਦਿੱਤਾ ਹੈ। ਲੰਡਰਪੁਣੇ ਤੋਂ ਸਿਵਾ ਇਨ੍ਹਾਂ ਨੂੰ ਹੋਰ ਕੋਈ ਗੱਲ ਹੀ ਨਹੀਂ ਸੁੱਝਦੀ। ਹੁਣ ਸਿੱਖ ਕਲਚਰ ਅਤੇ ਪੰਜਾਬ ਦੇ ਅਸਲ ਕਲਚਰ ਦੀ ਗੱਲ ਕਰਨੀ ਹੋਵੇਗੀ। ਸੀਤਲ ਆਪਣੀ ਸਫ਼ਲ ਜ਼ਿੰਦਗੀ ਜੀ ਕੇ ਇਸ ਦੁਨੀਆਂ ਵਿਚ ਅੱਜ ਵੀ ਆਪਣੀਆਂ ਲਿਖਤਾਂ ਰਾਹੀਂ ਜ਼ਿੰਦਾ ਹਨ।

ਆਉਣਾ ਸਫ਼ਲ ਉਨ੍ਹਾਂ ਦਾ
ਦੁਨੀਆ ਦੇ ਵਿਚ 'ਸੀਤਲ'।
ਜਿਹੜੇ ਤੁਰਦੇ ਇੱਥੋਂ
ਆਪਣਾ ਜਨਮ ਸਵਾਰ ਕੇ।

## ਕਹਾਣੀ

# ਘੋਟਣਾ

**ਮੋਹਨ ਭੰਡਾਰੀ**
ਫੋਨ:91-97797-93208

*ਕਹਾਣੀਕਾਰ ਮੋਹਨ ਭੰਡਾਰੀ ਨੇ ਬੜੀਆਂ ਖੂਬਸੂਰਤ ਕਹਾਣੀਆਂ ਪਾਈਆਂ ਹਨ। ਇਨ੍ਹਾਂ ਵਿਚ ਪਿੰਡ ਆਪਣੀ ਬਾਕਾਇਦਾ ਹਾਜ਼ਰੀ ਲੁਆਉਂਦਾ ਹੈ। ਮਿੱਟੀ ਜਾਇਆਂ ਦੀ ਮਿਹਨਤ ਅਤੇ ਮੁਸ਼ੱਕਤ, ਬਲਦਾਂ ਦੇ ਗਲੀਂ ਪਾਈਆਂ ਟੱਲੀਆਂ ਵਾਂਗ ਖੜਕਦੀ ਹੈ। ਉਹਦੀ ਇਕ ਕਨਦਾਰ ਰਚਨਾ 'ਘੋਟਣਾ' ਵਿਚ ਬਾਬੇ ਨਾਨਕ ਦਾ ਕਿਰਤ ਦਾ ਸੰਕਲਪ ਲੁਕਿਆ ਪਿਆ ਹੈ। ਬਹੁਤ ਸਾਧਾਰਨ ਜਿਹੀ ਗੱਲ ਹੈ, ਪਿੰਡ ਦਾ ਕਿਰਤੀ ਆਪਣੇ ਜਵਾਈ ਕੋਲ ਸ਼ਹਿਰ ਗਿਆ ਹੋਇਆ ਹੈ। ਉਥੇ ਉਹਦੀ ਵੱਡੀ ਫੈਕਟਰੀ ਵਿਚ ਕਾਮਿਆਂ ਦੀ ਨਿਗਰਾਨੀ ਕਰਦਾ ਹੈ, ਪਰ ਉਹ ਇਸ ਗੱਲ ਤੋਂ ਔਖਾ ਬਹੁਤ ਹੈ ਕਿ ਕੰਮ ਕਰਦਿਆਂ ਦੀ ਨਿਗਰਾਨੀ ਕਰਨਾ ਵੀ ਕੋਈ ਕੰਮ ਹੋਇਆ? ਹੱਥੀਂ ਕਾਰ ਕਰਨ ਵਾਲੇ ਦੇ ਦਿਲ ਵਿਚ ਇਉਂ ਵਿਹਲੇ ਰਹਿਣ ਦਾ ਵਲ ਜਿਹਾ ਪੈ ਜਾਂਦਾ ਹੈ ਅਤੇ ਉਹ ਬਹੁਤ ਡੂੰਘੀ ਉਦਾਸੀ ਵਿਚ ਘਿਰ ਜਾਂਦਾ ਹੈ। ਉਸ ਦੀ ਬੰਦਖਲਾਸੀ ਉਦੋਂ ਹੀ ਹੁੰਦੀ ਹੈ ਜਦੋਂ ਉਹਦੇ ਹੱਥ ਆਪਣੇ ਸੰਦ ਆ ਜਾਂਦੇ ਹਨ। ਇਸ ਸਾਧਾਰਨ ਜਿਹੀ ਗੱਲ 'ਤੇ ਬੁਣੀ ਇਸ ਅਸਾਧਾਰਨ ਕਹਾਣੀ ਦਾ ਸੁਨੇਹਾ ਅੱਜ ਲਈ ਬਹੁਤ ਵੱਡਾ ਹੈ ਜਦੋਂ ਅਸੀਂ ਹੱਥੀਂ ਕਾਰ ਨਾ ਕਰਨ ਨੂੰ ਟੌਹਰ ਸਮਝਣ ਦੀ ਖਤਾ ਕਰ ਚੁੱਕੇ ਹਾਂ। -ਸੰਪਾਦਕ*

ਕਿਸ਼ਨਾ ਤਰਖਾਣ ਉਸ ਦਿਨ ਬਹੁਤ ਉਦਾਸ ਸੀ। ਬਹੁਤ ਉਦਾਸ! ਉਹਦਾ ਦਿਲ ਕਰਦਾ ਸੀ ਕਿ ਜੀਅ ਭਰ ਕੇ ਰੋਵੇ। ਬੱਸ ਰੋਈ ਜਾਵੇ! ਰੋਈ ਜਾਵੇ!

ਉਸ ਦਿਨ ਛੁੱਟੀ ਸੀ। ਕਿਸ਼ਨਾ ਤਰਖਾਣ ਤੇ ਉਹਦਾ ਜੁਆਈ ਬੈਠੇ ਗ਼ਮ ਗ਼ਲਤ ਕਰ ਰਹੇ ਸਨ। ਤੜਕੇ ਤੋਂ ਹੀ ਉਹ ਪੀ ਰਹੇ ਸਨ ਪਰ ਸ਼ਰਾਬ ਉਨ੍ਹਾਂ ਨੂੰ ਚੜ੍ਹ ਨਹੀਂ ਸੀ ਰਹੀ। ਤੇ ਕਿਸ਼ਨਾ ਤਰਖਾਣ ਚੁੱਪ-ਚਾਪ ਉਠ ਕੇ ਬਾਹਰ ਨੂੰ ਤੁਰ ਪਿਆ ਸੀ। ਉਹਦੇ ਜੁਆਈ ਨੇ ਉਹਨੂੰ ਰੋਕਿਆ ਨਾ। ਉਹ ਜਾਣਦਾ ਸੀ ਕਿ ਕਿਸ਼ਨਾ ਏਦਾਂ ਰੁਕਣ ਵਾਲਾ ਨਹੀਂ। ਉਹ ਸਿੱਧਾ ਠੇਕੇ ਜਾਵੇਗਾ। ਹੋਰ ਬੋਤਲ ਲੈ ਕੇ ਆਵੇਗਾ। ਅੱਗੇ ਵੀ ਤਾਂ ਉਹ ਇਸੇ ਤਰ੍ਹਾਂ ਕਰਦਾ ਹੁੰਦਾ ਸੀ। ਜਦੋਂ ਉਨ੍ਹਾਂ ਨੂੰ ਸ਼ਰਾਬ ਨਹੀਂ ਸੀ ਚੜ੍ਹਦੀ ਹੁੰਦੀ, ਕਿਸ਼ਨਾ ਮਲਕੜੇ ਉਠ ਜਾਂਦਾ। ਹੋਰ ਬੋਤਲ ਆ ਜਾਂਦੀ। ਉਹ ਦੋਵੇਂ ਗਈ ਰਾਤ ਤਕ ਪੀਂਦੇ ਰਹਿੰਦੇ। ਤੇ ਇੰਜ ਛੁੱਟੀ ਬੀਤ ਜਾਂਦੀ।

ਕਿਸ਼ਨੇ ਦਾ ਜੁਆਈ ਉਹਨੂੰ ਉਡੀਕਦਾ-ਉਡੀਕਦਾ ਮੰਜੇ 'ਤੇ ਪੈ ਗਿਆ। ਉਹ ਅਜੇ ਤਕ ਸ਼ਰਾਬ ਲੈ ਕੇ ਨਹੀਂ ਸੀ ਮੁੜਿਆ।

ਤੇ ਉਸ ਦਿਨ ਕਿਸ਼ਨਾ ਬਹੁਤ ਉਦਾਸ ਸੀ। ਉਹ ਆਪਣੀ ਸਾਰੀ ਜ਼ਿੰਦਗੀ 'ਚ ਐਨਾ ਉਦਾਸ ਕਦੇ ਨਹੀਂ ਸੀ ਹੋਇਆ। ਉਹਨੂੰ ਲੱਗਿਆ ਜਿਵੇਂ ਉਹਦੇ ਅੰਦਰ ਕੋਈ ਫੋੜਾ ਰਿਸ ਰਿਹਾ ਹੋਵੇ। ਕੋਈ ਖਲਾਅ ਜਿਹਾ ਪੈ ਗਿਆ ਹੋਵੇ। ਉਹਦੇ ਜੁਆਈ ਕੋਲ ਐਨਾ ਧਨ ਸੀ ਕਿ ਉਹ ਦੁਨੀਆਂ 'ਚ ਬਣੀ ਹਰ ਐਸ਼ ਦੇਣ ਵਾਲੀ ਚੀਜ਼ ਖਰੀਦ ਸਕਦਾ ਸੀ ਪਰ ਉਹ ਉਹਦੇ ਵਾਸਤੇ ਪਲ ਭਰ ਦਾ ਚੈਨ ਨਹੀਂ ਖਰੀਦ ਸਕਿਆ।

ਉਹਦਾ ਜੁਆਈ ਹੈਰਾਨ ਸੀ। ਉਹਦੀ ਧੀ ਪਰੇਸ਼ਾਨ ਸੀ। ਤੇ ਕਿਸ਼ਨਾ ਤਰਖਾਣ ਉਸ ਦਿਨ ਬਹੁਤ ਉਦਾਸ ਸੀ। ਬਹੁਤ ਉਦਾਸ। ਉਹਦਾ ਦਿਲ ਕਰਦਾ ਸੀ ਕਿ ਜੀ ਭਰ ਕੇ ਰੋਵੇ। ਬੱਸ ਰੋਈ ਜਾਵੇ! ਰੋਈ ਜਾਵੇ! ਉਹਨੂੰ ਆਪਣਾ ਪੁੱਤਰ ਯਾਦ ਆਇਆ। ਉਹਨੂੰ ਆਪਣੀ ਘਰਵਾਲੀ ਯਾਦ ਆਈ। ਅੱਜ ਤੋਂ ਪੰਜ ਵਰ੍ਹੇ ਪਹਿਲਾਂ ਦੀ ਗੱਲ ਹੈ, ਉਹਦੇ ਘਰਵਾਲੀ ਮਰ ਗਈ ਸੀ। ਉਹਦਾ ਇੱਕੋ-ਇੱਕ ਪੁੱਤ ਤਾਂ ਨਿਆਣਾ ਹੁੰਦਾ ਹੀ ਚੱਲ ਵਸਿਆ ਸੀ।

ਹੋਰ ਉਹਦਾ ਏਸ ਲੰਮੀ-ਚੌੜੀ ਦੁਨੀਆਂ 'ਚ ਕੌਣ ਸੀ? ਬੱਸ ਇੱਕ ਧੀ ਰਹਿ ਗਈ ਸੀ, ਜੁਆਈ ਰਹਿ ਗਿਆ ਸੀ। ਅਖੀਰ ਉਹਦਾ ਜੁਆਈ ਉਹਨੂੰ ਸ਼ਹਿਰ ਲੈ ਆਇਆ ਸੀ। ਨਵੇਂ-ਨਵੇਂ ਕੱਪੜੇ ਪੁਆ ਕੇ। ਨਵਾਂ-ਨਵਾਂ ਸ਼ਹਿਰ ਸੀ। ਗਹਿਮਾ-ਗਹਿਮ ਕਰਦਾ ਸ਼ਹਿਰ। ਜਿੱਥੇ ਬਿਜਲੀ ਦੇ ਲਾਟੂ ਉਹਦੀਆਂ ਅੱਖਾਂ 'ਚ ਵੜਦੇ ਜਾਂਦੇ ਸਨ। ਜਿੱਥੇ ਪਿੰਡਾਂ ਵਰਗੀ ਸ਼ਾਂਤੀ ਨਹੀਂ ਸੀ। ਜਿੱਥੇ ਪਿੰਡਾਂ ਜਿਹਾ ਠਰ੍ਹੰਮਾ ਨਹੀਂ ਸੀ। ਜਿੱਥੇ ਲੋਕੀਂ ਹਰਲ-ਹਰਲ ਕਰਦੇ ਫਿਰਦੇ ਸਨ। ਹਫੇ-ਹਫ਼ੇ। ਘਬਰਾਏ ਹੋਏ। ਜਿਵੇਂ ਕਿਤੇ ਅੱਗ ਲੱਗ ਗਈ ਹੋਵੇ।

ਨਵੇਂ-ਨਵੇਂ ਕੱਪੜੇ ਜਿਨ੍ਹਾਂ ਦੀ ਡੁੱਸ ਹਾਲਾਂ ਨਹੀਂ ਸੀ ਫੁੱਟੀ, ਉਹਨੇ ਗਲ ਪਾਏ ਹੋਏ ਸਨ। ਉਨ੍ਹਾਂ ਦੀ ਖੜ-ਖੜ ਉਹਨੂੰ ਮਹਿਸੂਸ ਹੋ ਰਹੀ ਸੀ। ਰੜਕਵੀਂ ਖੜ-ਖੜ ਜਿਵੇਂ ਕੋਈ ਉਹਦੇ ਸਿਰ 'ਚ ਵਦਾਣ ਮਾਰ ਰਿਹਾ ਹੋਵੇ। ਉਹਨੂੰ ਮਹਿਸੂਸ ਹੋ ਰਿਹਾ ਸੀ, ਜਿਵੇਂ ਉਹਦੇ ਗਲ ਪਏ ਨਵੇਂ-ਨਵੇਂ ਕੱਪੜੇ ਹੁਣੇ ਸੜਕ 'ਤੇ ਡਿੱਗ ਪੈਣਗੇ। ਤੇ ਉਹ ਲੋਕਾਂ ਸਾਹਮਣੇ ਨੰਗਾ ਹੋ ਜਾਵੇਗਾ। ਉਹ ਲੜਖੜਾ ਗਿਆ। ਉਹ ਸਿਰ ਤੋਂ ਲੈ ਕੇ ਪੈਰਾਂ ਤਕ ਪਸੀਨੇ ਨਾਲ ਗੱਚ ਹੋ ਗਿਆ। ਪਸੀਨਾ ਉਹਦੀਆਂ ਲੱਤਾਂ ਤੋਂ ਤਤੀਰੀਆਂ ਬੰਨ੍ਹ ਕੇ ਵਹਿ ਤੁਰਿਆ।

ਐਡੇ ਵੱਡੇ ਸ਼ਹਿਰ 'ਚ ਬੀਤਿਆ ਇਹ ਪਹਿਲਾ ਦਿਨ ਉਹਨੂੰ ਕਦੇ ਨਹੀਂ ਭੁੱਲ ਸਕਦਾ। ਪਰ ਸ਼ਹਿਰ 'ਚ ਰਹਿੰਦਿਆਂ ਹੁਣ ਉਹਨੂੰ ਪੰਜ ਸਾਲ ਹੋ ਚੱਲੇ ਸਨ। ਇਨ੍ਹਾਂ ਪੰਜਾਂ ਸਾਲਾਂ 'ਚ ਉਹਨੇ ਆਪਣੇ ਜੁਆਈ ਦਾ ਦਿਲ ਜਿੱਤ ਲਿਆ ਸੀ। ਸਾਰੇ ਕਾਰਖਾਨੇ ਦਾ ਕੰਮ ਉਹ ਇਕੱਲਾ ਸੰਭਾਲਦਾ ਸੀ। ਹੁਣ ਤਕ ਉਹਨੇ ਜਿੰਨੇ ਵੀ ਸੌਦੇ ਕੀਤੇ ਸਨ, ਕਦੇ ਘਾਟਾ ਨਹੀਂ ਸੀ ਪਿਆ।

ਉਹਦੇ ਹੱਥ ਜੱਸ ਸੀ। ਇਹ ਗੱਲ ਉਹਦੀ ਧੀ ਕਹਿੰਦੀ ਸੀ, ਉਹਦਾ ਜੁਆਈ ਕਹਿੰਦਾ ਸੀ।

ਗੱਲ ਕੀ ਸੌਦੇਬਾਜ਼ੀ 'ਚ ਉਹ ਵੱਡਿਆਂ-ਵੱਡਿਆਂ ਨੂੰ ਮਾਤ ਪਾ ਜਾਂਦਾ ਸੀ। ਇਸੇ ਕਰ ਕੇ ਉਹਦਾ ਜੁਆਈ ਉਹਨੂੰ ਛੱਡਣਾ ਨਹੀਂ ਸੀ ਚਾਹੁੰਦਾ। ਵਪਾਰ 'ਚ ਕਈ ਤਰ੍ਹਾਂ ਦੇ ਭੇਤ ਹੁੰਦੇ ਹਨ ਜੋ ਹਰ ਕਿਸੇ ਨੂੰ ਦੱਸੇ ਨਹੀਂ ਜਾ ਸਕਦੇ। ਫੇਰ ਕਿਸ਼ਨਾ ਤਾਂ ਉਹਦਾ ਸਹੁਰਾ ਸੀ। ਉਹ ਆਪਣੇ ਜੁਆਈ ਦਾ ਬੁਰਾ ਕਿੱਦਾਂ ਸੋਚ ਸਕਦਾ ਸੀ। ਇਸੇ ਕਰ ਕੇ ਉਹ ਉਹਨੂੰ ਹਰ ਤਰੀਕੇ ਨਾਲ ਖ਼ੁਸ਼ ਰੱਖਣ ਦੀ ਕੋਸ਼ਿਸ਼ ਕਰਦਾ। ਗੱਲੇ 'ਚੋਂ ਪੈਸੇ ਕੱਢਣ ਲੱਗਿਆਂ ਉਹਦਾ ਹੱਥ ਨਾ ਫੜਦਾ। ਉਹਨੂੰ ਕਿਸੇ ਗੱਲ 'ਤੇ ਟੋਕਦਾ ਨਾ। ਦੁਨੀਆਂ ਦੀ ਹਰ ਐਸ਼ ਜੋ ਪੈਸੇ ਨਾਲ ਖਰੀਦੀ ਜਾ ਸਕਦੀ ਹੈ, ਉਹ ਉਹਨੂੰ ਦੇ ਸਕਦਾ ਸੀ ਪਰ ਜ਼ਿੰਦਗੀ ਦੀ ਤਸੱਲੀ, ਜ਼ਿੰਦਗੀ ਦਾ ਚੈਨ ਉਹ ਉਹਨੂੰ ਕਿੱਥੋਂ ਲਿਆ ਕੇ ਦਿੰਦਾ। ਜ਼ਿੰਦਗੀ ਦੀ ਤਸੱਲੀ, ਜ਼ਿੰਦਗੀ ਦਾ ਚੈਨ, ਜੀਹਦਾ ਕੋਈ ਮੁੱਲ ਨਹੀਂ। ਜੀਹਨੂੰ ਪੈਸਾ ਖਰੀਦ ਨਹੀਂ ਸੀ ਸਕਦਾ! ਉਹ ਉਹਨੂੰ ਦੇਣੋਂ ਅਸਮਰੱਥ ਸੀ। ਸ਼ਾਇਦ ਪਲ ਭਰ ਦਾ ਚੈਨ ਤਾਂ ਉਹਦੀ ਆਪਣੀ ਜ਼ਿੰਦਗੀ 'ਚ ਵੀ ਨਹੀਂ ਸੀ। ਤੇ ਉਂਜ ਉਹ ਸ਼ਹਿਰ ਦਾ ਸਭ ਤੋਂ ਵੱਡਾ ਕਾਰਖਾਨੇਦਾਰ ਸੀ। ਨੰਬਰ ਇੱਕ ਅਮੀਰ ਸੀ!

ਹਾਂ...! ਕਿਸ਼ਨਾ ਤਰਖਾਣ ਉਸ ਦਿਨ ਬਹੁਤ ਉਦਾਸ ਸੀ। ਬਹੁਤ ਉਦਾਸ। ਬੀਤੀ ਜ਼ਿੰਦਗੀ ਦਾ ਇੱਕ-ਇੱਕ ਪਲ, ਇੱਕ-ਇੱਕ ਘਟਨਾ ਉਹਨੂੰ ਯਾਦ ਆਉਣ ਲੱਗੀ।

ਪਿੰਡ ਉਹ ਘੋਟਣੇ ਬਣਾਉਂਦਾ ਹੁੰਦਾ ਸੀ। ਪਿੰਡ ਦੇ ਗੱਭੇ ਉਹਦਾ ਘਰ ਸੀ। ਘਰ ਮੂਹਰੇ ਛੋਟਾ ਜਿਹਾ ਵਿਹੜਾ। ਵਿਹੜੇ 'ਚ ਸੰਘਣਾ ਤੂਤ। ਤੂਤ ਦੀ ਠੰਢੀ-ਠੰਢੀ ਛਾਂ। ਤੇੜ ਖੱਦਰ ਦੀ ਸਾਫ਼ੀ ਪਾਈ ਢਿੱਡੋਂ ਤੇ ਪੈਰੋਂ ਨੰਗਾ, ਤੂਤ ਦੀ ਠੰਢੀ-ਠੰਢੀ ਛਾਂ 'ਚ ਬੈਠਾ ਉਹ ਘੋਟਣੇ ਬਣਾਈ ਜਾਂਦਾ। ਮੱਥੇ ਤੋਂ ਪਸੀਨਾ ਪੂੰਝਦਾ ਰਹਿੰਦਾ।

ਜੇ ਕੋਈ ਕਹਿੰਦਾ, "ਓਏ ਕਿਸ਼ਨਿਆਂ, ਸਹੁਰਿਆ ਕੀਹਦੀ ਖਾਤਰ ਟੁੱਟ-ਟੁੱਟ ਮਰਦੈਂ ਦਿਨ-ਰਾਤ। ਦੋ ਘੜੀ ਗਰਮੀ 'ਚ ਤਾਂ 'ਰਾਮ ਕਰ ਲਿਆ ਕਰ। ਦੇਖ ਕਿਮੇਂ ਪਸੀਨਾ-ਪਸੀਨਾ ਹੋਇਆ ਪਿਐਂ।" ਉਹ ਹੱਸ ਕੇ ਜਵਾਬ ਦਿੰਦਾ, "ਓਹ ਭਲਿਆ ਲੋਕਾ, ਕੰਮ ਤਾਂ ਬੰਦੇ ਦਾ ਕਰਮ ਐਂ। ਮਿਹਨਤ ਕਰਨ ਨਾਲ ਨਾਲੇ ਤਾਂ ਮਨ ਨੂੰ ਤਸੱਲੀ ਰਹਿੰਦੀ ਐ, ਨਾਲੇ ਦੇਹ ਕੰਗਣ ਵਰਗੀ ਰਹਿੰਦੀ ਐ। ਸਹੀ ਮਿਹਨਤ ਦਾ ਪਤਾ ਹੀ ਆਦਮੀ ਦੇ ਪਸੀਨੇ ਤੋਂ ਲੱਗਦਾ। ਕਦੇ ਸੁਣੀ ਨਹੀਂ ਉਹ ਕਹਾਣੀ।"

ਫੇਰ ਉਹ ਆਪੇ ਕਹਾਣੀ ਸੁਣਾਉਣੀ ਸ਼ੁਰੂ ਕਰ ਦਿੰਦਾ: ਇੱਕ ਵਾਰ ਇੱਕ ਦੇਵਤਾ ਸੁਰਗ ਲੋਕ ਤੋਂ ਮਾਤ ਲੋਕ 'ਚ ਉਤਰ ਆਇਆ। ਇੱਥੇ ਉਹਨੂੰ ਬਹੁਤ ਗਰਮੀ ਲੱਗੀ। ਤੇਹ ਨੇ ਉਹਨੂੰ ਸਤਾ ਮਾਰਿਆ। ਪਰੀਆਂ ਨੇ ਉਹਦੇ ਵਾਸਤੇ ਤ੍ਰੇਲ ਤੇ ਫੁੱਲਾਂ ਦਾ ਰਸ ਇਕੱਠਾ ਕਰ ਕੇ ਲਿਆਂਦਾ ਪਰ ਤੇਹ ਉਹਦੀ ਫੇਰ ਵੀ ਨਾ ਬੁਝੀ। ਪਰੀਆਂ ਫੇਰ ਪਾਣੀ ਦੀ ਭਾਲ 'ਚ ਨਿਕਲੀਆਂ। ਕੱਖਾਂ ਤੋਂ ਤ੍ਰੇਲ ਉਡ ਚੁੱਕੀ ਸੀ। ਫੁੱਲਾਂ ਦਾ ਰਸ ਮੁੱਕ ਚੁੱਕਾ ਸੀ। ਨੇੜੇ-ਤੇੜੇ ਖੂਹ ਕੋਈ ਨਹੀਂ ਸੀ। ਟੋਭਿਆਂ-ਢਾਬਾਂ ਦਾ ਪਾਣੀ ਸੂਰਜ ਨੇ ਚੂਸ ਲਿਆ ਸੀ। ਫਿਰਦਿਆਂ-ਫਿਰਦਿਆਂ ਪਰੀਆਂ ਨੂੰ ਇੱਕ ਦਰੱਖਤ ਥੱਲੇ ਕੁਝ ਗਿੱਲੇ ਕੱਪੜੇ ਦਿਸੇ। ਉਨ੍ਹਾਂ ਉਹ ਕੱਪੜੇ ਇੱਕ ਭਾਂਡੇ 'ਚ ਨਚੋੜ ਲਏ। ਪਾਣੀ ਦਾ ਭਰਿਆ ਉਹ ਭਾਂਡਾ ਉਨ੍ਹਾਂ ਦੇਵਤੇ ਮੂਹਰੇ ਜਾ ਰੱਖਿਆ। ਜਦੋਂ ਉਹਨੇ ਪਾਣੀ ਪੀਤਾ ਤਾਂ ਉਹਨੂੰ ਬਹੁਤ ਸੁਆਦ ਆਇਆ। ਉਹਨੇ ਪਰੀਆਂ ਨੂੰ ਕਿਹਾ, ਇਸ ਪਾਣੀ ਨੇ ਤਾਂ ਮੇਰੀ ਜਨਮਾਂ-ਜਨਮਾਂ ਦੀ ਪਿਆਸ ਬੁਝਾ ਦਿੱਤੀ ਹੈ। ਇਸ 'ਚੋਂ ਚਰਨਾਮਤ ਵਰਗਾ ਸੁਆਦ ਆਇਐ। ਜਿੱਥੋਂ ਇਹ ਪਾਣੀ ਲਿਆਂਦਾ ਹੈ, ਮੈਨੂੰ ਉਥੇ ਲੈ ਚੱਲੋ।" ਜਦੋਂ ਉਹ ਉਸ ਥਾਂ ਪੁੱਜੇ ਤਾਂ ਕੱਪੜੇ ਉਥੇ ਨਹੀਂ ਸਨ।

ਲੱਕੜਹਾਰਾ ਸ਼ਹਿਰ ਜਾ ਚੁਕਾ ਸੀ। ਕੱਪੜਿਆਂ 'ਚ ਉਹਦੀ ਮਿਹਨਤ ਦਾ ਪਸੀਨਾ ਸੀ। ਇਹ ਕਹਾਣੀ ਸੁਣ ਕੇ ਆਉਣ ਵਾਲਾ ਜਦੋਂ ਨੀਵੀਂ ਪਾ ਲੈਂਦਾ ਤਾਂ ਕਿਸ਼ਨਾ ਉਹਦਾ ਮੋਢਾ ਝੰਜੋੜ ਕੇ ਕਹਿੰਦਾ, "ਪੁੱਤ ਜਿਹੜੇ ਪਸੀਨੇ ਤੋਂ ਤੂੰ ਨੱਕ ਵੱਟਦੈਂ, ਦੇਵਤੇ ਇਹਨੂੰ ਤਰਸਦੇ ਫਿਰਦੇ ਨੇ।" ਆਉਣ ਵਾਲਾ ਸਿਰ ਹਿਲਾ ਕੇ ਸਹਿਮਤੀ ਪ੍ਰਗਟ ਕਰਦਾ।

ਕਿਸ਼ਨਾ ਤਰਖਾਣ ਫੇਰ ਘੋਟਣਾ ਬਣਾਉਣ ਲੱਗ ਪੈਂਦਾ। ਜਦੋਂ ਉਹ ਇਸ ਕੰਮ ਤੋਂ ਵਿਹਲਾ ਹੁੰਦਾ ਤਾਂ ਹੋਰ ਨਿੱਕੇ-ਮੋਟੇ ਕੰਮ ਕਰਨ ਲੱਗ ਪੈਂਦਾ। ਕਾਰਖਾਨੇ 'ਚ ਪਏ, ਲੋਕਾਂ ਦੇ ਧਰੇ ਮੰਜਿਆਂ-ਪੀੜ੍ਹੀਆਂ ਦੀਆਂ ਚੂਲਾਂ 'ਚ ਫਾਲ ਦਿੰਦਾ ਰਹਿੰਦਾ। ਨਵੀਆਂ ਬਾਹੀਆਂ, ਸੇਰੂ ਪਾਉਂਦਾ ਰਹਿੰਦਾ। ਪੰਜਾਲੀਆਂ 'ਚ ਨਵੀਆਂ ਅਰਲੀਆਂ ਘੜ-ਘੜ ਪਾਉਂਦਾ ਰਹਿੰਦਾ। ਵਿਗੜੇ ਚਉ ਸੰਵਾਰਦਾ ਰਹਿੰਦਾ। ਚਰਖਿਆਂ ਦੀਆਂ ਮੁੰਨੀਆਂ ਬਦਲਦਾ ਰਹਿੰਦਾ। ਨਿਆਣਿਆਂ ਦੀਆਂ ਗੁੱਲੀਆਂ ਘੜਦਾ ਰਹਿੰਦਾ। ਟੂਲਾਂ ਮਾਰ-ਮਾਰ ਉਹ ਗੁੱਲੀਆਂ ਗੁਆ ਦਿੰਦੇ।




*ਲੁਧਿਆਣੇ ਅਜਾਇਬਘਰ ਵਿਚ ਮੁਸ਼ੱਕਤ ਕਰ ਰਹੇ ਇਕ ਕਾਮੇ ਦਾ ਬੁੱਤ।*

ਉਹ ਹੋਰ ਘੜ ਦਿੰਦਾ। ਇਸ ਤਰ੍ਹਾਂ ਉਹ ਰੁੱਝਿਆ ਰਹਿੰਦਾ। ਉਹਦੇ ਮਨ ਨੂੰ ਤਸੱਲੀ ਰਹਿੰਦੀ।

ਜਦੋਂ ਉਹ ਵਿਹੜੇ 'ਚ ਬੈਠਾ ਥੱਕ ਜਾਂਦਾ ਤਾਂ ਉਠ ਕੇ ਪਿੰਡ 'ਚ ਚੱਕਰ ਮਾਰਨ ਲੱਗ ਪੈਂਦਾ। ਉਥੇ ਕਿਸੇ ਦੀ ਪੀਹੜੀ ਠੋਕ ਆਉਂਦਾ। ਚੱਕੀਆਂ ਦੇ ਘਸੇ ਪੁੜੇ ਰਾਹ ਦਿੰਦਾ। ਰਾਹ 'ਚ ਮਿਲਦੇ ਤੀਵੀਆਂ-ਮਰਦਾਂ ਨੂੰ ਟਿੱਚਰਾਂ ਕਰਦਾ ਉਹ ਘਰ ਨੂੰ ਮੁੜ ਪੈਂਦਾ। ਕੋਈ ਦਾਣੇ ਦਿੰਦੀ, ਕੋਈ ਗੁੜ ਦਿੰਦੀ, ਕੋਈ ਦੁੱਧ ਦਾ ਗਿਲਾਸ ਦਿੰਦੀ ਤੇ ਕੋਈ ਉਂਜ ਹੀ 'ਦਿਉਰਾ' ਕਹਿ ਕੇ ਸਾਰ ਦਿੰਦੀ! ਉਹ ਸੁਆਦ-ਸੁਆਦ ਹੋ ਉਠਦਾ।

ਜਦੋਂ ਕਦੇ ਸ਼ੀਸ਼ੇ 'ਚ ਉਹ ਆਪਣਾ ਮੂੰਹ ਦੇਖਦਾ ਤਾਂ ਮੱਥੇ 'ਤੇ ਚੰਨ ਵਰਗਾ ਤਿਰਛਾ ਦਾਗ਼ ਦੇਖ ਕੇ ਲਹਿਰ-ਲਹਿਰ ਹੋ ਉਠਦਾ। ਜਿਵੇਂ ਉਹਦੇ ਹਿਰਦੇ 'ਚ ਕੋਈ ਕਾਂਗ ਉਠ ਖੜ੍ਹੀ ਹੋਵੇ। ਇਕਦਮ ਸਾਰੀ ਘਟਨਾ ਉਹਦੀਆਂ ਅੱਖਾਂ ਸਾਹਮਣੇ ਆ ਜਾਂਦੀ। ਵਿਹੜੇ 'ਚ ਬੈਠਾ ਉਹ ਘੋਟਣਾ ਬਣਾ ਰਿਹਾ ਸੀ। ਬਚਨੇ ਦੇ ਪੁੱਤ ਮੇਲੂ ਨੇ ਗੁੱਲੀ ਡੰਡਾ ਖੇਡਦਿਆਂ ਅਜਿਹੇ ਜ਼ੋਰ ਦੀ ਵੱਗ੍ਹਾ ਮਾਰੀ ਕਿ ਗੁੱਲੀ ਦਾ ਤਿੱਖਾ ਸਿਰਾ ਕਿਸ਼ਨੇ ਦੇ ਮੱਥੇ 'ਚ ਆ ਵੱਜਾ। ਉਹ ਲੂਹ-ਲੁਹਾਨ ਹੋ ਗਿਆ।

ਮੇਲੂ ਦੀ ਮਾਂ ਕਰਤਾਰੋ ਭੱਜੀ ਆਈ। ਉਹਨੇ ਇਕਦਮ ਆਪਣੀ ਮਲਮਲ ਦੀ ਨਵੀਂ ਚੁੰਨੀ ਨਾਲੋਂ ਲੀਰ ਪਾੜੀ ਤੇ ਠੰਢੇ ਪਾਣੀ 'ਚ ਭਿਉਂਕੇ ਕਿਸ਼ਨੇ ਦੇ ਮੱਥੇ 'ਤੇ ਬੰਨ੍ਹ ਦਿੱਤੀ। ਪਾਣੀ-ਮਿੱਟੀ ਨਾਲ ਕਿਸ਼ਨੇ ਨੂੰ ਠੰਢ ਜਿਹੀ ਪੈ ਗਈ। ਉਹ ਹੈਰਾਨ ਹੋਇਆ ਦੇਖਦਾ ਰਹਿ ਗਿਆ। ਇਕਦਮ ਇਹ ਸਾਰਾ ਕੁਝ ਕਿਵੇਂ ਹੋ ਗਿਆ ਸੀ! ਕਿਸ਼ਨੇ ਨੂੰ ਲੱਗਿਆ ਜਿਵੇਂ ਹੁਣ ਵੀ ਘੁੰਡ ਕੱਢੀ ਕੰਬਦੇ ਹੱਥਾਂ ਨਾਲ ਉਹਦੇ ਮੱਥੇ 'ਤੇ ਪਾਣੀ-ਪੱਟੀ ਬੰਨ੍ਹ ਰਹੀ ਹੋਵੇ।

ਉਹ ਹਰ ਰੋਜ਼ ਵਿਹੜੇ 'ਚ ਬੈਠਾ ਘੋਟਣਾ ਬਣਾਉਂਦਾ। ਫੁੱਲਦਾਰ ਘੋਟਣੇ ਜਿਨ੍ਹਾਂ 'ਤੇ ਹੱਥ ਧਰਿਆ ਤਿਲ੍ਹਕ-ਤਿਲ੍ਹਕ ਜਾਂਦਾ ਸੀ। ਜਿਨ੍ਹਾਂ ਦੀਆਂ ਗੱਲਾਂ ਦੂਰ-ਦੂਰ ਦੇ ਪਿੰਡਾਂ 'ਚ ਹੋ ਰਹੀਆਂ ਸਨ। ਪਿੰਡਾਂ ਦੇ ਲੋਕ ਜਦੋਂ ਕਿਸ਼ਨੇ ਦੇ ਪਿੰਡ ਵਿਚ ਦੀ ਲੰਘਦੇ ਤਾਂ ਉਹ ਤੂਤ ਦੀ ਛਾਵੇਂ ਘੜੀ-ਪਲ ਸੁਸਤਾਉਂਦੇ, ਉਹਦੇ ਨਾਲ ਗੱਲਾਂ ਕਰਦੇ। ਜਾਂਦੇ-ਜਾਂਦੇ ਇੱਕ-ਇੱਕ ਘੋਟਣਾ ਖਰੀਦ ਕੇ ਲੈ ਜਾਂਦੇ। ਰਾਹ 'ਚ ਤੁਰੇ ਜਾਂਦੇ ਕਿਸ਼ਨੇ ਦੀਆਂ ਗੱਲਾਂ ਕਰਦੇ ਰਹਿੰਦੇ। ਏਦਾਂ ਵਾਟ ਮੁੱਕ ਜਾਂਦੀ।

ਮੁਕਲਾਵੇ ਤੁਰਦੀਆਂ ਕੁੜੀਆਂ ਜਦੋਂ ਇਹ ਦੇਖਦੀਆਂ ਕਿ ਉਨ੍ਹਾਂ ਦੇ ਦਾਜ 'ਚ ਕਿਸੇ ਨੇ ਘੋਟਣਾ ਨਹੀਂ ਰੱਖਿਆ ਤਾਂ ਉਹ ਰੁੱਸ-ਰੁੱਸ ਬਹਿੰਦੀਆਂ, ਰੋਟੀ ਨਾ ਖਾਂਦੀਆਂ। ਦਾਜ ਦੇਖਣ ਆਈਆਂ ਤੀਵੀਆਂ ਠੋਡੀਆਂ 'ਤੇ ਹੱਥ ਰੱਖ-ਰੱਖ ਕਹਿੰਦੀਆਂ, "ਕੀ ਸੁਆਹ ਦਿੱਤੀ ਐ, ਕੁੜੀ ਨੂੰ। ਘੋਟਣਾ ਤਾਂ ਰੱਖਿਆ ਨੀ, ਜਿਹੜਾ ਦਾਜ ਦਾ ਸ਼ਿੰਗਾਰ ਐ।"

ਇਸੇ ਤਰ੍ਹਾਂ ਪਿੰਡ ਦੀ ਇੱਕ ਕੁੜੀ ਰੁੱਸ ਕੇ ਬੈਠ ਗਈ ਸੀ। ਪਿੰਡ 'ਚ ਬੜੀ ਚਰਚਾ ਹੋਈ। ਲੋਕ ਕੰਮਾਂ-ਕਾਰਾਂ ਤੋਂ ਵਿਹਲੇ ਹੋ ਕੇ ਜਦੋਂ ਸੱਥ 'ਚ ਬੈਠੇ ਤਾਂ ਇਸ ਘਟਨਾ ਬਾਰੇ ਗੱਲਾਂ ਚੱਲ ਪਈਆਂ। ਹਰ ਕੋਈ ਚੜ੍ਹਦੀ ਤੋਂ ਚੜ੍ਹਦੀ ਗੱਲ ਸੁਣਾਉਂਦਾ ਸੀ। ਲੋਕ ਸੁਆਦ ਲੈ ਰਹੇ ਸਨ। ਗੱਜਣ ਨੇ ਕੰਨ 'ਤੇ ਹੱਥ ਰੱਖ ਲਿਆ। ਅੱਖਾਂ ਮੀਚ ਲਈਆਂ ਤੇ ਬੋਲੀ ਪਾਉਣੀ ਸ਼ੁਰੂ ਕੀਤੀ:

ਤਾਵੇ, ਤਾਵੇ, ਤਾਵੇ।
ਪਿੰਡ ਦੀ ਧੀ ਰੁੱਸਗੀ,
ਜਦੋਂ ਤੁਰਨ ਲੱਗੀ ਮੁਕਲਾਵੇ।
ਦਾਜ ਵਿਚ ਘੋਟਣਾ ਨਹੀਂ,
ਝੋਰਾ ਉਹਦਿਆਂ ਹੱਡਾਂ ਨੂੰ ਖਾਵੇ।
'ਦੇਖੀ ਬਾਪੂ ਤੋਰ ਦਮੇਂ,
ਵਿਚ ਧਰ ਕੇ ਮੰਜੇ ਦੇ ਪਾਵੇ।'
ਨਿੰਮ ਦਿਆ ਘੋਟਣਿਆ,
ਤੇਰੀ ਸਿਫ਼ਤ ਕਰੀ ਨਾ ਜਾਵੇ।
ਨਿੰਮ ਦਿਆ ਘੋਟਣਿਆ...।

ਕਿਸ਼ਨਾ ਤਰਖਾਣ ਬੋਲੀ ਸੁਣ ਕੇ ਝੂਮ ਉਠਿਆ। ਉਹਨੇ ਉਠ ਕੇ ਮੁੰਡੇ ਨੂੰ ਥਾਪੀ ਦਿੱਤੀ ਤੇ ਤੇੜ ਪਾਈ ਖੱਦਰ ਦੀ ਸਾਫੀ ਲੜੋਂ ਖੋਲ੍ਹ ਕੇ ਰੁਪਈਆ ਉਹਨੂੰ ਫੜਾ ਦਿੱਤਾ।

ਲੋਕ ਹੋਰ ਵੀ ਖ਼ੁਸ਼ ਹੋਏ।

ਕਿਸ਼ਨੇ ਤਰਖਾਣ ਦੀ ਜ਼ਿੰਦਗੀ ਨਿੱਕੇ-ਨਿੱਕੇ ਹਾਸਿਆਂ, ਰੋਸਿਆਂ 'ਚੋਂ ਲੰਘ ਰਹੀ ਸੀ। ਉਹਦੀ ਜ਼ਿੰਦਗੀ ਪਾਣੀ 'ਚ ਤਰਦੀ ਉਸ ਕਿਸ਼ਤੀ ਵਾਂਗ ਸੀ ਜਿਹਨੂੰ ਪਾਣੀ 'ਚ ਉਠਦੀਆਂ ਛੋਟੀਆਂ-ਛੋਟੀਆਂ ਲਹਿਰਾਂ ਡੋਬਣ ਦਾ ਦਹਿਲ ਦੇਣ ਦੀ ਥਾਂ ਇੱਕ ਹੁਲਾਰਾ ਜਿਹਾ ਦੇ ਜਾਣ ਪਰ ਇੱਕ ਦਿਨ ਕਿਸ਼ਨੇ ਨੂੰ ਆਪਣੀ ਜ਼ਿੰਦਗੀ ਦੀ ਕਿਸ਼ਤੀ ਡਾਵਾਂਡੋਲ ਹੁੰਦੀ ਲੱਗੀ। ਉਹਦੇ ਘਰਵਾਲੀ ਅਚਾਨਕ ਬਿਮਾਰ ਹੋ ਗਈ। ਉਹਨੇ ਉਸ ਦੇ ਇਲਾਜ 'ਚ ਕੋਈ ਕਸਰ ਨਾ ਛੱਡੀ। ਉਹ ਦਿਨ-ਰਾਤ ਉਹਦੀ ਸੇਵਾ ਕਰਦਾ ਰਿਹਾ ਪਰ ਇੱਕ ਦਿਨ ਉਹ ਕਿਸ਼ਨੇ ਨੂੰ ਐਡੀ ਲੰਮੀ ਚੌੜੀ ਦੁਨੀਆਂ 'ਚ ਇਕੱਲਾ ਛੱਡ ਕੇ ਤੁਰਦੀ ਹੋਈ। ਕਿਸ਼ਨੇ ਨੇ ਇਹਨੂੰ ਰੱਬ ਦਾ ਭਾਣਾ ਸਮਝਿਆ ਤੇ ਦੁੱਖ ਅੰਦਰ ਹੀ ਅੰਦਰ ਪੀ ਲਿਆ। ਰੁਝੇਵਾਂ ਉਹਦੀ ਜ਼ਿੰਦਗੀ 'ਚ ਫੇਰ ਆ ਗਿਆ। ਉਹ ਆਪਣੇ ਕੰਮ 'ਚ ਮਗਨ ਰਹਿਣ ਲੱਗ ਪਿਆ।

ਉਹਦੀ ਜ਼ਿੰਦਗੀ ਦੀ ਤੋਰ ਫਿਰ ਸਾਵੀਂ ਹੋ ਗਈ। ਅਖੀਰ ਉਹਦਾ ਜਵਾਈ ਉਹਨੂੰ ਸ਼ਹਿਰ ਲੈ ਆਇਆ ਤੇ ਸ਼ਹਿਰ 'ਚ ਆਏ ਨੂੰ ਉਹਨੂੰ ਹੁਣ ਪੰਜ ਸਾਲ ਹੋ ਚੱਲੇ ਸਨ। ਇਨ੍ਹਾਂ ਪੰਜਾਂ ਸਾਲਾਂ 'ਚ ਉਹਨੇ ਆਪਣੇ ਜੁਆਈ ਦਾ ਦਿਲ ਜਿੱਤ ਲਿਆ। ਆਖਰ ਉਹਦਾ ਸਹੁਰਾ ਸੀ ਤੇ ਆਪਣੇ ਜੁਆਈ ਦਾ ਬੁਰਾ ਕਿੱਦਾਂ ਸੋਚ ਸਕਦਾ ਸੀ। ਉਹ ਸੋਚਦਾ।

ਉਹ ਗੱਦੀ 'ਤੇ ਬੈਠਾ ਰਹਿੰਦਾ। ਬਾਹਰੋਂ ਆਏ ਵਪਾਰੀਆਂ ਨਾਲ ਗੱਲਬਾਤ ਕਰਦਾ। ਕਾਰਖਾਨੇ 'ਚ ਕੰਮ ਕਰਨ ਵਾਲਿਆਂ ਦੇ ਕੰਮ ਦੀ ਨਿਗਰਾਨੀ ਰੱਖਦਾ। ਇਹ ਉਹਦੇ ਜ਼ਿੰਮੇ ਕੰਮ ਸੀ।

"ਇਹ ਵੀ ਕੋਈ ਕੰਮ ਐ। ਕੰਮ ਕਰਦਿਆਂ ਨੂੰ ਦੇਖਣਾ! ਜੇ ਇਹ ਵੀ ਕੰਮ 'ਚ ਸ਼ਾਮਲ ਹੈ ਤਾਂ ਰੱਬ ਬਖਸ਼ੇ ਮੈਨੂੰ ਅਜਿਹੇ ਕੰਮ ਤੋਂ। ਮੈਂ ਹੈਰਾਨ ਹਾਂ ਕਿ ਇਹ ਲੋਕ ਜਿਹੜੇ ਦੂਜਿਆਂ ਦੇ ਕੰਮ ਨੂੰ ਦੇਖਣਾ ਹੀ ਆਪਣਾ ਕੰਮ ਸਮਝਦੇ ਹਨ, ਜਿਉਂਦੇ ਕਿਵੇਂ ਰਹਿ ਜਾਂਦੇ ਹਨ?" ਉਹਨੂੰ ਸੋਚ ਵੰਗਾਰਦੀ।

ਹੁਣ ਉਹ ਉਦਾਸ ਰਹਿਣ ਲੱਗ ਪਿਆ। ਉਹਦੇ ਹੱਡ-ਗੋਡੇ ਟੁੱਟਦੇ ਰਹਿੰਦੇ। ਉਹਦਾ ਸਿਰ ਚਕਰਾਉਂਦਾ ਰਹਿੰਦਾ। ਉਹ ਨੂੰ ਉਬਾਸੀਆਂ ਆਉਂਦੀਆਂ ਰਹਿੰਦੀਆਂ। ਅੱਖਾਂ 'ਚ ਪਾਣੀ ਭਰ-ਭਰ ਆਉਂਦਾ। ਉਹ ਝੁੰਜਲਾ ਉਠਦਾ।

ਉਹਦੇ ਜੁਆਈ ਨੇ ਉਹਨੂੰ ਖ਼ੁਸ਼ ਰੱਖਣ ਦੀ ਖਾਤਰ ਪੈਸਾ ਪਾਣੀ ਵਾਂਗ ਵਹਾ ਦਿੱਤਾ ਪਰ ਉਹ ਉਦਾਸ ਦਾ ਉਦਾਸ ਰਿਹਾ। ਪੈਸੇ ਨਾਲ ਖਰੀਦਿਆ ਐਸ਼ ਦਾ ਸਾਮਾਨ ਉਹਨੂੰ ਭਰਮਾ ਨਾ ਸਕਿਆ। ਉਹ ਪਲ ਭਰ ਦੇ ਚੈਨ ਨੂੰ ਤਰਸ ਗਿਆ।

ਅਖੀਰ ਉਹਦਾ ਜੁਆਈ ਉਹਨੂੰ ਡਾਕਟਰ ਕੋਲ ਲੈ ਗਿਆ। ਡਾਕਟਰ ਨੇ ਉਹਦੀ ਨਬਜ਼ ਦੇਖੀ, ਜੀਭ ਦੇਖੀ। ਜਦੋਂ ਕੁਝ ਸਮਝ ਨਾ ਆਇਆ ਤਾਂ ਉਹਨੇ ਕਿਸ਼ਨੇ ਨੂੰ ਪੁੱਛਿਆ, "ਕੀ ਬਿਮਾਰੀ ਹੈ?"

ਕਿਸ਼ਨੇ ਨੇ ਜਵਾਬ ਦਿੱਤਾ, "ਬੱਸ ਜੀ ਚਿੱਤ ਉਦਾਸ ਜਿਹਾ ਰਹਿੰਦਾ ਹੈ। ਚਿੱਤ ਖੁੱਲ੍ਹਦਾ ਹੀ ਨਹੀਂ। ਜਿਵੇਂ ਮੇਰੇ ਅੰਦਰ ਕਿਸੇ ਚੀਜ਼ ਦੀ ਕਮੀ ਹੋਵੇ।"

"ਸਮਝ ਗਿਆ, ਸਮਝ ਗਿਆ।" ਡਾਕਟਰ ਨੇ ਕਿਹਾ, "ਵਿਟਾਮਿਨ ਬੀ ਦੀ ਕਮੀ ਹੈ। ਤੁਸੀਂ ਬੀ ਕੰਪਲੈਕਸ ਦੀਆਂ ਗੋਲੀਆਂ ਖਾਓ।"

ਉਥੇ ਤਾਂ ਕਿਸ਼ਨਾ ਚੁੱਪ ਕਰ ਰਿਹਾ ਪਰ ਜਦੋਂ ਉਹ ਦੋਵੇਂ ਦੁਕਾਨ ਤੋਂ ਬਾਹਰ ਨਿਕਲੇ ਤਾਂ ਕਿਸ਼ਨੇ ਨੇ ਹੱਸ ਕੇ ਕਿਹਾ, "ਇਹ ਤਾਂ ਹੁਣੇ ਪਤਾ ਲੱਗਿਐ ਬਈ ਦਵਾਈਆਂ ਨਾਲ ਵੀ ਜੀਅ ਲੱਗਣ ਲੱਗ ਪੈਂਦੈ।" ਹੁਣ ਉਹਦੇ ਜੁਆਈ ਕੋਲ ਇੱਕੋ-ਇੱਕ ਇਲਾਜ ਰਹਿ ਗਿਆ ਸੀ-ਸ਼ਰਾਬ। ਜੀਹਨੂੰ ਪੀ ਕੇ ਆਦਮੀ ਉਨ੍ਹਾਂ ਪਲਾਂ ਦਾ ਬਾਦਸ਼ਾਹ ਹੋ ਜਾਂਦਾ ਹੈ ਜੋ ਵੱਡਿਆਂ-ਵੱਡਿਆਂ ਦੇ ਗ਼ਮ ਗ਼ਲਤ ਕਰ ਦਿੰਦੀ ਐ। ਕਿਸ਼ਨਾ ਵੀ ਸ਼ਰਾਬ ਦੇ ਨਸ਼ੇ ਵਿਚ ਸਭ ਦੁੱਖ-ਤਕਲੀਫ਼ਾਂ ਭੁੱਲ ਜਾਵੇਗਾ। ਰੰਗੀਨੀ ਉਹਦੀ ਜ਼ਿੰਦਗੀ 'ਚ ਉਤਰ ਆਵੇਗੀ, ਉਹਦੇ ਜਵਾਈ ਨੇ ਸੋਚਿਆ।

ਉਸ ਦਿਨ ਛੁੱਟੀ ਸੀ। ਕਿਸ਼ਨਾ ਤਰਖਾਣ ਤੇ ਉਹਦਾ ਜਵਾਈ ਬੈਠੇ ਗ਼ਮ ਗ਼ਲਤ ਕਰ ਰਹੇ ਸਨ ਕਿ ਅਚਾਨਕ ਕਿਸ਼ਨਾ ਤਰਖਾਣ ਚੁੱਪ-ਚਾਪ ਉਠ ਕੇ ਬਾਹਰ ਨੂੰ ਤੁਰ ਪਿਆ। ਸ਼ਾਇਦ ਉਹ ਹੋਰ ਬੋਤਲ ਲੈਣ ਗਿਆ ਸੀ। ਉਹਦਾ ਜੁਆਈ ਖ਼ੁਸ਼ ਸੀ।


ਕਿਸ਼ਨਾ ਤਰਖਾਣ ਅਜੇ ਸ਼ਰਾਬ ਲੈ ਕੇ ਨਹੀਂ ਸੀ ਮੁੜਿਆ। ਅੰਦਰ ਮੰਜੇ 'ਤੇ ਪਿਆ ਉਹਦਾ ਜੁਆਈ ਉਹਨੂੰ ਬੇਸਬਰੀ ਨਾਲ ਉਡੀਕ ਰਿਹਾ ਸੀ। ਉਹਨੂੰ ਤੋੜ ਲੱਗ ਰਹੀ ਸੀ।

ਬਾਹਰ ਠੱਕ-ਠੱਕ ਦੀ ਆਵਾਜ਼ ਹੋਈ। ਕਿਸ਼ਨੇ ਦੇ ਜੁਆਈ ਨੇ ਪਾਸਾ ਪਰਤ ਲਿਆ। ਬਾਹਰ ਫੇਰ ਠੱਕ-ਠੱਕ ਦੀ ਆਵਾਜ਼ ਹੋਈ। ਉਹ ਖ਼ੁਸ਼ ਹੀ ਤਾਂ ਹੋ ਗਿਆ! ਉਹਦਾ ਸਹੁਰਾ ਸ਼ਰਾਬ ਦੀ ਬੋਤਲ ਲੈ ਕੇ ਆ ਗਿਆ ਸੀ ਸ਼ਾਇਦ। ਤੇ ਉਹ ਦਰਵਾਜ਼ਾ ਖੜਕਾ ਰਿਹਾ ਸੀ। ਉਹਨੇ ਉਠ ਕੇ ਇਕਦਮ ਦਰਵਾਜ਼ਾ ਖੋਲ੍ਹਿਆ।

ਉਹ ਹੱਕਾ-ਬੱਕਾ ਰਹਿ ਗਿਆ। ਬਾਹਰ ਵਿਹੜੇ 'ਚ ਕਿਸ਼ਨਾ ਤਰਖਾਣ ਸ਼ਰਾਬ ਦਾ ਰੱਜਿਆ ਬੈਠਾ ਸੀ। ਕੋਲ ਉਹਦੇ ਸ਼ਰਾਬ ਦੀ ਭਰੀ ਬੋਤਲ ਪਈ ਸੀ। ਇੱਕ ਹੱਥ ਵਿਚ ਉਹਦੇ ਬਹੋਲਾ ਸੀ। ਦੂਜੇ ਹੱਥ ਵਿਚ ਲੱਕੜੀ ਦਾ ਟੋਟਾ। ਤੇ ਉਹ ਘੋਟਣਾ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

# ਪਾਕਿਸਤਾਨ ਤੋਂ ਪਿਆਰ ਨਾਲ...

ਬੁਰਕੇ ਤੋਂ ਬਾਹਰ ਆ ਕੇ ਆਪਣੇ ਹੁਸਨ ਤੇ ਅਦਾਵਾਂ ਦੇ ਜਲਵੇ ਬਿਖੇਰਨ ਵਾਲੀਆਂ ਪਾਕਿਸਤਾਨ ਮੁਟਿਆਰਾਂ ਦੀ ਬਾਲੀਵੁੱਡ ਵਿਚ ਆਮਦ ਲਗਾਤਾਰ ਵਧ ਰਹੀ ਹੈ। ਪਾਕਿਸਤਾਨ ਤੋਂ ਪਹਿਲਾਂ ਵੀ ਬਹੁਤ ਸਾਰੀਆਂ ਹੀਰੋਇਨਾਂ ਬਾਲੀਵੁੱਡ ਵਿਚ ਆਪਣੀ ਹਾਜ਼ਰੀ ਦਰਜ ਕਰਵਾ ਚੁੱਕੀਆਂ ਹਨ ਜਿਨ੍ਹਾਂ ਵਿਚ ਸਲਮਾ ਆਗਾ ਮਸ਼ਹੂਰ ਹੈ। ਅੱਜਕਲ ਉਸ ਦੀ ਧੀ ਸਾਸ਼ਾ ਦੀ ਆਮਦ ਬਾਲੀਵੁੱਡ ਵਿਚ ਹੋ ਚੁੱਕੀ ਹੈ। ਇਸੇ ਤਰ੍ਹਾਂ ਵੀਨਾ ਮਲਿਕ ਦਾ ਵੀ ਬਾਲੀਵੁੱਡ ਦੀਆਂ ਫ਼ਿਲਮਾਂ ਵਿਚ ਆਉਣਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਨ੍ਹਾਂ ਤੋਂ ਇਲਾਵਾ ਨਰਗਿਸ, ਅਨੀਤਾ ਅਯੂਬ, ਜ਼ੇਬਾ ਬਖਤਿਆਰ, ਸੋਮੀ ਅਲੀ, ਮੀਰਾ (ਇਰਤਿਜਾ ਰੁਬਾਬ), ਆਇਸ਼ਾ ਵੀ ਬਾਲੀਵੁੱਡ 'ਚ ਕਿਸਮਤ ਅਜ਼ਮਾ ਚੁੱਕੀਆਂ ਹਨ।


ਸੋਮੀ ਅਲੀ


ਵੀਨਾ ਮਲਿਕ

ਛੋਟੇ ਪਰਦੇ ਦੇ ਚਰਚਿਤ ਰਿਐਲਿਟੀ ਸ਼ੋਅ 'ਬਿੱਗ ਬੌਸ' ਰਾਹੀਂ ਚਰਚਾ ਵਿਚ ਆਈ ਪਾਕਿਸਤਾਨੀ ਮੂਲ ਦੀ ਹੀ ਗਲੈਮਰਸ ਅਦਾਕਾਰਾ ਵੀਨਾ ਮਲਿਕ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਚਰਚਾ ਜਾਂ ਵਿਵਾਦਾਂ ਵਿਚ ਰਹਿੰਦੀ ਹੈ। ਹੁਣ ਆਪਣੀ ਡੈਬਿਊ ਹਿੰਦੀ ਫ਼ਿਲਮ 'ਦਾਲ ਮੇਂ ਕੁਛ ਕਾਲਾ ਹੈ' ਦੇ ਇਕ ਆਈਟਮ ਗੀਤ ਲਈ ਪੁਣੇ ਵਿਚ ਸ਼ੂਟਿੰਗ ਕਰਕੇ ਹਟੀ ਹੈ। ਸੰਜੇ ਰੁਜਾ ਦੀ ਫ਼ਿਲਮ 'ਜ਼ਿੰਦਗੀ 50:50' ਵਿਚ ਉਹ ਇਕ ਸੈਕਸ ਵਰਕਰ ਦਾ ਫੁੱਲ ਫਲੈਜਡ ਰੋਲ ਨਿਭਾਅ ਰਹੀ ਹੈ।

ਆਪਣੇ ਜ਼ਮਾਨੇ ਦੀ ਪ੍ਰਸਿੱਧ ਅਦਾਕਾਰਾ ਨਸਰੀਨ ਤੇ ਕਰਾਚੀ ਦੇ ਧਨਾਢ ਕਾਰੋਬਾਰੀ ਪਿਤਾ ਦੀ ਧੀ ਸਲਮਾ ਆਗਾ ਬੀ.ਆਰ. ਚੋਪੜਾ ਦੀ ਫ਼ਿਲਮ 'ਨਿਕਾਹ' ਤੇ 'ਕਸਮ ਪੈਦਾ ਕਰਨੇ ਵਾਲੇ ਕੀ' ਵਿਚ ਆਪਣੀ ਕਮਾਲ ਦੀ ਅਦਾਕਾਰੀ ਕਾਰਨ ਕਾਫੀ ਨਾਮਣਾ ਖੱਟ ਚੁੱਕੀ ਹੈ। ਤਿੰਨ ਵਾਰ ਵਿਆਹ ਕਰਵਾ ਚੁੱਕੀ ਸਲਮਾ ਨੇ ਆਖਰੀ ਵਾਰ ਸਕੁਐਸ਼ ਕੋਚ ਰਹਿਮਤ ਖਾਨ ਨਾਲ ਵਿਆਹ ਕਰਵਾਇਆ ਸੀ। ਲੰਦਨ ਦੇ ਬਿਜ਼ਨੈਸਮਨ ਮਹਿਮੂਦ ਸਿਪਰਾ ਉਸ ਲਈ ਖਾਸ ਤੌਰ 'ਤੇ ਦੋ ਫ਼ਿਲਮਾਂ ਬਣਾ ਚੁੱਕੇ ਹਨ।


ਅੱਜਕਲ ਚਰਚਾ ਹੈ ਕਿ ਸਲਮਾ ਆਗਾ ਦੀ ਧੀ ਸਾਸ਼ਾ ਵੀ ਆਪਣੀ ਮਾਂ ਅਤੇ ਨਾਨੀ ਦੀ ਤਰਜ਼ 'ਤੇ ਹਿੰਦੀ ਫ਼ਿਲਮਾਂ 'ਚ ਕਿਸਮਤ ਅਜ਼ਮਾਉਣ ਲਈ ਤਿਆਰ ਹੈ। ਯਸ਼ਰਾਜ ਫ਼ਿਲਮਜ਼ ਦੀ ਫ਼ਿਲਮ 'ਔਰੰਗਜ਼ੇਬ' ਵਿਚ ਅਰਜੁਨ ਕਪੂਰ (ਜੋ ਇਸ ਫ਼ਿਲਮ 'ਚ ਡਬਲ ਰੋਲ ਨਿਭਾਅ ਰਿਹਾ ਹੈ) ਦੇ ਆਪੋਜ਼ਿਟ ਨਜ਼ਰ ਆਏਗੀ। ਹੁਣ ਦੇਖਣਾ ਇਹ ਹੈ ਕਿ ਕੀ ਸਾਸ਼ਾ ਵੀ ਆਪਣੀ ਮਾਂ ਵਾਂਗ ਸਫਲਤਾ ਦੀ ਉਹ ਉਚਾਈ ਛੂੰਹਦੀ ਹੈ ਜਾਂ ਨਹੀਂ।

ਕੈਟਰੀਨਾ ਕੈਫ ਦੀ ਹਮਸ਼ਕਲ ਤੇ ਆਪਣੇ ਬੋਲਡ ਅਵਤਾਰ ਲਈ ਚਰਚਿਤ ਕਿੰਗਫਿਸ਼ਰ ਮਾਡਲ ਨਰਗਿਸ ਨੇ ਬਾਲੀਵੁੱਡ ਵਿਚ ਆਪਣਾ ਡੈਬਿਊ 2011 ਵਿਚ ਆਈ ਫ਼ਿਲਮ 'ਰੌਕਸਟਾਰ' ਨਾਲ ਕੀਤਾ ਸੀ। ਇਸ ਵੇਲੇ ਇਹ 'ਲੇਡੀ ਰੌਕਸਟਾਰ' ਬਾਲੀਵੁੱਡ ਵਿਚ ਸਥਾਪਿਤ ਹੋਣ ਲਈ ਹੱਥ-ਪੈਰ ਮਾਰ ਰਹੀ ਹੈ। ਫ਼ਿਲਮ 'ਗੈਂਗਸਟਰ' ਤੇ 'ਪਿਆਰ ਕਾ ਤਰਾਨਾ' ਵਰਗੀਆਂ ਫਲਾਪ ਫ਼ਿਲਮਾਂ ਵਿਚ ਕੰਮ ਕਰਨ ਵਾਲੀ ਅਨੀਤਾ ਅਯੂਬ 1993 ਵਿਚ ਬੰਬਈ ਬੰਬ ਧਮਾਕੇ ਨਾਲ ਜੁੜੀ ਹੋਣ ਕਾਰਨ ਵੀ ਕਾਫੀ ਚਰਚਾ ਰਹੀ। ਸ਼ਾਇਦ ਇਸੇ ਲਈ ਉਸ ਦਾ ਬਾਲੀਵੁੱਡ ਦਾ ਸਫਰ ਬਹੁਤਾ ਲੰਬਾ ਨਹੀਂ ਰਿਹਾ। ਅੱਜਕਲ੍ਹ ਉਹ ਨਿਊਯਾਰਕ ਵਿਚ ਰਹਿ ਰਹੀ ਹੈ ਤੇ ਕਦੇ-ਕਦਾਈਂ ਟੀ.ਵੀ. ਸ਼ੋਅਜ਼ ਵਿਚ ਨਜ਼ਰ ਆ ਜਾਂਦੀ ਹੈ।

ਬਾਲੀਵੁੱਡ 'ਚ ਜ਼ੇਬਾ ਬਖਤਿਆਰ ਦਾ ਨਾਂ ਜਾਣਿਆ ਪਛਾਣਿਆ ਹੈ। ਹੰਗੇਰੀਅਨ ਮਾਂ ਤੇ ਪਠਾਨ ਪਿਤਾ ਦੀ ਧੀ ਜ਼ੇਬਾ ਕੁਵੈਤ ਵਿਚ ਸ਼ਾਹੀਨ ਨਾਂ ਨਾਲ ਪੈਦਾ ਹੋਈ ਸੀ। ਫ਼ਿਲਮ 'ਹਿਨਾ' (1991-ਅਦਾਕਾਰ ਰਿਸ਼ੀ ਕਪੂਰ) ਤੇ 'ਜੈ ਵਿਕਰਾਂਤ' (1995) ਤੋਂ ਬਾਅਦ ਵੱਡੇ ਪਰਦੇ 'ਤੇ ਮੁੜ ਨਜ਼ਰ ਨਹੀਂ ਪਈ। ਪ੍ਰਸਿੱਧ ਗਾਇਕ ਅਦਨਾਨ ਸਾਮੀ ਨਾਲੋਂ 1997 ਵਿਚ ਤਲਾਕ ਹੋਣ ਪਿੱਛੋਂ ਉਹ ਆਪਣੇ ਇਕਲੌਤੇ ਪੁੱਤਰ ਅਜਾਨ ਦੀ ਕਸਟਡੀ ਲਈ ਸੰਘਰਸ਼ ਵੀ ਕਰਦੀ ਰਹੀ। ਬਾਲੀਵੁੱਡ ਵਿਚ ਥੋੜ੍ਹੇ ਸਮੇਂ ਦੀ ਹਾਜ਼ਰੀ ਪਿੱਛੋਂ ਅੱਜਕਲ੍ਹ ਉਹ ਕਰਾਚੀ ਵਿਚ ਰਹਿ ਰਹੀ ਹੈ ਤੇ ਸੀਰੀਅਲਾਂ ਵਿਚ ਅਦਾਕਾਰੀ ਤੇ ਉਨ੍ਹਾਂ ਦਾ ਨਿਰਦੇਸ਼ਨ ਕਰ ਰਹੀ ਹੈ।

ਸਲਮਾਨ ਖਾਨ ਨਾਲ ਪ੍ਰੇਮ ਸੰਬੰਧਾਂ ਲਈ ਚਰਚਾ ਵਿਚ ਰਹਿ ਚੁੱਕੀ ਸੋਮੀ ਅਲੀ ਦੇ ਪਿਤਾ ਕਰਾਚੀ (ਪਾਕਿਸਤਾਨ) ਤੇ ਮਾਂ ਬਗਦਾਦ ਤੋਂ ਹੈ। ਸੋਮੀ ਅਲੀ ਦਾ ਫ਼ਿਲਮੀ ਸਫਰ ਬਾਕੀ ਹੀਰੋਇਨਾਂ ਦੇ ਮੁਕਾਬਲੇ ਕੁਝ ਲੰਮਾ ਰਿਹਾ। ਮਾਡਲਿੰਗ ਤੇ ਕੁਲ 10 ਕੁ ਫ਼ਿਲਮਾਂ ਵਿਚ ਕੰਮ ਕਰ ਚੁੱਕੀ ਸੋਮੀ ਦੀਆਂ ਫ਼ਿਲਮਾਂ ਵਿਚ 'ਆਓ ਪਿਆਰ ਕਰੇਂ' ਦਾ ਨਾਂ ਜ਼ਿਕਰਯੋਗ ਹੈ। ਸੋਮੀ 'ਨੋ ਮੋਰ ਟੀਅਰ' ਨਾਮੀ ਇਕ ਸੰਸਥਾ ਚਲਾਉਂਦੀ ਹੈ ਜੋ ਘਰੇਲੂ ਹਿੰਸਾ ਦੇ ਸ਼ਿਕਾਰ ਲੋਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਕੰਮ ਕਰਦੀ ਹੈ।

ਬਾਲੀਵੁੱਡ ਦੀ ਫ਼ਿਲਮ 'ਨਜ਼ਰ' ਵਿਚ ਬੋਲਡਨੈਸ ਕਾਰਨ ਮੀਡੀਆ ਵਿਚ ਚਰਚਿਤ ਰਹੀ ਮੀਰਾ (ਇਰਤਿਜਾ ਰੁਬਾਬ) ਨੇ ਪਿੱਛੋਂ ਇਸ ਨੂੰ ਇਕ ਗਲਤੀ ਦੱਸਿਆ ਸੀ। ਇਸ ਪਿੱਛੋਂ ਉਸ ਨੂੰ ਆਪਣਾ 'ਲੁਕਿਆ ਹੁਨਰ' ਉਭਾਰਨ ਲਈ ਕੋਈ ਹੋਰ ਫ਼ਿਲਮਕਾਰ ਨਹੀਂ ਮਿਲਿਆ ਜਦਕਿ ਇਸ ਫ਼ਿਲਮ ਤੋਂ ਪਹਿਲਾਂ ਤੇ ਪਿੱਛੋਂ ਉਹ ਕੋਈ 50 ਕੁ ਉਰਦੂ ਤੇ ਪੰਜਾਬੀ ਫ਼ਿਲਮਾਂ ਵਿਚ ਕੰਮ ਕਰ ਚੁੱਕੀ ਹੈ। ਪਹਿਲਾਂ ਤੋਂ ਹੀ ਵਿਆਹੇ ਹੋਏ ਪਾਕਿਸਤਾਨੀ ਕਾਰੋਬਾਰੀ ਅਤੀਕ-ਉਰ-ਰਹਿਮਾਨ ਨਾਲ ਵਿਆਹ ਕਰਵਾਉਣ ਤੇ ਵਿਵਾਦਾਂ ਵਿਚ ਘਿਰੀ ਰਹਿਣ ਦੇ ਬਾਵਜੂਦ ਉਸ ਨੇ ਇਸ ਦੀ ਕੋਈ ਪਰਵਾਹ ਨਾ ਕੀਤੀ। ਉਸ ਦੀਆਂ ਹੋਰ ਹਿੰਦੀ ਫ਼ਿਲਮਾਂ ਵਿਚ 'ਕਸਕ' ਤੇ 'ਪਾਂਚ ਘੰਟੇ ਮੇਂ ਪਾਂਚ ਕਰੋੜ' ਦਾ ਨਾਂ ਲਿਆ ਜਾ ਸਕਦਾ ਹੈ। ਉਸ ਦੀ ਤਾਜ਼ਾ ਹਿੰਦੀ ਫ਼ਿਲਮ 'ਓਮ ਅੱਲ੍ਹਾ' ਵਿਚ ਉਹ ਮਸ਼ਹੂਰ ਸਪੋਰਟਸ ਪ੍ਰਮੋਟਰ, ਨਾਨ-ਸਟਾਰਰ ਐਕਟਰ ਆਸ਼ਿਮ ਖੇਤਰਪਾਲ ਨਾਲ ਕੰਮ ਕਰ ਰਹੀ ਹੈ।


ਨਰਗਿਸ ਫਾਖਰੀ

ਆਇਸ਼ਾ ਨਾਂ ਨਾਲ ਪੈਦਾ ਹੋਈ ਨੀਰਮਾ ਬੇਹੱਦ ਖ਼ੂਬਸੂਰਤ ਹੈ ਤੇ ਉਸ ਤੋਂ ਵੀ ਖ਼ੂਬਸੂਰਤ ਹੈ ਉਸ ਦੀ ਮੁਸਕਰਾਹਟ। ਬਹੁਤ ਸਾਰੀਆਂ ਫ਼ਿਲਮਾਂ ਤੇ ਸੀਰੀਅਲਜ਼ ਵਿਚ ਕੰਮ ਕਰ ਚੁੱਕੀ ਨੀਰਮਾ ਨੂੰ ਮੋਨਾਲਿਜ਼ਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਹਿਮੇਸ਼ ਰੇਸ਼ਮੀਆ ਦੇ ਆਪੋਜ਼ਿਟ ਪੂਜਾ ਭੱਟ ਦੀ ਫ਼ਿਲਮ 'ਕਜਰਾਰੇ' ਵਿਚ ਕੰਮ ਕਰਨ ਕਰਕੇ ਉਸ ਨੂੰ ਸਖਤ ਆਲੋਚਨਾ ਵੀ ਸਹਿਣੀ ਪਈ ਤੇ ਪਾਕਿਸਤਾਨ ਪਰਤਣਾ ਪਿਆ। ਸਾਲ 2005 ਵਿਚ ਉਸ ਨੇ ਸੰਨੀ ਦਿਓਲ ਸਟਾਰਰ 'ਮੁਸਾਫਿਰ' ਰਾਹੀਂ ਮੁੜ ਬਾਲੀਵੁੱਡ ਵਿਚ ਕਿਸਮਤ ਅਜ਼ਮਾਉਣੀ ਚਾਹੀ ਪਰ ਕੁਝ ਖਾਸ ਨਾ ਕਰ ਸਕੀ।

ਸਾਰਾਹ ਖਾਨ ਨੇ ਬਾਲੀਵੁੱਡ ਵਿਚ ਰਾਖੀ ਸਾਵੰਤ ਦੇ ਭਰਾ ਰਾਕੇਸ਼ ਸਾਵੰਤ ਵੱਲੋਂ ਨਿਰਦੇਸ਼ਿਤ ਫ਼ਿਲਮ 'ਵਫਾ' ਰਾਹੀਂ ਡੈਬਿਊ ਕੀਤਾ। ਸਿਵਾਏ ਇਕ ਲਵਮੇਕਿੰਗ ਸੀਨ ਦੇ ਇਸ ਵਿਚ ਸਭ ਕੁਝ ਵਲਗਰ ਸੀ। ਉਹ ਕਦੋਂ ਹਿੰਦੀ ਫ਼ਿਲਮਾਂ ਵਿਚ ਆਈ ਤੇ ਕਦੋਂ ਚਲੀ ਗਈ, ਇਸ ਦਾ ਨਾ ਤਾਂ ਪਤਾ ਲੱਗਾ ਤੇ ਨਾ ਹੀ ਉਸ ਨੂੰ ਕਿਸੇ ਹੋਰ ਫ਼ਿਲਮ ਵਿਚ ਦੇਖਿਆ ਗਿਆ।

# ਨਹੀਂ ਮੁੱਕਿਆ ਦੀਆ ਮਿਰਜ਼ਾ ਦਾ ਸੰਘਰਸ਼



ਦੀਆ ਮਿਰਜ਼ਾ ਨੂੰ ਪਰਿਵਾਰ ਨਾਲ ਸਮਾਂ ਕੱਟਣਾ ਤੇ ਸੰਗੀਤ ਸੁਣਨਾ ਉਸ ਨੂੰ ਪਸੰਦ ਹੈ। ਵਿਹਲੀ ਹੁੰਦੀ ਹੈ ਤਾਂ ਉਹ ਮਾਪਿਆਂ ਦੇ ਘਰ ਦਾ ਚੱਕਰ ਲਾ ਲੈਂਦੀ ਹੈ। ਅਭਿਨੈ ਦੀਆ ਦਾ ਕਿੱਤਾ ਹੈ ਜੋ ਉਸ ਨੂੰ ਖਾਸ ਵਰ ਨਹੀਂ ਆਇਆ ਪਰ ਹੌਸਲਾ ਵੀ ਨਹੀਂ ਹਾਰਿਆ। ਉਮਰ 30 ਨੂੰ ਪਾਰ ਕਰ ਗਈ ਹੈ ਪਰ ਇਹ ਹੈਦਰਾਬਾਦੀ ਕੁੜੀ ਨਿਰਮਾਣ ਵਿਚ ਪੈ ਕੇ ਆਪਣੇ-ਆਪ ਨੂੰ ਰੁਝੇਵਿਆਂ ਵਿਚ ਰੱਖ ਰਹੀ ਹੈ। ਦੀਆ ਨੇ ਬਚਪਨ ਵਿਚ ਦੁੱਖ ਬਹੁਤ ਦੇਖੇ। ਮਹਿਜ਼ ਛੇ ਸਾਲ ਦੀ ਸੀ ਤੇ ਮਾਂ-ਪਿਓ ਦਾ ਆਪਸ ਵਿਚ ਤਲਾਕ ਹੋ ਗਿਆ। ਆਪਣੇ ਜਰਮਨ ਪਿਓ ਨਾਲ ਨਫ਼ਰਤ ਹੋ ਗਈ ਪਰ ਬੰਗਾਲਣ ਮਾਂ ਨੇ ਦੀਆ ਨੂੰ ਖ਼ੂਬ ਲਾਡ ਲਡਾਏ। ਦੀਆ ਨੂੰ ਦੁੱਖ ਜ਼ਰੂਰ ਹੋਇਆ ਕਿਉਂਕਿ ਤਲਾਕ ਤੋਂ ਤਿੰਨ ਸਾਲ ਬਾਅਦ ਉਸ ਦੇ ਪਿਤਾ ਦੀ ਮੌਤ ਹੋ ਗਈ। ਮਾਂ ਦੇ ਮੁੜ ਅਹਿਮਦ ਮਿਰਜ਼ਾ ਨਾਲ ਵਿਆਹ ਨੇ ਦੀਆ ਨੂੰ ਪਿਤਾ ਦਾ ਸਹਾਰਾ ਦਿੱਤਾ। ਉਥੋਂ ਹੀ ਦੀਆ ਨੂੰ ਮਿਰਜ਼ਾ ਨਾਂ ਮਿਲਿਆ। ਦੀਆ ਆਪਣੇ ਮਤਰੇਅ ਪਿਤਾ ਨੂੰ ਸਕੇ ਤੋਂ ਵੀ ਵੱਧ ਸਮਝਦੀ ਹੈ। 'ਰਹਿਨਾ ਹੈ ਤੇਰੇ ਦਿਲ ਮੇਂ' ਤੋਂ ਫ਼ਿਲਮੀ ਸਫ਼ਰ ਸ਼ੁਰੂ ਕਰਕੇ 'ਐਸਿਡ ਫੈਕਟਰੀ' ਤੱਕ ਚੰਗੀਆਂ ਫ਼ਿਲਮਾਂ ਦੇਣ ਵਾਲੀ ਦੀਆ ਮਿਰਜ਼ਾ ਬਚਪਨ ਦੇ ਦੁੱਖ ਅੱਜ ਵੀ ਯਾਦ ਕਰਕੇ ਰੋਂਦੀ ਹੈ।

# ਅਮਿਸ਼ਾ ਪਟੇਲ ਨੂੰ ਗੱਡੀ ਰਿੜ੍ਹਨ ਦੀ ਆਸ

ਪਿਛਲੇ ਕੁਝ ਸਮੇਂ ਤੋਂ ਅਮਿਸ਼ਾ ਪਟੇਲ ਦਾ ਕਰੀਅਰ ਰੁਕ ਜਿਹਾ ਗਿਆ ਸੀ ਪਰ ਹੁਣ ਇਸ ਨੂੰ ਮੁੜ ਰਫ਼ਤਾਰ ਦੇਣ ਲਈ ਉਹ ਨਾ ਸਿਰਫ ਪੂਰੀ ਕੋਸ਼ਿਸ਼ ਕਰ ਰਹੀ ਹੈ ਸਗੋਂ ਹਰ ਤਰ੍ਹਾਂ ਦਾ ਹੱਥਕੰਡਾ ਵੀ ਅਪਣਾਉਣ ਤੋਂ ਗੁਰੇਜ਼ ਨਹੀਂ ਕਰ ਰਹੀ। ਸੂਤਰਾਂ ਦੀ ਮੰਨੀਏ ਤਾਂ ਹੁਣੇ ਜਿਹੇ ਅਮਿਸ਼ਾ ਨੇ ਰਮੇਸ਼ ਤੌਰਾਨੀ ਦੀ ਇਕ ਵੱਡੇ ਬਜਟ ਦੀ ਫ਼ਿਲਮ 'ਰੇਸ-2' ਵਿਚ ਲੀਡ ਰੋਲ ਹਥਿਆਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਪਰ ਅਖੀਰ ਉਸ ਦੀਆਂ ਕੋਸ਼ਿਸ਼ਾਂ ਨੂੰ ਸਫਲਤਾ ਨਾ ਮਿਲ ਸਕੀ ਤੇ ਉਹ ਹੱਥ ਮਲਦੀ ਰਹਿ ਗਈ। ਅਸਲ ਵਿਚ ਅਮਿਸ਼ਾ ਇਸ ਫ਼ਿਲਮ ਵਿਚ ਇਕ ਕਾਮੇਡੀ ਰੋਲ ਨਿਭਾਅ ਰਹੀ ਹੈ ਜਦਕਿ ਦੀਪਿਕਾ ਪਾਦੂਕੋਣ ਫ਼ਿਲਮ ਦੀ ਲੀਡ ਹੀਰੋਇਨ ਸੀ ਪਰ ਰਜਨੀਕਾਂਤ ਦੀ ਫ਼ਿਲਮ 'ਕੋਚਾਦਾਇਯਾਨ' ਨੂੰ ਡੇਟਸ ਦੇਣ ਕਾਰਨ ਦੀਪਿਕਾ ਨੇ 'ਰੇਸ-2' ਛੱਡ ਦਿੱਤੀ ਸੀ। ਅਮਿਸ਼ਾ ਨੂੰ ਲੱਗਿਆ ਕਿ ਉਹ ਇਸ ਮੌਕੇ ਦਾ ਫਾਇਦਾ ਲੈ ਕੇ ਫ਼ਿਲਮ ਵਿਚ ਲੀਡ ਰੋਲ ਖ਼ੁਦ ਹਾਸਲ ਕਰ ਲਏਗੀ। ਇਸ ਲਈ ਉਸ ਨੇ ਰਮੇਸ਼ ਤੌਰਾਨੀ ਨੂੰ ਦੀਪਿਕਾ ਬਾਰੇ ਕਾਫੀ ਬੁਰਾ-ਭਲਾ ਕਿਹਾ ਤੇ ਰਮੇਸ਼ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਦੀਪਿਕਾ ਦਾ ਪਰਤਣਾ ਕਿਉਂਕਿ ਹੁਣ ਸੰਭਵ ਨਹੀਂ ਲੱਗਦਾ, ਇਸ ਲਈ ਉਸੇ ਨੂੰ ਇਸ ਫ਼ਿਲਮ ਦੇ ਲੀਡ ਰੋਲ ਵਿਚ ਲੈ ਲੈਣਾ ਚਾਹੀਦੈ।

ਪਰ ਅਮਿਸ਼ਾ ਦੀਆਂ ਇਨ੍ਹਾਂ ਕੋਸ਼ਿਸ਼ਾਂ ਦਾ ਰਮੇਸ਼ 'ਤੇ ਕੋਈ ਅਸਰ ਨਹੀਂ ਹੋਇਆ। ਆਖਿਰ ਦੀਪਿਕਾ ਨੇ ਹੀ 'ਰੇਸ-2' ਵਿਚ ਵਾਪਸੀ ਲਈ ਹਾਮੀ ਭਰ ਦਿੱਤੀ ਤੇ ਅਮਿਸ਼ਾ ਹੱਥ ਮਲਦੀ ਰਹਿ ਗਈ। ਬਿਨਾਂ ਸ਼ੱਕ ਇਸ ਫ਼ਿਲਮ ਵਿਚ ਅਮਿਸ਼ਾ ਦੀ ਨਾ ਚੱਲ ਸਕੀ ਹੋਵੇ ਪਰ ਉਸ ਦੀਆਂ ਕੋਸ਼ਿਸ਼ਾਂ



ਦਾ ਇਹ ਫਾਇਦਾ ਜ਼ਰੂਰ ਹੋਇਆ ਹੈ ਕਿ ਇਸ ਵੇਲੇ ਉਸ ਦੀ ਝੋਲੀ ਵਿਚ ਪੰਜ ਫ਼ਿਲਮਾਂ ਹਨ। ਉਹ ਸੰਨੀ ਦਿਓਲ ਦੀ ਫ਼ਿਲਮ 'ਭਈਆਜੀ ਸੁਪਰਹਿਟ' ਵਿਚ ਵੀ ਇਕ ਕਿਰਦਾਰ ਨਿਭਾਅ ਰਹੀ ਹੈ। ਅਗਲੇ 12 ਮਹੀਨਿਆਂ ਵਿਚ ਉਸ ਦੀਆਂ ਕੁਲ ਪੰਜ ਫ਼ਿਲਮਾਂ ਦੀ ਸ਼ੂਟਿੰਗ ਪੂਰੀ ਹੋਵੇਗੀ।



Vista
CCTV TECHNOLOGY
Corporate people first choice for Security
High End HD Series
SPECIAL OFFER
4 CAMERAS WITH 4 CH DVR
LED MONITOR INCLUDED
$1449
$1349 +Tax
SPECIAL OFFER
8 CAMERAS INSTALLATION INCLUDED
LED MONITOR INCLUDED
$2349 +Tax
SPECIAL OFFER
12 CAMERAS INSTALLATION INCLUDED
LED MONITOR INCLUDED
$4249
$3749 +Tax
• HIGH QUALITY PRODUCT WITH 2 YEARS WARRANTY
• HIGH BRAND REPUTATION
• 16 YEARS HISTORY IN CCTV
• ADVANCE PRODUCT DESIGN
• TRAINED TECHNICAL STAFF
• PROFESSIONAL INSTALLATION
Why Vista CCTV TECHNOLOGY
24/7 HIGH END SECURITY SOLUTION
WE INSTALL ANYWHERE IN USA
16 YEARS EXPERIENCE IN CCTV BUSINESS
2 Years Warranty
QUALITY & RESOLUTION BUILD BY TECHNOLOGY NOT BY THE PRICE
Buy Online : www.ezchase.com
Email : commvision@sbcglobal.net
Call Sukhpal 661-586-5080
Customer Service : 1-800-235-1391
• NOW YOU CAN WATCH YOUR BUSINESS ON YOUR ANY SMART PHONE




WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ।
ਖਾਤਰ ਦੇਸ਼ ਦੀ ਲੱਗੇ ਹਾਂ ਚੜ੍ਹਨ ਫਾਂਸੀ, ਕਿਤੇ ਵੇਖ ਕੇ ਨਾ ਘਬਰਾ ਜਾਣਾ।

## ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਦੇ ਲਹੂ ਵੀਟਵੇਂ ਸੰਘਰਸ਼ ਨੂੰ ਸਮਰਪਿਤ


# ਮੇਲਾ ਗਦਰੀ ਬਾਬਿਆਂ ਦਾ


**ਸਨਿਚਰਵਾਰ, 13 ਅਕਤੂਬਰ 2012**
**(12 ਤੋਂ 8 ਵਜੇ ਤੱਕ)**


**ਸਥਾਨ: ਐਸ.ਈ.ਐਸ. ਹਾਲ**
10428 ਈਸਟ ਸਟਾਕਟਨ ਬੁਲੇਵਾਰਡ
ਐਲਕ ਗਰੋਵ, ਕੈਲੀਫੋਰਨੀਆ - 95624


*ਉਨ੍ਹਾਂ ਦੀ ਸ਼ਹਾਦਤ ਦੇ ਅਸੀਂ ਸੱਚੇ ਗਵਾਹ ਬਣ ਕੇ, ਉਨ੍ਹਾਂ ਦੇ ਖੂਨ ਦੀ ਗਾਥਾ ਹੈ ਦੀਵਾਰ 'ਤੇ ਲਿਖਣੀ।*


ਬਾਬਾ ਰਾਮ ਸਿੰਘ


ਬਾਬਾ ਕਰਤਾਰ ਸਿੰਘ ਦੁੱਕੀ


ਸੰਤ ਵਿਸਾਖਾ ਸਿੰਘ


ਬਾਬਾ ਸੋਹਣ ਸਿੰਘ ਭਕਨਾ


ਲਾਲਾ ਹਰਦਿਆਲ

ਸਤਿਕਾਰਯੋਗ ਭੈਣੋ ਤੇ ਭਰਾਵੋ,

ਗਦਰ ਪਾਰਟੀ ਦਾ ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਦੀ ਲੜਾਈ ਵਿਚ ਮੁੱਖ ਸਥਾਨ ਹੈ, ਜਿਸ ਨੇ ਉਠ ਰਹੀਆਂ ਹੋਰ ਆਜ਼ਾਦੀ ਪ੍ਰਾਪਤੀ ਦੀਆਂ ਲਹਿਰਾਂ ਨੂੰ ਪ੍ਰਭਾਵਤ ਕੀਤਾ ਤੇ ਜਾਨਾਂ ਵਾਰਨ ਲਈ ਪ੍ਰੇਰਨਾ ਦਾ ਸਰੋਤ ਬਣੀ। ਇਸ ਸਾਲ ਦਾ ਮੇਲਾ ਬਾਬਾ ਕਰਤਾਰ ਸਿੰਘ ਦੁੱਕੀ ਤੇ ਸੰਤ ਵਿਸਾਖਾ ਸਿੰਘ ਨੂੰ ਸਮਰਪਿਤ ਹੈ। ਅਗਲੇਰਾ ਸਾਲ 2013 ਇਸ ਲਹਿਰ ਦੀ ਸ਼ਤਾਬਦੀ ਦਾ ਸਾਲ ਹੈ, ਜਿਸ ਨੂੰ ਮਨਾਉਣ ਲਈ ਹੁਣ ਤੋਂ ਹੀ ਕਮਰਕੱਸੇ ਕਰਨੇ ਹੋਣਗੇ। ਅਸੀਂ ਗਦਰੀ ਬਾਬਿਆਂ ਦੇ ਨਾਂ 'ਤੇ ਇਥੇ ਕੰਮ ਕਰ ਰਹੀਆਂ ਵੱਖ-ਵੱਖ ਜਥੇਬੰਦੀਆਂ ਨੂੰ ਇਹ ਸ਼ਤਾਬਦੀ ਵਰ੍ਹਾ ਇਕਜੁੱਟ ਹੋ ਕੇ ਮਨਾਉਣ ਦੀ ਬੇਨਤੀ ਕਰਦੇ ਹਾਂ ਅਤੇ ਮੇਲੇ 'ਤੇ ਆਉਣ ਦਾ ਖੁੱਲ੍ਹਾ ਸੱਦਾ ਦਿੰਦੇ ਹਾਂ।

ਭੰਗੜਾ, ਗਿੱਧਾ ਤੇ ਮਲਵਈ ਗਿੱਧਾ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ।


ਮੰਚ ਸੰਚਾਲਨ
ਜਸਵੰਤ ਸ਼ਾਦ

ਮੁਫ਼ਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫ਼ਤ


ਬਲਜੀਤ ਮਾਲਵਾ

### ਪੁੱਜ ਰਹੇ ਕਲਾਕਾਰ

ਬਲਜੀਤ ਮਾਲਵਾ, ਸੁਲਤਾਨ ਅਖ਼ਤਰ, ਜੋਗਾ ਸਿੰਘ ਕਾਫਰ, ਜੀਵਨ ਰੱਤੂ, ਪੰਮੀ ਮਾਨ, ਪੂਨਮ ਮਲਹੋਤਰਾ, ਦਲਬੀਰ ਸਿੰਘ ਬੇਕਰਜ਼ਫੀਲਡ, ਜੀਤਾ ਗਿੱਲ

*ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਵਿਸ਼ੇਸ਼ ਪ੍ਰਦਰਸ਼ਨੀ ਲਾਈ ਜਾਵੇਗੀ।*

### ਪੁੱਜ ਰਹੀਆਂ ਸ਼ਖ਼ਸੀਅਤਾਂ

ਬਾਬਾ ਕਰਤਾਰ ਸਿੰਘ ਦੁੱਕੀ ਦਾ ਪੋਤਰਾ ਜਗਦੀਸ਼ ਖੰਗੂੜਾ
ਬਾਬਾ ਵਿਸਾਖਾ ਸਿੰਘ ਦੇ ਪਰਿਵਾਰ 'ਚੋਂ ਅਮਰੀਕ ਸਿੰਘ ਸੰਧੂ ਤੇ ਭਰਪੂਰ ਸਿੰਘ
ਕਿਰਪਾਲ ਸਿੰਘ ਸੰਧੂ ਫਰਿਜ਼ਨੋ
ਦੁੱਲਾ ਸਿੰਘ ਜਲਾਲਦੀਵਾਲਾ ਦੀ ਪੋਤਰੀ ਗਿਆਨ ਕੌਰ
ਜਗਜੀਤ ਸਿੰਘ ਬਾਗੀ ਦੇ ਜਵਾਈ ਗੁਰਚਰਨ ਸਿੰਘ ਬੈਂਸ
ਦੇਵਾ ਸਿੰਘ ਧੁਤ ਦੇ ਪੁੱਤਰ ਦਲਵਿੰਦਰ ਸਿੰਘ ਧੂਤ

| | | | |
|---|---|---|---|
| ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ<br>916-420-2390 | ਨਾਮਧਾਰੀ ਸੰਗਤ: ਕੇਵਲ ਸਿੰਘ<br>707-208-4931 | ਸਮਿਤਰ ਸਿੰਘ ਉਪਲ<br>530-695-1716 | ਪਰਮਜੀਤ ਸਿੰਘ ਸੰਧੂ<br>510-387-6997 |
| ਸਕੱਤਰ: ਬਜਿੰਦਰ ਸਿੰਘ ਭੱਟੀ<br>209-480-2275 | ਬਲਦੇਵ ਸਿੰਘ<br>408-390-5577 | ਕਰਮਜੀਤ ਕੰਗ<br>661-205-5214 | ਬਲਵੰਤ ਬਾਂਕਾ<br>916-271-4216 |

**ਪ੍ਰਬੰਧਕ:** ਸਮਿਤਰ ਉਪਲ, ਜਰਨੈਲ ਸਿੰਘ ਸਰਪੰਚ, ਸ਼ਿੰਗਾਰਾ ਸਿੰਘ ਬੋਪਾਰਾਏ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਕਰਮਜੀਤ ਸਿੰਘ ਕੰਗ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਜਗਜੀਤ ਸਿੰਘ ਗਿੱਲ, ਪਰਮਜੀਤ ਸਿੰਘ ਸੰਧੂ-ਕਬੱਡੀ ਕੋਚ, ਜੁਝਾਰ ਸਿੰਘ ਗਿੱਲ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਫਰੈਂਕ ਜੌਹਨਸਨ, ਰਾਕੇਸ਼, ਬਲਵਿੰਦਰ ਸਿੰਘ ਬਾਂਕਾ, ਗੁਰਦਿਆਲ ਚੰਦ, ਹਰਪਾਲ ਸਿੰਘ ਸੰਘਾ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੋਡ, ਮੱਖਣ ਸਿੰਘ ਦੌਲਤਪੁਰੀ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ ਲੋਡਾਈ, ਰਛਪਾਲ ਸਿੰਘ ਫਰਵਾਲਾ।

**ਸਪਾਂਸਰ:** ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਪੰਜਾਬੀ ਸਾਹਿਤ ਸਭਾ ਬੇ-ਏਰੀਆ ਪ੍ਰਧਾਨ ਤਾਰਾ ਸਾਗਰ, ਜਸਪ੍ਰੀਤ ਸਿੰਘ ਐਡਵੋਕੇਟ, ਅਵਤਾਰ ਸਿੰਘ ਡੋਡ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ (ਆਲ ਇੰਡੀਆ ਸਵੀਟ ਐਂਡ ਸਪਾਈਸਜ਼), ਹਾਕਮ ਸਿੰਘ, ਬੰਤ ਕੰਦੋਲਾ, ਸੁਖਦੇਵ ਲੰਬੜ, ਡਾ. ਚੋਪੜਾ ਮਾਡੈਸਟੋ, ਸੋਨੀ ਸਿੰਘ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਦੇਸੀ ਬਾਜ਼ਾਰ ਸੈਕਰਾਮੈਂਟੋ, ਨੋਰਕਾਲ ਸਕਿਉਰਿਟੀ ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਰਾਜਾ ਸਿੰਘ ਫੋਲਸਮ ਲੇਕ (ਟੋਇਟਾ), ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਸਟਾਕਟਨ ਨਾਟਕ ਕਲਾ ਕੇਂਦਰ, ਰਾਜ ਭਗਵੰਤ, ਦਲਵਿੰਦਰ ਸਿੰਘ ਧੂਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਮਲਕੀਤ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਜੱਸੀ ਪਾਵਰਮਾਰਟ, ਚਰਨ ਬਡਵਾਲ, ਅਮਰੀਕ ਪਰਹਾਰ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਡੀ ਜੇ ਏ ਜੇ।